Published in Punjabi & English
Distributed in Toronto, Calgary, Vancouver and Online Worldwide.
Voice of Social Concerns
Pro-People Arts Project Media Group
Sarokaran Di Awaz
# ਸਰੋਕਾਰਾਂ ਦੀ ਆਵਾਜ਼
Email: ppapmg@gmail.com
ਸਾਲ-10, ਅੰਕ-5, ਮਈ 2020
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

*ਮਈ ਦਿਵਸ 'ਤੇ ਵਿਸ਼ੇਸ਼*

## ਮਜ਼ਦੂਰਾਂ ਹੱਕਾਂ 'ਤੇ ਕਰੋਨਾ ਪੂੰਜੀਵਾਦੀ ਗ੍ਰਹਿਣ




**-ਬੂਟਾ ਸਿੰਘ ਨਵਾਂਸ਼ਹਿਰ**

ਕੋਰੋਨਾ ਮਹਾਂਮਾਰੀ ਉੱਪਰ ਕਾਬੂ ਪਾਉਣ ਲਈ ਵੱਖ-ਵੱਖ ਮੁਲਕਾਂ ਵਿਚ ਕੀਤੀਆਂ ਪੇਸ਼ਬੰਦੀਆਂ, ਖ਼ਾਸ ਕਰਕੇ ਲੌਕਡਾਊਨ ਦਾ ਅਸਰ ਸਿੱਧੇ ਤੌਰ 'ਤੇ ਆਊਟਪੁੱਟ ਅਤੇ ਰੋਜ਼ਗਾਰ ਉੱਪਰ ਪੈ ਰਿਹਾ ਹੈ। ਵਿਸ਼ਵ ਬੈਂਕ ਦੇ ਅੰਦਾਜ਼ੇ ਅਨੁਸਾਰ ਅਮਰੀਕਾ ਅਤੇ ਯੂਰਪੀ ਖੇਤਰ ਦੀ ਆਰਥਿਕਤਾ ਜਨਵਰੀ-ਮਾਰਚ 2020 ਦੀ ਤਿਮਾਹੀ ਵਿਚ 30ਫ਼ੀਸਦੀ ਸੁੰਗੜ ਜਾਵੇਗੀ। ਉੱਘੇ ਪੂੰਜੀਨਿਵੇਸ਼ ਵਿਸ਼ੇਸ਼ਗ ਹਾਵਰਡ ਮਾਰਕਸ ਨੇ ਚੁਕੰਨੇ ਕੀਤਾ ਹੈ ਕਿ ਮਹਾਂਮਾਰੀ ਨਾਲ ਸ਼ੁਰੂ ਹੋਏ ਆਰਥਕ ਅਤੇ ਵਿਤੀ ਸਦਮਿਆਂ ਦੀ ਤੀਬਰਤਾ ਨਾਲ ਪੂੰਜੀਵਾਦੀ ਮੰਡੀਆਂ ਚੌਫਾਲ ਡਿਗ ਜਾਣਗੀਆਂ। ਉਸ ਨੇ "ਇਨਫੈਕਸ਼ਨ ਅਤੇ ਮੌਤਾਂ ਦੀ ਵਧ ਰਹੀ ਗਿਣਤੀ, ਸਿਹਤ ਸੇਵਾਵਾਂ ਦੀ ਵਿਵਸਥਾ ਉੱਪਰ ਵਧ ਰਹੇ ਅਸਹਿ ਦਬਾਓ, ਕਰੋੜਾਂ ਦੀ ਗਿਣਤੀ 'ਚ ਨੌਕਰੀਆਂ ਖ਼ਤਮ ਹੋਣ ਜਾਣ, ਵਿਆਪਕ ਪੱਧਰ 'ਤੇ ਕਾਰੋਬਾਰੀ ਨੁਕਸਾਨ ਅਤੇ ਕਰਜ਼ੇ ਮੋੜਨ ਦੀ ਅਸਮਰੱਥਾ ਵੱਲ ਧਿਆਨ ਦਿਵਾਇਆ ਹੈ"। ਯੂਰਪ ਦੇ ਆਰਥਕ ਸਹਿਯੋਗ ਮੰਚ, ਓਈਸੀਡੀ, ਨੇ 2020 ਨੇ ਆਲਮੀ ਆਰਥਕ ਵਾਧਾ ਦਰ ਦੇ 1.5ਫ਼ੀ ਸਦੀ ਤਕ ਸੁੰਗੜ ਜਾਣ ਦੀ ਪੇਸ਼ੀਨਗੋਈ ਕਰਨ ਦੇ ਨਾਲ ਇਹ ਵੀ ਜ਼ੋਰ ਦਿੱਤਾ ਹੈ ਕਿ ਮਹਾਂਮਾਰੀ ਦੇ ਖ਼ਤਮ ਹੋ ਜਾਣ ਤੋਂ ਬਾਦ ਵੀ ਜ਼ਿੰਦਗੀ ਅਤੇ ਆਰਥਿਕਤਾ ਐਨੀ ਛੇਤੀ ਸਹਿਜ ਨਹੀਂ ਹੋਣ ਲੱਗੀ। ਇਸ ਦੇ ਆਰਥਕ ਪ੍ਰਭਾਵ ਲੰਮੇ ਸਮੇਂ ਤਕ ਬਣੇ ਰਹਿਣਗੇ। ਭਾਵੇਂ ਸਮਾਜਾਂ ਦਾ ਹਰ ਹਿੱਸਾ ਮਹਾਂਮਾਰੀ ਦੀ ਲਪੇਟ ਵਿਚ ਹੈ, ਲੇਕਿਨ ਮਹਾਂਮਾਰੀ ਦੇ ਪ੍ਰਭਾਵ ਦਾ ਜਮਾਤੀ ਖ਼ਾਸਾ ਵੀ ਪੂਰੀ ਤਰ੍ਹਾਂ ਉਜਾਗਰ ਹੋ ਰਿਹਾ ਹੈ। ਹਰ ਮੁਲਕ ਦੀ ਸਰਕਾਰ ਵੱਲੋਂ ਕਾਰਪੋਰੇਟ ਕਾਰੋਬਾਰਾਂ ਦੇ ਸੁਪਰ ਮੁਨਾਫ਼ਿਆਂ ਨੂੰ ਯਕੀਨੀਂ ਬਣਾਉਣ ਲਈ ਆਪਣੇ ਖ਼ਜ਼ਾਨਿਆਂ ਦੇ ਮੂੰਹ ਦਰਿਆਦਿਲੀ ਨਾਲ ਖੋਲ੍ਹ ਦਿੱਤੇ ਗਏ ਹਨ ਜਦਕਿ ਆਮ ਨਾਗਰਿਕਾਂ ਨੂੰ ਮਾਮੂਲੀ ਰਾਹਤਾਂ ਨਾਲ ਵਰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਰੋਜ਼ਗਾਰ ਦੀ ਸੁਰੱਖਿਆ ਸਰਮਾਏਦਾਰੀ ਕਾਰੋਬਾਰੀਆਂ ਦੇ ਰਹਿਮ ਉੱਪਰ ਨਿਰਭਰ ਹੈ। ਵੰਨਗੀ ਵਜੋਂ ਇੱਥੇ ਦਿੱਤੇ ਜਾ ਰਹੇ ਕੁਛ ਮੁਲਕਾਂ ਦੇ ਚੁਣਵੇਂ ਤੱਥ ਰੋਜ਼ਗਾਰ ਦੀ ਬੁਨਿਆਦੀ ਮਨੁੱਖੀ ਲੋੜ ਉੱਪਰ ਮੰਡਰਾ ਰਹੇ ਖ਼ਤਰੇ ਵੱਲ ਇਸ਼ਾਰਾ ਕਰਦੇ ਹਨ।

ਹਾਲ ਹੀ ਵਿਚ ਸਾਹਮਣੇ ਆਏ ਅੰਕੜਿਆਂ ਮੁਤਾਬਿਕ ਅਮਰੀਕਾ ਵਿਚ ਬੇਰੋਜ਼ਗਾਰੀ ਦੀ ਦਰ 1930 ਦੀ ਮਹਾਂ ਮੰਦੀ ਤੋਂ ਬਾਦ ਸਭ ਤੋਂ ਜ਼ਿਆਦਾ ਹੋ ਗਈ ਹੈ, ਜਿਸ ਕਾਰਨ ਹਰੇਕ ਛੇ ਵਿੱਚੋਂ ਇਕ ਅਮਰੀਕੀ ਕਾਮੇ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ ਗਿਆ ਹੈ। ਪਿਛਲੇ ਪੰਜ ਹਫ਼ਤਿਆਂ ਵਿਚ 2.64 ਕਰੋੜ ਲੋਕਾਂ ਨੇ ਬੇਰੋਜ਼ਗਾਰੀ ਲਾਭ ਲੈਣ ਲਈ ਬੇਨਤੀ

(ਬਾਕੀ ਸਫ਼ਾ 5 'ਤੇ)

CAMBRIDGE
Call Rani - 403-612-7881
Amar - 403-470-2627

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CONGRATULATIONS
TEAM OVER 600 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical Illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010


# HALL FOR RENT IN NE

For Kids Birthday Parties, Family Dinners, Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com

# Reliance Immigration

Reliance Immigration Inc

K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332



SECURELIFE
INSURANCE AGENCY INC.

# NOW HIRING !!!

NEW & EXPERIENCED ADVISORS
Ravinderjit Basra
416-845-6232
www.securelifeinsurance.ca

# FIVE STAR INSURANCE

Save up to 51%
• Auto • Home • Business
Get the best rates with us!

FIVE STAR INSURANCE BROKERS LIMITED

*We work with 15 major insurance companies& can get you the best prices guaranteed!*

www.fivestarinsurance.ca
*With qualified discounts

Call: Harman Pandher
905.459.0555
270 Orenda Rd., Unit # 200 Brampton, ON L6T 4X6

**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211


Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

*ਇੱਕ ਵਿਸ਼ਲੇਸ਼ਣ*

# ਮੌਜੂਦਾ ਕੋਰੋਨਾ ਸੰਕਟ ਬਨਾਮ ਉੱਤਰ-ਕੋਰੋਨਾ ਮੰਜ਼ਰ



ਯਸ਼ ਪਾਲ
98145 35005



ਕੋਰੋਨਾ ਮਹਾਂਮਾਰੀ ਸੰਕਟ ਦੌਰਾਨ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਵੱਲੋਂ ਮੁਲਕ ਨੂੰ ਸੰਬੋਧਿਤ ਆਪਣੇ ਚਾਰ ਭਾਸ਼ਣਾਂ 'ਚ ਆਪਣੀ ਪਿੱਠ ਥਾਪੜਣ, ਲੋਕਾਂ ਨੂੰ ਉਪਦੇਸ਼ ਦੇਣ ਤੇ 'ਇੱਕ-ਰੋਜ਼ਾ, 21ਰੋਜ਼ਾ, 19 ਰੋਜ਼ਾ 'ਲਾਕਡਾਊਨ' ਦੇ ਐਲਾਨ ਕਰਨ ਤੋਂ ਬਿਨਾ ਕੋਈ ਵੀ ਠੋਸ ਕਦਮ ਚੁੱਕਣ ਦੀ ਗੱਲ ਨਹੀਂ ਕੀਤੀ। ਸਮਾਂ ਰਹਿੰਦੇ ਲੋੜੀਂਦੀ ਡਾਕਟਰੀ ਤੇ ਪ੍ਰਬੰਧਕੀ ਤਿਆਰੀ ਕਰੇ ਬਿਨਾਂ ਅਚਨਚੇਤੀ ਹੀ ਸਿਰਫ ਚਾਰ ਘੰਟੇ ਦਾ ਸਮਾਂ ਦੇ ਕੇ 21 ਰੋਜ਼ਾ ਮੁਕੰਮਲ ਲਾਕਡਾਊਨ ਦੇ ਕੀਤੇ ਗਏ ਐਲਾਨ ਨਾਲ ਪੈਦਾ ਹੋਣ ਵਾਲ਼ੀਆਂ ਗੰਭੀਰ ਸਮੱਸਿਆਵਾਂ ਨੂੰ ਨਜਿੱਠਣ ਦਾ ਕੋਈ 'ਰੋਡਮੈਪ' ਨਹੀਂ ਪੇਸ਼ ਕੀਤਾ ਗਿਆ। ਚਲ ਰਹੇ ਇਸ ਲੰਬੇ ਲਾਕਡਾਊਨ ਕਾਰਨ ਮੁਲਕ ਭਰ ਅੰਦਰ ਅਰਥਚਾਰੇ ਨਾਲ ਜੁੜੇ ਸਭਨਾਂ ਖੇਤਰਾਂ ਦੀ ਮੁਕੰਮਲ ਤਾਲਾਬੰਦੀ ਹੋਣ ਕਾਰਨ, ਵੱਡੇ-ਛੋਟੇ ਸਭ ਕਾਰੋਬਾਰ ਬੰਦ ਹੋਣ ਕਰਕੇ ਇਨ੍ਹਾਂ ਖੇਤਰਾਂ ਅੰਦਰ ਕੰਮ ਕਰਨ ਵਾਲੇ ਮਜ਼ਦੂਰਾਂ-ਮੁਲਾਜ਼ਮਾਂ ਦੇ ਸਿਰ 'ਤੇ ਛਾਂਟੀਆਂ ਦੀ ਤਲਵਾਰ ਲਟਕ ਗਈ ਹੈ, ਛੋਟੇ ਕਾਰੋਬਾਰੀ ਵੀ ਗੰਭੀਰ ਸੰਕਟ 'ਚ ਆ ਗਏ ਹਨ। ਪਹਿਲਾਂ ਹੀ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਸੰਸਾਰ ਬੈਂਕ-ਮੁਦਰਾ ਕੋਸ਼ ਨਿਰਦੇਸ਼ਤ ਨਿੱਜੀਕਰਨ-ਉਦਾਰੀਕਰਨ ਵਾਲਾ 'ਕਾਰਪੋਰੇਟ ਵਿਕਾਸ ਮਾਡਲ' ਲਾਗੂ ਕਰਨ ਨਾਲ ਮੰਦੀ ਦੀ ਮਾਰ ਹੇਠ ਚੱਲ ਰਹੇ ਮੁਲਕ ਉੱਪਰ ਵੱਡੇ ਆਰਥਿਕ ਸੰਕਟ ਦਾ ਹਕੀਕੀ ਖਤਰਾ ਮੰਡਰਾਅ ਰਿਹਾ ਹੈ। ਪਰੰਤੂ ਇਸ ਕੋਰੋਨਾ ਲਾਕਡਾਊਨ ਦੀ ਸਭ ਤੋਂ ਵੱਧ ਮਾਰ ਹੇਠ ਫ਼ੌਰੀ ਤੌਰ 'ਤੇ ਉਹ ਕਿਰਤੀ-ਕਾਮੇ ਆਏ ਹਨ ਜਿਹੜੇ ਆਪਣੇ ਜੱਦੀ ਰਾਜਾਂ/ਪਿੰਡਾਂ/ਸ਼ਹਿਰਾਂ ਨੂੰ ਛੱਡ ਕੇ ਸੈਂਕੜੇ-ਹਜ਼ਾਰਾਂ ਮੀਲ ਦੂਰ ਦਿੱਲੀ, ਮੁੰਬਈ, ਲੁਧਿਆਣਾ ਵਰਗੇ ਮਹਾਂ-ਨਗਰਾਂ 'ਚ ਕਿਰਤ-ਕਮਾਈ ਕਰਨ ਆਉਣ ਲਈ ਮਜਬੂਰ ਹੋਏ ਹਨ ਅਤੇ ਛੋਟੇ-ਵੱਡੇ ਕਾਰੋਬਾਰਾਂ ਫ਼ੈਕਟਰੀਆਂ-ਕਾਰਖ਼ਾਨਿਆਂ 'ਚ, ਉਸਾਰੀ ਖੇਤਰ ਆਦਿ









ਅੰਦਰ ਬੇਹੱਦ ਨਿਗੂਣੀਆਂ ਉਜਰਤਾਂ ਉੱਪਰ ਠੇਕਾ ਪ੍ਰਣਾਲੀ ਤਹਿਤ, ਮਾੜੀਆਂ ਸੇਵਾ ਸ਼ਰਤਾਂ 'ਤੇ ਦਿਹਾੜੀ ਕਰਦੇ ਹਨ, ਝੁੱਗੀਆਂ-ਝੌਂਪੜੀਆਂ ਦੀਆਂ ਬਸਤੀਆਂ 'ਚ ਆਪਣੇ ਪਰਿਵਾਰਾਂ ਸਮੇਤ ਰਹਿ ਰਹੇ ਹਨ। ਲਾਕਡਾਊਨ ਕਾਰਨ ਇਹ ਸਾਰੇ ਹੀ ਰੁਜ਼ਗਾਰਹੀਣ ਹੋ ਕੇ, ਕਿਰਾਏ ਦੇ ਘਰਾਂ 'ਚੋਂ ਬੇਘਰ ਹੋ ਕੇ ਸੜਕਾਂ 'ਤੇ ਆ ਗਏ ਹਨ। ਮੁਲਕ ਭਰ ਅੰਦਰ ਇਨ੍ਹਾਂ ਦੀ ਗਿਣਤੀ ਲੱਖਾਂ-ਕਰੋੜਾਂ 'ਚ ਹੈ।

ਪ੍ਰਧਾਨ ਮੰਤਰੀ ਮੋਦੀ ਨੇ 21 ਰੋਜ਼ਾ ਲਾਕਡਾਊਨ ਦੇ ਐਲਾਨ ਵਾਲੇ ਆਪਣੇ ਭਾਸ਼ਣ 'ਚ ਇਨ੍ਹਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਆਖਿਰ ਕੁੱਝ ਦਿਨਾਂ ਦੇ ਭੁੱਖ ਦੇ ਸਤਾਏ, ਖਾਲ਼ੀ ਪੇਟ, ਖਾਲ਼ੀਂ ਜੇਬ, ਹੱਥਾਂ 'ਚ ਪੋਟਲੀਆਂ ਚੁੱਕੀ, ਮੋਢਿਆਂ 'ਤੇ ਨੰਨ੍ਹੇ ਬੱਚਿਆਂ ਨੂੰ ਬੈਠਾਈ, ਹਜ਼ਾਰਾਂ-ਲੱਖਾਂ ਦੀ ਗਿਣਤੀ 'ਚ, ਲਾਕਡਾਊਨ ਦੀਆਂ ਸਾਰੀਆਂ ਲਛਮਣ-ਰੇਖਾਵਾਂ ਉਲੰਘ ਕੇ, ਆਪਣੇ ਜੱਦੀ ਰਾਜਾਂ/ਪਿੰਡਾਂ ਤੱਕ ਸੈਂਕੜੇ-ਹਜ਼ਾਰਾਂ ਮੀਲਾਂ ਦਾ ਸਫਰ ਪੈਦਲ ਹੀ ਤਹਿ ਕਰਨ ਦਾ ਮਨ ਬਣਾ ਕੇ, ਦਿੱਲੀ, ਮੁੰਬਈ, ਲੁਧਿਆਣਾ ਤੋਂ ਚਲ ਪਏ। ਗੱਡੀਆਂ-ਬੱਸਾਂ ਮੁਕੰਮਲ ਬੰਦ ਹੋਣ ਕਰਕੇ ਸਰਕਾਰਾਂ ਨੇ ਨਾ ਸਿਰਫ ਉਨ੍ਹਾਂ ਦੇ ਜਾਣ ਦਾ ਕੋਈ ਪ੍ਰਬੰਧ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਰਸਤਿਆਂ 'ਚ ਹੀ ਰੋਕ ਕੇ ਡਾਂਗਾਂ ਨਾਲ ਨਿਵਾਜਿਆ ਤੇ ਭੇਡਾਂ-ਬੱਕਰੀਆਂ ਵਾਂਗ ਵਾੜਿਆਂ 'ਚ ਬੰਦ ਕਰ ਦਿੱਤਾ ਗਿਆ।ਰਸਤਿਆਂ'ਚ ਹੀ ਲਗਭਗ 200 ਨੂੰ ਮੌਤ ਨੇ ਗਲੇ ਲਗਾ ਲਿਆ, 40 ਖ਼ੁਦਕੁਸ਼ੀ ਕਰ ਗਏ। ਇਸ ਦੇ ਬਾਵਜੂਦ, ਅਗਲੇ 19 ਰੋਜ਼ਾ ਲਾਕਡਾਊਨ ਦੇ ਐਲਾਨ ਵਾਲੇ ਆਪਣੇ ਭਾਸ਼ਣ 'ਚ ਵੀ ਮੋਦੀ ਨੇ ਇਨ੍ਹਾਂ ਲੱਖਾਂ-ਕਰੋੜਾਂ ਦੇ ਮੁੱਦੇ ਨੂੰ ਮੂਲੋਂ ਹੀ ਵਿਸਾਰ ਦਿੱਤਾ ਗਿਆ। ਖ਼ੁਦ ਸਰਕਾਰ ਵੱਲੋਂ ਕਿਸੇ ਵੀ ਕਿਸਮ ਦੇ 'ਰਾਹਤ ਪੈਕੇਜ' ਦਾ ਐਲਾਨ ਕਰਨ ਦੀ ਬਜਾਏ ਲੋਕਾਂ ਨੂੰ ਹੀ ਗ਼ਰੀਬਾਂ ਦੀ ਸਹਾਇਤਾ ਕਰੋ ਦਾ ਉਪਦੇਸ਼/ਫੁਰਮਾਨ ਸੁਣਾ ਦਿੱਤਾ।

**ਕੋਰੋਨਾ ਸੰਕਟ ਦਾ ਭਾਰ ਲੋਕਾਂ ਦੇ ਸਿਰ 'ਤੇ** : ਕੋਰੋਨਾ ਲਾਕਡਾਊਨ ਕਾਰਨ ਅਰਥਚਾਰੇ ਨਾਲ ਜੁੜੇ ਖੇਤੀ-ਬਾੜੀ, ਸਨਅਤ, ਟਰਾਂਸਪੋਰਟ, ਸੇਵਾਵਾਂ ਆਦਿ ਸਭਨਾਂ ਸੰਗਠਿਤ ਤੇ ਗ਼ੈਰ-ਸੰਗਠਿਤ ਖੇਤਰਾਂ ਅੰਦਰ ਕੰਮ ਕਰਦੇ ਮਜ਼ਦੂਰ-ਮੁਲਾਜ਼ਮ, ਦਿਹਾੜੀਦਾਰ ਫ਼ੌਰੀ ਤੌਰ 'ਤੇ ਨੌਕਰੀਉਂ ਬਾਹਰ ਹੋ ਗਏ ਹਨ। ਲਾਕਡਾਊਨ ਦੇ ਲੰਬਾ ਹੋਣ ਕਾਰਨ ਤੇ ਭਵਿੱਖ ਦੀ ਵੀ ਅਨਿਸ਼ਚਿਤਾ ਬਣੀ ਹੋਣ ਕਾਰਨ, ਉਨ੍ਹਾਂ ਦੇ ਪਰਿਵਾਰਾਂ ਦੇ ਗੁਜ਼ਾਰੇ ਲਈ ਰਾਸ਼ਨ-ਪਾਣੀ ਤੇ ਨਕਦੀ ਦੇ ਪ੍ਰਬੰਧ ਕਰਨ ਦੀ ਜ਼ੁੰਮੇਵਾਰੀ ਕੇਂਦਰ ਤੇ ਰਾਜ ਸਰਕਾਰਾਂ ਦੀ ਬਣਦੀ ਹੈ ਜਿਹੜੀਆਂ ਲੋਕਾਂ ਤੋਂ ਤਰ੍ਹਾਂ ਤਰ੍ਹਾਂ ਦੇ ਭਾਰੀ ਟੈਕਸ ਉਗਰਾਉਂਦੀਆਂ ਹਨ। ਪਰੰਤੂ ਕੇਂਦਰ/ਰਾਜ ਸਰਕਾਰਾਂ ਨੇ ਆਪਣੀ ਇਸ ਜ਼ੁੰਮੇਵਾਰੀ ਤੋਂ ਪਾਸਾ ਵੱਟ ਲਿਆ ਹੈ ਤੇ ਇਹ ਸਾਰਾ ਭਾਰ ਲੋਕਾਂ ਸਿਰ ਪਾਉਣ ਲੱਗੀਆਂ ਹਨ। ਵੱਖ ਵੱਖ ਵਿਭਾਗਾਂ ਅੰਦਰ ਸੇਵਾ ਨਿਭਾਅ ਰਹੇ ਜਿਹੜੇ ਕੱਚੇ-ਪੱਕੇ ਮੁਲਾਜ਼ਮ-ਕਾਮੇ ਪਹਿਲਾਂ ਹੀ ਸਰਕਾਰਾਂ ਦੀਆਂ ਨਿੱਜੀਕਰਨ- ਉਦਾਰੀਕਰਨ ਦੀਆਂ ਨੀਤੀਆਂ ਕਾਰਨ ਤਨਖ਼ਾਹ-ਪੈਨਸ਼ਨ-ਭੱਤੇ ਕਟੌਤੀਆਂ ਤੇ ਠੇਕਾ ਭਰਤੀ ਦਾ ਸ਼ਿਕਾਰ ਚਲ ਰਹੇ ਹਨ ਉਨ੍ਹਾਂ ਦੀਆਂ ਹੀ ਤਨਖਾਹਾਂ 'ਤੇ ਜਬਰੀ ਝਪਟ ਮਾਰ ਕੇ ਇਸ ਕੋਰੋਨਾ ਮਹਾਂਮਾਰੀ ਸੰਕਟ ਦਾ 'ਟਾਕਰਾ' ਕਰਨ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ। ਬਿਜਲੀ ਮੁਲਾਜ਼ਮਾਂ ਦੀ 40% ਤਨਖਾਹ ਕਟੌਤੀ ਦੇ ਹੁਕਮ ਜਾਰੀ ਵੀ ਹੋ ਚੁੱਕੇ ਹਨ। ਇਹੋ ਮੁਲਾਜ਼ਮ ਕੋਰੋਨਾ ਮਹਾਂਮਾਰੀ ਸੰਕਟ ਦੌਰਾਨ ਜ਼ਰੂਰੀ ਸੇਵਾਵਾਂ ਅੰਦਰ ਜੋਖਮ ਉਠਾਕੇ ਡਿਊਟੀਆਂ ਵੀ ਨਿਭਾਅ ਰਹੇ ਹਨ। ਇਸ ਜਬਰੀ ਤਨਖਾਹ-ਕਟੌਤੀ ਦਾ ਵਿਰੋਧ ਕਰਨਾ ਬਣਦਾ ਹੈ। ਜਦ ਕਿ ਜਿਨ੍ਹਾਂ ਸਨਅਤੀ-ਕਾਰਪੋਰੇਟ ਘਰਾਣਿਆਂ ਨੂੰ ਇਹ ਸਰਕਾਰਾਂ ਆਪਣੇ ਸਿਆਸੀ ਮੁਫ਼ਾਦਾਂ ਲਈ ਅਰਬਾਂ ਖਰਬਾਂ ਰੁਪਇਆਂ ਦੀਆਂ ਛੋਟਾ-ਰਿਆਇਤਾਂ ਹਰ ਸਾਲ ਆਪਣੇ ਬਜਟਾਂ 'ਚ ਬਖਸ਼ਦੀਆਂ ਹਨ ਉਨ੍ਹਾਂ ਤੋਂ ਹੀ 'ਕੋਰੋਨਾ ਸੰਕਟ ਰਿਲੀਫ ਫੰਡ' ਲੈਣਾ ਚਾਹੀਦਾ ਹੈ। ਇਸ ਤੋਂ ਬਿਨਾਂ ਮੰਤਰੀਆਂ, ਵਿਧਾਇਕਾਂ, ਸਾਂਸਦਾਂ ਦੀਆਂ ਤਨਖਾਹਾਂ, ਭੱਤਿਆਂ, ਪੈਨਸ਼ਨਾਂ ਅਤੇ ਹੋਰ ਬੇਲੋੜੇ ਅਮਲੇ-ਫੈਲੇ ਉੱਪਰ ਕੀਤੇ ਜਾ ਰਹੇ ਭਾਰੀ ਖ਼ਰਚਿਆਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ ਸਗੋਂ ਮੁਲਾਜ਼ਮਾਂ-ਮਜ਼ਦੂਰਾਂ-ਕਿਸਾਨਾਂ ਦੀਆਂ ਜਥੇਬੰਦੀਆਂ ਤਾਂ ਖ਼ੁਦ ਆਪਣੇ ਤੌਰ 'ਤੇ ਮਿਲ ਕੇ ਲੋੜਵੰਦਾਂ ਨੂੰ ਰਾਸ਼ਨ-ਪਾਣੀ ਇਕੱਠਾ ਕਰਕੇ ਪਹੁੰਚਾ ਰਹੀਆਂ ਹਨ।

**ਕੋਰੋਨਾ ਸੰਕਟ ਗਰੀਬਾਂ ਲਈ ਕਿਆਮਤ ਤੇ ਸਰਕਾਰਾਂ ਲਈ ਨਿਆਮਤ** : ਇਸ ਚਲ ਰਹੇ ਸੰਕਟ ਦੌਰਾਨ ਇੱਕ ਹੋਰ ਹਕੀਕਤ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਕਿ ਜਿੱਥੇ ਗ਼ਰੀਬ ਤੇ ਨਿਮਨ ਮੱਧ ਵਰਗੀ ਤਬਕੇ ਰੋਟੀ-ਰੋਜ਼ੀ ਤੋਂ ਆਤੁਰ ਹੋਣ ਕਿਨਾਰੇ ਬੈਠੇ ਹਨ ਉੱਥੇ ਦੂਜੇ ਪਾਸੇ ਕੇਂਦਰ/ਰਾਜ ਸਰਕਾਰਾਂ ਲਈ ਇਹ ਸੰਕਟ ਆਪਣੇ ਲਾਗੂ ਕੀਤੇ ਜਾ ਰਹੇ ਫਿਰਕੂ-ਫਾਸ਼ੀ ਤੇ ਕਾਰਪੋਰੇਟ ਪੱਖੀ ਨਵਉਦਾਰਵਾਦੀ ਏਜੰਡਿਆਂ ਨੂੰ ਹੋਰ ਤੇਜ਼ ਕਰਨ ਲਈ ਨਿਆਮਤ ਬਣ ਆਹੁੜਿਆ ਹੈ। ਕੋਰੋਨਾ ਨਾਲ਼ੋਂ ਕੋਰੋਨਾ ਦਾ ਖ਼ੌਫ਼ ਵਧੇਰੇ ਕੰਮ ਆ ਰਿਹਾ ਹੈ। ਇਸੇ ਖ਼ੌਫ਼ ਦੀ ਆੜ 'ਚ ਕੇਂਦਰ ਸਰਕਾਰ ਜਿੱਥੇ ਮੌਕਾ ਹੱਥ ਲੱਗਦੇ ਹੀ, ਸਾਰੇ ਮੁਲਕ ਅੰਦਰ ਕੋਰੋਨਾ ਫੈਲਾਉਣ ਦਾ ਠੀਕਰਾ ਇੱਕ ਘੱਟ ਗਿਣਤੀ ਫ਼ਿਰਕੇ ਸਿਰ ਭੰਨ ਕੇ ਆਪਣੀ ਫਿਰਕੂ ਕਤਾਰਬੰਦੀ ਦੀ ਖੇਡ ਖੇਡਣ ਤੋਂ ਬਾਜ ਨਹੀਂ ਆ ਰਹੀ ਉੱਥੇ ਸੀ.ਏ.ਏ/ ਐਨ.ਆਰ.ਸੀ ਵਿਰੁੱਧ ਅੰਦੋਲਨ ਦੀ ਅਗਵਾਈ ਕਰਨ ਵਾਲ਼ੀਆਂ ਜਾਮੀਆ ਐਕਸ਼ਨ ਕਮੇਟੀ ਦੀਆਂ ਆਗੂ ਔਰਤਾਂ-ਮਰਦਾਂ ਨੂੰ ਤੇ ਹੋਰ ਬੁੱਧੀ-ਜੀਵੀਆਂ ਨੂੰ, ਦਿੱਲੀ 'ਚ ਗਿਣ-ਮਿਥ ਕੇ ਕੀਤੀ ਗਈ ਕਤਲੋਗਾਰਤ ਤੇ ਸਾੜ-ਫੂਕ ਦੇ ਝੂਠੇ ਕੇਸਾਂ 'ਚ ਫਸਾ ਕੇ ਜੇਲ੍ਹਾਂ ਅੰਦਰ ਸੁੱਟਿਆ ਜਾ ਰਿਹਾ ਹੈ। ਤੇ ਮੀਡੀਆ 'ਚ ਇਸ ਦੀ ਭਿਣਕ ਵੀ ਨਹੀਂ ਪੈਣ ਦਿੱਤੀ ਜਾ ਰਹੀ। ਕਰੋਨਾ ਦੀ ਆੜ'ਚ ਸ਼ਹੀਨਬਾਗ਼ ਦਾ ਮੋਰਚਾ ਪਹਿਲਾਂ ਹੀ ਪੱਟ ਦਿੱਤਾ ਗਿਆ ਹੈ।

ਇਸ ਤੋਂ ਬਿਨਾਂ, ਲਾਕਡਾਊਨ ਕਾਰਨ ਲੀਹੋਂ-ਲੱਥੇ ਅਰਥਚਾਰੇ ਨੂੰ ਮੁੜ ਲੀਹੇ ਪਾਉਣ ਲਈ, ਕੋਰੋਨਾ-ਖ਼ੌਫ਼ ਦੀ ਆੜ'ਚ ਹੀ ਕੇਂਦਰ/ਰਾਜ ਸਰਕਾਰਾਂ ਵੱਲੋਂ ਸੰਕਟ ਦੀ ਮਾਰ ਹੇਠ ਆਏ ਮਜ਼ਦੂਰ ਵਰਗ ਦੀ ਕੰਮ ਦਿਹਾੜੀ ਦੇ ਘੰਟੇ 8 ਤੋਂ 12 ਕਰਨ ਦਾ ਕੀਤਾ ਜਾ ਰਿਹਾ ਫੈਸਲਾ ਅਤੇ ਇੱਕ ਸਾਲ ਲਈ ਮਜ਼ਦੂਰਾਂ ਨੂੰ ਯੂਨੀਅਨ 'ਤੇ ਪਾਬੰਦੀ ਲਾਉਣ ਦੀਆਂ ਮਿਲ ਰਹੀਆਂ ਕਨਸੋਆਂ, ਕਾਰਪੋਰੇਟ ਪੱਖੀ ਕਿਰਤ ਕਾਨੂੰਨ ਸੋਧ ਦੇ ਏਜੰਡੇ ਦਾ ਹੀ ਹਿੱਸਾ ਹਨ। ਇਸੇ ਆੜ 'ਚ ਹੀ ਰਿਜ਼ਰਵ ਬੈਂਕ ਵੱਲੋਂ ਐਲਾਨ ਕੀਤੇ ਗਏ ਇੱਕ ਲੱਖ ਕਰੋੜ ਰੁਪਏ ਦਾ 'ਰਾਹਤ ਪੈਕੇਜ' ਬੈਂਕਾਂ ਰਾਹੀਂ ਸਨਅਤੀ-ਕਾਰਪੋਰੇਟ ਘਰਾਣਿਆਂ ਨੂੰ ਹੀ ਲੋਨ ਰਾਹੀਂ ਵੰਡਿਆ ਜਾਵੇਗਾ। ਇਸ ਰਾਹਤ ਪੈਕੇਜ 'ਚੋਂ ਸੰਕਟ ਅਧੀਨ ਮਜ਼ਦੂਰ ਵਰਗ ਨੂੰ ਧੇਲਾ ਵੀ ਨਸੀਬ ਨਹੀਂ ਹੋਵੇਗਾ।

**ਕੋਰੋਨਾ ਲਾਕਡਾਊਨ ਤੋਂ ਬਾਅਦ ਦਾ ਮੰਜਰ** : ਕੋਰੋਨਾ ਮਹਾਂਮਾਰੀ ਸੰਕਟ ਤੇ ਲਾਕਡਾਊਨ ਦੌਰਾਨ ਪੈਦਾ ਹੋ ਰਹੀਆਂ ਸਮੱਸਿਆਵਾਂ ਤਾਂ ਦਿਸ ਹੀ ਰਹੀਆਂ ਹਨ। ਸਰਕਾਰਾਂ ਦਾ ਇਨ੍ਹਾਂ ਸਮੱਸਿਆਵਾਂ ਨੂੰ ਨਜਿੱਠਣ ਪ੍ਰਤੀ ਨਜ਼ਰੀਆ ਵੀ। ਪਰ ਕੋਰੋਨਾ ਦੇ ਵਾਅ-ਵਰੋਲੇ ਦੇ ਲੰਘ ਜਾਣ ਤੋਂ ਬਾਅਦ ਦਾ ਮੰਜਰ ਕੀ ਹੋਵੇਗਾ, ਇਸ ਬਾਰੇ ਵੀ ਕਿਆਸ-ਅਰਾਈਆਂ ਲ਼ਾਉਣਾ ਸੰਭਵ ਹੈ, ਵਿਸ਼ੇਸ਼ ਕਰਕੇ ਚਲ ਰਹੇ ਵਰਤਾਰੇ ਦੇ ਸੰਦਰਭ 'ਚ ਰੱਖ ਕੇ ਦੇਖਿਆ। ਚੱਲ ਰਹੇ ਵਰਤਾਰੇ ਅੰਦਰ ਕੋਰੋਨਾ ਨਾਲ਼ੋਂ ਕੋਰੋਨਾ ਦਾ ਖ਼ੌਫ਼ ਵਧੇਰੇ ਮਾਰੂ ਦਿਸ ਰਿਹਾ ਹੈ। ਇਸ ਖ਼ੌਫ਼ ਨੇ ਹੀ ਅਗਲੇ ਮੰਜਰ ਨੂੰ ਤਹਿ ਕਰਨਾ ਹੈ। ਸਭ ਤੋਂ ਪਹਿਲੀ ਗੱਲ ਇਹ ਕਿ ਮੌਕੇ ਦੀਆਂ ਹਾਕਮ ਸਰਕਾਰਾਂ ਲਈ ਆਪਣੇ ਰਣਨੀਤਿਕ ਏਜੰਡੇ ਨੂੰ ਲਾਗੂ ਕਰਨ ਵਾਲੇ ਜੋ ਨੀਤੀ ਕਦਮ ਆਮ ਹਾਲਤਾਂ 'ਚ ਲੋਕਾਂ ਦੇ ਵਿਰੋਧ ਕਾਰਨ ਚੁੱਕਣੇ ਸੰਭਵ ਨਹੀਂ ਹੁੰਦੇ ਉਹ ਕੋਰੋਨਾ ਵਰਗੇ ਕਿਸੇ ਵੀ ਸੰਕਟ/ ਸਦਮੇ/ ਖ਼ੌਫ ਕਾਰਨ ਸੌਖਿਆਂ ਹੀ ਪ੍ਰਵਾਨ ਚੜ੍ਹ ਜਾਂਦੇ ਹਨ। ਤੇ ਸਰਕਾਰਾਂ ਉਸੇ ਸਦਮੇ/ਖ਼ੌਫ਼ ਨੂੰ ਖੜ੍ਹਾ ਰੱਖ ਕੇ ਉਨ੍ਹਾਂ ਨੀਤੀ ਕਦਮਾਂ ਨੂੰ ਲਗਾਤਾਰ ਜਾਰੀ ਰੱਖਦੀਆਂ ਹਨ। ਇਸ ਸੰਦਰਭ 'ਚ ਦੇਖਿਆਂ, ਕੋਰੋਨਾ ਦੇ ਜਾਣ ਤੋਂ ਬਾਅਦ ਗੰਭੀਰ ਆਰਥਿਕ, ਸਮਾਜਿਕ, ਮਾਨਸਿਕ ਤੇ ਸੱਭਿਆਚਾਰਿਕ ਸੰਕਟ ਸਾਹਮਣੇ ਆ ਖੜ੍ਹਾ ਹੋਵੇਗਾ ਕਿਉਂਕਿ ਕੋਰੋਨਾ ਦੇ ਜਾਣ ਦੇ ਬਾਅਦ ਵੀ ਖੜ੍ਹਾ ਕੀਤਾ ਗਿਆ ਕੋਰੋਨਾ ਦਾ ਖ਼ੌਫ਼ ਨਹੀਂ ਜਾਏਗਾ ਜਾਂ ਕਹਿ ਲਉ ਸਰਕਾਰਾਂ ਵੱਲੋਂ ਜਾਣ ਨਹੀਂ ਦਿੱਤਾ ਜਾਵੇਗਾ। ਸਗੋਂ ਚੁੱਕੇ ਗਏ ਕਦਮਾਂ ਦੀ ਵਾਜਬੀਅਤ ਦਰਸਾਉਣ ਲਈ ਇਸ ਖ਼ੌਫ਼/ਸਦਮੇ ਨੂੰ ਵਰਤਿਆ ਜਾਵੇਗਾ। ਤੇ ਜੇ ਚਲ ਰਹੇ ਵਰਤਾਰੇ ਦੌਰਾਨ, ਇੱਕ ਦੂਜੇ ਨਾਲ ਹੱਥ ਨਾ ਮਿਲਾਉਣਾ, ਦੂਰੀ ਬਣਾ ਕੇ ਰੱਖਣਾ, ਇਕੱਠੇ ਹੋ ਕੇ ਨਾ ਬੈਠਣਾ, ਸਮਾਜਿਕ-ਸੱਭਿਆਚਾਰਿਕ ਸਰਗਰਮੀਆਂ ਤੋਂ ਕਿਨਾਰਾ ਕਰਨਾ, ਵੱਡੇ ਇਕੱਠ ਨਾ ਕਰਨਾ ਕਿ ਕਿਤੇ ਕੋਰੋਨਾ ਨਾ ਚੁੰਬੜ ਜਾਵੇ, ਦੀ ਮਾਨਸਿਕਤਾ ਜੇ ਕੋਰੋਨਾ ਦੇ ਸਿਰ 'ਤੇ ਖੜ੍ਹੇ ਖ਼ੌਫ਼ ਕਾਰਨ ਸਾਡੀ ਬਣੀ ਰਹੀ ਤਾਂ ਸਾਡਾ ਸਾਰਾ ਸਮਾਜਿਕ-ਸੱਭਿਆਚਾਰਿਕ ਤਾਣਾ-ਬਾਣਾ ਬਿਖਰ ਜਾਵੇਗਾ, ਭਾਈਚਾਰਕ ਸਾਂਝ ਟੁੱਟ ਜਾਵੇਗੀ। ਤੇ ਹਾਕਮ ਸਰਕਾਰਾਂ ਨੂੰ ਖੁੱਲ੍ਹ ਖੇਡਣ ਲਈ ਮੈਦਾਨ ਸਾਫ਼ ਹੋਵੇਗਾ। ਕਿਸੇ ਕਲਪਿਤ ਦੁਸ਼ਮਣ/ਖ਼ੌਫ਼ ਨੂੰ ਖੜ੍ਹਾ ਰੱਖ ਕੇ ਰਾਸ਼ਟਰ-ਹਿਤ ਦੇ ਨਾਂ 'ਤੇ ਲੋਕਾਂ ਨੂੰ ਗੁੰਮਰਾਹ ਕਰ ਕੇ ਆਪਣੇ ਸਿਆਸੀ ਮੁਫ਼ਾਦਾਂ ਦੀ ਪੂਰਤੀ ਕਰਨਾ ਹਾਕਮ ਸਰਕਾਰਾਂ ਦਾ ਪਸੰਦੀਦਾ ਕਾਰਗਰ ਹਥਿਆਰ ਬਣਿਆ ਹੋਇਆ ਹੈ। ਇਸੇ ਖ਼ੌਫ਼ ਦੇ ਮਾਹੌਲ 'ਚ ਵਿਅਕਤੀ ਦੀ ਨਿੱਜਤਾ/ਨਾਗਰਿਕ ਅਧਿਕਾਰ ਤੇ ਸਿਹਤ ਵਿੱਚੋਂ ਚੋਣ ਕਰਨ ਦਾ ਸੁਆਲ ਖੜ੍ਹਾ ਕਰਕੇ ਤੁਹਾਡੀ ਹਰ ਵਕਤ ਨਿਗਰਾਨੀ ਕਰਨ ਦੇ ਯੰਤਰਾਂ ਦੀ ਚਰਚਾ ਪਹਿਲਾਂ ਹੀ ਚੱਲ ਰਹੀ ਹੈ। ਕੋਰੋਨਾ ਨੂੰ 'ਹਰਾਉਣ' ਲਈ ਕਈ ਮੁਲਕਾਂ ਅੰਦਰ, ਕਈ ਫ਼ਰਮਾਂ ਕੰਪਨੀਆਂ ਵੱਲੋਂ ਵੈਕਸੀਨ ਬਣਾਉਣ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚਲ ਰਹੀਆਂ ਹਨ। ਕਿਹੜਾ ਮੁਲਕ ਤੇ ਕਿਹੜੀ ਕੰਪਨੀ ਪਹਿਲਾਂ ਮੋਰਚਾ ਮਾਰ ਜਾਵੇਗੀ, ਪਤਾ ਨਹੀਂ, ਪਰ ਕੋਰੋਨਾ ਦੇ ਸ਼ਿਕਾਰ ਮੁਲਕਾਂ ਅੰਦਰ ਵੈਕਸੀਨ ਲਵਾਉਣ ਵਾਲ਼ਿਆਂ ਦੀਆਂ ਧੜਾ-ਧੜ ਲਾਈਨਾਂ ਲੱਗ ਜਾਣਗੀਆਂ। ਅੰਤਰ-ਰਾਜੀ ਜਾਂ ਅੰਤਰ ਮੁਲਕੀ ਪ੍ਰਵਾਸ ਕਰਨ ਲਈ ਇਹ ਵੈਕਸੀਨ ਲਗਾਉਣੀ ਲਾਜ਼ਮੀ ਕਰ ਦਿੱਤੀ ਜਾਵੇਗੀ ਤੇ ਧੜਵੈਲ ਫ਼ਰਮਾ-ਕੰਪਨੀਆਂ ਦੀ ਚਾਂਦੀ ਹੋਵੇਗੀ। ਫਿਰ ਸਮਾਂ ਪਾ ਕੇ ਇਹ ਕੋਰੋਨਾ ਚਲਾ ਜਾਵੇਗਾ ਪਰ ਇਸ ਦਾ ਹੀ ਕੋਈ ਨੇੜਲਾ ਰਿਸ਼ਤੇਦਾਰ, ਤਾਏ-ਚਾਚੇ ਦਾ ਪੁੱਤ ਕੋਵਿਡ-20/21 ਆ ਧਮਕੇਗਾ। ਫਿਰ ਪਹਿਲਾਂ ਹੀ ਵਾਲਾ ਸਿਲਸਿਲਾ ਸ਼ੁਰੂ ਹੋ ਜਾਵੇਗਾ। ਇਸ ਖ਼ਦਸ਼ੇ ਤੇ ਖ਼ਤਰੇ ਦੀਆਂ ਸੰਭਾਵਨਾਵਾਂ ਕੋਰੋਨਾ ਤੋਂ ਬਾਅਦ ਦੇ ਮੰਜਰ 'ਚ ਪਈਆਂ ਹਨ।

ਇੱਕ ਹੋਰ ਚਰਚਾ ਜੋ ਆਮ ਲੋਕਾਂ 'ਚ ਚਲਦੀ ਹੈ ਕਿ ਲਾਕਡਾਊਨ ਚੁਭਦਾ ਤਾਂ ਹੈ ਪਰ ਇਸ ਨਾਲ ਵਾਤਾਵਰਣ ਦਾ ਪ੍ਰਦੂਸ਼ਣ ਘਟ ਗਿਆ ਹੈ, ਦਰਿਆਵਾਂ ਦਾ ਪਾਣੀ ਸਾਫ਼ ਹੋ ਗਿਆ ਹੈ, ਪੰਛੀ ਵਧੇਰੇ ਚਹਿਕਣ ਲੱਗ ਪਏ ਹਨ ਤੇ ਕੁਦਰਤ ਆਪਣੇ ਅਸਲੀ ਰੰਗ 'ਚ ਮੌਲਣ ਲੱਗ ਪਈ ਹੈ। ਇਹ ਤੱਥ ਹਕੀਕਤ ਹੈ ਪਰੰਤੂ ਇਹ ਨਹੀਂ ਭੁੱਲਣਾ ਚਾਹੀਦਾ ਕਿ ਕੁਦਰਤ ਨੂੰ ਪਲੀਤ ਕਰਨ ਵਾਲਾ ਵੀ ਸਰਕਾਰਾਂ ਵੱਲੋਂ ਲਾਗੂ ਕੀਤਾ ਜਾ ਰਿਹਾ ਉਹੋ ਹੀ 'ਕਾਰਪੋਰੇਟ ਵਿਕਾਸ ਮਾਡਲ' ਹੈ ਜਿਸ ਰਾਹੀਂ ਇਹੋ ਧੜਵੈਲ ਕੰਪਨੀਆਂ ਆਪਣੇ ਭਾਰੀ ਮੁਨਾਫਿਆਂ ਦੀ ਹਿਰਸ 'ਚ ਕੁਦਰਤੀ ਸਰੋਤਾਂ ਨਾਲ ਖਿਲਵਾੜ ਕਰ ਰਹੀਆਂ ਹਨ।

ਸਰਕਾਰਾਂ ਵੱਲੋਂ ਮੁਲਕ ਅੰਦਰ ਪਹਿਲਾਂ ਹੀ ਚੱਲ ਰਹੀ ਆਰਥਿਕ ਮੰਦੀ ਨੂੰ ਵੀ ਕੋਰੋਨਾ ਦੇ ਖਾਤੇ 'ਚ ਹੀ ਪਾ ਦਿੱਤਾ ਜਾਵੇਗਾ ਤੇ ਇਸ ਬਹਾਨੇ ਮਜ਼ਦੂਰਾਂ-ਮੁਲਾਜ਼ਮਾਂ ਤੇ ਹੋਰ ਗਰੀਬ ਲੋਕਾਂ ਉੱਪਰ ਲੱਦੇ ਗਏ ਬੋਝ ਨੂੰ ਲਗਾਤਾਰ ਜਾਰੀ ਰੱਖਣ ਲਈ ਰਾਹ ਪੱਧਰਾ ਕਰ ਲਿਆ ਜਾਵੇਗਾ। ਪੈਦਾ ਹੋਣ ਵਾਲੀ ਇਸ ਗੰਭੀਰ ਸਥਿਤੀ ਦਾ ਟਾਕਰਾ ਕਰਨ ਲਈ ਮਜ਼ਦੂਰ-ਮੁਲਾਜ਼ਮ ਲਹਿਰ ਤੇ ਹੋਰ ਪੀੜਿਤ ਤਬਕਿਆਂ ਦੀ ਲਹਿਰ ਅੱਗੇ ਗੰਭੀਰ ਵਿਚਾਰ-ਵਿਮਰਸ਼ ਕਰਨ ਦਾ ਸੁਆਲ ਹੋਵੇਗਾ।


ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ (ਬੀ.ਸੀ.)

ਅਗਾਂਹਵਧੂ ਕਮਿਊਨਿਟੀ ਦਾ ਸਿਰ.ਫ ਇਕੋ ਇਕ ਹਾਲ

ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ।ਪਾਰਕਿੰਗ ਦੀ ਕੋਈ ਸਮੱਸਿਆ ਨਹੀਂ।ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ।ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ।

ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ।

# 126, 7536-130 ਸਟਰੀਟ ਸਰ੍ਹੀ ਬੀ.ਸੀ.

ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com ਮੱਖਣ ਦੁਸਾਂਝ : 778-251-6010 | Email : makhan.dosanjh55gmail.com

Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਮਜ਼ਦੂਰਾਂ ਹੱਕਾਂ 'ਤੇ ਕਰੋਨਾ ਪੂੰਜੀਵਾਦੀ ਗ੍ਰਹਿਣ

(ਸਫ਼ਾ 1 ਦੀ ਬਾਕੀ)

ਪੱਤਰ ਦਿੱਤੇ ਹਨ, ਇਹ ਅਮਰੀਕਾ ਦੀ ਕੰਮ-ਸ਼ਕਤੀ ਦਾ 15ਫ਼ੀਸਦੀ ਬਣਦੇ ਹਨ। ਪਿਊ ਰਿਸਰਚ ਸੈਂਟਰ ਦੇ ਸਰਵੇਖਣ ਦਾ ਅੰਦਾਜ਼ਾ ਹੈ ਕਿ ਹਾਲੀਆ ਜੌਬ ਲੌਸ ਜਾਂ ਤਨਖ਼ਾਹਾਂ ਵਿਚ ਕਟੌਤੀ ਦੀ ਮਾਰ 43ਫ਼ੀ ਸਦੀ ਪਰਿਵਾਰਾਂ ਉੱਪਰ ਪਈ ਹੈ।

ਕੈਨੇਡਾ ਵਿਚ ਵੀ ਮੰਦਵਾੜੇ ਦੀ ਮਾਰ ਦੇ ਲੋਕ ਮਾਰੂ ਪ੍ਰਭਾਵ ਸਾਹਮਣੇ ਆ ਰਹੇ ਹਨ। ਫਰਵਰੀ ਵਿਚ ਮੁਲਕ ਪੱਧਰ 'ਤੇ ਬੇਰੋਜ਼ਗਾਰੀ ਦੀ ਦਰ 5.6ਫ਼ੀ ਸਦੀ ਸੀ ਜੋ ਹੁਣ 20 ਫ਼ੀ ਸਦੀ ਦੇ ਕਰੀਬ ਹੋ ਚੁੱਕੀ ਹੈ। ਪਿਛਲੇ ਮਹੀਨੇ 30 ਲੱਖ ਰੋਜ਼ਗਾਰ ਇੰਸ਼ੋਰੈਂਸ ਕਲੇਮ ਕੀਤੇ ਜਾ ਚੁੱਕੇ ਸਨ। ਕਾਨਫਰੰਸ ਬੋਰਡ ਆਫ਼ ਕੈਨੇਡਾ ਦਾ ਮੰਨਣਾ ਹੈ ਕਿ ਮਾਰਚ-ਅਪ੍ਰੈਲ ਵਿਚ 28 ਲੱਖ ਨੌਕਰੀਆਂ ਜਾ ਸਕਦੀਆਂ ਹਨ। ਕਰੈਡਿਟ ਯੂਨੀਅਨ ਸੈਂਟਰਲ ਅਲਬਰਟਾ ਨਾਲ ਸੰਬੰਧਤ ਮੁੱਖ ਅਰਥਸ਼ਾਸਤਰੀ ਚਾਰਲਸ ਅਰਨੌਂਡ ਨੇ ਕਿਹਾ ਹੈ ਕਿ ਅਲਬਰਟਾ, ਬ੍ਰਿਟਿਸ਼ ਕੋਲੰਬੀਆ ਅਤੇ ਉਂਟਾਰੀਓ ਉੱਪਰ ਮਹਾਂਮਾਰੀ ਦੇ ਆਰਥਕ ਸਦਮੇ ਦਾ ਅਸਰ ਸਭ ਤੋਂ ਵੱਧ ਪਵੇਗਾ। ਅਲਬਰਟਾ ਵਿਚ, ਜਿੱਥੇ ਪਹਿਲਾਂ ਬੇਰੋਜ਼ਗਾਰੀ ਦੀ ਦਰ 7.2ਫ਼ੀ ਸਦੀ ਸੀ, ਹੁਣ ਸਰਕਾਰੀ ਤੌਰ 'ਤੇ ਇਸ ਦੇ 25ਫ਼ੀਸਦੀ ਹੋ ਜਾਣ ਦਾ ਅੰਦਾਜ਼ਾ ਪੇਸ਼ ਕੀਤਾ ਗਿਆ ਹੈ। ਏਅਰ ਕੈਨੇਡਾ ਨੇ 30 ਮਾਰਚ ਨੂੰ ਆਪਣੇ 16500 ਮੁਲਾਜ਼ਮਾਂ ਨੂੰ ਲੇ-ਆਫ਼ ਕਰਨ ਦਾ ਐਲਾਨ ਕਰ ਦਿੱਤਾ ਸੀ, ਹੁਣ ਉਹਨਾਂ ਨੂੰ ਮੁੜ ਕੰਮ 'ਤੇ ਰੱਖਣ ਦਾ ਵਾਅਦਾ ਕੀਤਾ ਗਿਆ ਹੈ। ਬੀ.ਸੀਂ ਕੈਨੇਡਾ ਵਿਚ ਟਰਾਂਸਲਿੰਕ ਨੇ ਆਪਣੇ 1492 ਮੁਲਾਜ਼ਮਾਂ ਨੂੰ ਦੋ ਮਹੀਨੇ ਦਾ ਅਗੇਤਾ ਨੋਟਿਸ ਦਿੱਤੇ ਬਿਨਾਂ ਹੀ ਲੇ-ਆਫ਼ ਕਰਨ ਦਾ ਐਲਾਨ ਕਰ ਦਿੱਤਾ ਹੈ। ਕਾਰਨ ਇਹ ਦੱਸਿਆ ਗਿਆ ਕਿ ਕੰਪਨੀ ਨੂੰ ਇਕ ਮਹੀਨੇ ਵਿਚ 75 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। 5000 ਤੋਂ ਵਧੇਰੇ ਟਰਾਂਜ਼ਿਟ ਕਾਮਿਆਂ ਦੀ ਨੁਮਾਇੰਦਗੀ ਕਰਦੀਆਂ ਦੋ ਯੂਨੀਅਨਾਂ ਨੇ ਇਸ ਲਾਕਾਨੂੰਨੀ ਨੂੰ ਕਾਨੂੰਨੀ ਚੁਣੌਤੀ ਦੇਣ ਦਾ ਫ਼ੈਸਲਾ ਲਿਆ ਹੈ। ਇਹ ਲੇ-ਆਫ਼ ਅਤੇ ਰੋਜ਼ਗਾਰ ਖੋਹੇ ਜਾਣ ਦੀਆਂ ਚੰਦ ਮਿਸਾਲਾਂ ਹਨ, ਇਸ ਦੇ ਵਿਆਪਕ ਪ੍ਰਭਾਵ ਸਮਾਂ ਪਾ ਕੇ ਸਾਹਮਣੇ ਆਉਣਗੇ। ਆਰਥਕ ਸੰਕਟ ਡੂੰਘਾ ਹੋਣ ਨਾਲ ਕੈਨੇਡਾ ਅਤੇ ਦੁਨੀਆ ਦੇ ਹੋਰ ਬਹੁਤ ਸਾਰੇ ਮੁਲਕਾਂ ਵਿਚ ਏਸ਼ੀਅਨਾਂ ਵਿਰੁੱਧ ਨਫ਼ਰਤੀ ਜੁਰਮਾਂ ਦਾ ਰੁਝਾਨ ਵੀ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਗਿਆ ਹੈ ਜੋ ਕਿ ਸਰਮਾਏਦਾਰੀ ਪ੍ਰਬੰਧ ਦੇ ਸੰਕਟ ਦੀ ਲਾਜ਼ਮੀ ਉਪਜ ਹੈ।

ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਆਰਥਿਕਤਾ ਮੰਨੇ ਜਾਂਦੇ ਭਾਰਤ ਦੀ ਆਰਥਕ ਜ਼ਿੰਦਗੀ ਲੌਕਡਾਊਨ ਕਾਰਨ ਪੂਰੀ ਤਰ੍ਹਾਂ ਠੱਪ ਹੈ। ਲੌਕਡਾਊਨ ਨਾਲ 12 ਲੱਖ ਕਰੋੜ ਰੁਪਏ ਦਾ ਆਰਥਕ ਨੁਕਸਾਨ ਹੋਣ ਦਾ ਅੰਦਾਜ਼ਾ ਹੈ। ਆਲਮੀ ਬੈਂਕ ਅਤੇ ਹੋਰ ਆਰਥਕ ਵਿਸ਼ਲੇਸ਼ਕਾਂ ਨੇ ਭਾਰਤ ਦੀ ਆਰਥਿਕਤਾ ਦੀ ਵਿਕਾਸ ਦਰ ਵਿਚ ਤਿੱਖੀ ਗਿਰਾਵਟ ਦੀ ਪੇਸ਼ੀਨਗੋਈ ਕੀਤੀ ਹੈ। ਜੇ ਲੌਕਡਾਊਨ ਦੀ ਮਿਆਦ ਹੋਰ ਵਧਾਉਣੀ ਪੈਂਦੀ ਹੈ ਤਾਂ ਆਰਥਕ ਪ੍ਰਭਾਵ ਇਹਨਾਂ ਅੰਦਾਜ਼ਿਆਂ ਤੋਂ ਵੀ ਕਿਤੇ ਮਾੜੇ ਹੋ ਸਕਦੇ ਹਨ। ਕਾਨਫੈੱਡਰੇਸ਼ਨ ਆਫ਼ ਇੰਡੀਅਨ ਇੰਡਸਟ੍ਰੀਜ਼ (ਸੀ.ਆਈ.ਆਈ.) ਅਨੁਸਾਰ ਜੇ ਸਰਕਾਰ ਵੱਲੋਂ ਠੋਸ ਨੀਤੀ ਨਾ ਲਈ ਗਈ ਤਾਂ ਵਿਤੀ ਸਾਲ 2021 ਵਿਚ ਜੀ.ਡੀ.ਪੀ. ਦੀ ਦਰ 5ਫ਼ੀ ਸਦੀ ਤੋਂ ਹੇਠਾਂ ਡਿਗ ਸਕਦੀ ਹੈ। ਭਾਰਤ ਵਿਚ ਵੱਖ-ਵੱਖ ਖੇਤਰਾਂ ਵਿਚ 40 ਕਰੋੜ ਗ਼ੈਰਜਥੇਬੰਦ ਕਿਰਤੀ ਕੰਮ ਕਰਦੇ ਹਨ, ਕੌਮਾਂਤਰੀ ਲੇਬਰ ਸੰਸਥਾ ਨੇ ਇਹਨਾਂ ਵਿੱਚੋਂ 19.5 ਕਰੋੜ ਦਾ ਰੋਜ਼ਗਾਰ ਖੁੱਸ ਜਾਣ ਦਾ ਅੰਦਾਜ਼ਾ ਲਗਾਇਆ ਹੈ। ਮਾਹਰਾਂ ਦਾ ਮੰਨਣਾ ਹੈ ਕਿ ਬੀਮਾਰੀ ਦੇ ਫੈਲਾਅ ਉੱਪਰ ਕਾਬੂ ਪਾਉਣ ਅਤੇ ਹਰ ਕਿਸੇ ਲਈ ਖਾਣਾ ਯਕੀਨੀਂ ਬਣਾਏ ਜਾਣ ਤੋਂ ਬਾਦ ਅਗਲਾ ਬਹੁਤ ਹੀ ਮਹੱਤਵਪੂਰਨ ਕੰਮ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣਾ ਹੋਵੇਗਾ। ਰੋਜ਼ਗਾਰ ਦੇ ਆਰਜ਼ੀ ਪ੍ਰੋਗਰਾਮ ਉਲੀਕਣੇ ਹੋਣਗੇ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਨੂੰ ਦੀਵਾਲੀਆ ਹੋਣ ਤੋਂ ਬਚਾਉਣ ਲਈ ਠੋਸ ਕਦਮ ਚੁੱਕਣੇ ਹੋਣਗੇ। ਲੇਕਿਨ ਸੱਤਾਧਾਰੀ ਠੋਸ ਨੀਤੀਆਂ ਬਣਾਉਣ ਦੀ ਬਜਾਏ ਪ੍ਰਧਾਨ ਮੰਤਰੀ ਦੇ ਭਾਸ਼ਣਾਂ ਅਤੇ ਗ਼ੈਰਵਿਹਾਰਕ ਰਾਹਤ ਐਲਾਨਾਂ ਨਾਲ ਡੰਗ ਟਪਾਈ ਕਰ ਰਹੇ ਹਨ। ਆਖ਼ਿਰਕਾਰ '5 ਟ੍ਰਿਲੀਅਨ ਡਾਲਰ ਇਕਾਨਮੀ' ਦੇ ਸ਼ੇਖਚਿਲੀ ਟੀਚਿਆਂ ਦੀ ਅਸਫ਼ਲਤਾ ਦਾ ਭਾਂਡਾ ਕਰੋਨਾ ਮਹਾਂਮਾਰੀ ਸਿਰ ਭੰਨ ਦਿੱਤਾ ਜਾਵੇਗਾ। ਕੋਵਿਡ-19 ਨਾਲ ਮੌਤ ਦਾ ਭੈਅ ਐਨਾ ਭਾਰੂ ਹੋ ਗਿਆ ਹੈ ਕਿ ਲੋਟੂ ਪ੍ਰਬੰਧ ਦੀਆਂ ਉਹ ਤਮਾਮ ਅਲਾਮਤਾਂ - ਰੋਜ਼ਗਾਰ, ਕਾਰੋਬਾਰ, ਬੱਚਤਾਂ, ਅਸੁਵਿਧਾ ਅਤੇ ਸ਼ਾਇਦ ਭੁੱਖ ਨਾਲ ਮੌਤਾਂ - ਨਾਗਰਿਕਾਂ ਨੂੰ ਵਿੱਸਰ ਹੀ ਗਈਆਂ ਹਨ ਜੋ ਭਵਿੱਖ ਵਿਚ ਮਨੁੱਖ ਦੇ ਜ਼ਿੰਦਾ ਰਹਿਣ ਦੀ ਸਮਰੱਥਾ ਉੱਪਰ ਅਸਰਅੰਦਾਜ਼ ਹੋ ਸਕਦੀਆਂ ਹਨ।

ਮਹਾਂਮਾਰੀ ਦੀ ਆੜ ਹੇਠ ਮੋਦੀ ਸਰਕਾਰ ਨੇ ਮੁਲਾਜ਼ਮ ਵਰਗ ਨੂੰ ਵੱਡਾ ਨਿਸ਼ਾਨਾ ਬਣਾਇਆ ਹੈ। ਜੁਲਾਈ 2021 ਤਕ ਕੇਂਦਰ ਅਤੇ ਰਾਜਾਂ ਦੇ ਮੁਲਾਜ਼ਮਾਂ ਨੂੰ ਦਿੱਤੇ ਜਾਣ ਵਾਲੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਪੱਕੇ ਤੌਰ 'ਤੇ ਰੋਕ ਕੇ ਕੇਂਦਰ ਦੇ ਮੁਲਾਜ਼ਮਾਂ ਤੋਂ 37530 ਕਰੋੜ ਅਤੇ ਰਾਜਾਂ ਦੇ ਮੁਲਾਜ਼ਮਾਂ ਤੋਂ 82556 ਕਰੋੜ (ਕੁਲ 1, 20096 ਕਰੋੜ) ਰੁਪਏ ਹਥਿਆ ਲਏ ਹਨ। ਜ਼ਰੂਰੀ ਸੇਵਾਵਾਂ ਦੀ ਡਿਊਟੀ ਦੇਣ ਵਾਲਿਆਂ ਦੀ ਤਨਖ਼ਾਹ 10 ਤੋਂ 40ਫ਼ੀ ਸਦੀ ਕੱਟਣ ਦੇ ਐਲਾਨ ਕੀਤੇ ਜਾ ਰਹੇ ਹਨ। ਇਸ ਦੇ ਉਲਟ, ਵੱਡੇ-ਵੱਡੇ ਵਿਤੀ ਪੈਕੇਜ ਐਲਾਨ ਕੇ ਕਾਰੋਬਾਰੀ ਖੇਤਰ ਨੂੰ ਬਹੁਤ ਸਾਰੀਆਂ ਰਾਹਤਾਂ ਦਿੱਤੀਆਂ ਗਈਆਂ ਹਨ। ਹੁਕਮਰਾਨਾਂ ਦੀ ਤਰਜ਼ੀਹ ਵੱਡੇ ਕਾਰਪੋਰੇਟ ਕਾਰੋਬਾਰ ਹਨ। ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਅਤੇ ਗ਼ੈਰਜਥੇਬੰਦ ਖੇਤਰ ਦੇ ਦਹਿ ਕਰੋੜਾਂ ਲੋਕਾਂ ਲਈ ਕੋਈ ਠੋਸ ਰਾਹਤ ਨਹੀਂ ਹੈ, ਜਦਕਿ ਆਰਥਿਕਤਾ ਦਾ ਬੇਹੱਦ ਮਹੱਤਵਪੂਰਨ ਹਿੱਸਾ ਹੋਣ ਕਾਰਨ ਰਾਹਤ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਇਹਨਾਂ ਨੂੰ ਸੀ। ਛੋਟੇ ਕਾਰੋਬਾਰੀਆਂ ਅਤੇ ਗ਼ੈਰਰਸਮੀ ਖੇਤਰ ਦੇ ਕਿਰਤੀਆਂ ਦੀ ਦਰਦਨਾਕ ਹਾਲਤ ਦੀਆਂ ਰਿਪੋਰਟਾਂ ਬੇਹੱਦ ਪ੍ਰੇਸ਼ਾਨ ਕਰਨ ਵਾਲੀਆਂ ਹਨ। ਮਿਸਾਲ ਵਜੋਂ, ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਜ਼ਿਲ੍ਹੇ ਵਿਚ 45000 ਛੋਟੀਆਂ ਪਾਵਰ-ਲੂਮ ਹਨ ਜੋ ਘਰਾਂ ਜਾਂ ਨਿੱਕੇ ਕਾਰਖ਼ਾਨਾਨੁਮਾ ਕਮਰਿਆਂ ਤੋਂ ਕੰਮ ਕਰਦੀਆਂ ਹਨ। ਇਹਨਾਂ ਉੱਪਰ ਪੌਣੇ ਦੋ ਲੱਖ ਲੋਕ ਨਿਰਭਰ ਹਨ। ਇਹ ਲੋਕ 12 ਘੰਟੇ ਕੰਮ ਕਰਕੇ 250-300 ਰੁਪਏ ਰੋਜ਼ਾਨਾ ਕਮਾ ਲੈਂਦੇ ਸਨ। ਸਮੁੱਚਾ ਕਾਰੋਬਾਰ ਠੱਪ ਹੋਣ ਇਹ ਸਾਰੇ ਹੁਣ ਭੁੱਖੇ ਮਰ ਰਹੇ ਹਨ। ਇਸੇ ਤਰ੍ਹਾਂ ਦੀ ਹਾਲਤ ਮੁਲਕ ਦੇ ਹੋਰ ਛੋਟੇ-ਵੱਡੇ ਸ਼ਹਿਰਾਂ ਵਿਚਲੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਦੀ ਹੈ। ਸਵਾਲ ਤਾਂ ਇਹ ਹੈ ਕਿ ਕੀ ਸਰਕਾਰੀ ਰਾਹਤ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੇ ਕਿਰਤੀਆਂ ਅਤੇ ਪੇਸ਼ੇਵਰ ਕਾਮਿਆਂ ਤਕ ਪਹੁੰਚੇ ਸਕੇਗੀ? ਜਿੱਥੋਂ ਤਕ ਵੱਡੀਆਂ ਸਨਅਤਾਂ ਦਾ ਸਵਾਲ ਹੈ, ਕੀ ਭਾਰਤ ਦੇ ਕਿਰਤ ਕਾਨੂੰਨ ਸੰਕਟ ਕਾਰਨ ਕਾਮਿਆਂ ਨੂੰ ਨੌਕਰੀਆਂ ਤੋਂ ਹਟਾਉਣ, ਕਿਰਤ ਸ਼ਕਤੀ ਦੀ ਛਾਂਟੀ ਕਰਨ ਦੇ ਖ਼ਤਰੇ ਤੋਂ ਉਹਨਾਂ ਦੀ ਢਾਲ ਬਣਨਗੇ? ਕੀ ਸੰਕਟ ਦੇ ਬਹਾਨੇ ਕਾਮਿਆਂ ਨੂੰ ਲੇ-ਆਫ਼ ਕਰਨ ਦੀ ਪੂੰਜੀਵਾਦੀ ਰੁਚੀ ਨੂੰ ਰੋਕਣ ਨੂੰ ਤਰਜ਼ੀਹ ਦੇਣ ਦਾ ਹੁਕਮਰਾਨਾਂ ਦਾ ਕੋਈ ਇਰਾਦਾ ਹੈ? ਜ਼ਮੀਨੀਂ ਹਕੀਕਤ ਦੇ ਸੰਕੇਤ ਇਸ ਦੀ ਹਾਮੀ ਨਹੀਂ ਭਰ ਰਹੇ।

ਜਿਵੇਂ ਕਿ ਸੰਕਟ ਵਿਚ ਅਕਸਰ ਹੀ ਹੁੰਦਾ ਹੈ, ਲਾਗਤ ਖ਼ਰਚੇ ਘਟਾਉਣ ਲਈ ਕਾਰੋਬਾਰੀ ਅਦਾਰੇ ਸਭ ਤੋਂ ਪਹਿਲਾਂ ਕਾਮਿਆਂ ਦੀ ਛਾਂਟੀ ਅਤੇ ਤਨਖ਼ਾਹਾਂ ਵਿਚ ਕਟੌਤੀ ਦੇ ਰਾਹ ਪੈਂਦੇ ਹਨ। ਇਹ ਪ੍ਰਧਾਨ ਮੰਤਰੀ ਮੋਦੀ ਦੀ 'ਸਲਾਹ' ਦੇ ਬਾਵਜੂਦ ਵਾਪਰ ਰਿਹਾ ਹੈ। ਸ਼੍ਰੀ ਮੋਦੀ ਨੇ ਸਰਕਾਰੀ ਅਤੇ ਨਿੱਜੀ ਰੋਜ਼ਗਾਰਦਾਤਿਆਂ ਨੂੰ ਇਸ ਸੰਕਟ ਦੀ ਘੜੀ ਆਪਣੇ ਕਾਮਿਆਂ ਦੀ ਲੇ-ਆਫ਼ ਜਾਂ ਤਨਖ਼ਾਹਾਂ ਵਿਚ ਕਟੌਤੀ ਨਾ ਕਰਨ ਲਈ ਹੱਥ ਜੋੜੇ ਸਨ। ਕਾਰੋਬਾਰੀ-ਸਨਅਤਕਾਰ ਇਸ ਤੋਂ ਉਲਟ ਪੂਰੀ ਤਰ੍ਹਾਂ ਕਿਰਤ ਕਾਨੂੰਨਾਂ ਵਿਚ ਛੋਟਾਂ ਮੰਗ ਰਹੇ ਹਨ। ਲੇ-ਆਫ਼ ਦੀਆਂ ਰਿਪੋਰਟਾਂ ਪ੍ਰਧਾਨ ਮੰਤਰੀ ਦੀ 'ਸਲਾਹ' ਦਾ ਮੂੰਹ ਚਿੜਾ ਰਹੀਆਂ ਹਨ।

ਦੀ ਹਿੰਦੂ ਦੀ ਰਿਪੋਰਟ ਅਨੁਸਾਰ, ਗੁੜਗਾਓਂ ਵਿਚ ਨਿਊਯਾਰਕ ਆਧਾਰਤ ਗਲੋਬਲ ਟੈੱਕ-ਟਰੈਵਲ ਫਰਮ, ਫ਼ੇਅਰਪੋਰਟਲ, ਨੇ ਆਪਣੇ ਸੌ ਦੇ ਕਰੀਬ ਮੁਲਾਜ਼ਮਾਂ ਨੂੰ ਬਿਨਾਂ ਕਾਰਨ ਦੱਸੇ ਲੇ-ਆਫ਼ ਕਰ ਦਿੱਤਾ ਹੈ। ਕੰਪਨੀ ਨੇ ਆਪਣੀ ਪੂਨੇ ਫਰਮ ਵਿਚ ਵੀ ਲੇ-ਆਫ਼ ਕੀਤੀ ਹੈ। ਮੁਲਾਜ਼ਮਾਂ ਦਾ ਕਹਿਣਾ ਹੈ ਕਿ 800 ਤੋਂ ਵਧੇਰੇ ਲੋਕਾਂ ਨੂੰ ਕੰਮ ਤੋਂ ਕੱਢਿਆ ਗਿਆ ਹੈ। ਇਹ ਕਾਮੇ 5-10 ਸਾਲ ਤੋਂ ਫਰਮ ਵਿਚ ਕੰਮ ਕਰ ਰਹੇ ਸਨ। ਗੁੜਗਾਓਂ ਵਿਚ ਹੀ ਜ਼ੋਮੈਟੋ ਨੇ ਆਪਣੀਆਂ ਕਸਟਮਰ ਸੁਪੋਰਟ ਟੀਮਾਂ ਦੇ 541 ਮੁਲਾਜ਼ਮਾਂ ਨੂੰ ਕੰਮ ਤੋਂ ਕੱਢ ਦਿੱਤਾ ਹੈ। ਕੱਢੇ ਗਏ ਮੁਲਾਜ਼ਮ ਇਸ ਮਸ਼ਹੂਰ ਆਨਲਾਈਨ ਫੂਡ ਡਿਲਿਵਰੀ ਪਲੇਟਫਾਰਮ ਦੇ ਕੁਲ ਮੁਲਾਜ਼ਮਾਂ ਦਾ 10ਫ਼ੀ ਸਦੀ ਬਣਦੇ ਹਨ। ਭਾਰਤ ਵਿਚ ਇਹ ਫਰਮ 500 ਸ਼ਹਿਰਾਂ ਵਿਚ ਸਰਵਿਸ ਦੇ ਰਹੀ ਹੈ, ਇਹ ਰੁਝਾਨ ਹੋਰ ਸ਼ਹਿਰਾਂ ਵਿਚ ਕੰਮ ਕਰਦੇ ਜ਼ੋਮੈਟੋ ਦੇ ਮੁਲਾਜ਼ਮਾਂ ਦੀ ਛਾਂਟੀ ਵੀ ਕਰ ਸਕਦਾ ਹੈ। ਘਰੇਲੂ ਏਅਰ-ਲਾਇਨੀਜ਼ ਗੋਏਅਰ ਦੇ 5500 ਵਿੱਚੋਂ ਬਹੁਗਿਣਤੀ ਮੁਲਾਜ਼ਮ 3 ਮਈ ਤਕ ਬਿਨਾਂ ਤਨਖ਼ਾਹ ਛੁੱਟੀ ਉੱਪਰ ਭੇਜੇ ਗਏ ਹਨ।

ਲੇ-ਆਫ਼ ਕਰਨ ਵਿਚ ਮੀਡੀਆ ਸਮੂਹ, ਖ਼ਾਸ ਕਰਕੇ ਵੱਡੇ ਕਾਰੋਬਾਰੀ, ਵੀ ਪਿੱਛੇ ਨਹੀਂ। ਇਹ ਸੱਚ ਹੈ ਕਿ ਆਰਥਕ ਮੰਦਵਾੜੇ ਨਾਲ ਪ੍ਰਿੰਟ ਮੀਡੀਆ ਲਈ ਇਸ਼ਤਿਹਾਰਾਂ ਵਿਚ ਵੱਡੀ ਕਮੀ ਆਈ ਹੈ, ਜਿਸ ਨਾਲ ਉਹਨਾਂ ਦੇ ਵਿਤੀ ਵਸੀਲੇ ਸੁੰਗੜੇ ਹਨ ਜਿਹਨਾਂ ਦਾ ਦਾਰੋਮਦਾਰ ਹੀ ਇਸ਼ਤਿਹਾਰਬਾਜ਼ੀ ਉੱਪਰ ਹੈ। ਪੈਸਾ ਖ਼ਰਚ ਕਰਨ ਤੋਂ ਬਗ਼ੈਰ ਤੱਥ ਅਧਾਰਤ ਰਿਪੋਰਟਿੰਗ ਸੰਭਵ ਨਹੀਂ। ਐਸੀ ਰਿਪੋਰਟਿੰਗ ਹੀ ਸਥਾਪਤੀ ਨੂੰ ਸਵਾਲ ਕਰ ਸਕਦੀ ਹੈ ਅਤੇ ਬਿਆਨਬਾਜ਼ੀ ਦਾ ਥੋਥ ਨੰਗਾ ਕਰਕੇ ਸੱਤਾ ਨੂੰ ਜਵਾਬਦੇਹ ਬਣਾ ਸਕਦੀ ਹੈ। ਇਸ ਦੀ ਅਣਹੋਂਦ 'ਚ ਸੱਤਾਧਾਰੀ ਕੋੜਮਾ ਅਵਾਮ ਦੇ ਸਰੋਕਾਰਾਂ ਨੂੰ ਆਪਣੇ ਜ਼ਹਿਰੀਲੇ ਏਜੰਡਿਆਂ ਕੀ ਕਾਵਾਂਰੌਲ਼ੀ ਵਿਚ ਸਹਿਜੇ ਹੀ ਦਫ਼ਨਾ ਦੇਵੇਗਾ। ਇਸੇ ਲਈ, ਅਜੋਕੇ ਸੰਕਟ ਦੇ ਅਸਰਾਂ ਦੀ ਗਹਿਰਾਈ ਨੂੰ ਸਮਝਣਾ ਅਤੇ ਦਸਤਾਵੇਜ਼ੀ ਰੂਪ ਦੇਣਾ ਜ਼ਰੂਰੀ ਹੈ। ਲਾਗਤ ਖ਼ਰਚੇ ਘਟਾਉਣ ਲਈ ਸਟਾਫ਼ ਦੀ ਲੇ-ਆਫ਼ ਖੋਜੀ ਪੱਤਰਕਾਰੀ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੇ ਤੁੱਲ ਹੈ। ਜੇ ਰਿਪੋਰਟਿੰਗ ਕਰਨ ਵਾਲਿਆਂ ਦਾ ਰੋਜ਼ਗਾਰ ਹੀ ਮਹਿਫ਼ੂਜ਼ ਨਹੀਂ ਤਾਂ ਜ਼ਮੀਨੀਂ ਹਕੀਕਤ ਦੀ ਰਿਪੋਰਟਿੰਗ ਕਿਵੇਂ ਹੋਵੇਗੀ? ਲੇਕਿਨ ਮੀਡੀਆ ਹਾਊਸਾਂ ਦੇ ਕਰਤਿਆਂ-ਧਰਤਿਆਂ ਨੂੰ ਲਾਗਤ ਘਟਾਉਣ ਦੀ ਫ਼ਿਕਰਮੰਦੀ ਵਧੇਰੇ ਹੈ, ਖੋਜੀ ਪੱਤਰਕਾਰੀ ਦੀ ਗੁਣਵੱਤਾ ਅਤੇ ਉਹਨਾਂ ਦਾ ਭਵਿੱਖ ਉਹਨਾਂ ਲਈ ਕੋਈ ਮਸਲਾ ਨਹੀਂ ਹੈ। ਮੀਡੀਆ ਸਮੂਹਾਂ ਵਿਚ ਇਹੀ ਰੁਝਾਨ ਨਜ਼ਰ ਆ ਰਿਹਾ ਹੈ। ਲਗਭਗ ਹਰ ਪ੍ਰਿੰਟ ਮੀਡੀਆ ਨੇ ਆਪਣੇ ਅਖ਼ਬਾਰਾਂ ਦੇ ਪੰਨੇ ਘਟਾ ਦਿੱਤੇ ਹਨ। ਇੰਞ ਪ੍ਰਿੰਟ ਮੀਡੀਆ ਉੱਪਰ ਮਹਾਂਮਾਰੀ ਦੇ ਵਧੇਰੇ ਗੰਭੀਰ ਅਸਰ ਪੈਣ ਦਾ ਅੰਦੇਸ਼ਾ ਹੈ। ਜਦਕਿ ਇਹ ਮੀਡੀਆ ਪਹਿਲਾਂ ਹੀ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਲੌਕਡਾਊਨ ਦੇ ਤੀਜੇ ਹਫ਼ਤੇ ਹੀ ਮੁਲਕ ਦੇ ਸਭ ਤੋਂ ਵੱਡੇ ਮੀਡੀਆ ਸਮੂਹ, ਟਾਈਮਜ਼ ਗਰੁੱਪ, ਨੇ ਟਾਈਮਜ਼ ਆਫ਼ ਇੰਡੀਆ ਦੀ ਸੰਡੇ ਮੈਗਜ਼ੀਨ ਟੀਮ ਨੂੰ ਲੇ-ਆਫ਼ ਕਰ ਦਿੱਤਾ ਜੋ ਚਾਰ ਸਫ਼ੇ ਦਾ ਸਪਲੀਮੈਂਟ ਟਾਈਮਜ਼ ਲਾਈਫ਼ ਤਿਆਰ ਕਰਦੀ ਸੀ ਜਿਸ ਦੀ ਸਰਕੂਲੇਸ਼ਨ 10 ਲੱਖ ਦੱਸੀ ਜਾਂਦੀ ਹੈ। ਇਹਨਾਂ ਵਿਚ ਨੋਨਾ ਵਾਲੀਆ ਵੀ ਸ਼ਾਮਲ ਹੈ ਜੋ 24 ਸਾਲ ਤੋਂ ਇਸ ਮੀਡੀਆ ਸਮੂਹ ਨਾਲ ਜੁੜੀ ਹੋਈ ਸੀ। ਨਿਊਜ਼ ਨੇਸ਼ਨ ਨੈੱਟਵਰਕ ਨੇ ਆਪਣੀ 15 ਜਣਿਆਂ ਦੀ ਪੂਰੀ ਇੰਗਲਿਸ਼ ਡਿਜੀਟਲ ਟੀਮ ਹੀ ਲੇ-ਆਫ਼ ਕਰ ਦਿੱਤੀ ਹੈ। ਇਸ ਦੇ ਨਾਲ ਹੀ, ਅਖ਼ਬਾਰਾਂ ਦੇ ਸਫ਼ੇ ਘਟਾਉਣਾ ਅਤੇ ਤਨਖ਼ਾਹਾਂ ਵਿਚ ਕਟੌਤੀ ਵੀ ਬਰਾਬਰ ਜਾਰੀ ਹੈ। ਆਊਟਲੁੱਕ ਅਤੇ ਨਈ ਦੁਨੀਆ ਨੇ ਪ੍ਰਕਾਸ਼ਨਾਵਾਂ ਮੁਅੱਤਲ ਕਰ ਦਿੱਤੀਆਂ ਹਨ। ਰਾਘਵ ਬਾਹਲ ਦੇ ਪ੍ਰਕਾਸ਼ਨ ਦੀ ਕਵਿੰਟ ਵੱਲੋਂ ਆਪਣੇ ਅੱਧੇ ਸਟਾਫ਼, 45 ਮੁਲਾਜ਼ਮਾਂ ਨੂੰ 15 ਅਪ੍ਰੈਲ ਤੋਂ ਲੈ ਕੇ ਅਗਲੇ ਨੋਟਿਸ ਤਕ ਬਿਨਾਂ ਤਨਖ਼ਾਹ ਛੁੱਟੀ ਉੱਪਰ ਭੇਜ ਦਿੱਤਾ ਗਿਆ ਹੈ। ਅਗਲਾ ਨੋਟਿਸ ਕੀ ਹੋਵੇਗਾ ਇਹ ਦੇਖਣਾ ਬਾਕੀ ਹੈ। ਬਲੂਮਬਰਗਕਵਿੰਟ.ਕਾਮ ਨੇ ਉਹਨਾਂ ਮੁਲਾਜ਼ਮਾਂ ਦੀ ਅਪ੍ਰੈਲ ਮਹੀਨੇ ਦੀ 50ਫ਼ੀ ਸਦੀ ਤਨਖ਼ਾਹ ਕੱਟ ਲਈ ਹੈ ਜਿਹਨਾਂ ਦੀ ਸਾਲਾਨਾ ਸੀਟੀਸੀ (ਕੌਸਟ ਟੂ ਕੰਪਨੀ) 6 ਲੱਖ ਤੋਂ 12 ਲੱਖ ਸੀ। ਕਿਹਾ ਗਿਆ ਹੈ ਕਿ ਮਈ ਤੋਂ ਨਾਰਮਲ ਤਨਖ਼ਾਹ ਦਿੱਤੀ ਜਾਵੇਗੀ। ਅੱਗੋਂ ਕੀ ਹੁੰਦਾ ਹੈ ਇਸ ਬਾਰੇ ਅਜੇ ਕੁਛ ਨਹੀਂ ਕਿਹਾ ਜਾ ਸਕਦਾ। ਇੰਡੀਅਨ ਐਕਸਪ੍ਰੈੱਸ ਨੇ ਤਨਖ਼ਾਹਾਂ ਵਿਚ 10 ਤੋਂ 30ਫ਼ੀ ਸਦੀ ਕਟੌਤੀ ਕੀਤੀ ਹੈ।

ਆਰਥਿਕਤਾ ਦੇ ਸਾਰੇ ਖੇਤਰਾਂ ਅਤੇ ਆਮ ਕਿਰਤੀਆਂ ਦੇ ਰੋਜ਼ਗਾਰ ਉੱਪਰ ਲੌਕਡਾਊਨ ਦਾ ਕਿੰਨਾ ਡੂੰਘਾ ਅਸਰ ਪੈਂਦਾ ਹੈ, ਇਸ ਦੀ ਅਸਲ ਤਸਵੀਰ ਤਾਂ ਹਾਲਾਤ ਦੇ ਦੁਬਾਰਾ ਸਹਿਜ ਹੋਣ ਅਤੇ ਸਨਅਤਾਂ/ਕਾਰੋਬਾਰਾਂ ਦੇ ਦੁਬਾਰਾ ਸ਼ੁਰੂ ਹੋਣ 'ਤੇ ਹੀ ਸਾਹਮਣੇ ਆ ਸਕੇਗੀ। ਦਰਅਸਲ ਉਦੋਂ ਹਕੀਕਤ ਉੱਘੜੇਗੀ ਕਿ ਕੱਚੇ ਕਾਮਿਆਂ ਨੂੰ ਕਾਰੋਬਾਰਾਂ ਵੱਲੋਂ ਦੁਬਾਰਾ ਕੰਮ 'ਤੇ ਰੱਖਿਆ ਜਾਂਦਾ ਹੈ ਜਾਂ ਨਹੀਂ। ਜੇ ਰੱਖਿਆ ਜਾਂਦਾ ਹੈ ਤਾਂ ਕੀ ਪਹਿਲੀਆਂ ਉਜ਼ਰਤਾਂ ਅਤੇ ਸ਼ਰਤਾਂ ਤਹਿਤ ਰੱਖਿਆ ਜਾਵੇਗਾ ਜਾਂ ਨਵੀਂਆਂ ਸ਼ਰਤਾਂ ਤਹਿਤ। ਕਾਰੋਬਾਰੀਆਂ ਦੀਆਂ ਮਨਮਾਨੀਆਂ ਦੀ ਭਿਆਨਕਤਾ ਦੇ ਨਕਸ਼ ਮੀਡੀਆ ਰਿਪੋਰਟਾਂ ਵਿਚ ਉੱਘੜਨੇ ਸ਼ੁਰੂ ਵੀ ਹੋ ਗਏ ਹਨ। ਪਿਛਲੇ ਦਿਨੀਂ ਰਿਪੋਰਟ ਆਈ ਕਿ ਭਾਰਤ ਸਰਕਾਰ 8 ਘੰਟੇ ਦੀ ਬਜਾਏ ਕੰਮ ਦੀ ਸ਼ਿਫਟ 12 ਘੰਟੇ ਦੀ ਕਰਨ ਬਾਰੇ ਵਿਚਾਰ ਕਰ ਰਹੀ ਹੈ। ਦਲੀਲ ਕਾਮਿਆਂ ਦੀ ਥੁੜ੍ਹ ਦੀ ਦਿੱਤੀ ਗਈ ਹੈ, ਲੇਕਿਨ ਇਸ ਬਹਾਨੇ ਮਜ਼ਦੂਰਾਂ ਉੱਪਰ ਕੰਮ ਦਾ ਬੋਝ ਵਧਾਇਆ ਜਾਣਾ ਹੈ। ਜੀਸੀਸੀਆਈ (ਗੁਜਰਾਤ ਚੈਂਬਰ ਆਫ਼ ਕਾਮਰਸ ਐਂਡ ਇੰਡਸਟ੍ਰੀਜ਼) ਨੇ ਕੇਂਦਰੀ ਕਿਰਤ ਅਤੇ ਰੋਜ਼ਗਾਰ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ ਘੱਟੋਘੱਟ ਇਕ ਸਾਲ ਲਈ ਕਿਰਤ ਕਾਨੂੰਨ ਤਹਿਤ ਮਜ਼ਦੂਰ ਯੂਨੀਅਨ ਬਣਾਏ ਜਾਣ ਦੇ ਕਾਨੂੰਨੀ ਹੱਕ ਨੂੰ ਮੁਅੱਤਲ ਕਰ ਦਿੱਤਾ ਜਾਣਾ ਚਾਹੀਦਾ ਹੈ। ਦਲੀਲ ਇਹ ਦਿੱਤੀ ਗਈ ਹੈ ਕਿ ਇਹ ਯੂਨੀਅਨਾਂ 'ਫੈਕਟਰੀ ਮਾਲਕਾਂ ਨੂੰ ਬਲੈਕਮੇਲ ਕਰਦੀਆਂ ਹਨ, ਸਨਅਤਾਂ ਨੂੰ ਕਾਨੂੰਨ ਦੇ ਹਵਾਲੇ ਨਾਲ ਧਮਕਾਉਂਦੀਆਂ ਹਨ ਅਤੇ ਮਜ਼ਦੂਰਾਂ ਨੂੰ ਕੰਮ 'ਤੇ ਨਹੀਂ ਲੱਗਣ ਦਿੰਦੀਆਂ।' ਹਕੀਕਤ ਇਹ ਹੈ ਕਿ ਬਲੈਕਮੇਲ ਖ਼ੁਦ ਕਾਰੋਬਾਰੀ ਕਰ ਰਹੇ ਹਨ। ਇਹ ਵੀ ਮੰਗ ਕੀਤੀ ਗਈ ਹੈ ਕਿ ਸਰਕਾਰ ਮਜ਼ਦੂਰਾਂ ਨੂੰ ਲੌਕਡਾਊਨ ਦੇ ਅਰਸੇ ਦੀ ਪੂਰੀ ਤਨਖ਼ਾਹ ਦੇਣ ਦੇ ਫ਼ੈਸਲੇ ਉੱਪਰ ਮੁੜ ਨਜ਼ਰਸਾਨੀ ਕਰੇ। ਇਹ ਵੀ ਕਿ ਠੇਕੇ ਦੇ ਅਤੇ ਪੱਕੇ ਕਾਮਿਆਂ ਦੀ ਉਜ਼ਰਤ ਘਟਾ ਕੇ ਮਗਨਰੇਗਾ ਸਕੀਮ ਮੁਤਾਬਿਕ 202 ਰੁਪਏ ਕੀਤੀ ਜਾਵੇ। ਪ੍ਰਾਵੀਡੈਂਟ ਫੰਡ ਅਤੇ ਇੰਸ਼ੋਰੈਂਸ ਦੇ ਬਕਾਏ 90 ਦਿਨਾਂ ਵਿਚ ਕਲੀਅਰ ਕੀਤੇ ਜਾਣ ਦੀ ਮੋਹਲਤ ਵਧਾਉਣ ਦੀ ਮੰਗ ਵੀ ਕੀਤੀ ਗਈ ਹੈ। ਇੰਡਸਟਰੀਜ਼ ਦੀਆਂ ਕਈ ਐਸੋਸੀਏਸ਼ਨਾਂ ਨੇ ਆਪੋ-ਆਪਣੇ ਤੌਰ 'ਤੇ ਵੀ ਸਰਕਾਰ ਨੂੰ ਮਜ਼ਦੂਰਾਂ ਨੂੰ ਉਜ਼ਰਤਾਂ ਦਾ ਭੁਗਤਾਨ ਕਰਨ ਤੋਂ ਰਾਹਤ ਦੇਣ ਲਈ ਲਿਖਿਆ ਹੈ। ਹਕੀਕਤ ਇਹ ਹੈ ਕਿ ਬਹੁਤ ਥੋੜ੍ਹੀ ਗਿਣਤੀ ਮਜ਼ਦੂਰਾਂ ਉੱਪਰ ਹੀ ਕਿਰਤ ਕਾਨੂੰਨ ਲਾਗੂ ਹੁੰਦੇ ਹਨ। ਜੋ ਠੇਕੇ 'ਤੇ, ਪੀਸ ਰੇਟ ਅਨੁਸਾਰ ਅਤੇ ਕੱਚੇ ਮਜ਼ਦੂਰਾਂ ਦੇ ਤੌਰ 'ਤੇ ਕੰਮ ਕਰਦੇ ਹਨ ਉਹ ਨਾਮਾਤਰ ਹੀ ਯੂਨੀਅਨ ਦੇ ਮੈਂਬਰ ਬਣਦੇ ਹਨ। ਇਸ ਸਭ ਕਾਸੇ ਦਾ ਮਨੋਰਥ ਸੰਕਟ ਦਾ ਲਾਹਾ ਲੈ ਕੇ ਕਿਰਤੀਆਂ ਦੀ ਸਮੂਹਿਕ ਹੱਕ-ਜਤਾਈ ਨੂੰ ਸੱਟ ਮਾਰਨਾ, ਯੂਨੀਅਨ ਤੋੜਕੇ ਨਾਮਨਿਹਾਦ ਕਾਨੂੰਨੀ ਸੁਰੱਖਿਆ ਦਾ ਭੋਗ ਪਾਉਣਾ ਅਤੇ ਇੰਞ ਕਾਰੋਬਾਰੀਆਂ/ਮਾਲਕਾਂ ਦੀਆਂ ਮਨਮਾਨੀਆਂ ਦਾ ਰਾਹ ਪੱਧਰਾ ਕਰਨਾ ਹੈ। ਲੌਕਡਾਊਨ ਖੁੱਲ੍ਹਣ ਤੋਂ ਬਾਦ ਕਿਰਤੀ-ਕਾਮਿਆਂ ਲਈ ਹੋਰ ਵੀ ਵਿਰਾਟ ਸੰਕਟ ਸਾਹਮਣੇ ਆਉਣ ਦੇ ਆਸਾਰ ਹਨ। ਸੱਤਾਧਾਰੀ ਧਿਰ ਨੂੰ ਇਸ ਸੰਕਟ ਦੀ ਤਿਆਰੀ ਨਾਲੋਂ ਆਪਣੇ ਪਾਟਕ ਪਾਊ ਏਜੰਡਿਆਂ ਨੂੰ ਅੰਜਾਮ ਦੇਣ ਦੀ ਚਿੰਤਾ ਵਧੇਰੇ ਜਾਪਦੀ ਹੈ।

ਇਹਨਾਂ ਹਾਲਾਤ ਵਿਚ ਪਹਿਲੀ ਮਈ ਦਾ ਕੌਮਾਂਤਰੀ ਮਜ਼ਦੂਰ ਦਿਵਸ ਅਤੇ ਮਜ਼ਦੂਰ ਜਮਾਤ ਵੱਲੋਂ ਲਹੂ ਡੋਲ੍ਹਵੇਂ ਸੰਘਰਸ਼ਾਂ ਜ਼ਰੀਏ ਹਾਸਲ ਕੀਤੇ ਹੱਕਾਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਸੰਨ 1886 'ਚ ਸ਼ਿਕਾਗੋ ਦੇ ਮਜ਼ਦੂਰਾਂ ਵੱਲੋਂ 8 ਘੰਟੇ ਦੀ ਕੰਮ ਦਿਹਾੜੀ ਨੂੰ ਲੈ ਕੇ ਲੜਿਆ ਸੰਘਰਸ਼ ਮਜ਼ਦੂਰ ਜਮਾਤ ਲਈ ਲੋਟੂ ਸਰਮਾਏਦਾਰੀ ਪ੍ਰਬੰਧ ਤੋਂ ਮੁਕਤੀ ਦਾ ਚਿੰਨ੍ਹ ਬਣ ਕੇ ਸਥਾਪਤ ਹੋਇਆ ਸੀ। 20ਵੀਂ ਸਦੀ ਵਿਚ ਸਮਾਜਵਾਦੀ ਰਾਜਾਂ ਦੀ ਸਥਾਪਨਾ ਹੋ ਜਾਣ ਦੇ ਦਬਾਓ ਕਾਰਨ ਸੰਸਾਰ ਸਰਮਾਏਦਾਰੀ ਪਿੱਛੇ ਹਟਣ ਲਈ ਮਜਬੂਰ ਹੋ ਗਈ। ਵੈੱਲਫੇਅਰ ਦਾ ਆਰਥਕ ਮਾਡਲ ਅਪਣਾਇਆ ਗਿਆ। ਮਜ਼ਦੂਰ ਜਮਾਤ ਦੇ ਅੱਠ ਘੰਟੇ ਦੀ ਕੰਮ ਦਿਹਾੜੀ, ਕੰਮ ਦੇ ਹਾਲਾਤ ਸੁਧਾਰਨ, ਰੋਜ਼ਗਾਰ ਦੀ ਰਾਖੀ ਲਈ ਕਿਰਤ ਕਾਨੂੰਨ ਬਣਾਉਣ ਅਤੇ ਯੂਨੀਅਨ ਬਣਾਉਣ ਦੇ ਹੱਕ ਸਮੇਤ ਬਹੁਤ ਸਾਰੇ ਹੱਕ ਸਵੀਕਾਰ ਕਰ ਲਏ ਗਏ। ਇਸੇ ਸਦੀ ਦੇ ਦੂਜੇ ਅੱਧ ਵਿਚ ਜਦ ਸਮਾਜਵਾਦੀ ਕੈਂਪ ਨੂੰ ਲੱਗੀ ਪਛਾਣ ਕਾਰਨ ਸਮਾਜਵਾਦੀ ਰਾਜਾਂ ਵਾਲੇ ਮੁਲਕਾਂ ਅੰਦਰ ਸਰਮਾਏਦਾਰੀ ਪ੍ਰਬੰਧ ਦੀ ਮੁੜ-ਬਹਾਲੀ ਹੋਣ ਨਾਲ ਇਹ ਦਬਾਓ ਬਰਕਰਾਰ ਨਹੀਂ ਰਿਹਾ ਤਾਂ ਪੂਰੀ ਦੁਨੀਆ ਵਿਚ ਹੀ ਹਾਕਮ ਜਮਾਤਾਂ ਵੱਲੋਂ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਰਾਹੀਂ ਲੋਕ-ਭਲਾਈ ਪ੍ਰੋਗਰਾਮਾਂ ਦਾ ਭੋਗ ਪਾਉਣ ਅਤੇ ਤਮਾਮ ਮਜ਼ਦੂਰ ਹੱਕਾਂ ਨੂੰ ਖ਼ਤਮ ਕਰਨ ਲਈ ਵੱਡੇ ਪੈਮਾਨੇ 'ਤੇ ਹਮਲਾ ਵਿੱਢ ਦਿੱਤਾ ਗਿਆ। ਕੁਦਰਤੀ ਆਫ਼ਤਾਂ ਸਮੇਤ ਹਰ ਤਰ੍ਹਾਂ ਦੇ ਸੰਕਟ ਦੇ ਬਹਾਨੇ ਇਸ ਹਮਲੇ ਦੀ ਰਫ਼ਤਾਰ ਹੋਰ ਵੀ ਤੇਜ਼ ਕਰ ਦਿੱਤੀ ਜਾਂਦੀ ਹੈ। ਹਾਲੀਆ ਮਹਾਂਮਾਰੀ ਦੌਰਾਨ ਸਿਹਤ ਸੇਵਾਵਾਂ ਦੇ ਨਿੱਜੀਕਰਨ-ਵਪਾਰੀਕਰਨ ਦੇ ਮਾਡਲ ਦਾ ਲੋਕ ਵਿਰੋਧੀ ਚਿਹਰਾ ਬਹੁਤ ਜ਼ਿਆਦਾ ਬੇਪਰਦ ਹੋਇਆ ਹੈ, ਜਿਸ ਨਾਲ ਸਿਹਤ ਸੇਵਾਵਾਂ ਦੇ ਕੌਮੀਕਰਨ ਅਤੇ ਸਟੇਟ ਵੱਲੋਂ ਹਰ ਨਾਗਰਿਕ ਲਈ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਾਏ ਜਾਣ ਦੀ ਮੰਗ ਪਹਿਲਾਂ ਨਾਲੋਂ ਵੀ ਵਧੇਰੇ ਪ੍ਰਸੰਗਿਕ ਬਣ ਕੇ ਉੱਭਰੀ ਹੈ। ਇਸ ਸਾਲ ਕਰੋਨਾ ਮਹਾਂਮਾਰੀ ਪੂਰੀ ਦੁਨੀਆ ਵਿਚ ਸਾਮਰਾਜੀ ਸਰਮਾਏਦਾਰੀ ਦੀਆਂ ਜੋਟੀਦਾਰ ਸਰਕਾਰਾਂ ਲਈ 'ਬਿੱਲੀ ਦੇ ਭਾਗੀਂ ਛਿੱਕੂ ਟੁੱਟਾ' ਵਰਗਾ ਵਰਦਾਨ ਬਣ ਕੇ ਬਹੁੜੀ ਹੈ। ਇਹਨਾਂ ਹਾਲਾਤ ਵਿਚ ਦੁਨੀਆ ਭਰ ਵਿਚ ਮਈ ਦਿਵਸ ਮਨਾਇਆ ਜਾਵੇਗਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਦੇਖਣਾ ਇਹ ਹੈ ਕਿ ਕਿਰਤੀ ਅਤੇ ਹੋਰ ਮਿਹਨਤਕਸ਼ ਜਮਾਤਾਂ ਦੀ ਨੁਮਾਇੰਦਗੀ ਕਰਦੀਆਂ ਟਰੇਡ ਯੂਨੀਅਨਾਂ ਅਤੇ ਹੋਰ ਜਥੇਬੰਦੀਆਂ ਇਸ ਮੌਕੇ ਸਰਮਾਏ ਅਤੇ ਸੱਤਾ ਦੇ ਨਾਪਾਕ ਗੱਠਜੋੜ ਦੇ ਨਵੇਂ ਹਮਲੇ ਨੂੰ ਪਛਾੜਨ ਅਤੇ ਭਵਿੱਖੀ ਖ਼ਤਰਿਆਂ ਦਾ ਮੁਕਾਬਲਾ ਕਰਨ ਲਈ ਕੀ ਪਹਿਲਕਦਮੀਆਂ ਕਰਦੀਆਂ ਹਨ ਅਤੇ ਉਹਨਾਂ ਦੇ ਸੰਘਰਸ਼ ਮਿਹਨਤਕਸ਼ ਅਵਾਮ ਦੇ ਹਿਤਾਂ ਦੀ ਰਾਖੀ ਲਈ ਕਿਸ ਹੱਦ ਤਕ ਕਾਰਗਰ ਸਿੱਧ ਹੁੰਦੇ ਹਨ।

ਹਰੀਪਾਲ
403-714-4816

# ਇਕਾਂਤਵਾਸ ਕਿੰਨਾ ਕੁ ਘਾਤਕ ਹੈ ?




ਕਰੋਨਾ ਦੀ ਬਿਮਾਰੀ ਨੇ ਇੱਕ ਨਵਾਂ ਸ਼ਬਦ ਆਈਸੋਲੇਸ਼ਨ (ਇਕਾਂਤਵਾਸ) ਸਾਡੀ ਆਮ ਗੱਲਬਾਤ ਦਾ ਹਿੱਸਾ ਬਣਾ ਦਿੱਤਾ ਹੈ। ਮਨੁੱਖ ਜਾਤੀ ਲਈ ਇਹ ਇੱਕ ਟਾਰਚਰ ਹੈ। ਕੀ ਕਦੇ ਮਨੁੱਖ ਨੇ ਸੋਚਿਆ ਹੈ ਕਿ ਚਿੜੀਆ ਘਰਾਂ ਜਾਂ ਪਿੰਜਰਿਆਂ ਵਿੱਚ ਬੇਕਸੂਰੇ ਕੈਦ ਜਾਨਵਰ ਕਿਸ ਤਰ੍ਹਾਂ ਮਹਿਸੂਸ ਕਰਦੇ ਹੋਣਗੇ, ਸ਼ਾਇਦ ਮਨੁੱਖ ਹੁਣ ਸਮਝ ਜਾਵੇ। ਮਨੁੱਖ ਦੇ ਲਾਲਚ ਅਤੇ ਮਕਾਰ ਪੁਣੇ ਨੇ ਮਨੁੱਖ ਨੂੰ ਕਿਥੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ, ਸ਼ਾਇਦ ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਮਨੁੱਖ ਸੋਚੇ। ਮਨੁੱਖਜਾਤੀ ਆਮ ਲੋਕਾਂ ਦੇ ਕੱਦ ਦੌਲਤ ਦੇ ਨਾਲ਼ ਨਾਪਣ ਲੱਗ ਗਈ ਸੀ, ਇੰਟੈਲੀਜੈਂਸੀ ਨੂੰ ਮਨੁੱਖ ਸਿਰਫ ਤੇ ਸਿਰਫ ਦੌਲਤ ਕਮਾਉਣ ਲਈ ਵਰਤਣ ਲੱਗ ਪਿਆ ਸੀ। ਖੈਰ ਇਸ ਮਹਾਂਮਾਰੀ ਦਾ ਦੋਸ਼ੀ ਇਹ ਮਨੁੱਖ ਪਤਾ ਨਹੀਂ ਕਦੋਂ ਇਸ ਵਿੱਚੋਂ ਨਿਕਲ਼ੇਗਾ ਪਰ ਇਸ ਮਹਾਂਮਾਰੀ ਦਾ ਬਾਈਪਰੋਡਕਟ ਇਕਾਂਤਵਾਸ ਕਿੰਨਾ ਖਤਰਨਾਕ ਹੈ, ਅੱਜ ਇਸੇ ਬਾਰੇ ਵਿਚਾਰ ਕਰਾਂਗੇ।

ਸੋਚੋ ਜੇਕਰ ਤੁਹਾਨੂੰ ਇੱਕ ਛੋਟੇ ਜੇਹੇ ਹਨੇਰੇ ਕਮਰੇ ਵਿੱਚ ਬਿਨਾਂ ਕਿਸੇ ਸਮਾਜਿਕ ਕੰਟੈਕਟ ਤੋਂ ਤੀਹ ਦਿਨਾਂ ਲਈ ਰਹਿਣਾਂ ਪੈ ਜਾਵੇ ਤਾਂ ਬਹੁਤ ਲੋਕਾਂ ਦੇ ਇਸ ਆਈਸੋਲੇਸ਼ਨ ਤੋਂ ਚਿੱਤ ਘਬਰਾ ਜਾਣਗੇ। ਰੋਣਾ ਤਾ ਇੱਕ ਪਾਸੇ ਰਿਹਾ, ਇਸ ਤਰ੍ਹਾਂ ਸੋਚਣਾ ਹੀ ਕਾਂਬਾ ਛੇੜ ਦਿੰਦਾ ਹੈ ਪਰ ਨੰਬਰ 2018 ਵਿੱਚ ਅਮਰੀਕਾ ਦੇ ਇੱਕ ਪੋਕਰ ਪਲੇਅਰ ਨੇ, ਇੱਕ ਲੱਖ ਡਾਲਰ ਦੀ ਸ਼ਰਤ ਲਾ ਲਈ ਕਿ ਉਹ ਇੱਕ ਹਨ੍ਹੇਰੇ ਕਮਰੇ ਵਿੱਚ 30 ਦਿਨ ਇਕੱਲਾ ਰਹੇਗਾ। ਉਸ ਨੂੰ ਇੱਕ ਹਨ੍ਹੇਰੇ ਛੋਟੇ ਜਿਹੇ ਕਮਰੇ ਵਿੱਚ, ਜਿਸ ਵਿੱਚ ਬੈਡ, ਫਰਿੱਜ਼, ਬਾਥਰੂਮ ਵਗੈਰਾ ਸੀ, ਰਹਿਣ ਲਈ ਛੱਡ ਦਿੱਤਾ ਗਿਆ। ਸਭ ਤਰ੍ਹਾਂ ਦੀਆਂ ਸਹੂਲਤਾਂ ਇਸ ਵਿਅਕਤੀ ਜਿਸ ਦਾ ਨਾਮ ਰਿੱਚ ਅਲਾਤੀ ਸੀ ਨੂੰ, ਦਿੱਤੀਆਂ ਗਈਆਂ ਪਰ ਉਹ ਇੱਕ ਮਹੀਨਾ ਵੀ ਪੂਰਾ ਨਹੀਂ ਕਰ ਸਕਿਆ। ਵੀਹ ਦਿਨ ਬੀਤਣ ਬਾਅਦ ਅਲਾਤੀ ਸਮਝੌਤਾ ਕਰਨ ਲਈ ਲੇਲੜੀਆਂ ਕੱਢਣ ਲੱਗ ਪਿਆ ਕਿ ਮੇਰੇ ਨਾਲ਼ ਕੋਈ ਸਮਝੌਤਾ ਕਰ ਲਵੋ, ਮੈਂ ਹੁਣ ਇਕੱਲਤਾ ਨਹੀਂ ਕੱਟ ਸਕਦਾ। ਅਖੀਰ ਵਿੱਚ ਇੱਕ ਸਮਝੌਤੇ ਤਹਿਤ ਅਲਾਤੀ ਬਾਹਟ ਹਜ਼ਾਰ ਚਾਰ ਸੌ ਡਾਲਰ ਲੈ ਕੇ ਬਾਹਰ ਆ ਗਿਆ। ਵੀਹ ਦਿਨ ਇਕਾਂਵਾਸ ਹੰਢਾ ਕੇ ਉਹ ਕਿੰਨਾ ਹੀ ਚਿਰ ਨੌਰਮਲ ਨਹੀਂ ਹੋ ਸਕਿਆ। ਆਈਸੋਲੇਸ਼ਨ ਜਾਂ ਇਕਾਂਤਵਾਸ ਸਾਡੇ ਮਨ ਅਤੇ ਸ਼ਰੀਰ ਤੇ ਬਹੁਤ ਤਰ੍ਹਾਂ ਦੇ ਨਾਂਹਵਾਚਕ ਪ੍ਰਭਾਵ ਪਾਉਂਦਾ ਹੈ। ਅਲਾਤੀ ਵੀ ਇਸ ਪ੍ਰਭਾਵ ਤੋਂ ਬਚ ਨਹੀਂ ਸਕਦਾ ਸੀ। ਉਸ ਨੂੰ ਵੀ ਬਹੁਤ ਤਰ੍ਹਾਂ ਦੇ ਨਾਂਹਵਾਚਕ ਅਸਰਾਂ ’ਚੋਂ ਲੰਘਣਾ ਪਿਆ। ਉਸ ਦੀ ਨੀਂਦ ਦਾ ਚੱਕਰ ਬਦਲ ਗਿਆ ਤੇ ਉਹ ਕਈ ਚੀਜ਼ਾਂ ਦੀ ਹੋਂਦ ਅਣਹੋਂਦ ਵਾਰੇ ਤਰ੍ਹਾਂ ਤਰ੍ਹਾਂ ਦੇ ਭੁਲੇਖਿਆ ਦਾ ਸ਼ਿਕਾਰ ਹੋ ਗਿਆ। ਹੁਣ ਇਹ ਸੋਚਿਆ ਜਾਵੇ ਕਿ ਇਸ ਤਰ੍ਹਾਂ ਦੀ ਇਕੱਲਤਾ ਮਨੁੱਖ ਲਈ ਝੱਲਣੀ ਕਿਉਂ ਔਖੀ ਹੈ ? ਸਭ ਤੋਂ ਵੱਡੀ ਗੱਲ ਇਸ ਤਰ੍ਹਾਂ ਦੀ ਆਈਸੋਲੇਸ਼ਨ ਵਿੱਚ ਰਹਿਣਾ ਔਖਾ ਹੈ, ਕਿਉਂਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਹੁਣ ਜਿਹੜੇ ਲੋਕਾਂ ਨੂੰ ਇਕੱਲਤਾ ਵਿੱਚ ਰਹਿਣਾ ਪੈਂਦਾ ਹੈ, ਜਿਵੇਂ ਕਿ ਕਈ ਖੋਜਕਰਤਾ ਇਕੱਲੇ ਇਕੱਲੇ ਉਤਰੀ ਧਰੁਵ ਤੇ ਰਹੇ, ਉਹਨਾਂ ਦਾ ਕਹਿਣਾ ਸੀ ਕਿ ਸਭ ਤਰ੍ਹਾਂ ਦੀਆਂ ਸਹੂਲਤਾਂ ਦੇ ਬਾਵਜੂਦ ਇਕੱਲਤਾ ਸਹਿਣੀ ਬਹੁਤ ਹੈ।

ਯੋਸੀ ਗਿਨਸਬਰਗ ਇੱਕ ਇਜ਼ਰਾਈਲੀ ਖ਼ੋਜਕਰਤਾ, ਲੇਖਕ, ਜਿਹੜਾ ਕਿ ਕਾਫੀ ਸਮਾਂ ਐਮਾਜੌਨ ਦੇ ਜੰਗਲ਼ਾ ਵਿੱਚ ਇਕੱਲਾ ਰਿਹਾ, ਉਸ ਦਾ ਕਹਿਣਾ ਸੀ ਕਿ ਇਕੱਲਤਾ ਤੋਂ ਵੱਡਾ ਕੋਈ ਵੀ ਟਾਰਚਰ ਨਹੀਂ ਹੈ। ਜਦੋਂ ਉਹ ਐਮਾਜੌਨ ਦੇ ਜੰਗਲ਼ਾਂ ਵਿੱਚ ਰਹਿੰਦਾ ਸੀ ਉਸ ਨੇ ਕਈ ਖਿਆਲੀ ਦੋਸਤ ਬਣਾਏ ਹੋਏ ਸਨ। ਉਹ ਉਹਨਾਂ ਖਿਆਲੀ ਦੋਸਤਾਂ ਨਾਲ਼ ਗੱਲਾਂ ਕਰਦਾ, ਇੱਥੋਂ ਤੱਕ ਕਿ ਉਸ ਨੂੰ ਲੱਗਦਾ ਸੀ ਕਿ ਉਹ ਉਹਨਾਂ ਨਾਲ਼ ਉਠਦਾ ਵਹਿੰਦਾ ਖਾਂਦਾ ਪੀਂਦਾ ਸੀ ਜਿਹਨਾਂ ਦੀ ਕੋਈ ਹੋਂਦ ਹੀ ਨਹੀਂ ਸੀ। ਇਹ ਲੇਖ ਲਿਖਦਿਆਂ ਮੈਨੂੰ ਇੱਕ ਦੋਸਤ ਦੀ ਕਹੀ ਹੋਈ ਗੱਲ ਯਾਦ ਆਉਂਦੀ ਹੈ, ਜੋ ਕਿ ਵੈਨਕੂਵਰ ਆਈਲੈਂਡ ਤੇ ਆਪਦੇ ਭਰਾ ਨੂੰ ਮਿਲਣ ਗਿਆ। ਜੋ ਕਿ ਲੌਗਾਂ ਕੱਟਣ ਵਾਲ਼ੀਆਂ ਮਸ਼ੀਨਾਂ ਦਾ ਚੌਂਕੀਦਾਰ ਸੀ ਅਤੇ ਔਫ ਸੀਜਨ ਵਿੱਚ ਜੰਗਲ਼ ਵਿੱਚ ਇਕੱਲਾ ਹੀ ਰਹਿੰਦਾ ਸੀ। ਸਿਆਲ਼ ਦਾ ਮਹੀਨਾ ਸੀ, ਮੇਰਾ ਦੋਸਤ ਜਦ ਆਪਦੇ ਭਰਾ ਨੂੰ ਮਿਲ਼ਿਆ ਤਾਂ ਉਸ ਦਾ ਪੜ੍ਹਿਆ ਲਿਖਿਆ ਭਾਈ ਨੀਮ ਪਾਗਲ ਹੋ ਚੁੱਕਿਆ ਸੀ। ਉਸ ਦੇ ਭਰਾ ਨੇ ਟਰੇਲਰ ਵਿੱਚ ਰਹਿੰਦੇ ਚੂਹੇ ਆਪਦੇ ਮਿੱਤਰ ਬਣਾਏ ਹੋਏ ਸਨ ਤੇ ਉਸ ਦੀਆਂ ਗੱਲਾਂ ਦਾ ਬਹੁਤਾ ਵਿਸ਼ਾ ਉਹਨਾਂ ਚੂਹਿਆਂ ਬਾਰੇ ਹੀ ਰਿਹਾ। ਵਾਪਸ ਆ ਕੇ ਮੇਰੇ ਦੋਸਤ ਨੇ ਲੌਗਾਂ ਦੇ ਠੇਕੇਦਾਰ ਨੂੰ ਕਹਿ ਕੇ ਆਪਦਾ ਭਰਾ ਵਾਪਸ ਬੁਲਾ ਲਿਆ। ਮੇਰੇ ਦੋਸਤ ਦੇ ਕਹਿਣ ਅਨੁਸਾਰ, ਉਸ ਦੇ ਭਰਾ ਨੂੰ ਪੂਰਾ ਇੱਕ ਸਾਲ ਨੌਰਮਲ ਹੋਣ ਨੂੰ ਲੱਗ ਗਿਆ। ਇਕੱਲੇ ਰਹਿਣ ਨਾਲ਼ ਸਾਨੂੰ ਸਟਰੈਸ ਦਾ ਰੋਗ ਲੱਗ ਜਾਂਦਾ ਹੈ, ਇਹ ਸਟਰੈਸ ਸਾਨੂੰ ਰੋਜਮਰ੍ਹਾ ਦੀਆਂ ਹਾਲਾਤਾਂ ਨਾਲ਼ ਮੁਕਾਬਲਾ ਕਰਨ ਜੋਗਾ ਵੀ ਨਹੀਂ ਛੱਡਦੀ। ਕਈ ਵਾਰ ਉਹ ਇੰਨੇ ਸਟਰੈਸਡ ਆਊਟ ਹੋ ਜਾਂਦੇ ਹਨ ਕਿ ਆਪਦੀ ਹਾਲਤ ਵੀ ਬਿਆਨ ਨਹੀਂ ਕਰ ਸਕਦੇ। ਉਹਨਾਂ ਦੀ ਯਾਦਦਾਸ਼ਤ ਘਟ ਜਾਂਦੀ ਹੈ ਅਤੇ ਉਹਨਾਂ ਨੂੰ ਕੋਈ ਵੀ ਫੈਸਲਾ ਲੈਣ ਵਿੱਚ ਦਿੱਕਤ ਆਂਉਦੀ ਹੈ। ਜਿਹੜੇ ਲੋਕ ਇਕੱਲਤਾ ਹੰਡਾਂਉਂਦੇ ਹਨ, ਉਹਨਾਂ ਨੂੰ ਬਿਮਾਰੀਆਂ ਵੀ ਛੇਤੀ ਆ ਘੇਰਦੀਆਂ ਹਨ ਕਿਉਂਕਿ ਸਟਰੈਸ ਉਹਨਾਂ ਦੇ ਇਮਿਊਨ ਸਿਸਟਮ ਨੂੰ ਬਹੁਤ ਕਮਜ਼ੋਰ ਕਰ ਦਿੰਦੀ ਹੈ। ਸਮਾਜਿਕ ਇਕੱਲਤਾ ਹੋਰ ਵੀ ਭੈੜੀ ਹੋ ਜਾਂਦੀ ਹੈ ਜਦੋਂ ਲੋਕੀਂ ਸਰੀਰਿਕ ਤੌਰ ’ਤੇ ਵੀ ਇਕੱਲਤਾ ਵਿੱਚ ਪਾ ਦਿੱਤੇ ਜਾਂਦੇ ਹਨ। ਉਦਾਹਰਣ ਦੇ ਤੌਰ ’ਤੇ ਕੋਠੀ ਲੱਗੇ ਕੈਦੀਆਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਜਾਂਦੀ ਹੈ ਅਤੇ ਬਹੁਤ ਵਾਰੀ ਕੋਠੀ ਲੱਗੇ ਕੈਦੀ ਆਤਮਹੱਤਿਆ ਕਰ ਲੈਂਦੇ ਹਨ। ਉਹਨਾਂ ਦੀ ਦਿਮਾਗੀ ਹਾਲਤ ਹੋਰ ਵੀ ਧੁੰਦਲ਼ੀ ਹੋ ਜਾਂਦੀ ਹੈ ਅਤੇ ਉਹ ਸਾਫ ਸਾਫ ਸੋਚ ਵੀ ਨਹੀਂ ਸਕਦੇ। ਇਸ ਕਰਕੇ ਲੰਮੀ ਜੇਲ਼ ਕੱਟਣ ਵਾਲ਼ੇ ਕੈਦੀ ਪਾਗਲਾਂ ਦੀ ਤਰ੍ਹਾਂ ਬਿਹੇਵ ਕਰਨ ਲੱਗ ਜਾਂਦੇ ਹਨ। ਬਹੁਤ ਵਾਰੀ ਕੈਦੀ ਲੋਕ ਬਹੁਤ ਭੈੜੇ ਨਸ਼ਿਆ ਦੇ ਆਦੀ ਹੋ ਜਾਂਦੇ ਹਨ।

ਨਤਾਸ਼ਾ ਕੈਮਪੁਸ਼ ਇੱਕ ਆਸਟਰੀਅਨ ਔਰਤ ਹੈ ਜਿਹੜੀ ਕਿ ਦਸ ਸਾਲ ਦੀ ਉਮਰ ਵਿੱਚ ਹੀ ਕਿਡਨੈਪ ਕਰ ਲਈ ਗਈ ਸੀ ਅਤੇ ਇੱਕ ਬਹੁਤ ਹੀ ਛੋਟੇ ਜਿਹੇ ਸੈਲ ਵਿੱਚ ਰੱਖੀ ਗਈ ਸੀ। ਉਸਨੇ ਆਪਦੀ ਬਾਇਓਗਰਾਫੀ ਵਿੱਚ ਲਿਖਿਆ ਹੈ ਕਿ ਹਨੇਰੇ ਵਿੱਚ ਅਤੇ ਲੋਕਾਂ ਤੋਂ ਦੂਰ ਰਹਿਣ ਕਰਕੇ ਉਹ ਮਾਨਸਿਕ ਤੌਰ ’ਤੇ ਬਹੁਤ ਕਮਜ਼ੋਰ ਹੋ ਗਈ ਸੀ। ਉਸ ਨੇ ਲਿਖਿਆ ਕਿ ਬੇਗਿਣਤ ਦਿਨ ਕੈਦ ਰਹਿਣ ਕਰਕੇ ਉਸ ਦੀ ਹਾਲਤ ਉਸ ਪਾਲਤੂ ਜਾਨਵਰ ਵਰਗੀ ਹੋ ਗਈ ਸੀ, ਜਿਹੜਾ ਹਰ ਵਕਤ ਆਪਦੇ ਮਾਲਕ ਦੇ ਹੁਕਮਾਂ ਨੂੰ ਉਡੀਕਦਾ ਹੈ। ਇਕਾਂਤਵਾਸ ਹੋਰ ਵੀ ਖਤਰਨਾਕ ਹੋ ਜਾਂਦਾ ਹੈ, ਜਦ ਹਨ੍ਹੇਰੇ ਅਤੇ ਇਕੱਲਤਾ ਵਿੱਚ ਕੱਢਿਆ ਜਾਵੇ। ਹਨ੍ਹੇਰੇ ਵਿੱਚ ਰਹਿਣ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਹ ਤੁਹਾਡੇ ਨੀਂਦ ਦੇ ਚੱਕਰ ਨੂੰ ਖਰਾਬ ਕਰ ਦਿੰਦਾ ਹੈ। ਸਾਡੇ ਦਿਮਾਗ ਦੇ ਅਣੂ ਅਤੇ ਹਾਰਮੋਨਜ ਸਿਰਫ ਤੇ ਸਿਰਫ ਚਾਨਣ ਵਿੱਚ ਹੀ ਰੀਚਾਰਜ ਹੋ ਸਕਦੇ ਹਨ। ਇਹ ਸਿਰਫ ਦਿਨ ਦਾ ਚਾਨਣ ਹੈ ਜੋ ਸਾਡੀ ਨੀਂਦ ਦੇ ਚੱਕਰ ਨੂੰ ਠੀਕ ਰੱਖਦਾ ਹੈ। ਬਿਨਾ ਚਾਨਣ ਦੇ ਸਾਡਾ ਚੌਵੀ ਘੰਟੇ ਦਾ ਦਿਨ ਦੇ ਹਿਸਾਬ ਵਾਲ਼ਾ ਚੱਕਰ ਖਤਮ ਹੋ ਜਾਂਦਾ ਹੈ। ਇਸ ਕਰਕੇ ਜਿਹੜੇ ਲੋਕ ਗੁਫ਼ਾਵਾਂ ਵਿੱਚ ਐਕਸਪਲੋਰ ਕਰਨ ਜਾਂਦੇ ਹਨ, ਉਹਨਾਂ ਦਾ ਨੀਂਦ ਦਾ ਚੱਕਰ ਖਤਮ ਹੋ ਜਾਂਦਾ ਹੈ। ਜਦੋਂ ਸਾਡਾ ਨੀਂਦ ਦਾ ਚੱਕਰ ਡਿਸਟਰਬ ਹੋ ਜਾਂਦਾ ਹੈ ਤਾਂ ਅਸੀਂ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਾਂ। ਇਹ ਡਿਪਰੈਸ਼ਨ ਕੈਂਸਰ, ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ ਅਤੇ ਅਸੀਂ ਬਹੁਤ ਛੇਤੀ ਬੁਢਾਪੇ ਵੱਲ ਵਧਦੇ ਜਾਂਦੇ ਹਾਂ। ਜਿਹੜੇ ਲੋਕਾਂ ਨੂੰ ਇਕਾਂਤਵਾਸ

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN

Calgary Best Buy
Furniture & Mattress

Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com

Unit#D200 9737 Mcleod Tr SW
Calgary AB T2J 0P6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)

ਵਿੱਚ ਰੱਖਿਆ ਜਾਂਦਾ ਹੈ ਉਹ ਬਹੁਤ ਵਾਰੀ ਇੱਕ ਖਿਆਲੀ ਦੁਨੀਆਂ ਵਿੱਚ ਰਹਿਣ ਲੱਗ ਜਾਂਦੇ ਹਨ ਅਤੇ ਬੜਾ ਅਜੀਬ ਤਰ੍ਹਾਂ ਦਾ ਸਲੂਕ ਕਰਨ ਲੱਗ ਜਾਂਦੇ ਹਨ ਕਿਉਂਕਿ ਉਹਨਾਂ ਦਾ ਦਿਮਾਗ ਸਮਾਜਿਕ ਰਹਿਣ ਸਹਿਣ ਤੋਂ ਬਿਨਾਂ ਰੀਚਾਰਜ ਨਹੀਂ ਹੁੰਦਾ। ਅਸਲ ਵਿੱਚ ਇਕੱਲਤਾ ਵਿੱਚ ਰਹਿਣ ਵਾਲ਼ੇ ਅਲਾਤੀ ਦਾ ਕਹਿਣਾ ਸੀ ਕਿ ਉਸਦਾ ਦਿਮਾਗ ਤੀਜੇ ਦਿਨ ਹੀ ਹਾਲੂਸੀਨੇਸ਼ਨ ਖਿਆਲੀ ਦੁਨੀਆ ਵਿੱਚ ਚਲਿਆ ਗਿਆ ਸੀ, ਉਸਨੂੰ ਲੱਗਦਾ ਸੀ ਕਿ ਉਸਦਾ ਕਮਰਾ ਬਬਲ ਦੇ ਨਾਲ਼ ਭਰ ਗਿਆ ਹੈ ਅਤੇ ਉਸ ਦੇ ਕਮਰੇ ਦੀ ਛੱਤ ਉਡ ਗਈ ਹੈ ਤੇ ਉਸ ਨੂੰ ਅਸਮਾਨ ਦਿਸਣ ਲੱਗ ਪਿਆ ਹੈ। ਬਹੁਤ ਵਾਰੀ ਇਕਾਂਤਵਾਸੀਆਂ ਨੂੰ ਲੱਗਦਾ ਹੈ ਕਿ ਹੁਣ ਉਹਨਾਂ ਕੋਲ਼ ਭੂਤ ਰਹਿਣ ਲੱਗ ਪਏ ਹਨ ਜਾਂ ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਨੂੰ ਕੋਈ ਦੇਖ ਰਿਹਾ ਹੈ।

ਜਦ ਅਸੀਂ ਸਮਾਜਿਕ ਜ਼ਿੰਦਗੀ ਕੱਢਦੇ ਹਾਂ ਤਾਂ ਸਾਡੀ ਇਕੱਲਤਾ ਘੱਟਦੀ ਹੈ ਅਤੇ ਸਾਡੀ ਸਰੀਰਿਕ ਅਤੇ ਮਾਨਸਿਕ ਹਾਲਤ ਠੀਕ ਰਹਿੰਦੀ ਹੈ। ਅਸਲ ਵਿੱਚ ਕਾਫੀ ਲੋਕ ਜਿਹੜੇ ਇਕਾਂਤਵਾਸ ਵਿੱਚ ਰੱਖੇ ਜਾਂਦੇ ਹਨ ਉਹ ਉਮਰ ਭਰ ਲਈ ਪਾਗਲ ਹੋ ਜਾਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੁੱਝ ਇਕਾਂਤਵਾਸੀ ਦੁਨੀਆਂ ਤੋਂ ਉਪਰਾਮ ਹੋ ਕੇ ਸਾਧੂ ਸੰਤ ਬਣ ਜਾਂਦੇ ਹਨ। ਅਲਾਤੀ ਨੇ ਤਾਂ ਇੱਥੋਂ ਤੱਕ ਵੀ ਕਿਹਾ ਹੈ ਕਿ ਜਿਹੜੇ ਵੀਹ ਦਿਨ ਉਸ ਨੇ ਇਕੱਲੇ ਨੇ ਬਿਤਾਏ ਹਨ, ਉਹਨਾਂ ਵੀਹ ਦਿਨਾਂ ਨੇ ਉਸ ਨੂੰ ਬਿਲਕੁਲ ਬਦਲ ਦਿੱਤਾ ਹੈ। ਉਸਦਾ ਕਹਿਣਾ ਹੈ ਕਿ ਇਹਨਾਂ ਵੀਹ ਦਿਨਾਂ ਨੇ ਉਸ ਨੂੰ ਲੋਕਾਂ ਨਾਲ਼ ਅਤੇ ਜ਼ਿੰਦਗੀ ਨਾਲ਼ ਪਿਆਰ ਕਰਨਾ ਸਿਖਾ ਦਿੱਤਾ ਹੈ। ਇਹ ਬਹੁਤ ਵੱਡਾ ਵਿਸ਼ਾ ਹੈ ਕਿ ਮਨੁੱਖ ਦੀ ਇਹ ਹਾਲਤ ਕਿਉਂ ਹੋਈ ਹੈ। ਜਦ ਤੱਕ ਮਨੁੱਖ ਕੁਦਰਤ ਨਾਲ਼ ਖਿਲਵਾੜ ਕਰਦਾ ਰਹੇਗਾ, ਮਨੁੱਖ ਨੂੰ ਟਾਰਚਰ ਕਰਨ ਵਾਲ਼ੇ ਇਹੋ ਜਿਹੇ ਹੋਰ ਬੜੇ ਸ਼ਬਦ ਡਿਕਸ਼ਨਰੀ ਦਾ ਸ਼ਿੰਗਾਰ ਬਣਨਗੇ। ਮਨੁੱਖ ਨੇ ਆਪਦੇ ਟੇਸਟ, ਲਾਲਚ, ਅਯਾਸ਼ੀ ਦੇ ਸਾਧਨ ਬਹੁਤ ਵਧਾ ਲਏ ਹਨ, ਇਹਨਾਂ ਸ਼ੌਕਾਂ ਨੂੰ ਪੂਰਾ ਕਰਨ ਲਈ ਮਨੁੱਖ, ਆਪਦੀ ਕਬਰ ਖੁਦ ਪੁਟ ਰਿਹਾ ਹੈ। ਜਦੋਂ ਤੱਕ ਸਾਡੇ ਕੁਦਰਤੀ ਸਾਧਨਾਂ ਤੇ ਸਾਡੇ ਸਮਾਜ ਦੀ ਮਾਲਕੀ ਕਾਇਮ ਨਹੀਂ ਹੋ ਜਾਂਦੀ, ਜਦੋਂ ਤੱਕ ਇਸ ਕਾਰਪੋਰੇਟ ਕਲਚਰ ਨੂੰ ਨੱਥ ਨਹੀਂ ਪਾਈ ਜਾਂਦੀ, ਮਨੁੱਖਤਾ ਦੁੱਖ ਝੱਲਦੀ ਰਹੇਗੀ।

# ਏਜੰਡਾ ਨਿੱਜੀਕਰਨ ਦਾ ਇਲਜ਼ਾਮ ਕਰਮਚਾਰੀਆਂ ’ਤੇ

ਦੇਸ਼ ਦੀ ਨੀਤੀ ਨਿਰਧਾਰਕਾਂ ਵੱਲੋਂ ਬਹੁਤ ਸ਼ੋਰ ਸ਼ਰਾਬਾ ਮਚਾਇਆ ਜਾਂਦਾ ਹੈ ਕਿ ਦੇਸ਼ ਦੇ ਜਨਤਕ ਅਦਾਰਿਆਂ ਦੇ ਕਰਮਚਾਰੀ ਕੰਮਚੋਰ ਹਨ, ਭ੍ਰਿਸ਼ਟ ਹਨ, ਤਨਖਾਹਾਂ ਮੋਟੀਆਂ ਲੈਣ ਦੇ ਬਾਵਜੂਦ ਕੰਮ ਅਤੇ ਜ਼ਿੰਮੇਵਾਰੀ ਤੋਂ ਹਮੇਸ਼ਾ ਭਜਦੇ ਹਨ। ਇਸੇ ਕਾਰਨ ਜਨਤਕ ਖੇਤਰ ਸਹੀ ਕੰਮ ਨਹੀਂ ਕਰ ਰਿਹਾ ਅਤੇ ਲਗਾਤਾਰ ਘਾਟੇ ਵਿੱਚ ਜਾ ਰਿਹਾ ਹੈ ਤੇ ਇਸ ਦਾ ਨਿੱਜੀਕਰਨ ਕਰ ਦੇਣਾ ਚਾਹੀਦਾ ਹੈ। ਕੁਝ ਪੂੰਜੀਵਾਦੀ ਅਖੌਤੀ ਬੁੱਧੀਜੀਵੀ ਦੇਸ਼ ਦੇ ਜਨਤਕ ਅਦਾਰਿਆਂ ਨੂੰ ਹੀ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਮੰਨਦੇ ਹਨ। ਦੇਸ ਦੇ ਤਤਕਾਲੀ ਵਿੱਤ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ 1991 ਵਿੱਚ ਗੈਟ ਸਮਝੌਤੇ ਸਮੇਂ ਦਾਅਵਾ ਕੀਤਾ ਸੀ ਕਿ ਦੇਸ ਵਿਚ ਜਨਤਕ ਖੇਤਰ ਹੀ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਹੈ ਤੇ ਜਦ ਦੇਸ਼ ਵਿੱਚੋਂ ਜਨਤਕ ਖੇਤਰ ਖਤਮ ਹੋ ਜਾਵੇਗਾ ਤਾਂ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਵੀ ਆਪਣੇ ਆਪ ਖਤਮ ਹੋ ਜਾਵੇਗਾ। ਅਸੀਂ ਜਾਣਦੇ ਹਾਂ ਜਿਵੇਂ ਜਿਵੇਂ ਦੇਸ਼ ਵਿੱਚੋਂ ਜਨਤਕ ਖੇਤਰ ਸੁੰਗੜਦਾ ਗਿਆ ਭ੍ਰਿਸ਼ਟਾਚਾਰ ਹੱਦਾਂ ਬੰਨੇ ਟੱਪਦਾ ਗਿਆ ਤੇ ਓਸੇ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਹੁੰਦਿਆਂ ਦੇਸ਼ ਵਿਚ ਘਪਲੇ ਕਰੋੜਾਂ ਰੁਪਏ ਤੋਂ ਲੱਖਾਂ ਕਰੋੜ ਰੁਪਏ ਤਕ ਪਹੁੰਚ ਗਏ।

ਸਵਾਲ ਇਹ ਹੈ ਕਿ ਕੀ ਕਰਮਚਾਰੀਆਂ ਦੀ ਸੁਸਤੀ, ਕੰਮਚੋਰੀ, ਭ੍ਰਿਸ਼ਟਾਚਾਰ ਆਦਿ ਦੇ ਕਾਰਨ ਦੇਸ਼ ਦਾ ਜਨਤਕ ਖੇਤਰ ਜਿਵੇਂ ਰੇਲਵੇ, ਭਾਰਤੀ ਦੂਰਸੰਚਾਰ ਨਿਗਮ, ਰੋਡਵੇਜ਼, ਬਿਜਲੀ, ਸਿਹਤ, ਸਿੱਖਿਆ ਵਿਭਾਗ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀਪੀਸੀਐਲ) ਆਦਿ ਘਾਟੇ ਵਿਚ ਚੱਲ ਰਹੇ ਹਨ ਤੇ ਉਨ੍ਹਾਂ ਦੇ ਨਿੱਜੀਕਰਨ ਦੀ ਜ਼ਰੂਰਤ ਹੈ ਜਾਂ ਦੇਸ਼ ਦੇ ਸਮੁੱਚੇ ਜਨਤਕ ਅਦਾਰਿਆਂ ਦਾ ਨਿਜੀਕਰਨ ਕਰਨਾ ਹੈ ਇਸ ਲਈ ਘਾਟੇ-ਘਾਟੇ ਦੀ ਦੁਹਾਈ ਪਾਉਂਦਿਆਂ ਕਰਮਚਾਰੀਆਂ ਨੂੰ ਜਾਣ ਬੁੱਝ ਕੇ ਕੰਮਚੋਰ, ਸੁਸਤ, ਮਹਿੰਗਾ ਸਾਬਿਤ ਕਰਨਾ ਜ਼ਰੂਰੀ ਹੈ? ਪਹਿਲੀ ਗੱਲ ਕੀ ਦੇਸ਼ ਦੇ ਨੀਤੀ ਨਿਰਮਾਤਾ ਸੱਚ ਬੋਲ ਰਹੇ ਹਨ? ਇਸ ਦਾ ਜਵਾਬ ਹਾਂ ਵੀ ਹੈ ਤੇ ਨਾਂਹ ਵੀ ਹੈ! ਇਹ ਠੀਕ ਹੈ ਕਿ ਕਰਮਚਾਰੀਆਂ ਦਾ ਇੱਕ ਛੋਟਾ ਜਿਹਾ ਹਿੱਸਾ ਉਪਰੋਕਤ ਅਲਾਮਤਾਂ ਦਾ ਸ਼ਿਕਾਰ ਹੋ ਚੁੱਕਿਆ ਹੈ ਜਾਂ ਬਣਾ ਦਿੱਤਾ ਗਿਆ ਹੈ! ਜੋ ਨਸ਼ਿਆਂ ਵਿੱਚ ਗ੍ਰਸੇ ਇਨਸਾਨ ਵਾਂਗ




ਸਰਕਾਰਾਂ ਦੀ ਨੀਅਤ ਅਤੇ ਨੀਤੀ ਨਹੀਂ ਸਮਝ ਸਕਿਆ! ਪ੍ਰੰਤੂ ਸਪਸ਼ਟ ਹੈ ਕਿ ਕਰਮਚਾਰੀਆਂ ਦਾ ਵੱਡਾ ਹਿੱਸਾ ਨਾ ਤਾਂ ਕਮਚੋਰ ਹੈ, ਨਾ ਭ੍ਰਿਸ਼ਟ ਹੈ ਤੇ ਨਾ ਹੀ ਆਪਣਾ ਫਰਜ਼ ਨਿਭਾਉਣ ਤੋਂ ਪਿੱਛੇ ਰਹਿੰਦਾ ਹੈ। ਪਰੰਤੂ ਨੀਤੀ ਘਾੜੇ ਉਸ ਦਾ ਜਿਕਰ ਤੱਕ ਨਹੀਂ ਕਰਦੇ ਬਲਕਿ ਇਹਨਾਂ ਦੇ ਆਪਣੀ ਸਾਜ਼ਿਸ਼ ਦਾ ਸ਼ਿਕਾਰ ਬਣੇ ਉਨ੍ਹਾਂ ਚੰਦ ਕੁ ਕਰਮਚਾਰੀਆਂ ਨੂੰ ਮਾਡਲ ਬਣਾ ਕੇ ਪੇਸ਼ ਕਰ ਸਮੁੱਚੇ ਕਰਮਚਾਰੀ ਵਰਗ ਨੂੰ ਸਮਾਜ ਵਿੱਚ ਖਲਨਾਇਕ ਬਣਾਉਂਦੇ ਹਨ। ਚਲੋ ਦੋ ਪਲ ਲਈ ਇਹਨਾਂ ਦੀ ਗੱਲ ਸੱਚ ਵੀ ਮੰਨ ਲਈਏ ਤਾਂ ਸੁਆਲ ਇਹ ਪੈਦਾ ਹੁੰਦਾ ਹੈ ਕਿ ਅਜਿਹੇ ਕਰਮਚਾਰੀਆਂ ਜਾਂ ਕਰਮਚਾਰੀਆਂ ਦੀਆ ਅਜਿਹੀਆਂ ਭੈੜੀਆਂ ਪ੍ਰਵਿਰਤੀਆਂ ਨੂੰ ਰੋਕਣਾ ਕਿਸ ਨੇ ਸੀ? ਪ੍ਰਸਾਸ਼ਨਿਕ ਅਧਿਕਾਰੀਆਂ ਦੀ ਡਿਊਟੀ ਕੀ ਹੈ? ਦੇਸ਼ ਦਾ ਸਮੁੱਚਾ ਤੰਤਰ (ਜਿਸ ਵਿੱਚ ਵਿਜੀਲੈਂਸ, ਇੰਟੈਲੀਜੈਂਸ ਵੀ ਸ਼ਾਮਲ ਹੈ) ਕੀ ਕਰਦਾ ਰਿਹਾ ਹੈ?

ਚਲੋ ਆਓ ਸਰਕਾਰ ਦੇ ਨੀਤੀ ਨਿਰਧਾਰਕਾਂ ਵੱਲੋਂ ਕਰਮਚਾਰੀਆਂ ਉਪਰ ਲਗਾਈ ਜਾਂਦੇ ਇਲਜ਼ਾਮਾਂ ਦਾ ਕਾਰਨ ਜਾਨਣ ਦੀ ਕੋਸ਼ਿਸ਼ ਕਰੀਏ। ਸਾਮਰਾਜੀ ਨੀਤੀਆਂ ਨਾਲ ਨਰੜੇ ਜਾਣ ਤੋਂ ਬਾਅਦ, ਸਾਮਰਾਜੀ ਦੇਸ਼ਾਂ ਤੇ ਸੰਸਥਾਵਾਂ ਲਈ ਦੇਸ਼ ਦੇ ਦਰਵਾਜ਼ੇ ਚੌਪਟ ਖੋਲ੍ਹਣ ਤੋਂ ਬਾਅਦ ਅਜਿਹੇ ਕੁਪ੍ਰਚਾਰ ਦੀ ਹਨੇਰੀ ਆ ਗਈ। ਬਦਕਿਸਮਤੀ ਨਾਲ ਸਾਡੀਆਂ ਮਾਨਤਾ ਪ੍ਰਾਪਤ ਟਰੇਡ ਯੂਨੀਅਨਾਂ ਤੇ ਆਗੂ ਵੀ ਇਸ ਖੇਡ ਦਾ ਸ਼ਿਕਾਰ ਬਣ ਗਏ ਜਾਂ ਭਾਈਵਾਲ਼ ਬਣ ਗਏ। ਕਿਹਾ ਜਾਂਦਾ ਹੈ ਕੇ ਕਰਮਚਾਰੀ ਬਹੁਤ ਮਹਿੰਗੇ ਪੈਂਦੇ ਹਨ, ਆਮ ਨਜ਼ਰ ਨਾਲ ਦੇਖਿਆਂ ਇਹ ਗੱਲ ਸੱਚ ਲੱਗਦੀ ਹੈ ਜਦੋਂ ਦੇਸ ਦੇ ਆਮ ਮਜ਼ਦੂਰ-ਕਿਸਾਨ-ਮਿਹਨਤਕਸ਼ ਆਦਮੀ ਦੀ ਆਮਦਨ ਨਾਲ ਕਰਮਚਾਰੀਆਂ ਦੇ ਤੁਲਨਾ ਕਰਦੇ ਹਾਂ ਤਾਂ ਕਰਮਚਾਰੀਆਂ ਬਾਰੇ ਉਪਰੋਕਤ ਦਲੀਲ ਠੀਕ ਹੈ ਪ੍ਰੰਤੂ ਹੈ ਇਹ ਅਧੂਰੀ ਸੱਚਾਈ। 2018 ਦੀ ਆਕਸਫਾਮ ਰਿਪੋਰਟ ਮੁਤਾਬਕ ਇਸ ਦੇਸ਼ ਦੇ ਮਿਹਨਤਕਸ਼ ਲੋਕਾਂ ਨੇ ਜਿੰਨੀ ਪੂੰਜੀ ਪੈਦਾ ਕੀਤੀ ਉਸ ਦੇ 73 ਫੀਸਦੀ ਹਿੱਸੇ ਉਪਰ ਕੇਵਲ 1 ਫੀਸਦੀ ਪੂੰਜੀਪਤੀ ਕਾਬਜ ਹੋ ਗ ?ਏ ਹਨ। ਦੇਸ਼ ਦੇ 66 ਫੀਸਦੀ ਗਰੀਬ ਲੋਕਾਂ ਕੋਲ ਹਿੱਸੇ ਕੇਵਲ 1 ਫੀਸਦੀ ਧਨ ਹੀ ਆਇਆ ਹੈ। ਸਾਲ 2019 ਦੀ ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕੇ ਦੇਸ਼ ਦੇ ਇਕ ਫੀਸਦੀ ਪੂੰਜੀਪਤੀਆਂ ਕੋਲ ਦੇਸ ਦੇ 70 ਫ਼ੀਸਦੀ ਗਰੀਬ ਲੋਕਾਂ ਨਾਲੋਂ ਚਾਰ ਗੁਣਾ ਜਿਆਦਾ ਪੂੰਜੀ ਇਕੱਠੀ ਹੋ ਚੁੱਕੀ ਹੈ। ਯਾਨੀ ਇਕ ਪਾਸੇ ਦੇਸ ਦੀ 84 ਕਰੋੜ ਗਰੀਬ ਜਨਤਾ ਦੂਸਰੇ ਪਾਸੇ ਚੰਦ ਪੂੰਜੀਪਤੀ ਉਹ ਵੀ ਚਾਰ ਗੁਣਾ ਵੱਧ ਧਨ ਦੌਲਤ ਦੇ ਨਾਲ। ਦੇਸ਼ ਦੇ ਸਿਰਫ 9 ਸੁਪਰ ਅਮੀਰਾਂ (ਅੰਬਾਨੀ-ਅਡਾਨੀ ਆਦਿ ਵਰਗੇ) ਕੋਲ ਭਾਰਤ ਦੇ ਕੁੱਲ ਬਜਟ ਯਾਨੀ 24 ਲੱਖ 48 ਹਜ਼ਾਰ ਤਿੰਨ ਸੌ ਕਰੋੜ ਤੋਂ ਕਿਤੇ ਵੱਧ ਧਨ ਦੌਲਤ ਇਕੱਠੀ ਹੋ ਚੁੱਕੀ ਹੈ, ਪਰੰਤੂ ਪ੍ਰਚਾਰਿਆ ਇਹ ਜਾ ਰਿਹਾ ਕਿ ਦੇਸ ਵਿਚ ਸਰਕਾਰੀ ਕਰਮਚਾਰੀ ਮਹਿੰਗਾ ਪੈਂਦਾ ਹੈ। ਚਲੋ ਦੋ ਪਲ ਲਈ ਮੰਨ ਲਈਏ ਦੇ ਕਰਮਚਾਰੀ ਮਹਿੰਗੇ ਪੈਂਦੇ ਨੇ ਤਾਂ ਲਟ- ਲਟ ਬਲਦਾ ਸਵਾਲ ਇਹ ਹੈ ਕਿ, ਕੀ ਕਰਮਚਾਰੀ ਆਪਣੀਆਂ ਤਨਖ਼ਾਹਾਂ, ਭੱਤੇ ਤੇ ਹੋਰ ਸੁਵਿਧਾਵਾਂ ਖੁਦ ਵਧਾ ਲੈਂਦੇ ਨੇ? ਜਵਾਬ ਸਪਸ਼ਟ ਹੈ। ਇਥੇ ਇਹ ਵੀ ਸਪਸ਼ਟ ਕਰ ਦੇਈਏ ਕਿ ਜਦੋਂ ਦੇਸ਼ ਦੇ ਨੀਤੀ ਘਾੜੇ ਇਹ ਕਹਿੰਦੇ ਨੇ ਕਰਮਚਾਰੀ ਮਹਿੰਗੇ ਪੈਂਦੇ ਨੇ ਤਾਂ ਉਹਨਾਂ ਦਾ ਸਪਸ਼ਟ ਇਸ਼ਾਰਾ ਦਰਜਾ ਚਾਰ ਤੇ ਦਰਜਾ 3 ਕਰਮਚਾਰੀਆਂ ਵੱਲ ਹੀ ਹੁੰਦਾ ਹੈ। ਮੋਟੀਆਂ ਤਨਖਾਹਾਂ ਲੈਣ ਵਾਲੀ ਤੇ ਭ੍ਰਿਸ਼ਟਾਚਾਰ ਵਿੱਚ ਪੂਰੀ ਤਰ੍ਹਾਂ ਡੁੱਬੀ ਅਫਸਰਸ਼ਾਹੀ ਨੂੰ ਨੀਤੀ ਘਾੜੇ ਮਹਿੰਗਾ ਨਹੀ ਕਹਿੰਦੇ।

ਸਾਡੇ ਦੇਸ਼ ਦਾ ਸੰਵਿਧਾਨ ਆਰਥਿਕ ਅਸਾਵਾਂਪਣ ਘਟਾਉਣ ਦੇ ਮਕਸਦ ਨਾਲ ਹੌਲੀ-ਹੌਲੀ ਅਫਸਰਾਂ ਤੇ ਕਰਮਚਾਰੀਆਂ ਦੀ ਤਨਖਾਹ ਵਿਚ ਅੰਤਰ ਘਟਾਉਣ ਦੀ ਗੱਲ ਕਹਿੰਦਾ ਹੈ, ਪ੍ਰੰਤੂ 7ਵੇਂ ਤਨਖਾਹ ਵੇਤਨ ਆਯੋਗ ਨੇ ਦਰਜਾ ਚਾਰ ਤੇ ਦਰਜਾ ਤਿੰਨ ਕਰਮਚਾਰੀਆਂ ਦੀ ਤਨਖਾਹ ਦੀ ਗਣਨਾ 2.57 ਨਾਲ ਕੀਤੀ, ਪ੍ਰੰਤੂ ਅਧਿਕਾਰੀ ਜਿਹੜੇ ਪਹਿਲਾਂ ਹੀ ਮੋਟੀਆਂ ਤਨਖਾਹਾਂ ਲੈ ਰਹੇ ਸਨ ਦੀ ਗਣਨਾ 2.81 ਨਾਲ ਕੀਤੀ ਫਿਰ ਵੀ ਮਹਿੰਗਾ ਪੈਂਦਾ ਹੈ ਆਮ ਕਰਮਚਾਰੀ। ਕਰਮਚਾਰੀਆਂ ਨੂੰ ਵੇਤਨ ਆਯੋਗ 10 ਸਾਲਾਂ ਬਾਅਦ ਦਿੱਤਾ ਜਾਂਦਾ ਹੈ ਤੇ 12-14 ਫੀਸਦੀ ਤਨਖਾਹਾਂ ਵਧਣ ਦੇ ਬਾਵਜੂਦ ਗੋਦੀ ਮੀਡੀਆ ਅਸਮਾਨ ਸਿਰ ’ਤੇ ਚੁੱਕ ਲੈਂਦਾ ਅਖੇ ਸਰਕਾਰੀ ਖਜ਼ਾਨੇ ਉਪਰ ਐਨੇ ਕਰੋੜ ਦਾ ਵਾਧੂ ਬੋਝ ਪੈ ਗਿਆ। ਸਰਕਾਰ ਕਰਮਚਾਰੀਆਂ ਦਾ 2 ਫੀਸਦੀ ਮਹਿੰਗਾਈ ਭੱਤਾ ਵਧਾ ਦੇਵੇ ਗੋਦੀ ਮੀਡੀਆ ਡੌਂਡੀ ਪਿੱਟਣ ਲੱਗ ਪੈਂਦਾ ਕਿ ਖਜ਼ਾਨੇ ਉਪਰ ਏਨਾ ਬੋਝ ਪੈ ਜਾਵੇਗਾ। ਪ੍ਰੰਤੂ ਸਾਡੇ ‘ਘਾਟੇ ਮਾਰੇ’ ਗਰੀਬ ਮੁਲਕ ਵਿਚ ਦੇਸ਼ ਦੇ ਸੰਸਦ ਮੈਂਬਰ, ਰਾਜਾਂ ਦੇ ਵਿਧਾਇਕ, ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਜਦੋਂ ਚਾਹੁੰਣ ਆਪਣੀ ਤਨਖਾਹ, ਭੱਤੇ ਤੇ ਹੋਰ ਸੁਵਿਧਾਵਾਂ ਵਿੱਚ ਕਈ ਗੁਣਾ ਦਾ ਵਾਧਾ ਕਰ ਲੈਣ ਸਰਕਾਰੀ ਖਜ਼ਾਨੇ ਉਪਰ ਕੋਈ ਬੋਝ ਨਹੀਂ ਪੈਂਦਾ। ਗੋਦੀ ਮੀਡੀਆ ਕੋਈ ਅੰਕੜੇ ਨਹੀਂ ਪੇਸ਼ ਕਰਦਾ।

ਸਰਕਾਰ ਉਪਰ ਬੋਝ ਕਹਿ ਕੇ ਕਰਮਚਾਰੀਆਂ ਦੀ ਨਿਸ਼ਚਿਤ ਆਮਦਨ ਵਾਲੀ ਪੁਰਾਣੀ ਪੈਨਸ਼ਨ ਸਕੀਮ ਦਾ ਭੋਗ ਪਾ ਕੇ ਉਸ ਦੀ ਜਗ੍ਹਾ ਅਨਿਸ਼ਚਿਤ ਆਮਦਨ ਵਾਲੀ ਤੇ ਨਿਸ਼ਚਿਤ ਕਟੌਤੀ ਵਾਲੀ ਸ਼ੇਅਰ ਬਜਾਰ ਅਧਾਰਿਤ ਨਵੀਂ ਪੈਨਸ਼ਨ ਸਕੀਮ ਠੋਪ

(ਬਾਕੀ ਸਫ਼ਾ 11 ’ਤੇ)

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph.: 403-719-4947

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਸਰਕਾਰਾਂ ਦੇ ਫੁਰਮਾਨ - ਪਰ ਲੋਕ ਪ੍ਰੇਸ਼ਾਨ



ਜਸਵੰਤ ਜੀਰਖ
98151-69825



ਅੱਜ ਕਰੋਨਾ ਵਾਇਰਸ ਦੇ ਨਾਮ ਦੀ ਹਾ ਹਾ ਕਾਰ ਪੂਰੀ ਦੁਨੀਆਂ ਵਿੱਚ ਮੱਚੀ ਹੋਈ ਹੈ। ਚੀਨ ਜਿੱਥੋਂ ਇਸ ਵਾਇਰਸ ਦੇ ਫੈਲਣ ਬਾਰੇ ਪ੍ਰਚਾਰਿਆ ਜਾ ਰਿਹਾ ਹੈ, ਨੇ ਆਪਣੇ ਦੇਸ਼ ਵਿੱਚ ਇਸ ਤੇ ਕੰਟਰੋਲ ਕਰ ਲਿਆ ਹੈ ਅਤੇ 10-12 ਦਿਨਾਂ ਵਿੱਚ ਹੀ ਇਕ ਵਿਸ਼ੇਸ਼ ਹਸਪਤਾਲ ਉਸਾਰ ਲੈਣ ਬਾਰੇ ਵੀ ਚਰਚਾ ਆਮ ਹੈ। ਇਸੇ ਤਰ੍ਹਾਂ ਕੋਰੀਆ, ਕਿਊਬਾ ਆਦਿ ਦੇਸ਼ਾਂ ਵੱਲੋਂ ਵੀ ਇਸ ਉੱਪਰ ਕਾਬੂ ਪਾ ਲਿਆ ਹੈ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਜਿਹੜੇ ਮੁਲਕਾਂ ਵਿੱਚ ਸਮਾਜਵਾਦੀ ਸਰਕਾਰਾਂ ਦੀ ਕਿਸੇ ਵੇਲੇ ਵੀ ਭੂਮਿਕਾ ਰਹੀ, ਉਹਨਾਂ ਨੇ ਤੁਰੰਤ ਹੀ ਇਸ ਆਫ਼ਤ ਉੱਪਰ ਕਾਬੂ ਪਾਉਣ ਵਿੱਚ ਅਹਿਮ ਕਾਰਗੁਜ਼ਾਰੀ ਵਿਖਾਈ ਹੈ। ਉਪਰੋਕਤ ਮੁਲਕਾਂ ਨੇ ਬਿਨਾ ਕੋਈ ਧਾਰਮਿਕ ਅਡੰਬਰ ਕੀਤਿਆਂ ਵਿਗਿਆਨਿਕ ਪਹੁੰਚ ਰਾਹੀਂ ਇਸ ਆਫ਼ਤ ਨੂੰ ਕਾਬੂ ਕੀਤਾ ਹੈ, ਕਿਉਂਕਿ ਇਹ ਦੇਸ਼ ਨਾ ਤਾਂ ਕਿਸੇ ਅਗੰਮੀ ਸ਼ਕਤੀ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਨਾ ਹੀ ਕਿਸੇ ਪੂਜਾ, ਪਾਠ, ਹਵਨ, ਅਰਦਾਸ ਆਦਿ ਰਾਹੀਂ ਕਿਸੇ ਦੇਵੀ ਦੇਵਤੇ ਦੀ ਅਰਾਧਨਾ ਕਰਦੇ ਹਨ।


ਪਰ ਜਦੋਂ ਅਸੀਂ ਭਾਰਤ ਜਾਂ ਇਸ ਵਰਗੇ ਹੋਰ ਪਿਛਾਖੜੀ ਮੁਲਕਾਂ ਵੱਲ ਝਾਤੀ ਮਾਰਦੇ ਹਾਂ, ਤਾਂ ਉੱਥੇ ਤਰ੍ਹਾਂ ਤਰ੍ਹਾਂ ਦੇ ਗ਼ੈਰ ਵਿਗਿਆਨਿਕ ਧਾਰਮਿਕ ਅਡੰਬਰਾਂ ਰਾਹੀਂ ਇਸ ਆਫ਼ਤ ਤੋਂ ਛੁਟਕਾਰਾ ਪਾਉਣ ਦੀਆਂ ਰਸਮਾਂ ਕਰਕੇ, ਵਿਗਿਆਨ ਦੀ ਖਿੱਲੀ ਉਡਾਈ ਜਾ ਰਹੀ ਹੈ। ਭਾਰਤ ਵਿੱਚ ਤਾਂ ਅਜਿਹੇ ਕਈ 'ਬੁੱਧੀਮਾਨ' ਇਹ ਵੀ ਉਪਦੇਸ਼ ਦਿੰਦੇ ਹਨ ਕਿ ਜਿੱਥੇ ਵਿਗਿਆਨ ਖਤਮ ਹੁੰਦਾ ਹੈ, ਉੱਥੋਂ ਧਰਮ ਸ਼ੁਰੂ ਹੁੰਦਾ ਹੈ। ਇਹ ਵਿਚਾਰ ਰੱਖਣ ਵਾਲੇ ਵਿਆਖਿਆਕਾਰ , ਇਕ ਪਾਸੇ ਵਿਗਿਆਨ ਦੀਆਂ ਉਪਲੱਭਤਾਂ ਨੂੰ ਦਿਨ ਰਾਤ ਮਾਣ ਵੀ ਰਹੇ ਹਨ, ਪਰ ਦੂਜੇ ਪਾਸੇ ਉਸਨੂੰ ਛੁਟਿਆਉਣ ਲਈ ਹਰ ਵਕਤ ਤੱਤਪਰ ਰਹਿੰਦੇ ਹਨ। ਜਦੋਂ ਅਸੀਂ ਭਾਰਤੀ ਇਤਿਹਾਸ ਉੱਪਰ ਨਿਗ੍ਹਾ ਮਾਰਦੇ ਹਾਂ ਇਕ ਗੱਲ ਸਾਫ਼ ਵੇਖੀ ਜਾ ਸਕਦੀ ਹੈ ਕਿ ਸੋਨੇ ਦੀ ਚਿੜੀ ਕਹਾਉਣ ਵਾਲੇ ਮੁਲਕ ਨੂੰ ਗੁਲਾਮ ਬਣਾਉਣ ਵਿੱਚ, ਹੋਰ ਕਾਰਣਾਂ ਦੇ ਨਾਲ ਧਾਰਮਿਕ ਪਿਛੜੇਪਣ ਦੇ ਝੂਠੇ ਅਡੰਬਰਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ।

ਅੱਜ ਸਾਡਾ ਦੇਸ਼, ਕਹਿਣ ਨੂੰ ਭਾਵੇਂ ਇਕੀਵੀਂ ਸਦੀ ਦੇ ਵਿਗਿਆਨਿਕ ਯੁੱਗ 'ਚ ਪਹੁੰਚ ਜਾਣ ਦਾ ਦਾਅਵਾ ਕਰ ਰਿਹਾ ਹੈ, ਪਰ ਸਾਡੀਆਂ ਸਰਕਾਰਾਂ ਜੋ ਕਿ ਕਰੋਨਾ ਵਰਗੀ ਬਿਮਾਰੀ ਨਾਲ ਲੜਨ ਲਈ, ਉਪਰੋਕਤ ਸਫਲ ਹੋਏ ਮੁਲਕਾਂ ਵਰਗੇ ਵਿਗਿਆਨਿਕ ਢੰਗ ਅਪਨਾਉਣ ਦੀ ਬਜਾਏ, ਮੱਧ ਯੁੱਗ ਵਾਲੇ ਮੰਤਰਾਂ - ਤੰਤਰਾਂ ਜਿਹੇ ਢੰਗ ਵਰਤਣ ਨੂੰ, ਆਪਣੀ ਸੰਸਕ੍ਰਿਤੀ ਤੇ ਪਹਿਰਾ ਦੇਣਾ ਦੇ ਕਹਿਕੇ ,ਬੜਾ ਫ਼ਖ਼ਰ ਕਰ ਰਹੀਆਂ ਹਨ। ਇਨ੍ਹਾਂ ਨੇ ਉਹਨਾਂ ਮੁਲਕਾਂ ਤੋਂ ਸੇਧ ਲੈਣ ਦੀ ਬਜਾਏ ਇਹ ਦਾਅਵੇ ਕੀਤੇ ਕਿ ਜਿੱਥੇ 33 ਕਰੋੜ ਦੇਵੀ ਦੇਵਤਿਆਂ ਦਾ ਵਾਸਾ ਹੋਵੇ, ਉੱਥੇ ਕਰੋਨਾ ਕੁੱਝ ਨਹੀਂ ਕਰ ਸਕਦਾ। ਹੁਣ ਜਦੋਂ ਦੇਸ਼ ਵਿੱਚ ਇਹ ਆਫ਼ਤ ਪ੍ਰਵੇਸ਼ ਕਰ ਗਈ ਹੈ ਤਾਂ ਦੇਸ਼ ਵਾਸੀਆਂ ਨੂੰ ਗਊ ਮੂਤਰ ਪੀਣ, ਗਊ ਗੋਹੇ ਦਾ ਇਸ਼ਨਾਨ ਕਰਨ ਦੇ ਉਪਦੇਸ ਦਿੱਤੇ ਜਾ ਰਹੇ ਹਨ। ਇਸ ਦੇਸ਼ ਦੀ ਕੇਂਦਰੀ ਸਰਕਾਰ ਵਿੱਚ ਮੰਤਰੀ ਪਦਾਂ ਤੇ ਬੈਠੇ ਅਜਿਹੇ ਕਈ 'ਮਹਾਂ ਵਿਗਿਆਨੀ' ਇਹੋ ਜਿਹੇ ਬਿਆਨਾਂ ਰਾਹੀਂ ਦੇਸ਼ ਨੂੰ ਕਿੱਧਰ ਲੈਕੇ ਜਾਣਾ ਚਾਹੁੰਦੇ ਹਨ ? ਸਾਡੇ ਸਾਹਮਣੇ ਇਹ ਬਹੁਤ ਹੀ ਅਹਿਮ ਸਵਾਲ ਹਨ।

ਦੇਸ਼ ਦੇ ਪ੍ਰਧਾਨ ਸੇਵਕ ਵੱਲੋਂ ਰਾਤ 8 ਵਜੇ ਟੀਵੀ ਤੇ ਆਕੇ ਇਹ ਫੁਰਮਾਨ ਜਾਰੀ ਕਰ ਦੇਣਾ ਕਿ ਅੱਜ ਹੀ ਰਾਤ 12 ਵਜੇ ਤੋਂ ਦੇਸ਼ ਭਰ ਵਿੱਚ ਲੌਕ ਡਾਊਨ (ਤਾਲਾਬੰਦੀ) ਜਾਰੀ ਹੈ, ਕਿੰਨਾਂ ਕੁ ਸੰਜੀਦਾ ਜਾਂ ਜੁੰਮੇਵਾਰੀ ਵਾਲਾ ਹੈ? ਦੇਸ਼ ਦੀ ਅੱਧੋਂ ਵੱਧ ਅਬਾਦੀ ਜੋ ਹਰ ਰੋਜ਼ ਦੀ ਦਿਹਾੜੀ-ਦੱਪਾ ਕਰਕੇ ਮਿਹਨਤ ਮਜ਼ਦੂਰੀ ਰਾਹੀਂ ਆਪਣੇ ਬੱਚੇ ਪਾਲ ਰਹੀ ਹੈ ਤੇ ਰੋਜ਼ ਮਰਾ ਦੀ ਜ਼ਿੰਦਗੀ ਬਾ ਮੁਸ਼ੱਕਤ ਜਿਉਂ ਰਹੀ ਹੈ। ਕੀ ਤਾਲਾਬੰਦੀ ਐਲਾਨਣ ਤੋਂ ਪਹਿਲਾਂ ਉਸ ਦੀ ਰੋਟੀ ਰੋਜੀ ਤੇ ਵਸੇਬੇ ਦਾ ਪ੍ਰਬੰਧ ਕਰਨ ਲਈ ਪ੍ਰਧਾਨ ਸੇਵਕ ਜੀ ਦੀ ਕੋਈ ਜ਼ੁਮੇਵਾਰੀ ਨਹੀਂ ਸੀ ਬਣਦੀ?

ਇੱਥੇ ਹੀ ਬੱਸ ਨਹੀਂ, ਕਰਫਿਊ ਲਗਾਕੇ ਲੋਕਾਂ ਨੂੰ ਆਪਣੇ ਘਰਾਂ ਅੰਦਰ ਡੱਕਣ ਦੇ ਫੁਰਮਾਨਾ ਨਾਲ ਪੁਲੀਸ ਨੂੰ ਮਨ ਮਾਨੀਆਂ ਕਰਨ ਦੀ ਖੁੱਲ੍ਹ ਨੇ, ਜੋ ਲੋਕਾਂ ਨਾਲ ਵਰਤਾਓ ਕੀਤਾ, ਉਹ ਹਰ ਇਕ ਨੇ ਮੀਡੀਆ/ ਸੋਸਲ ਮੀਡੀਆ ਰਾਹੀਂ ਸ਼ਰੇਆਮ ਵੇਖਿਆ, ਜਿਸ ਨੇ ਤੁਗਲਕੀ ਦੌਰ ਦੀ ਯਾਦ ਤਾਜਾ ਕਰਵਾ ਦਿੱਤੀ। ਪਰ ਇਸੇ ਦੌਰ ਦੌਰਾਨ ਦੂਜੇ ਪਾਸੇ ਉਹ ਤਸਵੀਰਾਂ ਵੀ ਸਾਹਮਣੇ ਆਈਆਂ ਜ਼ਿਹਨਾਂ ਵਿੱਚ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਇੱਕ ਮੰਦਰ ਵਿੱਚ ਪੁਜਾਰੀਆਂ ਦੀ ਭੀੜ ਨਾਲ ਪੂਜਾ ਕਰਦੇ ਵੀ ਨਜ਼ਰ ਆਏ। ਭਾਜਪਾ ਆਗੂਆਂ ਵੱਲੋਂ ਗਊ ਮੂਤਰ ਪੀਣ ਦੀਆਂ ਪਾਰਟੀਆਂ ਕਰਨ ਵਾਲੀਆਂ ਤਸਵੀਰਾਂ ਵੀ ਵੇਖੀਆਂ ਗਈਆਂ ਅਤੇ ਸ਼ਰੇਆਮ ਪੂਜਾ ਪਾਠ ਤੇ ਹਵਨ ਕਰਨ ਦੇ ਦ੍ਰਿਸ਼ਾਂ ਵਿੱਚ ਤਾਲਾ ਬੰਦੀ ਅਤੇ ਆਪਸੀ ਨਿਯਮਤ ਦੂਰੀ ਰੱਖਣ ਦੀ ਪ੍ਰਵਾਹ ਨਾ ਕਰਦੇ ਹੋਏ, ਵੱਡੀ ਗਿਣਤੀ ਵਿਚ ਸਰਕਾਰੀ ਮੰਤਰੀ ਆਦਿ ਸ਼ਾਮਲ ਵੇਖੇ ਗਏ।ਅਜਿਹੇ ਕਾਰਨਾਮਿਆਂ ਦੀਆਂ ਹੋਰ ਵੀ ਕਈ ਉਦਾਹਰਨਾਂ ਹਨ। ਇਹ ਸਭ ਕੁੱਝ ਪੁਲਿਸ ਦੀ ਹਾਜ਼ਰੀ ਵਿੱਚ ਹੁੰਦਾ ਰਿਹਾ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕਰਫਿਊ ਅਜਿਹੇ ਕਰਮ ਕਾਂਡ ਕਰਨ ਵਾਲਿਆਂ ਲਈ ਨਹੀਂ ਸੀ? ਜੇ ਸਭ ਲਈ ਸੀ ਤਾਂ ਇਨ੍ਹਾਂ ਖ਼ਿਲਾਫ਼ ਪੁਲਿਸ ਦਾ ਡੰਡਾ ਕਿੱਥੇ ਸੀ, ਜਿਹੜਾ ਆਮ ਲੋਕਾਂ ਤੇ ਕਹਿਰ ਢਾਹ ਰਿਹਾ ਸੀ? ਕਿਉਂ ਕੋਈ ਕਾਨੂੰਨੀ ਕਾਰਵਾਈ ਅਜੇ ਤੱਕ ਵੀ ਇਹਨਾਂ ਸਰਕਾਰ 'ਚ ਬੈਠੇ ਮੰਤਰੀਆਂ ਖਿਲਾਫ ਨਹੀਂ ਹੋਈ? ਜਦੋਂ ਕਿ ਆਮ ਲੋਕਾਂ ਖ਼ਿਲਾਫ਼ ਸੈਂਕੜੇ ਪੁਲਿਸ ਕੇਸ ਦਰਜ ਕੀਤੇ ਜਾ ਚੁੱਕੇ ਹਨ ਭਾਵੇਂ ਉਹ ਕਿਸੇ ਮਜਬੂਰੀ ਕਾਰਣ ਹੀ ਘਰੋਂ ਬਾਹਰ ਆਏ ਹੋਣ। ਦਿੱਲੀ ਵਿੱਚ ਭੁੱਖ ਦੇ ਸਤਏ ਲੋਕ ਜਦੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੜਕਾਂ ਤੇ ਆ ਗਏ ਅਤੇ ਪੈਦਲ ਹੀ ਆਪਣੇ ਘਰਾਂ ਨੂੰ ਚੱਲ ਪਏ ਜੋ ਵੱਖੋ ਵੱਖ ਸੂਬਿਆਂ ਵਿਚ 200 ਤੋਂ 600 ਕਿ.ਮੀ. ਤੋਂ ਵੀ ਵੱਧ ਦੂਰੀ ਤੇ ਸਨ। ਇਹਨਾਂ ਵਿਚੋਂ ਕਈਆਂ ਦੇ ਰਸਤੇ ਵਿਚ ਜਾਂਦਿਆਂ ਮਰਨ ਦੀਆਂ ਵੀ ਖਬਰਾਂ ਆਈਆਂ ਹਨ ਅਤੇ ਬਹੁਤਿਆਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਵੀ ਕੀਤਾ ਗਿਆ। ਪਰ ਦੂਜੇ ਪਾਸੇ ਇਸੇ ਤਾਲਾਬੰਦੀ ਦੌਰਾਨ ਹਰਿਦੁਆਰ ਵਿੱਚ ਫਸੇ 1800 ਗੁਜਰਾਤੀ ਯਾਤਰੀਆਂ ਨੂੰ ਗ੍ਰਹਿ ਮੰਤਰੀ ਅੰਮਿਤ ਸ਼ਾਹ ਅਤੇ ਰਾਜ ਦੇ ਮੁੱਖ ਮੰਤਰੀ ਵਿਜੇ ਰੁਪਾਣੀ ਦੇ ਹੁਕਮਾਂ ਨਾਲ ਉਤਰਾ ਖੰਡ ਦੀਆਂ ਸਰਕਾਰੀ ਲਗਜਰੀ ਬੱਸਾਂ ਦਾ ਪ੍ਰਬੰਧ ਕਰਨ ਦੀਆਂ ਖਬਰਾਂ ਵੀ ਸਾਹਮਣੇ ਆਈਆਂ ਹਨ। ਇਹਨਾਂ ਬੱਸਾਂ ਰਾਹੀਂ 1200 ਕਿ ਮੀ ਦਾ ਸਫਰ ਤਹਿ ਕਰਕੇ ਇਹਨਾਂ 1800 ਯਾਤਰੀਆਂ ਨੂੰ ਤਾਂ ਅਹਿਮਦਾਬਾਦ ਉਹਨਾਂ ਦੇ ਘਰੀਂ ਪਹੁੰਚਾਇਆ ਗਿਆ ਪਰ ਦਿੱਲੀ ਦੇ ਮਜਦੂਰਾਂ ਨੂੰ ਸੜਕਾਂ ਤੇ ਰੁਲਣ ਲਈ ਛੱਡ ਦੇਣਾ ਕਿੱਧਰ ਦੀ ਰਾਸ਼ਟਰ ਭਗਤੀ ਹੈ? ਕੀ ਕੋਈ ਜਵਾਬ ਦੇਵੇਗਾ?

ਇਹ ਵੀ ਸਾਹਮਣੇ ਆਇਆ ਕਿ ਭਾਰਤ ਵਿੱਚ ਕਰੋਨਾ ਦਾ ਪਹਿਲਾ ਕੇਸ ਜਨਵਰੀ ਦੇ ਅੰਤ ਵਿੱਚ ਸਾਹਮਣੇ ਆ ਚੁੱਕਾ ਸੀ। ਪਰ ਇਸ ਦੇ ਬਾਵਜੂਦ ਵੀ ਪ੍ਰਧਾਨ ਸੇਵਕ ਸਮੇਤ ਪੂਰੀ ਕੇਂਦਰ ਸਰਕਾਰ ਇਸ ਬਾਰੇ ਕਿਉਂ ਅਵੇਸਲੀ ਰਹੀ, ਤੇ ਕਿਉਂ ਇਸ ਪਾਸਿਓਂ ਅੱਖਾਂ ਬੰਦ ਕਰੀ ਰੱਖੀਆਂ? ਘੋਖਣ ਤੇ ਇਸਦਾ ਕਾਰਣ ਵੀ ਸਮਝ ਆ ਰਿਹਾ ਹੈ ਕਿ ਇਸ ਸਮੇਂ ਪੂਰੀ ਸਰਕਾਰ ਅਮਰੀਕਨ ਰਾਸ਼ਟਰਪਤੀ ਡੋਨਲ ਟਰੰਪ ਦੀ ਆਓ ਭਗਤ ਦੀਆਂ ਤਿਆਰੀਆਂ ਕਰਨ ਅਤੇ ਇਸ ਉਪਰੰਤ ਮੱਧ ਪ੍ਰਦੇਸ਼ ਵਿੱਚ ਉੱਥੋਂ ਦੀ ਸਰਕਾਰ ਤੋੜਕੇ, ਉਸ ਦੇ ਐਮ ਐਲ ਏਜ ਦੀਆਂ ਬੱਸਾਂ ਭਰਕੇ, ਆਲੀਸ਼ਾਨ ਹੋਟਲਾਂ ਵਿੱਚ ਉਹਨਾਂ ਦੇ ਰਹਿਣ, ਬਹਿਣ ਤੇ ਖਾਣ ਪੀਣ ਦਾ ਪ੍ਰਬੰਧ ਕਰਨ ਵਿੱਚ ਰੁੱਝੀ ਹੋਈ ਸੀ।ਭਾਰਤ ਵਿੱਚ ਲੋਕਾਂ ਦੀ ਅਸਲ ਹਾਲਤ ਟਰੰਪ ਨਾ ਵੇਖ ਸਕੇ ਇਸ ਲਈ ਗਰੀਬ ਬਸਤੀ ਨੂੰ ਦੀਵਾਰ ਬਣਾਕੇ ਲਕੋਏ ਜਾਣ ਵਿੱਚ ਲੀਨ ਸੀ। ਸਾਰਾ ਮਾਮਲਾ ਨਜਿੱਠਣ ਤੋਂ ਬਾਅਦ ਦੇਸ਼ ਦੀ ਜੰਨਤਾ ਨੂੰ ਇਕ ਥਾਂ ਇਕੱਠੇ ਨਾ ਹੋਣ ਦੇ ਹੁਕਮ ਸੁਣਾ ਦਿੱਤੇ, ਪਰ ਆਪ ਮੱਧ ਪ੍ਰਦੇਸ਼ ਵਿੱਚ ਵੱਡਾ ਇਕੱਠ ਕਰਕੇ ਆਪਣੇ









ਮੁੱਖ ਮੰਤਰੀ ਨੂੰ ਸੌਂਹ ਚੁਕਾਵਾਉਣ ਵਿੱਚ ਮਦਹੋਸ਼ ਸੀ। ਜਿਹੜੇ ਸੰਵਿਧਾਨ ਦੀ ਕਸਮ ਖਾਕੇ ਗੱਦੀਆਂ ਤਾਂ ਸੰਭਾਲ ਲਈਆਂ ਜਾਂਦੀਆਂ ਹਨ, ਪਰ ਗੱਦੀਆਂ ਤੇ ਬੈਠਣ ਉਪਰੰਤ ਉਸਨੂੰ ਕਿਉਂ ਦੁਰਕਾਰ ਦਿੱਤਾ ਜਾਂਦਾ ਹੈ? ਲੋਕਾਂ ਸਾਹਮਣੇ ਇਹ ਵੀ ਬੜਾ ਸੰਜੀਦਾ ਤੇ ਅਹਿਮ ਸਵਾਲ ਹੈ, ਜਿਸ ਸੰਬੰਧੀ ਇਹਨਾਂ ਸਿਆਸੀ ਲੀਡਰਾਂ ਦੀ ਜਬਾਵਦੇਹੀ ਬਣਦੀ ਹੈ। ਪ੍ਰਧਾਨ ਸੇਵਕ ਅਤੇ ਚੌਂਕੀਦਾਰ ਜੀ ਵੱਲੋਂ ਤਾਲੀ ਬਜਾਓ ਤੇ ਥਾਲੀ ਬਜਾਓ ਤੇ ਘੰਟੀਆਂ ਬਜਾਓ ਦੇ ਫੁਰਮਾਨ ਵੀ ਸੁਣੇ ਗਏ। ਮੈਂ ਵੀ ਚੌਂਕੀਦਾਰ ਕਹਿਣ ਵਾਲੇ ਕਈ ਕੇਂਦਰੀ ਮੰਤਰੀ, ਮੁੱਖ ਮੰਤਰੀ ਟੱਲੀਆਂ, ਘੰਟੀਆਂ ਬਜਾਉਂਦੇ ਲਾਮ ਲਸ਼ਕਰ ਸਮੇਤ ਕਰਫਿਊ ਦੀ ਪ੍ਰਵਾਹ ਨਾ ਕਰਦੇ ਹੋਏ ਸੜਕਾਂ ਤੇ ਭੀੜਾਂ ਦੀ ਅਗਵਾਈ ਕਰਦੇ ਵੇਖੇ ਗਏ। ਹੁਣ ਬਿਜਲੀ ਲਾਈਟਾਂ ਬੰਦ ਕਰਕੇ 5 ਅਪ੍ਰੈਲ ਨੂੰ ਰਾਤੀਂ 9 ਵਜੇ, 9 ਮਿੰਟ ਲਈ ਮੋਮਬੱਤੀਆਂ ਜਗਾਕੇ ਕਰੋਨਾ ਭਜਾਉਣ ਦੇ ਫੁਮਾਨ ਜਾਰੀ ਹੋ ਚੁੱਕੇ ਹਨ। ਇਸ ਬਾਰੇ ਪ੍ਰਧਾਨ ਜੀ ਦਾ ਇਹ ਕਹਿਣਾ ਕਿ "ਕਰੋਨਾ ਦੀ ਚਾਇਨ (ਲੜੀ) ਤੋੜਨ ਦਾ ਇਹੋ ਰਾਮ ਬਾਣ ਇਲਾਜ ਹੈ" ਕਿੰਨਾ ਕੁ ਜ਼ੁੰਮੇਵਾਰੀ ਵਾਲਾ ਹੈ? ਸ਼ਾਇਦ ਮੋਮਬੱਤੀਆਂ ਦੀ ਗਰਮੀ ਨਾਲ ਕਰੋਨਾ ਨੂੰ ਖਤਮ ਕਰਨ ਦਾ ਨਵਾਂ ਮੰਤਰ ਤਾਂ ਨਹੀਂ ਈਜਾਦ ਕੀਤਾ ਜਾ ਰਿਹਾ? ਇਹਨਾਂ ਸਾਰੀਆਂ ਕਾਰਗੁਜਾਰੀਆਂ ਤੋਂ ਇਹ ਵੀ ਸਪਸਟ ਹੋ ਰਿਹਾ ਹੈ ਕਿ ਕਰੋਨਾ ਦੇ ਰਾਮ ਰੌਲੇ ਨੂੰ ਹਿੰਦੂਤਵ ਉਭਾਰਨ ਦੇ ਮੰਤਵ ਲਈ ਵਰਤਿਆ ਜਾ ਰਿਹਾ ਹੈ। ਇਸੇ ਸਮੇਂ ਦੌਰਾਨ ਭੁੱਖੇ ਢਿੱਡ ਲੋਕਾਂ ਲਈ ਰਮਾਇਣ ਦਾ ਸੀਰੀਅਲ ਵਿਖਾਉਣਾ ਸ਼ੁਰੂ ਕਰਨਾ ਵੀ ਇਸੇ ਕੜੀ ਦਾ ਹਿੱਸਾ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ।

ਇਸੇ ਤਰ੍ਹਾਂ ਦਿੱਲੀ ਵਿਖੇ ਮੁਸਲਮ ਤਬਲੀਕ ਜਮਾਤ ਦੇ ਸਮਾਗਮ ਵਿੱਚ, ਇਸ ਤਬਕੇ ਦੇ ਸ਼ਾਮਲ ਹੋਏ 2000 ਲੋਕਾਂ ਬਾਰੇ ਚਰਚਾ ਦੀ ਹੈ। ਇਸ ਵਿੱਚ ਵਿਦੇਸ਼ਾਂ 'ਚੋਂ ਵੀ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਇਸ ਸਮੇਂ ਦੌਰਾਨ ਅਜਿਹੇ ਇਕੱਠ ਕਰਨਾ ਤਾਂ ਮੂਰਖਪੁਣਾ ਹੈ ਹੀ, ਪਰ ਇਸ ਨੂੰ ਰੋਕਣ ਲਈ ਸਥਾਨਕ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਗ੍ਰਹਿ ਵਿਭਾਗ ਜਿਸ ਨੇ ਵਿਦੇਸੀਆਂ ਨੂੰ ਵੀਜ਼ੇ ਦਿੱਤੇ, ਉਸ ਦੀ ਲਾਪਰਵਾਹੀ ਉੱਪਰ ਵੀ ਉਂਗਲ ਰੱਖਣੀ ਬਣਦੀ ਹੈ। ਕੁੱਲ ਮਿਲਾਕੇ ਸਾਰੀਆਂ ਧਿਰਾਂ ਹੀ ਕਟਹਿਰੇ ਵਿੱਚ ਹਨ। ਇਹ ਵੀ ਸ਼ੱਕ ਦੇ ਘੇਰੇ ਵਿੱਚ ਹੈ ਕਿ ਇਹ ਇਕੱਠ ਜਾਣ ਬੁੱਝਕੇ ਹੋਣ ਦਿੱਤਾ ਗਿਆ ਹੋਵੇ ਤਾਂ ਕਿ ਬਾਅਦ ਵਿੱਚ ਹਿੰਦੂ ਮੁਸਲਮ ਦੇ ਵਿਵਾਦ ਨੂੰ ਹੋਰ ਤਿੱਖਾ ਕਰਨ ਲਈ ਵਰਤਿਆ ਜਾ ਸਕੇ। ਹੁਣ ਜੋ ਕੁੱਝ ਚੱਲ ਰਿਹਾ ਹੈ, ਉਹ ਵੀ ਇਹੋ ਦਰਸਾਉਂਦਾ ਵੇਖਿਆ ਜਾ ਸਕਦਾ ਹੈ।



ਦੇਸ਼ ਵਾਸੀਆਂ ਲਈ ਤਾਲਾ ਬੰਦੀ ਹੈ, ਪਰ ਅੱਜ (3 ਅਪ੍ਰੈਲ) ਇਹ ਲੇਖ ਲਿੱਖੇ ਜਾਣ ਤੱਕ ਇਕ ਹੋਰ ਸਰਕਾਰੀ ਪੋਲ ਸਾਹਮਣੇ ਆਈ ਕਿ ਦਿੱਲੀ, ਇੰਡੀਆ ਗੇਟ ਨੇੜੇ 200 ਦੇ ਕਰੀਬ, ਵਿਦੇਸ਼ੀ ਯਾਤਰੀਆਂ ਦੀਆਂ ਭਰੀਆਂ ਦੋ ਲਗਜਰੀ ਬੱਸਾਂ ਮੀਡੀਆ ਕਰਮੀਆਂ ਵੱਲੋਂ ਪੁੱਛ ਗਿੱਛ ਲਈ ਰੋਕੀਆਂ ਗਈਆਂ। ਪੁਲਿਸ ਮੁਲਾਜ਼ਮ ਵੀ ਮੌਕੇ ਤੇ ਮੌਜੂਦ ਸਨ, ਜ਼ਿਹਨਾਂ ਨੇ ਮੀਡੀਆ ਕਰਮੀਆਂ ਵੱਲੋਂ ਕੀਤੇ ਗਏ ਸਵਾਲਾਂ ਦਾ ਕੋਈ ਵੀ ਤਸੱਲੀਬਖਸ ਜਵਾਬ ਨਹੀਂ ਦਿੱਤਾ। ਸਿਰਫ ਇਹ ਕਹਿਕੇ ਖਹਿੜਾ ਛੁਡਵਾਇਆ ਕਿ ਇਸ ਬਾਰੇ ਫਾਰਨ ਮਨਿਸਟਰੀ (ਵਿਦੇਸ਼ ਮੰਤਰਾਲਾ) ਨੂੰ ਪਤਾ ਹੈ, ਉਸ ਤੋਂ ਪੁੱਛ ਲਓ। ਵਿਦੇਸ਼ੀ ਯਾਤਰੀਆਂ ਨੇ ਵੀ ਪੁੱਛਗਿੱਛ ਕਰਨ ਤੇ ਕੋਈ ਪੱਲਾ ਨਹੀਂ ਫੜਾਇਆ। ਪੂਰੇ ਦੇਸ਼ ਲਈ ਕਰਫਿਊ ਲੱਗਾ ਹੋਵੇ, ਏਅਰ ਪੋਰਟ ਪੂਰਨ ਤੌਰ ਤੇ ਬੰਦ ਹੋਣ, ਪਰ ਵਿਦੇਸ਼ੀ ਯਾਤਰੀਆਂ ਲਈ ਇਸ ਤਰ੍ਹਾਂ ਘੁੰਮਣ ਦੀ ਖੁੱਲ੍ਹ ਦਿੱਤੀ ਜਾਵੇ ਅਤੇ ਸਮਾਜ ਵਿੱਚ ਮਨੁੱਖੀ ਦੂਰੀ ਦਾ ਫ਼ਾਸਲਾ ਰੱਖਣ ਬਾਰੇ ਤਹਿ ਕੀਤੇ ਨਿਯਮ ਦੀਆਂ ਸ਼ਰੇਆਮ ਸਰਕਾਰ ਦੇ ਨੱਕ ਹੇਠ ਧੱਜੀਆਂ ਉਡਾਈਆਂ ਜਾਣ, ਪਰ ਪੁਲਿਸ ਵੀ ਬੇਵੱਸ ਨਜ਼ਰ ਆਵੇ ਤੇ ਕਿਸੇ ਦੀ ਕੋਈ ਜਵਾਬ ਦੇਹੀ ਤਹਿ ਨਾ ਹੋਵੇ ਤਾਂ ਸੁਭਾਵਿਕ ਹੀ ਇਹ ਸਭ ਕੁੱਝ ਸ਼ੱਕ ਦੇ ਘੇਰੇ ਵਿੱਚ ਆਉਂਦਾ ਹੈ, ਜਿਸ ਬਾਰੇ ਦਿੱਲੀ ਤੇ ਕੇਂਦਰ ਸਰਕਾਰਾਂ ਦੋਵੇਂ ਚੁੱਪ ਹਨ। ਇਹ ਤਾਂ ਸੀ ਦੇਸ਼ ਦੇ ਆਮ ਲੋਕਾਂ ਲਈ ਤਾਲਾਬੰਦੀ, ਪਰ ਚਹੇਤਿਆਂ ਨੂੰ ਇਸ ਤਾਲਾਬੰਦੀ ਵਿੱਚ ਖੁੱਲ੍ਹਾਂ ਅਤੇ ਪ੍ਰਬੰਧਾਂ ਦੀ ਸੰਖੇਪ ਤਸਵੀਰ।

ਇਸ ਨਾਲ ਮਸਲੇ ਦਾ ਦੂਜਾ ਪੱਖ ਵੀ ਵਿਚਾਰਨ ਯੋਗ ਹੈ, ਜੋ ਕਿ 'ਸਦਮਾ ਮੱਤ' ਨਾਂ ਦੀ ਕਿਤਾਬ ਵਿੱਚ,ਇਸ ਦੀ ਲੇਖਕਾ ਨੈਓਮੀ ਕਲੇਨ ਨੇ ਪੇਸ਼ ਕੀਤਾ ਹੈ। ਇਸ ਕਿਤਾਬ ਵਿੱਚ ਕਾਰਪੋਰੇਟਾਂ ਜਾਂ ਵੱਡੇ ਪੂੰਜੀਪਤੀਆਂ ਬਾਰੇ ਸੱਚ, ਬਾਖੂਬੀ ਬਿਆਨੇ ਗਏ ਹਨ। ਇਸ ਵਿੱਚ ਲੇਖਕਾ ਨੇ ਕਾਰਪੋਰੇਟਾਂ ਵੱਲੋਂ, ਪਹਿਲਾਂ ਲੋਕਾਂ ਲਈ ਖ਼ੌਫ਼ (ਸਦਮੇ) ਪੈਦਾ ਕਰਕੇ ਅਤੇ ਬਾਅਦ ਵਿੱਚ ਉਸ ਖ਼ੌਫ਼ ਨੂੰ ਹੱਲ ਕਰਨ ਦੇ ਬਹਾਨੇ, ਲੋਕਾਂ ਦੀ ਵੱਡੀ ਪੱਧਰ ਤੇ ਲੁੱਟ ਕਰਨ ਰਾਹੀਂ ਅਰਬਾਂ-ਖਰਬਾਂ ਰੁਪਿਆ ਕਮਾਉਣਾ , ਨੂੰ ਸਿੱਧ ਕੀਤਾ ਹੈ। ਇਸ ਵਿੱਚ ਉਹਨਾਂ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਨਾਲ ਦਰਜ ਹੈ, ਜਿਹਨਾਂ ਵੱਖ ਵੱਖ ਬਿਮਾਰੀਆਂ ਦੀਆਂ ਦਵਾਈਆਂ ਪੇਟੈਂਟ ਕਰਵਾਕੇ ਅੰਨ੍ਹੇ ਵਾਹ ਦੁਨੀਆਂ ਭਰ ਵਿੱਚ ਵੇਚਕੇ ਲੁੱਟ ਮਚਾਈ। ਇਸੇ ਤਰ੍ਹਾਂ ਕਈ ਹੜਾਂ-ਤੂਫਾਨਾਂ ਵਰਗੀਆਂ ਕੁਦਰਤੀ ਆਫਤਾਂ ਨਾਲ ਤਬਾਹ ਹੋਏ ਮਨੁੱਖੀ ਵਸੀਲਿਆਂ ਨੂੰ ਆਪਣੇ ਹੀ ਢੰਗ ਨਾਲ ਹੱਲ ਕਰਨ ਦੇ ਬਹਾਨੇ ਆਪਣੀ ਕਮਾਈ ਦੇ ਸਾਧਨ ਵਿਕਸਿਤ ਕੀਤੇ। ਕਈ ਗੈਰ ਕੁਦਰਤੀ ਖੌਫ ਆਪ ਹੀ ਪੈਦਾ ਕਰਕੇ, ਫਿਰ ਉਸ ਸਬੰਧੀ ਸ਼ਰਤਾਂ ਅਧੀਨ ਦਿੱਤੀ ਸਹਾਇਤਾ ਦੇ ਨਾਂ ਹੇਠ ਵੱਡੀ ਪੱਧਰ ਤੇ ਸਰਮਾਇਆ ਕਮਾਇਆ। ਸਾਮਰਾਜੀਆਂ ਵੱਲੋਂ ਸੰਸਾਰ ਪੱਧਰ ਤੇ, ਕਰੋਨਾ ਦੇ ਕੁਦਰਤੀ ਕਹਿਰ ਨੂੰ ਪਹਿਲਾਂ ਲੋਕਾਂ ਦੇ ਦਿਲਾਂ 'ਚ ਵੱਡਾ ਖ਼ੌਫ਼ ਬਣਾਉਣਾ ਅਤੇ ਬਾਅਦ ਵਿੱਚ ਇਸ ਦੇ ਇਲਾਜ ਲਈ ਦਵਾਈਆਂ ਰਾਹੀਂ ਵੱਡੀ ਪੱਧਰ ਤੇ ਲੋਕਾਂ ਦੀ ਲੁੱਟ ਕਰਨ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਅਜਿਹੇ ਸਾਮਰਾਜੀਆਂ ਲਈ ਮੰਡੀ ਵਜੋਂ ਸਾਡਾ ਦੇਸ਼ ਵੀ ਸ਼ਾਮਲ ਹੈ ਅਤੇ ਸਾਡੀਆਂ ਸਰਕਾਰਾਂ ਵੀ ਦੇਸ਼ ਦੇ ਲੋਕ ਭਲਾਈ ਦੀ ਬਜਾਏ, ਸਾਮਰਾਜੀ ਹਿੱਤਾਂ ਅਨੁਸਾਰ ਹੀ ਪ੍ਰਬੰਧ ਚਲਾਉਂਦੀਆਂ ਹਨ। ਸਾਡੀ ਸਰਕਾਰ ਦੀ ਦੇਸ਼ ਦੇ ਲੋਕਾਂ ਪ੍ਰਤੀ ਗੈਰ ਜ਼ੁੰਮੇਵਾਰਾਨਾ ਨੀਤੀ ਇਸ ਗੱਲ ਤੋਂ ਸਾਫ ਜਾਹਰ ਹੈ ਕਿ ਇਕ ਪਾਸੇ ਦੇਸ਼ ਕਰੋਨਾ ਵਾਇਰਸ ਨਾਲ ਜੂਝ ਰਿਹਾ ਹੈ ਅਤੇ ਇੱਥੇ ਹਸਪਤਾਲਾਂ ਵਿੱਚ ਡਾਕਟਰ ਅਤੇ ਸਿਹਤ ਕਾਮੇ ਸਮੇਤ ਲੋਕਾਂ ਦੇ, ਆਪਣਾ ਬਚਾਓ ਕਰਨ ਵਾਲੇ ਸੁਰੱਖਿਅਤ ਸਾਜੋ ਸਮਾਨ ਦੀ ਵੱਡੀ ਥੁੜ ਦੀ ਦੁਹਾਈ ਦੇ ਰਹੇ ਹਨ। ਪਰ ਸਰਕਾਰ ਕਰੋੜਾਂ ਰੁਪਏ ਇਹ ਸਾਜੋ ਸਮਾਨ ਖਰੀਦਣ ਦੀ ਬਜਾਏ, 20 ਹਜ਼ਾਰ ਕਰੋੜ ਰੁ. ਸੰਸਦ ਭਵਨ ਦੀ ਇਮਾਰਤ ਉੱਪਰ ਖਰਚ ਕਰਨ ਨੂੰ ਪਹਿਲ ਦੇ ਰਹੀ ਹੈ। ਇਸਰਾਇਲ ਨਾਲ ਹਥਿਆਰ ਖਰੀਦਣ ਦੇ ਸੌਦੇ ਕਰਨ ਦੀਆਂ ਵੀ ਖ਼ਬਰਾਂ ਹਨ।ਪ੍ਰਧਾਨ ਮੰਤਰੀ ਜੀ ਇਸ ਦੌਰ ਵਿੱਚ ਜਿੰਨੀ ਵਾਰੀ ਵੀ ਟੀਵੀ ਤੇ ਆਕੇ ਲੋਕਾਂ ਨੂੰ ਸੰਬੋਧਤ ਹੋਏ ਹਨ, ਉਹਨਾਂ ਕਦੀ ਵੀ ਲੋਕਾਂ ਦੀ ਰੋਟੀ ਰੋਜੀ ਜਾਂ ਜ਼ਿੰਦਗੀ 'ਚ ਦਰਪੇਸ ਤੰਗੀਆਂ ਤਰੋਸੀਆਂ ਨੂੰ ਹੱਲ ਕਰਨ ਦੀ ਗੱਲ ਨਹੀਂ ਕੀਤੀ। ਜਿਹੜੇ ਗਰੀਬ ਮਜ਼ਦੂਰਾਂ/ਬੱਚਿਆਂ/ ਬਜ਼ੁਰਗਾਂ ਦੇ ਢਿੱਡ ਭੁੱਖੇ ਹੋਣਗੇ, ਉਹਨਾਂ ਦਾ ਮਨੋਬਲ ਥਾਲੀਆਂ, ਤਾੜੀਆਂ, ਘੰਟੀਆਂ ਬਜਾਕੇ ਤੇ ਮੋਮਬੱਤੀਆਂ ਜਗਾਉਣ ਨਾਲ ਉੱਚਾ ਨਹੀਂ ਹੋਣਾ। ਉਹਨਾਂ ਲਈ ਤੁਰੰਤ ਹੀ ਸਾਰਥਿਕ ਕਦਮ ਚੁੱਕਣ ਦੀ ਲੋੜ ਹੈ।


Redstone Plaza ਰੈਡ ਸਟੋਨ ਪਲਾਜਾ

Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB
and direct bill private insurance.

REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

Universal Health It's all about "U" PHARMACY
Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਕੀ 'ਕਰੋਨਾ ਵਾਇਰਸ' ਦੀ ਮਹਾਂਮਾਰੀ ਨਾਲ 'ਗਲੋਬਲ ਵਾਰਮਿੰਗ' ਦੀ ਮਹਾਂਮਾਰੀ ਦਾ ਖਤਰਾ ਟਲ਼ ਜਾਵੇਗਾ ?






17ਵੀ-18ਵੀਂ ਸਦੀ ਦੀਆਂ ਵਿਗਿਆਨਕ ਖੋਜਾਂ ਨਾਲ 18ਵੀਂ ਸਦੀ ਦੇ ਅਖੀਰ ਵਿੱਚ ਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਆਈ ਉਦਯੋਗਿਕ ਕ੍ਰਾਂਤੀ (Industrial Revolution) ਨਾਲ ਮਸ਼ੀਨੀ ਯੁੱਗ ਦੀ ਸ਼ੁਰੂਆਤ ਹੋਈ, ਜਿਸ ਨਾਲ ਹੱਥੀਂ ਕੰਮ ਦੀ ਥਾਂ ਨਾ ਸਿਰਫ ਫੈਕਟਰੀਆਂ ਵਿੱਚ, ਸਗੋਂ ਖੇਤਾਂ ਤੇ ਘਰਾਂ ਵਿੱਚ ਮਸ਼ੀਨਰੀ ਦੀ ਸ਼ੁਰੂਆਤ ਹੋ ਗਈ, ਜੋ ਕਿ ਸ਼ੁਰੂ ਵਿੱਚ ਕੋਲੇ ਦੀ ਵਰਤੋਂ ਨਾਲ ਹੋਈ ਸੀ, ਫਿਰ 19ਵੀਂ ਸਦੀ ਦੇ ਅਖੀਰ ਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਮਿੱਟੀ ਦਾ ਤੇਲ, ਡੀਜ਼ਲ, ਪ੍ਰੋਪੇਨ, ਪੈਟਰੋਲ ਦੀ ਵਰਤੋਂ ਸ਼ੁਰੂ ਹੋਈ। ਊਰਜਾ (Energy) ਦੇ ਇਹ ਸਾਰੇ ਧਰਤੀ ਵਿੱਚੋਂ ਨਿਕਲਦੇ ਸ੍ਰੋਤ ਫੌਸਲ ਫਿਊਲ (Fossil Fuel) ਤੋਂ ਬਣਦੇ ਹਨ। ਵਿਗਿਆਨੀਆਂ ਅਨੁਸਾਰ ਲੱਖਾਂ ਸਾਲ ਪਹਿਲਾਂ ਧਰਤੀ ਦੀ ਉਥਲ ਪੁਥਲ ਨਾਲ ਇਸ ਦੀਆਂ ਕਈ ਤੈਹਾਂ ਹੇਠ ਦਰਖਤ ਤੇ ਜਾਨਵਰ (ਮਨੁੱਖ ਵੀ ਸਕਦੇ ਹਨ) ਦੱਬ ਗਏ ਸਨ, ਜੋ ਲੱਖਾਂ ਸਾਲਾਂ ਵਿੱਚ ਧਰਤੀ ਦੇ ਵੱਖ-ਵੱਖ ਹਿੱਸਿਆਂ ਵਿੱਚ ਊਰਜਾ ਦੇ ਸ੍ਰੋਤ ਬਣ ਗਏ। ਬੇਸ਼ੱਕ ਊਰਜਾ ਦੇ ਇਨ੍ਹਾਂ ਸਾਰੇ ਸ੍ਰੋਤਾਂ ਨਾਲ ਪਿਛਲੇ 150 ਕੁ ਸਾਲ ਵਿੱਚ ਮਨੁੱਖ ਨੇ ਬੇਸ਼ੁਮਾਰ ਤਰੱਕੀ ਕੀਤੀ ਹੈ, ਪਰ ਇਸਦੇ ਵਾਤਾਵਰਣ ਤੇ ਮਾਰੂ ਪ੍ਰਭਾਵ ਵੀ ਪਏ ਹਨ, ਜਿਸਦਾ ਮੁੱਖ ਕਾਰਨ ਇਹ ਹੈ ਕਿ ਊਰਜਾ ਦੇ ਇਹ ਸ੍ਰੋਤ ਵਰਤਣ ਨਾਲ ਗ੍ਰੀਨ ਹਾਊਸ ਗੈਸਾਂ (ਜੋ ਕਿ ਕਾਰਬਨ ਡਾਇਆਕਸਾਈਡ ਤੇ ਮੀਥੇਨ ਗੈਸਾਂ ਨਾਲ ਭਰਪੂਰ ਹਨ) ਪੈਦਾ ਹੁੰਦੀਆਂ ਹਨ, ਜੋ ਕਿ ਨਾ ਸਿਰਫ ਵਾਤਾਵਰਣ ਨੂੰ ਪ੍ਰਦੂਸ਼ਤ ਕਰਦੀਆਂ ਹਨ, ਸਗੋਂ ਇਸ ਨਾਲ ਵੱਡੇ ਪੱਧਰ ਤੇ ਵਾਤਾਵਰਣ ਵਿੱਚ ਗਰਮੀ ਪੈਦਾ ਹੋ ਰਹੀ ਹੈ ਤੇ ਧਰਤੀ ਦੀ ਉਪਰਲੀ ਤਹਿ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਜੇ ਇਹ ਤਾਪਮਾਨ ਇਸੇ ਤਰ੍ਹਾਂ ਵਧਦਾ ਗਿਆ ਤਾਂ ਧਰਤੀ ਤੇ ਮਨੁੱਖਾਂ ਸਮੇਤ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ, ਬਨਸਪਤੀ ਆਦਿ ਦਾ ਜੀਵਨ ਤਬਾਹ ਹੋ ਸਕਦਾ ਹੈ। ਜਿਸ ਤਰ੍ਹਾਂ ਮੌਜੂਦਾ ਕਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਤਾਂ ਸਿਰਫ ਮਨੁੱਖੀ ਜਾਨਾਂ ਤੇ ਆਰਥਿਕਤਾ ਦਾ ਹੀ ਨੁਕਸਾਨ ਹੋ ਰਿਹਾ ਹੈ, ਪਰ 'ਗਲੋਬਲ ਵਾਰਮਿੰਗ' ਦੀ ਮਹਾਂਮਾਰੀ ਨਾਲ ਸਭ ਕੁਝ ਹੀ ਤਬਾਹ ਹੋਣ ਦੀ ਸੰਭਾਵਨਾ ਹੈ? ਪਿਛਲੇ 150 ਸਾਲਾਂ ਵਿੱਚ ਇਹ ਤਾਪਮਾਨ 1.5 ਡਿਗਰੀ ਤੱਕ ਵਧ ਚੁੱਕਾ ਹੈ ਤੇ ਜੇ ਇਸੇ ਤਰ੍ਹਾਂ ਵਧਦਾ ਗਿਆ ਤਾਂ ਅਗਲੇ 50 ਸਾਲਾਂ ਵਿੱਚ ਇਹ ਤਾਪਮਾਨ 2 ਡਿਗਰੀ ਵਧ ਜਾਵੇਗਾ। ਜਿਸ ਨਾਲ ਸਮੁੰਦਰ ਵਿਚਲੇ ਬਰਫ ਦੇ ਗਲੇਸ਼ੀਅਰ ਤੇਜੀ ਨਾਲ ਪਿਘਲਣ ਲੱਗਣਗੇ (ਜੋ ਕਿ ਪਿਛਲੇ 50 ਸਾਲਾਂ ਤੋਂ ਹੌਲੀ-ਹੌਲੀ ਪਿਘਲ ਰਹੇ ਹਨ), ਸਮੁੰਦਰ ਦੇ ਪਾਣੀ ਦਾ ਲੈਵਲ ਉਪਰ ਹੋਣ ਨਾਲ ਹੜ੍ਹ ਤੇ ਸੁਨਾਮੀਆ ਵਧਣਗੀਆਂ, ਵਾਤਵਰਣ ਵਿੱਚ ਤਬਦੀਲੀ (ਵਾਤਾਵਰਣ ਦਾ ਤਵਾਜਨ ਵਿਗੜਨ ਨਾਲ) ਨਾਲ ਤੂਫਾਨ ਆਉਣਗੇ, ਕਿਤੇ ਮੀਂਹ ਜ਼ਿਆਦਾ ਪਵੇਗਾ, ਕਿਤੇ ਸੋਕਾ ਪਵੇਗਾ, ਕਿਤੇ ਗਰਮੀ ਜ਼ਿਆਦਾ ਤੇ ਕਿਤੇ ਸਰਦੀ ਜ਼ਿਆਦਾ ਹੋਵੇਗੀ, ਕਿਤੇ ਬਰਫ ਜ਼ਿਆਦਾ ਪਵੇਗੀ। ਵਾਤਾਵਰਣ ਦੀ ਇਸ ਤਬਦੀਲੀ ਨਾਲ ਧਰਤੀ ਤੇ ਜੀਵਨ ਵਿੱਚ ਅਜਿਹੀ ਉਥਲ ਪੁਥਲ ਤੇ ਤਬਾਹੀ ਹੋਵੇਗੀ, ਜਿਸਨੂੰ ਰੋਕਣਾ ਮਨੁੱਖ ਦੇ ਵੱਸ ਵਿੱਚ ਨਹੀਂ ਹੋਵੇਗਾ। ਵਾਤਾਵਰਣ ਦੇ ਮਾਹਰ ਵਿਗਿਆਨੀਆਂ ਅਨੁਸਾਰ ਸਾਨੂੰ ਵਧਦੇ ਤਾਪਮਾਨ ਨੂੰ 150 ਸਾਲ ਪਿਛੇ ਉਦਯੋਗਿਕ ਕ੍ਰਾਂਤੀ ਦੇ ਦੌਰ ਵਿੱਚ ਲਿਜਾਣਾ ਪਵੇਗਾ ਭਾਵ 1.5 ਡਿਗਰੀ ਤਾਪਮਾਨ ਘਟਾਉਣਾ ਪਵੇਗਾ, ਜਦਕਿ ਹੁਣ ਹਰ 50 ਸਾਲ ਵਿੱਚ 0.5 ਡਿਗਰੀ ਵਧ ਰਿਹਾ ਹੈ। ਜੇ ਸਰਕਾਰਾਂ ਤੇ ਲੋਕ ਅੱਜ ਤੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਲੈ ਕੇ ਕੰਮ ਕਰਨ ਤਾਂ ਅਗਲੇ 50 ਕੁ ਸਾਲਾਂ ਵਿੱਚ ਅਸੀਂ ਉਸ ਮਿਸ਼ਨ ਵਿੱਚ ਕਾਮਯਾਬ ਹੋ ਸਕਾਂਗੇ?

ਵਾਤਵਰਣ ਤੇ ਤਾਪਮਾਨ ਵਿੱਚ ਇਹ ਤਬਦੀਲੀ ਮਨੁੱਖੀ ਜੀਵਨ ਨੂੰ ਦਿਨੋਂ ਦਿਨ ਪ੍ਰਭਾਵਤ ਕਰ ਰਹੀ ਹੈ, ਪਿਛਲੇ ਦੋ ਦਹਾਕਿਆਂ ਵਿੱਚ ਇਹ ਤਬਦੀਲੀ ਬੜੀ ਤੇਜ਼ੀ ਨਾਲ ਹੋ ਰਹੀ ਹੈ। ਬੇਸ਼ੱਕ ਮੌਜੂਦਾ ਮਹਾਂਮਾਰੀ ਕਾਰਨ ਚੱਲ ਰਹੇ ਲਾਕਡਾਊਨ ਕਰਕੇ ਕੁਝ ਫਰਕ ਪਿਆ ਹੈ, ਪਰ ਮੌਸਮ ਵਿਗਿਆਨੀਆਂ ਦਾ ਅਜੇ ਵੀ ਮੰਨਣਾ ਹੈ ਕਿ ਜਦੋਂ ਤੋਂ ਸਾਡੇ ਕੋਲ ਤਾਪਮਾਨ ਰਿਕਾਰਡ ਕਰਨ ਦਾ ਇਤਿਹਾਸ ਹੈ, ਇਹ ਸਾਲ ਦੁਨੀਆਂ ਭਰ ਵਿੱਚ ਹੁਣ ਤੱਕ ਦਾ ਸਭ ਤੋਂ ਗਰਮ ਵਰ੍ਹਾ ਹੋਵੇਗਾ। ਬੇਸ਼ੱਕ ਵਿਗਿਆਨੀਆਂ ਨੇ ਤਾਪਮਾਨ ਵਿੱਚ ਤਬਦੀਲੀ ਨੂੰ ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿੱਚ ਭਾਂਪ ਲਿਆ ਸੀ, ਪਰ ਸਰਕਾਰਾਂ ਤੇ ਵੱਡੀਆਂ ਸਰਮਾਏਦਾਰ ਕੰਪਨੀਆਂ ਨੇ ਮੁਨਾਫੇ ਦੀ ਦੌੜ ਵਿੱਚ ਇਸਨੂੰ ਕਦੇ ਵੀ ਸੀਰੀਅਸ ਨਹੀਂ ਲਿਆ ਸੀ। ਇਹ ਵੀ ਵਰਤਨਣਯੋਗ ਹੈ ਕਿ ਬਿਜਲੀ ਦੇ ਬਲਬ ਦੀ ਕਾਢ ਕੱਢਣ ਵਾਲੇ ਵਿਗਿਆਨੀ ਥੌਮਸ ਐਡੀਸਨ ਨੇ ਤਾਂ 1930 ਵਿੱਚ ਹੀ ਗਲੋਬਲ ਵਾਰਮਿੰਗ ਬਾਰੇ ਸੰਕੇਤ ਦੇ ਦਿੱਤੇ ਹਨ। ਪਿਛਲੇ 2-3 ਦਹਾਕਿਆਂ ਤੋਂ ਵਾਤਾਵਰਣ ਪ੍ਰੇਮੀਆਂ ਅਤੇ ਵਿਗਿਆਨੀਆਂ ਦੇ ਸਾਂਝੇ ਯਤਨਾਂ ਨਾਲ ਇਸ ਸਬੰਧੀ ਸਾਰੀ ਦੁਨੀਆਂ ਵਿੱਚ ਸੀਰੀਅਸ ਚਰਚਾ ਸ਼ੁਰੂ ਹੋਈ ਸੀ। ਇਸ ਸਬੰਧੀ ਯੂਨਾਈਟਡ ਨੇਸ਼ਨ ਦੀ ਅਗਵਾਈ 120 ਦੇਸ਼ਾਂ ਅਧਾਰਿਤ ਸੰਸਥਾ 'ਇੰਟਰਗਵਰਮੈਂਟਲ ਪੈਨਲ ਆਨ ਕਲਾਈਮੇਟ ਚੇਂਜ' (IPCC) ਨੇ ਆਪਣੀ 2015 ਦੀ ਰਿਪੋਰਟ ਵਿੱਚ ਸਾਰੀਆਂ ਸਰਕਾਰਾਂ ਨੂੰ ਸਾਂਝੇ ਤੌਰ 'ਤੇ ਯਤਨ ਕਰਨ ਲਈ ਗਰੀਨ ਹਾਊਸ ਗੈਸਾਂ ਘਟਾਉਣ ਲਈ ਬਜਟ ਰੱਖਣ ਦੀ ਸਿਫਾਰਸ਼ ਕੀਤੀ ਸੀ। ਜਿਸ ਨਾਲ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨੇ ਬਜਟ ਵੀ ਰੱਖੇ ਸਨ, ਕੈਨੇਡਾ ਸਰਕਾਰ ਨੇ ਕਾਰਬਨ ਟੈਕਸ ਲਗਾਉਣ ਦਾ ਫੈਸਲਾ ਕੀਤਾ ਸੀ ਭਾਵੇਂ ਇਤਨੇ ਵੱਡੇ ਖਤਰੇ ਨੂੰ ਨਜ਼ਰ ਅੰਦਾਜ ਕਰਕੇ ਸਾਡੇ ਸੂਬੇ ਦੇ ਮੁੱਖ ਮੰਤਰੀ ਜੇਸਨ ਕੈਨੀ ਦੀ ਸਰਕਾਰ ਵਲੋਂ ਕਾਰਬਨ ਟੈਕਸ ਦਾ ਵਿਰੋਧ ਕੀਤਾ ਜਾ ਰਿਹਾ ਹੈ ਤਾਂ ਕਿ ਤੇਲ ਦੀਆਂ ਵੱਡੀਆਂ ਕੰਪਨੀਆਂ ਨੂੰ ਖੁਸ਼ ਕੀਤਾ ਜਾ ਸਕੇ। ਬੇਸ਼ੱਕ ਇਹ ਮਨੁੱਖਤਾ ਦੀ ਹੋਂਦ ਨਾਲ ਜੁੜਿਆ ਬੜਾ ਸੀਰੀਅਸ ਮੁੱਦਾ ਹੈ, ਪਰ ਫਿਰ ਵੀ ਅਮਰੀਕਾ ਵਰਗੇ ਕਈ ਵੱਡੇ ਸਰਮਾਏਦਾਰ ਦੇਸ਼ ਇਸਨੂੰ ਗੰਭੀਰਤਾ ਨਾਲ ਨਹੀ ਲੈ ਰਹੇ ਕਿਉਂਕਿ ਕੋਈ ਵੀ ਸਰਮਾਏਦਾਰ ਆਪਣੇ ਮੁਨਾਫਿਆਂ ਤੇ ਅਸਰ ਨਹੀਂ ਦੇਖਣਾ ਚਾਹੁੰਦਾ। ਪਰ ਅਚਾਨਕ ਪਿਛਲੇ ਸਾਲ ਦੇ ਅਖੀਰ ਵਿੱਚ ਚੀਨ ਦੇ ਇੱਕ ਪ੍ਰਾਂਤ 'ਬੂਹਾਨ' ਵਿੱਚ ਫੈਲੇ 'ਕਰੋਨਾ ਵਾਇਰਸ' ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕੁਝ ਕੁ ਮਹੀਨਿਆਂ ਵਿੱਚ ਇਹ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਵੇਗਾ। ਵੱਡੇ ਸਰਮਾਏਦਾਰ ਪੱਛਮੀ ਦੇਸ਼ਾਂ ਨੇ ਇਹ ਕਦੇ ਕਿਆਸ ਅਰਾਈ ਵੀ ਨਹੀਂ ਕੀਤੀ ਸੀ ਕਿ ਉਨ੍ਹਾਂ ਨੂੰ ਇਕਦਮ ਸਾਰਾ ਕੁਝ ਲਾਕਡਾਊਨ ਕਰਨਾ ਪਵੇਗਾ ਤੇ ਸਾਰਾ ਵਪਾਰ ਠੱਪ ਹੋ ਜਾਵੇਗਾ। ਮਾਰਚ ਮਹੀਨੇ ਦੇ ਅੱਧ ਤੋਂ ਦੁਨੀਆਂ ਦੇ ਤਕਰੀਬਨ ਸਾਰੇ ਵੱਡੇ ਦੇਸ਼ (ਖਾਸਕਰ ਪੱਛਮੀ ਦੇਸ਼) ਲਾਕਡਾਊਨ ਅਧੀਨ ਹਨ, ਸਭ ਕਾਰੋਬਾਰ ਤੇ ਫੈਕਟਰੀਆਂ ਬੰਦ ਹੋ ਰਹੀਆਂ ਹਨ, ਕਰੋਨਾ ਵਾਇਰਸ ਦਾ ਪ੍ਰਕੋਪ ਦਿਨੋ ਦਿਨ ਵਧ ਰਿਹਾ ਹੈ ਤੇ ਕੰਟਰੋਲ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ। ਪੱਛਮੀ ਦੇਸ਼ਾਂ ਵਿੱਚ ਕਰੋਨਾ ਵਾਇਰਸ ਦੇ ਵਧਣ ਦਾ ਵੱਡਾ ਕਾਰਨ ਇਨ੍ਹਾਂ ਦੇਸ਼ਾਂ ਵਲੋਂ ਸ਼ੁਰੂ ਵਿੱਚ ਇਸਨੂੰ ਬਹੁਤਾ ਸੀਰੀਅਸ ਨਹੀਂ ਲਿਆ। ਲੋਕ ਆਮ ਵਾਂਗ ਸਫਰ ਕਰਦੇ ਰਹੇ। ਬੇਸ਼ੱਕ ਚੀਨ ਵਿੱਚ ਫੈਲੇ ਵਾਇਰਸ ਦਾ ਪਤਾ ਜਨਵਰੀ ਸ਼ੁਰੂ ਵਿੱਚ ਹੀ ਲੱਗ ਗਿਆ ਸੀ, ਤਾਂ ਵੀ ਪੱਛਮੀ ਦੇਸ਼ ਮਾਰਚ ਤੱਕ ਸੁੱਤੇ ਰਹੇ ਕਿ ਸਾਡੇ ਨਾਲ ਕੁਝ ਨਹੀਂ ਹੋਣ ਵਾਲਾ। ਪਰ ਹੁਣ ਇਸਦੀ ਜਕੜ ਵਿੱਚ ਅਜਿਹੇ ਆਏ ਹਨ ਕਿ ਸਿਰਫ 6 ਹਫਤਿਆਂ ਵਿੱਚ ਸਰਮਾਏਦਾਰੀ ਦੇ ਸਰਦਾਰ ਦੇਸ਼ਾਂ ਦੀ ਆਰਥਿਕਤਾ ਡਰਗਮਗਾਉਣ ਲੱਗੀ ਹੈ, ਹੈਲਥ ਕੇਅਰ ਸਿਸਟਮ ਫੇਲ੍ਹ ਹੋ ਰਿਹਾ ਹੈ। ਵੱਡੀ ਗਿਣਤੀ ਵਿੱਚ ਰੋਜ਼ਾਨਾ ਮੌਤਾਂ ਹੋ ਰਹੀਆਂ ਹਨ। ਮਨੁੱਖੀ ਸਰੀਰ ਸਬੰਧੀ ਵੱਡੀਆਂ-ਵੱਡੀਆਂ ਬੀਮਾਰੀਆਂ ਦੇ ਇਲਾਜ ਲੱਭਣ ਵਾਲਿਆਂ ਦੇ ਇੱਕ ਛੋਟੇ ਜਿਹੇ ਵਾਇਰਸ ਅੱਗੇ ਹੱਥ ਖੜੇ ਹਨ। ਕਰੋਨਾ ਵਾਇਰਸ ਦੀ ਗਰੀਬਾਂ ਤੇ ਬਜ਼ੁਰਗਾਂ ਤੇ ਵੱਧ ਮਾਰ ਪੈ ਰਹੀ ਹੈ, ਖਾਸਕਰ ਜਿਥੇ ਹੈਲਥ ਕੇਅਰ ਸਿਟਮ ਪ੍ਰਾਈਵੇਟ ਹੈ, ਉਥੇ ਗਰੀਬ ਇਲਾਜ ਕਰਾਉਣ ਤੋਂ ਅਸਮਰਥ ਹਨ। ਅੱਜ 30 ਅਪਰੈਲ ਤੱਕ ਮਰਨ ਵਾਲੇ 2 ਲੱਖ 30 ਹਜ਼ਾਰ ਵਿਅਕਤੀਆਂ ਵਿੱਚੋਂ 1 ਲੱਖ 80 ਵਿਅਕਤੀ ਸਿਰਫ ਪੱਛਮੀ ਸਰਮਾਏਦਾਰ ਦੇਸ਼ਾਂ ਅਮਰੀਕਾ, ਸਪੇਨ, ਇਟਲੀ, ਇੰਗਲੈਂਡ, ਫਰਾਂਸ, ਜਰਮਨੀ, ਰਸ਼ੀਆ ਹਨ। ਜਿਨ੍ਹਾਂ ਵਲੋਂ ਸਭ ਤੋਂ ਵੱਧ ਤੇ ਵਧੀਆ ਮੈਡੀਕਲ ਸਹੂਲਤਾਂ ਦਾ ਦਾਅਵਾ ਕੀਤਾ ਜਾਂਦਾ ਹੈ।

ਕਰੋਨਾ ਵਾਇਰਸ (ਕੋਵਡ-19) ਕਾਰਨ ਜਦੋਂ ਦੁਨੀਆਂ ਭਰ ਵਿੱਚ ਅੱਧੀਆਂ ਤੋਂ ਵੱਧ ਕਾਰਾਂ ਖੜ ਗਈਆਂ ਹਨ, ਰੇਲਾਂ ਤੇ ਪਬਲਿਕ ਟਰਾਂਸਪੋਰਟ ਵੀ ਕਾਫੀ ਘੱਟ ਹੈ, ਸਮੁੰਦਰੀ ਸ਼ਿੱਪ ਚੱਲਣੇ ਬੰਦ ਹਨ, ਵੱਡੇ ਪੱਧਰ ਤੇ ਫੈਕਟਰੀਆਂ ਬੰਦ ਹਨ, ਇਸ ਨਾਲ ਨਾ ਸਿਰਫ ਗਰੀਨ ਹਾਊਸ ਗੈਸਾਂ ਦਾ ਧੂੰਆਂ ਵੱਡੀ ਪੱਧਰ ਤੇ ਘਟਿਆ ਹੈ, ਸਗੋਂ ਜੰਗਲੀ ਜਾਵਰਾਂ ਤੇ ਸਮੁੰਦਰੀ ਜੀਵਾਂ ਨੂੰ ਕੁਝ ਸਮੇਂ ਲਈ ਸੁੱਖ ਦਾ ਸਾਹ ਆਇਆ ਹੈ।ਚੀਨ ਵਿੱਚ ਕੁਝ ਸਮੇਂ ਲਈ ਬੰਦ ਹੋਣ ਨਾਲ ਗੈਸਾਂ ਦਾ ਨਿਕਾਸ (Emissions) 25% ਘਟਿਆ ਸੀ। ਪਰ ਹੁਣ ਫਿਰ ਉਸੇ ਰਫਤਾਰ ਤੇ ਫੈਕਟਰੀਆਂ ਚਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਸਭ ਤੋਂ ਪਹਿਲਾਂ ਚੀਨ ਤੇ ਇਟਲੀ ਵਿੱਚ ਘਟੇ ਪ੍ਰਦੂਸ਼ਣ ਦਾ ਪ੍ਰਭਾਵ ਦੇਖਣ ਨੂੰ ਮਿਲਿਆ ਸੀ। ਅਮਰੀਕਾ ਦੇ ਵੱਡੇ ਸ਼ਹਿਰਾਂ ਵਿੱਚ ਪ੍ਰਦੂਸ਼ਣ ਦਾ ਘਟ ਰਿਹਾ ਪ੍ਰਭਾਵ ਸਪੱਸ਼ਟ ਦਿਖਾਈ ਦੇ ਰਿਹਾ ਹੈ। ਇਸ ਨਾਲ ਦੁਨੀਆਂ ਭਰ ਵਿੱਚ ਇਹ ਪ੍ਰਭਾਵ ਬਣ ਰਿਹਾ ਸੀ ਕਿ ਸ਼ਾਇਦ ਜਿਹੜਾ ਗਲੋਬਲ ਵਾਰਮਿੰਗ ਦੇ ਪ੍ਰਭਾਵ ਨੂੰ ਘਟਾਉਣ ਲਈ ਯਤਨ ਕਰਕੇ 50 ਸਾਲਾਂ ਵਿੱਚ ਤਾਪਮਾਨ 2 ਡਿਗਰੀ ਘਟਾਉਣਾ ਸੀ, ਉਹ ਮਿਸ਼ਨ ਸ਼ਾਇਦ ਕੁਝ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ। ਪਰ ਹੁਣ ਆ ਰਹੀਆਂ ਰਿਪੋਰਟਾਂ ਅਨੁਸਾਰ ਅਜਿਹਾ ਮਹਿਜ ਇੱਕ ਖੁਸ਼ਫਹਿਮੀ ਤੋਂ ਵੱਧ ਕੁਝ ਨਹੀਂ ਹੈ। ਕਰੋਨਾ ਵਾਇਰਸ ਦਾ ਪ੍ਰਭਾਵ ਕੁਝ ਮਹੀਨਿਆਂ ਵਿੱਚ ਘਟ ਜਾਵੇਗਾ ਤੇ ਲਾਕਡਾਊਨ ਖੁੱਲ੍ਹ ਜਾਣਗੇ ਤਾਂ ਸਭ ਪਾਸੇ ਪ੍ਰਦੂਸ਼ਣ ਫੈਲਾਉਂਦੀਆਂ ਫੈਕਟਰੀਆਂ ਤੇ ਕਾਰਾਂ ਆਦਿ ਉਸੇ ਤਰ੍ਹਾਂ ਗਰੀਨ ਗੈਸਾਂ ਛੱਡਣ ਦਾ ਕੰਮ ਆਰੰਭ ਦੇਣਗੀਆਂ। ਇਸ ਲਈ ਇਹ ਰਾਹਤ ਸਿਰਫ ਅਸਥਾਈ ਹੈ। ਇੱਕ ਰਿਪੋਰਟ ਅਨੁਸਾਰ ਕੈਲੇਫੋਰਨੀਆ ਦੀ ਸਟੈਂਡਫੋਰਡ ਯੂਨੀਵਰਸਿਟੀ ਦੇ ਅਰਥ ਸਿਸਟਮ (Earth System) ਮਾਹਰ ਰੌਬ ਜੈਕਸਨ ਅਨੁਸਾਰ ਸਾਰੀ ਦੁਨੀਆਂ ਵਿੱਚ ਅਪਰੈਲ ਮਹੀਨੇ ਵਿੱਚ 5% ਦੇ ਕਰੀਬ ਗੈਸਾਂ ਦਾ ਨਿਕਾਸ ਘਟਿਆ ਹੈ, ਜਿਸ ਨਾਲ ਵਾਤਾਵਰਣ ਤੇ ਕੁਝ ਅਸਥਾਈ ਪ੍ਰਭਾਵ ਪੈ ਰਿਹਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ 75 ਸਾਲਾਂ ਵਿੱਚ ਪਹਿਲੀ ਵਾਰ 5% ਗੈਸਾਂ ਦਾ ਨਿਕਾਸ ਘਟਿਆ ਹੈ, ਜਦਕਿ ਪਹਿਲਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਹਰ ਸਾਲ ਵਧਦਾ ਜਾ ਰਿਹਾ ਸੀ। ਇਸ ਮਾਹਰ ਅਨੁਸਾਰ ਬੇਸ਼ੱਕ ਇਹ ਵੱਡੀ ਤਬਦੀਲੀ ਨਜ਼ਰ ਆ ਰਹੀ ਹੈ, ਪਰ ਜਦੋਂ ਹੀ ਲਾਕਡਾਊਨ ਖੁੱਲ੍ਹੇਗਾ ਤਾਂ ਦੁਨੀਆਂ ਇੱਕਦਮ ਪਹਿਲਾਂ ਤੋਂ ਵੀ ਵੱਧ ਦੌੜ ਵਿੱਚ ਪੈ ਜਾਵੇਗੀ, ਜਿਸ ਨਾਲ ਇਸ ਅਸਥਾਈ ਤਬਦੀਲੀ ਨਾਲ ਲੰਬੇ ਸਮੇਂ ਲਈ ਕੋਈ ਬਹੁਤਾ ਪ੍ਰਭਾਵ ਨਹੀਂ ਰਹੇਗਾ। ਯੂਨਾਈਟਿਡ ਨੇਸ਼ਨ ਦੇ ਸੈਕਟਰੀ ਜਨਰਲ ਐਨਟੋਨੀਓ ਗੁਟਰੇਸ ਅਨੁਸਾਰ ਕਰੋਨਾ ਵਾਇਰਸ ਬੇਸ਼ਕ ਮਨੁੱਖਤਾ ਲਈ ਵੱਡੀ ਤੇ ਦੁਖਦਾਈ ਮਹਾਂਮਾਰੀ ਹੈ ਤੇ ਇਸ ਨਾਲ ਗਲੋਬਲ ਵਾਰਮਿੰਗ ਜਾਂ ਕਲਾਈਮੇਟ ਚੇਂਜ ਤੇ ਵੀ ਕੁਝ ਸਮੇਂ ਲਈ ਚੰਗਾ ਪ੍ਰਭਾਵ ਪੈ ਰਿਹਾ ਹੈ, ਪਰ ਕੁਝ ਸਮੇਂ ਦੇ ਲਾਕਡਾਊਨ ਤੋਂ ਬਾਅਦ ਜਦੋਂ ਜ਼ਿੰਦਗੀ ਉਸੇ ਰਫਤਾਰ ਜਾਂ ਉਸ ਤੋਂ ਵੀ ਤੇਜ਼ ਰਫਤਾਰ ਵਿੱਚ ਭੱਜ ਪਵੇਗੀ ਤਾਂ ਮਨੁੱਖਤਾ ਨੂੰ ਗਲੋਬਲ ਵਾਰਮਿੰਗ ਨਾਲ ਹੋਣ ਵਾਲੀ ਤਬਾਹੀ ਦੀ ਮਹਾਂਮਾਰੀ ਤੋਂ ਕੋਈ ਬਚਾਅ ਨਹੀਂ ਸਕੇਗਾ, ਇਸ ਲਈ ਸਾਨੂੰ ਬਹੁਤ ਖੁਸ਼ਫਹਿਮੀ ਵਿੱਚ ਨਹੀਂ ਰਹਿਣਾ ਚਾਹੀਦਾ। ਪਿਛਲੇ ਦਿਨੀਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਲੋਂ ਆਨਲਾਈਨ ਕੀਤੀ ਗਈ 'ਪੀਟਰਬਰਗ ਕਲਾਈਮੇਟ ਡਾਇਲਾਗ' ਵਿੱਚ ਕਰੋਨਾ ਵਾਇਰਸ ਨਾਲ ਆਰਥਿਕਤਾ ਤੇ ਪੈ ਰਹੇ ਪ੍ਰਭਾਵਾਂ ਦੇ ਨਾਲ ਇਹ ਮੁੱਦਾ ਜੋਰ ਨਾਲ ਵਿਚਾਰਿਆ ਗਿਆ ਕਿ ਇਸ ਮਹਾਂਮਾਰੀ ਦੀ ਆੜ ਵਿੱਚ ਗਲੋਬਲ ਵਾਰਮਿੰਗ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ।ਬੇਸ਼ਕ ਅਮਰੀਕਾ ਨੇ ਇਸ ਆਨਲਾਈਨ ਮੀਟਿੰਗ ਵਿੱਚ ਭਾਗ ਨਾ ਲੈ ਕੇ ਫਿਰ ਇਹ ਸੁਨੇਹਾ ਦਿੱਤਾ ਹੈ ਕਿ ਉਹ ਇਸ ਪ੍ਰਤੀ ਗੰਭੀਰ ਨਹੀਂ।

ਬੇਸ਼ੱਕ ਇਸ ਵਕਤ ਸਭ ਦਾ ਧਿਆਨ ਕਰੋਨਾ ਵਾਇਰਸ ਦੀ ਮਹਾਂਮਾਰੀ ਤੋਂ ਬਚਣ ਤੇ ਇਸ ਵਿੱਚੋਂ ਨਿਕਲਣ ਵੱਲ ਹੈ ਤੇ ਹੋਣਾ ਵੀ ਚਾਹੀਦਾ ਹੈ ਤਾਂ ਕਿ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕੇ ਅਤੇ ਡਿਗ ਰਹੀ ਆਰਥਿਕਤਾ ਤੋਂ ਦੁਨੀਆਂ ਬਚ ਸਕੇ। ਜੇ ਇਹ ਮਹਾਂਮਾਰੀ ਲੰਬਾ ਸਮਾਂ ਚੱਲਦੀ ਹੈ ਤਾਂ ਕੋਈ ਸ਼ੱਕ ਨਹੀਂ ਕਿ ਮਨੁੱਖੀ ਜਾਨਾਂ ਦਾ ਨੁਕਸਾਨ ਤਾਂ ਹੋਵੇਗਾ ਹੀ, 1930 ਵਾਂਗ ਵੱਡਾ ਆਰਥਿਕ ਮੰਦਵਾੜਾ ਵੀ ਆ ਸਕਦਾ ਹੈ। ਜਿਸ ਨਾਲ ਕਰੋਨਾ ਵਾਇਰਸ ਦੇ ਨਾਲ-ਨਾਲ ਦੁਨੀਆਂ ਵਿੱਚ ਭੁੱਖਮਰੀ ਵੀ ਫੈਲ ਸਕਦੀ ਹੈ? ਇਸ ਲਈ ਸਭ ਨੂੰ ਸਹਿਯੋਗ ਕਰਨ ਦੀ ਲੋੜ ਹੈ। ਪਰ ਇਸ ਸਭ ਦੇ ਬਾਵਜੂਦ ਇੱਕ ਗੱਲ ਸਪੱਸ਼ਟ ਹੈ ਕਿ ਇਸ ਮਹਾਂਮਾਰੀ ਤੋਂ ਬਾਅਦ 'ਗਲੋਬਲ ਵਾਰਮਿੰਗ' ਦੀ ਮਹਾਂਮਾਰੀ ਸਾਰੀ ਮਨੁੱਖਤਾ ਤੇ ਮੰਡਰਾ ਰਹੀ ਹੈ, ਜਿਸ ਲਈ ਸਭ ਦੇ ਸਾਂਝੇ ਯਤਨ ਹੀ ਮਨੁੱਖਤਾ ਨੂੰ ਬਚਾਅ ਸਕਦੇ ਹਨ। ਸਰਕਾਰਾਂ ਆਪਣਾ ਕਰਨ ਤੇ ਲੋਕ ਆਪਣਾ ਯੋਗਦਾਨ ਪਾਉਣ ਤਾਂ ਹੀ ਇਸ ਤੋਂ ਬਚ ਸਕਾਂਗੇ।




ALKARIM TRAVEL & TOURS
Less Fares Guaranteed
ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।
Best Fares to and from :
India, Pakistan, Afghanistan, Bangladesh, Sri Lanka, Africa, Fiji & Beyond
Arrange Nanakana Sahib Yatra Group & Vacation packages
PASSPORT SERVICE, VISA SERVICE
SUPER VISA & SUPER VISA INSURANCE
Money Transfer via TRANS-FAST,
"Indian Visa application fee $10 only"
403-454-8011
VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com

# ਏਜੰਡਾ ਨਿੱਜੀਕਰਨ ਦਾ ਇਲਜ਼ਾਮ ਕਰਮਚਾਰੀਆਂ 'ਤੇ

(ਸਫ਼ਾ 7 ਦੀ ਬਾਕੀ)

ਕੇ ਕਰਮਚਾਰੀਆਂ ਦਾ ਬੁਢਾਪਾ ਰੋਲਣ ਦਾ ਮੁੱਢ ਬੰਨ ਦਿੱਤਾ। ਸਮੁੱਚਾ ਰਾਜਨੀਤਕ ਤੰਤਰ ਜਿਹੜਾ ਕਰੋੜਾਂ-ਅਰਬਾਂ ਪਤੀ ਹੈ ਤੇ ਜਿਸ ਕੋਲ ਕਮਾਈ ਦੇ ਹੋਰ ਵੀ ਅਣਗਿਣਤ ਸਾਧਨ ਹਨ। ਉਹ ਪੁਰਾਣੀ ਪੈਨਸ਼ਨ ਸਕੀਮ ਹੱਕਦਾਰ ਹੀ ਨਹੀਂ ਹੈ ਸਗੋਂ ਉਹ ਕਈ-ਕਈ ਪੈਨਸ਼ਨਾਂ ਲੈ ਰਹੇ ਨੇ। ਪੰਜਾਬ ਦਾ ਧਨਾਡ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 5 ਲੱਖ 35 ਹਜ਼ਾਰ ਪੈਨਸ਼ਨ ਲੈ ਰਿਹਾ ਹੈ ਤੇ ਵਿਧਾਇਕ ਦੀ ਤਨਖਾਹ ਵੱਖਰੀ ਲੈ ਰਿਹਾ ਪ੍ਰੰਤੂ ਮਹਿੰਗਾ ਪੈਂਦਾ ਇਸ ਦੇਸ਼ ਦਾ ਕਰਮਚਾਰੀ। ਜਿਸ ਕੋਲ ਬੁੜ੍ਹਾਪੇ ਵਿਚ ਪੈਨਸ਼ਨ ਤੋਂ ਇਲਾਵਾ ਹੋਰ ਕੋਈ ਆਮਦਨ ਦਾ ਵਸੀਲਾ ਨਹੀਂ ਹੁੰਦਾ।

ਦੇਸ਼ ਨੂੰ ਲੁੱਟ ਕੇ ਖਾ ਗਏ ਚੰਦ ਅਮੀਰ ਪੂੰਜੀਪਤੀ, ਦੇਸ਼ ਦੇ ਸਮੁੱਚੇ ਅਰਥਚਾਰੇ ਨੂੰ ਨਿਗਲ਼ ਗਏ 1 ਫੀਸਦੀ ਅਮੀਰ, ਦੇਸ਼ ਦੀ ਕਿਰਤ ਨੂੰ ਲੀਲ ਗਈਆਂ ਦੇਸੀ-ਵਿਦੇਸੀ ਕਾਰਪੋਰੇਸ਼ਨਾਂ, ਸਰਕਾਰੀ ਖਜਾਨੇ ਨੂੰ ਨਾਗਵਲ ਮਾਰ ਕੇ ਬੈਠ ਗਏ ਆਪੇ ਮੇਜ ਥਪ-ਥਪਾ ਆਪਣੀਆਂ ਤਨਖ਼ਾਹਾਂ ਭੱਤੇ ਵਧਾਉਣ ਵਾਲੇ ਸੰਸਦ ਮੈਂਬਰ, ਵਿਧਾਇਕ ਪਰੰਤੂ ਮਹਿੰਗਾ ਪੈਂਦਾ ਹੈ ਇੱਸ ਦੇਸ਼ ਦਾ ਹੱਥੀਂ ਤੇ ਤਕਨੀਕੀ ਕੰਮ ਕਰਨ ਵਾਲਾ ਕਰਮਚਾਰੀ।

ਪ੍ਰਚਾਰਿਆ ਜਾਂਦਾ ਹੈ ਕਿ ਸਰਕਾਰੀ ਕਰਮਚਾਰੀ ਸੁਸਤ ਹਨ, ਕੰਮਚੋਰ ਹਨ, ਫਰਲੋ ਤੇ ਰਹਿੰਦੇ ਹਨ ਵਗੈਰਾ-ਵਗੈਰਾ। ਜਦਕਿ ਸਚਾਈ ਤਾਂ ਇਹ ਵੀ ਹੈ ਇਸ ਮੁਲਕ ਦੇ ਕਰਮਚਾਰੀਆਂ ਨੇ ਹੀ ਦੇਸ਼ ਦੇ ਜਨਤਕ ਖੇਤਰ ਨੂੰ ਫ਼ਰਸ ਤੋਂ ਅਰਸ਼ ਤੱਕ ਪਹੁੰਚਾਇਆ ਸੀ। ਦੇਸ ਵਿਚ ਬਿਜਲੀ, ਰੇਲਵੇ, ਸੜਕਾਂ, ਟੈਲੀਫੋਨ ਆਦਿ ਦਾ ਜਾਲ ਵਸਾਇਆ ਸੀ। ਇਸ ਕਰਮਚਾਰੀ ਵਰਗ ਦੇ ਜਿਨ੍ਹਾਂ ਵਿਗਾੜਾਂ ਦਾ ਪ੍ਰਾਪੇਗੰਡਾ ਕਰਕੇ ਕਰਮਚਾਰੀਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਦਰਅਸਲ ਇਹ ਉਨ੍ਹਾਂ ਵਿਗਾੜਾਂ ਦਾ ਅੰਸ਼ ਮਾਤਰ ਹੀ ਹੈ ਜਿਹੜੇ ਵਿਗਾੜ ਦੇਸ ਦੀ ਅਫਸਰਸ਼ਾਹੀ ਤੇ ਰਾਜਨੀਤਕ ਜਮਾਤ ਵਿੱਚ ਲਾਗ ਦੀ ਬਿਮਾਰੀ ਵਾਂਗ ਫੈਲੇ ਹੋਏ ਹਨ। ਇਸ ਵਰਤਾਰੇ ਨੂੰ ਸਮਝਣ ਲਈ ਦੋ ਉਦਾਹਰਨਾਂ ਹੀ ਕਾਫੀ ਨੇ ਪਿਛਲੇ ਸਮੇਂ ਪੰਜਾਬ ਦੀ ਕੈਪਟਨ ਸਰਕਾਰ ਨੇ ਪੰਜਾਬ ਵਿਧਾਨ ਸਭਾ ਦਾ ਪੰਜ ਦਿਨ ਸਰਦ ਰੁੱਤ ਸੈਸ਼ਨ ਬੁਲਾ ਕੇ ਢਾਈ ਦਿਨ ਵੀ ਨਹੀਂ ਸੀ ਚਲਾਇਆ ਕਿਉਂਕਿ ਕੈਪਟਨ ਸਾਬ ਦਾ ਕਹਿਣਾ ਸੀ ਕਿ ਵਿਧਾਨ ਸਭਾ ਵਿੱਚ ਕਰਨ ਲਈ ਕੋਈ ਕੰਮ ਹੀ ਨਹੀਂ ਹੈ, ਫਿਰ ਵਿਧਾਨ ਸਭਾ ਵਿੱਚ ਕਿਉਂ ਬੈਠਣਾ?

ਜਿਸ ਸੂਬੇ ਦਾ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਿਆ ਹੋਵੇ, ਜਿੱਥੇ ਨਸ਼ਿਆਂ ਦੇ ਛੇਵੇਂ ਦਰਿਆ ਵਿੱਚ ਜਵਾਨੀ ਗਰਕ ਰਹੀ ਹੋਵੇ, ਜਿਥੇ ਸਰਕਾਰੀ ਖਜ਼ਾਨਾ ਭਾਂ-ਭਾਂ ਕਰਦਾ ਹੋਵੇ, ਸਮਾਜ ਭਲਾਈ ਦੇ ਕੰਮਾਂ ਤੇ ਵਿਕਾਸ ਲਈ ਪੈਸਾ ਵੀ ਨਾ ਹੋਵੇ, ਕਰਮਚਾਰੀਆਂ ਨੂੰ ਤਨਖਾਹਾਂ ਦੇਣ ਦੇ ਲਾਲੇ ਪਏ ਹੋਣ, ਜਿੱਥੇ ਮਾਵਾਂ ਦੇ ਪੁੱਤ ਬੇਰੁਜਗਾਰੀ ਦੇ ਮਾਰੇ ਸੱਤ ਸਮੁੰਦਰੋਂ ਪਾਰ ਜਾਣ ਲਈ ਮਜ਼ਬੂਰ ਹੋਣ, ਜਿਥੇ ਮਜ਼ਦੂਰ, ਕਿਸਾਨ, ਨੌਜਵਾਨ, ਕਰਮਚਾਰੀ, ਦਲਿਤ ਤੇ ਔਰਤਾਂ ਆਦਿ ਸਰਕਾਰ ਦਾ ਨਿੱਤ ਪਿਟ-ਸਿਆਪਾ ਕਰਦੇ ਹੋਣ ਤੇ ਸੂਬੇ ਦਾ ਮੁੱਖ ਮੰਤਰੀ ਆਖੇ ਕਿ ਕਰਨ ਲਈ ਕੰਮ ਹੀ ਨਹੀਂ ਹੈ ਤਾਂ ਦੱਸੋ ਕਮਚੋਰ ਕੌਣ ਹੈ?

ਦੂਜੀ ਉਦਾਹਰਨ ਅਖਬਾਰਾਂ ਵਿੱਚ ਖ਼ਬਰ ਛਪੀ ਕਿ 'ਫਰਲੋ ਬਣਿਆ ਸੰਸਦ ਦਾ ਸਰਦ ਰੁੱਤ ਇਜਲਾਸ' ਖ਼ਬਰ ਅਨੁਸਾਰ ਦੇਸ ਦੇ ਦਿਗਜ ਨੇਤਾ ਸੰਸਦ ਵਿਚ ਵੜੇ ਤੱਕ ਨਹੀਂ ਅਗਰ ਕੁਝ ਸੰਸਦ ਵਿਚ ਗਏ ਵੀ ਤਾਂ ਉਨ੍ਹਾਂ ਸੰਸਦ ਵਿਚ ਆਪਣੀ ਜੁਬਾਨ ਤਕ ਨਹੀਂ ਖੋਲੀ। ਜਿਹਨਾਂ ਵਿਚ ਸੁਖਬੀਰ ਸਿੰਘ ਬਾਦਲ, ਸੰਨੀ ਦਿਓਲ, ਹੰਸ ਰਾਜ ਹੰਸ ਵਰਗੇ ਆਗੂ ਵੀ ਸ਼ਾਮਲ ਸਨ। ਹੁਣ ਦੱਸੋ ਫਰਲੋ ਕੌਣ ਮਾਰਦਾ ਹੈ। ਬਹੁਤੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਦਰਸ਼ਨ ਲੋਕਾਂ ਨੂੰ ਪੰਜਾਂ ਸਾਲਾਂ ਬਾਅਦ ਚੋਣਾਂ ਵੇਲੇ ਹੀ ਹੁੰਦੇ ਹਨ ਪਰੰਤੂ ਫਰਲੋ ਦੇ ਨਾਂ ਤੇ ਬਦਨਾਮ ਕੌਣ ਹੈ ਕਰਮਚਾਰੀ।

ਹੁਣ ਗੱਲ ਭ੍ਰਿਸ਼ਟਾਚਾਰ ਦੀ ਮੰਨ ਲੈਂਦੇ ਹਾਂ ਕਿ ਕੁਝ ਕਰਮਚਾਰੀ ਭ੍ਰਿਸ਼ਟਾਚਾਰ ਕਰਦੇ ਹਨ। ਪ੍ਰੰਤੂ ਸਚਾਈ ਇਹ ਵੀ ਹੈ ਕਿ ਇਸ ਭ੍ਰਿਸ਼ਟਾਚਾਰ ਦੀਆਂ ਤੰਦਾਂ ਉਪਰ ਤੱਕ ਜੁੜੀਆਂ ਹੁੰਦੀਆਂ ਹਨ। ਬਹੁਤੇ ਕਰਮਚਾਰੀਆਂ ਦੇ ਭ੍ਰਿਸ਼ਟਾਚਾਰ ਦੀ ਕਮਾਈ ਭ੍ਰਿਸ਼ਟਾਚਾਰ ਦੇ ਹੀ ਲੇਖੇ ਲੱਗ ਜਾਂਦੀ ਹੈ। ਜੇਕਰ ਤੁਸੀਂ ਇਸ ਗੱਲ ਨਾਲ ਸਹਿਮਤ ਨਹੀਂ ਦੱਸਿਓ ਕਿੰਨੇ ਕੁ ਕਰਮਚਾਰੀਆਂ ਦੇ ਸਵਿਸ ਬੈਂਕਾਂ ਵਿੱਚ ਕਾਲੇ ਧਨ ਦੇ ਖਾਤੇ ਚਲਦੇ ਹਨ, ਕਿੰਨਿਆਂ ਨੇ ਕਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ ਵਰਗੇ ਮੁਲਕਾਂ ਵਿਚ ਫਾਰਮ ਹਾਊਸ ਤੇ ਬੰਗਲੇ ਖਰੀਦ ਰੱਖੇ ਹਨ।

ਦੂਜੇ ਪਾਸੇ ਰਾਜਨੀਤੀ ਵਿੱਚ ਪੈਰ ਰੱਖਣ ਦੇ ਚੰਦ ਸਾਲਾਂ ਬਾਅਦ ਜਿਹਨਾਂ ਦੀਆਂ ਜਮੀਨਾਂ ਤੇ ਕਾਰੋਬਾਰ ਦਿਨੇ ਵੀਹ ਗੁਣਾਂ ਰਾਤੀਂ ਸੌ ਗੁਣਾਂ ਵਧ ਜਾਂਦੇ ਹਨ। ਜਿਹੜੇ ਚੋਣਾਂ ਵੇਲੇ ਪੈਸਾ ਪਾਣੀ ਵਾਂਗ ਵਹਾਉਣ ਦੇ ਹਨ ਵਹਾਉਂਦੇ ਹਨ। ਉਹਨਾਂ ਬਾਰੇ ਕੀ ਖਿਆਲ ਹੈ? ਇਸ ਦਾ ਮਤਲਬ ਇਹ ਵੀ ਨਹੀਂ ਕਿ ਇਸ ਦਲੀਲ ਨਾਲ ਕਰਮਚਾਰੀਆਂ ਦੇ ਭ੍ਰਿਸ਼ਟਾਚਾਰ ਨੂੰ ਜਾਇਜ਼ ਠਹਿਰਾਇਆ ਜਾਵੇ ਪ੍ਰੰਤੂ ਸਾਨੂੰ ਇਹ ਗੱਲ ਕਦੇ ਨਹੀ ਭੁੱਲਣੀ ਚਾਹੀਦੀ ਕਿ ਪੌੜੀਆਂ ਹੋਣ ਜਾਂ ਭ੍ਰਿਸ਼ਟਾਚਾਰ ਸਫਾਈ ਹਮੇਸ਼ਾ ਉਪਰ ਤੋਂ ਸ਼ੁਰੂ ਕਰਨੀ ਪੈਂਦੀ ਹੈ।

ਤੇ ਕਰੋਨਾ ਵਾਇਰਸ ਸੰਕਟ ਨੇ ਇਕ ਵਾਰ ਫਿਰ ਦੇਸ਼ ਦੇ ਲੋਕਾਂ ਨੂੰ ਜਨਤਕ ਖੇਤਰ ਦੀ ਅਹਿਮੀਅਤ ਬਾਰੇ ਸ਼ਿੱਦਤ ਨਾਲ ਅਹਿਸਾਸ ਕਰਵਾਇਆ ਹੈ। ਮਹਾਮਾਰੀ ਸਮੇ ਵੀ ਜਨਤਕ ਖੇਤਰ ਦੇ ਕਰਮਚਾਰੀ ਚਾਹੇ ਡਾਕਟਰ, ਨਰਸਾਂ, ਪੈਰਾ ਮੈਡੀਕਲ ਸਟਾਫ ਹੋਵੇ, ਚਾਹੇ ਸਫਾਈ, ਸੁਰੱਖਿਆ ਕਰਮਚਾਰੀਆਂ ਚਾਹੇ ਬਿਜਲੀ, ਰੇਲਵੇ ਤੇ ਹੋਰ ਵਿਭਾਗਾਂ ਦੇ ਕਰਮਚਾਰੀ ਹਨ ਸੀਮਤ ਸਾਧਨਾਂ ਦੇ ਬਾਵਜੂਦ ਤੇ ਕਈ ਕਈ ਥਾਈਂ ਬਿਨਾਂ ਹਥਿਆਰਾਂ ਤੋਂ ਜੰਗ ਲੜ ਕੇ ਦੇਸ਼ ਤੇ ਸਮਾਜ ਨੂੰ ਬਚਾਉਣ ਵਿਚ ਲੱਗੇ ਹੋਏ ਹਨ। ਉਹ ਚੰਮ-ਚਮਾਉਂਦਾ ਨਿੱਜੀ ਖੇਤਰ ਜਿਸ ਦੀਆਂ ਦੇਸ਼ ਦੇ ਨੀਤੀਘਾੜੇ ਸਿਫਤਾਂ ਕਰਦੇ ਨਹੀਂ ਥੱਕਦੇ ਹਨ, ਕਿਧਰੇ ਨਜ਼ਰ ਨਹੀਂ ਆ ਰਿਹਾ ਤੇ ਨਿੱਜੀਕਰਨ ਦੇ ਵੱਡੇ ਮੁੱਦਈ ਹੁਣ ਪਤਾ ਨਹੀਂ ਕਿਹੜੀ ਖੁੱਡ ਵਿੱਚ ਲੁਕੇ ਬੈਠੇ ਹਨ। ਗੱਲ ਸਿੱਧੀ ਜਿਹੀ ਹੈ ਜਨਤਕ ਖੇਤਰ ਅਤੇ ਅਦਾਰੇ ਲੋਕਾਂ ਲਈ ਹੁੰਦੇ ਹਨ ਨਾ ਮੁਨਾਫ਼ੇ ਲਈ, ਨਾ ਪੂੰਜੀਪਤੀਆਂ ਦੀਆਂ ਤਿਜੌਰੀਆਂ ਭਰਨ ਲਈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਰਮਚਾਰੀਆਂ ਉਪਰ ਲਗਦੇ ਉਪਰੋਕਤ ਇਲਜ਼ਾਮਾਂ ਜਾਂ ਆਦਤਾਂ ਦੇ ਚਲਦਿਆਂ ਜਨਤਕ ਖੇਤਰ ਦੇ ਨਿੱਜੀਕਰਨ ਦੀ ਜ਼ਰੂਰਤ ਨਹੀਂ ਹੈ ਬਲਕਿ ਸਾਮਰਾਜੀ ਦੇਸ਼ਾਂ, ਸਾਮਰਾਜੀ ਸੰਸਥਾਵਾਂ ਜਿਵੇਂ ਸੰਸਾਰ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈਐਮਐਫ) ਤੇ ਵੱਡੀਆਂ ਵੱਡੀਆਂ ਦੇਸੀ-ਵਿਦੇਸੀ ਬਹੁ-ਰਾਸ਼ਟਰੀ ਕੰਪਨੀਆਂ ਦੇ ਦਬਾਅ ਹੇਠ ਦੇਸ਼ ਦੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਕਰਨ ਦਾ ਏਜੰਡਾ ਹੈ, ਜਿਸ ਨਤੀਜਾ ਪੂੰਜੀ ਦੇ ਚੰਦ ਹੱਥਾਂ ਵਿੱਚ ਸੁਗੜਨ ਵਿੱਚ ਨਿਕਲੇਗਾ ਜਿਵੇਂ ਆਕਸਫਾਮ ਰਿਪੋਰਟ ਵਿਚ ਸਾਹਮਣੇ ਆਇਆ ਹੈ। ਇਸ ਲਈ ਕਰਮਚਾਰੀਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਤਾਂ ਕਿ ਨਿੱਜੀਕਰਨ ਦੀ ਰਾਹ ਆਸਾਨ ਹੋ ਸਕੇ। ਜਿਸ ਵਿੱਚ ਕੁਝ ਕਰਮਚਾਰੀ ਵੀ ਜਾਣੇ-ਅਣਜਾਣੇ ਜਾਣੇ ਅਨਜਾਣੇ ਵਿਚ ਉਸ ਸਾਜਿਸ਼ ਦਾ ਸ਼ਿਕਾਰ ਹੋ ਚੁੱਕੇ ਹਨ। ਅਸਲ ਖੇਡ ਤਾਂ ਜਨਤਕ ਅਦਾਰਿਆਂ ਨੂੰ ਅੰਧਾ-ਧੁੰਦ ਮੁਨਾਫ਼ਿਆਂ ਲਈ ਵੱਡੀਆਂ-ਵੱਡੀਆਂ ਕਾਰਪੋਰੇਸ਼ਨ ਹਵਾਲੇ ਕਰਨ ਦੀ ਹੈ। ਸਮਾਗਮ ਦੇਸ਼ ਦੇ ਸਭ ਕਰਮਚਾਰੀਆਂ, ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਤੇ ਦੇਸ਼ ਦੀ ਸਮੁੱਚੀ ਮਿਹਨਤਕਸ਼ ਜਨਤਾ ਨੂੰ ਇਹ ਗੱਲ ਸਮਝਦੇ ਹੋਏ ਕਿ ਜਨਤਕ ਅਦਾਰਿਆਂ ਦੇ ਨਿਜੀਕਰਨ ਨਾਲ ਸਿਰਫ ਪੂੰਜੀਪਤੀ ਜ਼ਰਵਾਣਿਆਂ ਦੀਆਂ ਤਿਜੋਰੀਆਂ ਹੀ ਭਰਨੀਆਂ ਹਨ। ਦੇਸ਼ ਦੇ ਕਰਮਚਾਰੀਆਂ, ਕਿਰਤੀਆਂ ਤੇ ਆਮ ਲੋਕਾਂ ਦਾ ਨੁਕਸਾਨ ਹੀ ਹੋਣਾ ਹੈ। ਇਸ ਲਈ ਸਰਕਾਰੀ/ਰਾਜਨੀਤਕ ਤੰਤਰ, ਗੋਦੀ ਮੀਡੀਆ ਦੇ ਕੁਪ੍ਰਚਾਰ ਦਾ ਡੱਟ ਕੇ ਵਿਰੋਧ ਕਰਦੇ ਹੋਏ ਸਾਮਰਾਜੀ ਨੀਤੀਆਂ ਦਾ ਬਦਲ ਤਲਾਸ਼ਣਾ ਹੋਵੇਗਾ।

**ਅਮਰੀਕ ਸਿੰਘ**
**ਕਾਰਜਕਾਰੀ ਪ੍ਰਧਾਨ, ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ**
**ਰੇਲ ਕੋਚ ਫੈਕਟਰੀ, ਕਪੂਰਥਲਾ**
8437312220

# ਕਰੋਨਾ ਦੀ ਆੜ, ਦਿਹਾੜੀ ਕਾਨੂੰਨੀ ਘੰਟੇ 8 ਤੋਂ 12

- ਨਰਭਿੰਦਰ

ਲਾਕਡਾਊਨ ਦੀ ਆੜ 'ਚ ਮਜ਼ਦੂਰ ਜਮਾਤ ਉਤੇ ਸਭ ਤੋਂ ਵੱਡਾ ਹਮਲਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਹਿੰਦੋਸਤਾਨ ਟਾਈਮਜ਼ ਅਖ਼ਬਾਰ ਨੇ ਇਕ ਛੋਟੀ ਜਿਹੀ ਖ਼ਬਰ ਛਾਪੀ ਹੈ ਕਿ ਸਰਕਾਰਕਾਰਖਾਨਾ ਕਾਨੂੰਨ (1948) (ਫੈਕਟਰੀ ਐਕਟ) ਵਿਚ ਤਬਦੀਲੀ ਕਰਕੇ ਮਜ਼ਦੂਰੀ ਦਾ ਸਮਾਂ 8 ਘੰਟੇ ਨੂੰ ਵਧਾ ਕੇ 12 ਘੰਟੇ ਕਰਨ ਜਾ ਰਹੀ ਹੈ ਜਿਹ ਦਾ ਭਾਵ ਇਕ ਹਫ਼ਤੇ ਵਿਚ ਮਜ਼ਦੂਰ ਨੂੰ ਜਿਥੇ 48 ਘੰਟੇ ਕੰਮ ਕਰਨਾ ਪੈਂਦਾ ਸੀ ਹੁਣ 72 ਘੰਟੇ ਕੰਮ ਕਰਨਾ ਪਵੇਗਾ। ਇਹ ਇਕ ਖਤਰਨਾਕ ਹਮਲਾ ਹੈ।

8 ਘੰਟੇ ਕੰਮ ਦਾ ਅਧਿਕਾਰ ਕੌਮਾਂਤਰੀ ਕਿਰਤ ਸੰਗਠਨ ਦੀ ਪਹਿਲੀ ਕਨਵੈਨਸ਼ਨ ਜੋ 1919 ਨੂੰ ਹੋਈ ਸੀ, ਵਿਚ ਲਿਆ ਗਿਆ ਸੀ ਅਤੇ 8 ਘੰਟੇ ਕੰਮ ਦੇ ਦਿਨ ਲਈ ਦੁਨੀਆਂ ਦੇ ਮਜ਼ਦੂਰਾਂ ਨੇ ਇਕ ਇਤਿਹਾਸਕ ਲੜਾਈ ਲੜੀ ਸੀ ਅਤੇ ਸ਼ਹਾਦਤਾਂ ਦਿੱਤੀਆਂ ਸਨ। ਪਹਿਲੀ ਮਈ 1886 ਸ਼ਿਕਾਗੋ ਸ਼ਹਿਰ ਵਿਚ ਇਸ ਮੰਗ ਨੂੰ ਲੈ ਕੇ ਹੋਏ ਪ੍ਰਦਰਸ਼ਨ ਅਤੇ ਵਾਪਰੀ ਘਟਨਾ ਅਤੇ ਪਿਛੋਂ ਇਸ ਅੰਦੋਲਨ ਦੇ ਆਗੂਆਂ ਉਤੇ ਚਲੇ ਕੋਰਟ ਕੇਸਾਂ ਦਾ ਇਕ ਸ਼ਾਨਦਾਰ ਇਤਿਹਾਸ ਹੈ। 1883 ਤੋਂ ਪਹਿਲਾਂ ਸਨਅਤੀ ਖੇਤਰ ਵਿਚ ਮਜ਼ਦੂਰਾਂ ਤੋਂ 12-12 ਜਾਂ 16-16 ਘੰਟੇ ਕੰਮ ਲਿਆ ਜਾਂਦਾ ਸੀ। 1883 ਵਿਚ ਪਹਿਲੀ ਵਾਰ ਜਦੋਂ ਕੌਮਾਂਤਰੀ ਮਜ਼ਦੂਰ ਸੰਘ ਹੋਂਦ 'ਚ ਆਇਆ ਤਾਂ ਇਹ ਮੰਗ ਰੱਖੀ ਗਈ ਸੀ ਕਿ ਤਿੰਨ ਸਾਲਾਂ ਵਿਚ ਪੂਰੇ ਅਮਰੀਕਾ ਦੇ ਸ਼ਹਿਰਾਂ ਅਤੇ ਯੂਰਪ ਤੇ ਹੋਰ ਸਨਅਤੀ ਖੇਤਰਾਂ ਵਿਚ ਮਜ਼ਦੂਰ ਅੰਦੋਲਨ ਦੀ ਇਸ ਪਹਿਲੀ ਮਹੱਤਵਪੂਰਨ ਮੰਗ ਲਈ ਉਠ ਖੜ੍ਹਾ ਹੋਇਆ ਸੀ ਜਿਸ ਦਿਨ ਸ਼ਿਕਾਗੋ ਦੇ ਮਜ਼ਦੂਰ ਸੜਕਾਂ 'ਤੇ ਇਹ ਮੰਗ ਲੈ ਕੇ ਨਿਕਲੇ ਸਨ, ਜਿਨ੍ਹਾਂ ਦੀ ਗਿਣਤੀ ਇਸ ਸ਼ਹਿਰ ਵਿਚ 80000 ਸੀ। ਉਸੇ ਸਮੇਂ ਅਮਰੀਕਾ ਵਿਚ ਤਿੰਨ ਲੱਖ ਚਾਲੀ ਹਜ਼ਾਰ ਮਜ਼ਦੂਰਾਂ ਨੇ ਇਸ ਦੇ ਹੱਕ 'ਚ ਵੱਖ ਵੱਖ ਸ਼ਹਿਰਾਂ ਵਿਚ ਪ੍ਰਦਰਸ਼ਨ ਕੀਤੇ ਸਨ ਜਿਨ੍ਹਾਂ 'ਚ ਇਕ ਲੱਖ ਨੱਬੇ ਹਜ਼ਾਰ ਮਜ਼ਦੂਰ ਤਾਂ ਹੜਤਾਲ ਕਰਕੇ ਸ਼ਾਮਲ ਹੋਏ ਸਨ। ਇਨ੍ਹਾਂ ਪ੍ਰਦਰਸ਼ਨਾਂ ਵਿਚ ਕੈਥੋਲਿਕ ਵੀ ਸ਼ਾਮਲ ਸਨ ਅਤੇ ਯਹੂਦੀ ਵੀ ਪ੍ਰੋਟੈਸਟੈਂਟ ਵੀ ਸ਼ਾਮਲ ਸਨ ਤੇ ਨੀਗਰੋ ਵੀ ਸਨ।

ਜਿਥੇ ਅਮਰੀਕ ਮਜ਼ਦੂਰਾਂ ਦੇ ਨਾਲ ਪੋਲੈਂਡ, ਕੈਨੇਡਾ, ਜਰਮਨੀ, ਰੂਸੀ ਅਤੇ ਆਇਰਸ ਮਜ਼ਦੂਰਾਂ ਨੇ ਹਿਸਾ ਲਿਆ ਸੀ, ਉਥੇ ਵੱਡੀ ਗਿਣਤੀ ਵਿਚ ਔਰਤਾਂ ਵੀ ਸ਼ਾਮਲ ਹੋਈਆਂ ਸਨ। ਇਸ ਇਤਿਹਾਸਕ ਪ੍ਰਦਰਸ਼ਨ ਉਤੇ ਸਰਕਾਰੀ ਮਸ਼ੀਨਰੀ ਨੇ ਜ਼ਬਰ ਢਾਹੁਣ ਦੀ ਕੋਈ ਕਸਰ ਨਹੀਂ ਸੀ ਛੱਡੀ ਅਤੇ ਦਰਜਨਾਂ ਮਜ਼ਦੂਰਾਂ ਨੂੰ ਸ਼ਹਾਦਤਾਂ ਦਾ ਜਾਮ ਪੀਣਾ ਪਿਆ। ਸ਼ਿਕਾਗੋ ਦੇ ਮਜ਼ਦੂਰ ਆਗੂਆਂ ਜਿਨ੍ਹਾਂ ਨੇ ਇਸ ਅੱਠ ਘੰਟੇ ਦੀ ਮੰਗ ਵਾਲੇ ਮੁਜ਼ਾਹਰਿਆਂ ਦੀ ਅਗਵਾਈ ਕੀਤੀ ਸੀ, ਉਤੇ ਦੇਸ਼ ਧ੍ਰੋਹ ਦਾ ਸੰਗੀਨ ਮੁਕੱਦਮਾ ਚਲਾਇਆ ਗਿਆ ਸੀ ਅਤੇ ਫਾਂਸੀ ਤੱਕ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਸਨ ਪਰ ਇਹ ਅੰਦੋਲਨ ਮੱਠਾ ਨਹੀਂ ਸੀ ਪਿਆ ਅਤੇ ਆਖਰ ਦੁਨੀਆਂ ਭਰ 'ਚ ਪੂੰਜੀ ਨੂੰ ਇਸ ਅੰਦੋਲਨ ਅੱਗੇ ਝੁਕਣਾ ਪਿਆ ਸੀ। ਮਜ਼ਦੂਰਾਂ ਦਾ ਅੱਠ ਘੰਟੇ ਕੰਮ ਦੇ ਦਿਨ 'ਤੇ ਤਰਕ ਇਹ ਸੀ ਕਿ "ਅੱਠ ਘੰਟੇ ਕੰਮ, ਅੱਠ ਘੰਟੇ ਆਰਾਮ ਅਤੇ ਅੱਠ ਘੰਟੇ ਮਨੋਰੰਜਨ।" ਉਨ੍ਹਾਂ ਦਾ ਤਰਕ ਸੀ ਕਿ ਮਜ਼ਦੂਰ ਵੀ ਇਨਸਾਨ ਹਨ ਅਤੇ ਇਕ ਇਨਸਾਨ ਨਾਲ ਪਸ਼ੂਆਂ ਵਾਲਾ ਇਹ ਵਿਵਹਾਰ ਸਮਾਜ ਨੂੰ ਕਦਾਚਿਤ ਪ੍ਰਵਾਨ ਨਹੀਂ ਹੋਣਾ ਚਾਹੀਦਾ।

ਲਗਭਗ ਡੇਢ ਸੌ ਸਾਲ ਪਿਛੋਂ ਅਜੋਕੀ ਕਾਰਪੋਰੇਟ ਪੂੰਜੀ ਹਜ਼ਾਰਾਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਇਸ ਇਤਿਹਾਸਕ ਪ੍ਰਾਪਤੀ ਨੂੰ ਤੇ ਇਤਿਹਾਸ ਨੂੰ ਪਲਟ ਦੇਣ ਦੀਆਂ ਤਿਆਰੀਆਂ ਵਿੱਢੀ ਬੈਠੀ ਹੈ। ਇਹਦਾ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਇਕ ਤਾਂ ਲਾਕਡਾਊਨ ਕਰਕੇ ਲੱਖਾਂ ਮਜ਼ਦੂਰ ਸ਼ਹਿਰਾਂ 'ਚੋਂ ਕੰਮ ਛੱਡ ਕੇ ਜਾ ਚੁੱਕੇ ਹਨ ਅਤੇ ਇਉਂ ਕੰਮ ਵਾਲੇ ਹੱਥ ਘੱਟ ਗਏ ਹਨ ਅਤੇ ਇਹਦਾ ਹੱਲ ਉਨ੍ਹਾਂ ਇਹ ਕੱਢਿਆ ਹੈ ਕਿ ਕੰਮ ਦੇ ਘੰਟੇ ਵਧਾ ਦਿਓ। ਦੂਸਰਾ ਤਰਕ ਇਹ ਦੇ ਰਹੇ ਹਨ ਕਿ ਹੁਣ ਦੇਸ਼ ਵਿਚ ਆਸਾਰਨ ਹਾਲਤਾਂ ਹਨ । ਸੋ ਅਜਿਹੀਆਂ ਆਸਾਰਨ ਹਾਲਤਾਂ ਵਿਚ ਇਹ ਕੰਮ ਪੁੱਟਣੇ ਪੈ ਰਹੇ ਹਨ।

ਕਾਰਪੋਰੇਟ ਪੂੰਜੀ ਦੇ ਇਹ ਦੋਵੇਂ ਤਰਕ ਹੀ ਬੇਹੂਦੇ ਅਤੇ ਗੈਰ ਵਿਗਿਆਨਕ ਹਨ। ਕਰੋਨਾ ਮਹਾਂਮਾਰੀ ਦਾ ਖ਼ੌਫ਼ਜਦਾ ਪ੍ਰਚਾਰ ਅਤੇ ਯਕਲਖਤ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਪ੍ਰਤੀ ਅਪਣਾਈ ਬਚਕਾਨਾ ਤੇ ਮੂਰਖਾਨਾ ਪਹੁੰਚ ਦਾ ਸਿੱਟਾ ਹੋਰ ਕੀ ਨਿਕਲ ਸਕਦਾ ਸੀ। ਹਰ ਕਸਬੇ ਅਤੇ ਵੱਡੇ ਸ਼ਹਿਰ ਵਿਚ ਜਦੋਂ ਕਰਫਿਊ ਵਰਗਾ ਲਾਕਡਾਊਨ ਲਾ ਦਿੱਤਾ ਗਿਆ ਸੀ ਅਤੇ ਲੱਖਾਂ ਮਜ਼ਦੂਰ ਕੰਮ ਤੋਂ ਵਿਹਲੇ ਕਰ ਦਿੱਤੇ ਗਏ ਸਨ ਤਾਂ ਉਨ੍ਹਾਂ ਦੇ ਲਈ ਲੋੜੀਂਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਕੀਹਨੇ ਨਿਭਾਉਣੀ ਸੀ? ਹਕੂਮਤ ਨੇ ਤਾਂ ਇਹ ਉਨ੍ਹਾਂ ਦੀ ਹੋਣੀ ਤੇ ਹੀ ਸੁੱਟ ਦਿੱਤਾ ਸੀ। ਸ਼ਹਿਰਾਂ 'ਚ ਕੰਮ ਨਹੀਂ ਖਾਣ ਲਈ ਕੋਈ ਉਪਾਅ ਨਹੀਂ ਮਾਲਕ ਮਕਾਨ ਘਰਾਂ 'ਚੋਂ ਕੱਢ ਰਹੇ ਸਨ ਤਾਂ ਇਸ ਉਜਾੜੇ ਦੀ ਜ਼ਿੰਮੇਵਾਰੀ ਕੀ ਸਰਕਾਰ ਦੀ ਨਹੀਂ ਸੀ। ਦਿੱਲੀ 'ਚ ਤਾਂ ਇਹ ਵੀ ਚਰਚਾ ਆਈ ਸੀ ਕਿ ਮਜ਼ਦੂਰਾਂ ਨੂੰ ਅਫਵਾਹਾਂ ਫੈਲਾ ਕੇ ਸ਼ਹਿਰ ਛੱਡਣ ਅਤੇ ਪਿੰਡਾਂ ਨੂੰ ਜਾਣ ਲਈ ਕਿਹਾ ਗਿਆ। ਮਜ਼ਦੂਰਾਂ ਲਈ ਜਿਹੜੇ ਪੈਕਜਾਂ ਦੀ ਗੱਲ ਕਹੀ ਗਈ ਹੈ ਇਹ ਤਾਂ ਜੱਗ ਜ਼ਾਹਿਰ ਹੈ ਕਿ ਜੇ ਦੇਸ਼ ਵਿਚ ਸਮਾਜ ਸੇਵੀ ਅਤੇ ਮਜ਼ਦੂਰ ਹਿਤੈਸ਼ੀ ਜਥੇਬੰਦੀਆਂ ਨਾ ਹੁੰਦੀਆਂ ਤਾਂ ਕਰੋਨਾ ਦੀਆਂ ਮੌਤਾਂ ਨਾਲੋਂ ਭੁਖਮਰੀ ਨਾਲ ਮਰਨ ਵਾਲੇ ਮਜ਼ਦੂਰਾਂ ਦਾ ਅੰਕੜਾ ਹੁਣ ਹੀ ਵੱਧ ਜਾਣਾ ਸੀ ਅਤੇ ਅਗਲੇਰੇ ਦਿਨਾਂ ਵਿਚ ਇਸ ਭੁਖਮਰੀ ਦੀ ਵਿਆਪਕਤਾ ਨੂੰ ਅਸੀਂ ਅੱਜ ਨਹੀਂ ਮਾਪ ਸਕਦੇ। ਅੱਜ ਦੀ ਖ਼ਬਰ ਹੈ ਕਿ ਇਕ ਮਜ਼ਦੂਰ ਔਰਤ ਨੇ ਆਪਣੇ ਪੰਜ ਬੱਚਿਆਂ ਨੂੰ ਦਰਿਆ 'ਚ ਸੁੱਟ ਕੇ ਖ਼ੁਦ ਵੀ ਛਾਲ ਮਾਰ ਦਿੱਤੀ। ਇਨ੍ਹਾਂ ਹਾਲਤਾਂ ਦੀ ਜ਼ਿੰਮੇਮਾਰਵੀ ਜੇ ਹਾਕਮਾਂ ਦੀ ਨਹੀਂ ਤਾਂ ਕੀਹਦੀ ਹੈ? ਇਨ੍ਹਾਂ ਅਸਾਧਾਰਨ ਹਾਲਤਾਂ ਨੂੰ ਪੈਦਾ ਕਰਨ ਵਿਚ ਕੀ ਹਕੂਮਤ ਦੀ ਜ਼ਿੰਮੇਵਾਰੀ ਨਹੀਂ? ਕਰੋਨਾ ਇਕ ਮਹਾਂਮਾਰੀ ਸੀ ਜਿਸ ਤੋਂ ਲੋਕਾਈ ਨੂੰ ਸਿੱਖਿਅਤ ਕੀਤਾ ਜਾ ਸਕਦਾ ੀ ਪਰ ਦੇਸ਼ ਦੇ 136 ਕਰੋੜ ਲੋਕਾਂ ਨੂੰ ਇਕ ਵਾਰ ਹੀ ਸਰਜੀਕਲ ਓਪਰੇਸ਼ਨ ਸੁੱਟ ਕੇ ਖੌਫ਼ਜ਼ਦਾ ਮਾਹੌਲ ਪੈਦਾ ਕਰਨਾ ਇਕ ਸ਼ਾਤਰਾਨਾ ਚਾਲ ਦਾ ਵੀ ਹਿਸਾ ਹੈ।

ਦਰਅਸਲ ਆਰ. ਐਸ. ਐਸ. ਤੇ ਭਾਜਪਾ ਹਕੂਮਤ ਮਜ਼ਦੂਰ ਲਹਿਰਾਂ ਤੇ ਮਜ਼ਦੂਰਾਂ ਪ੍ਰਤੀ ਅਤਿ ਨ.ਫ਼ਰਤ ਅਤੇ ਦਵੈਤ ਦੀ ਭਾਵਨਾ ਰੱਖਦੀਆਂ ਹਨ। ਉਨ੍ਹਾਂ ਅੰਦਰ ਜਿੰਨੀ ਨ.ਫ਼ਰਤ ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਮੁਸਲਮਾਨਾਂ ਪ੍ਰਤੀ ਹੈ ਉਨੀ ਹੀ ਦਲਿਤ ਤੇ ਮਜ਼ਦੂਰ ਵਰਗ ਪ੍ਰਤੀ ਵੀ ਹੈ। ਜਿਥੋਂ ਤੱਕ ਜਥੇਬੰਦਕ ਮਜ਼ਦੂਰਾਂ ਤੇ ਮਜ਼ਦੂਰ ਵਿਚਾਰਧਾਰਾ ਦਾ ਸਵਾਲ ਹੈ, ਇਸ ਪ੍ਰਤੀ ਉਨ੍ਹਾਂ ਦੀ ਸੋਚ ਇਹ ਹੈ ਕਿ ਇਹ ਵਿਚਾਰਧਾਰਾ ਦਾ ਭਾਰਤੀ ਸੰਸਕ੍ਰਿਤੀ ਨਾਲ ਕੋਈ ਲੈਣਾ ਦੇਣਾ ਨਹੀਂ ਇਹ ਵਿਦੇਸ਼ੀ ਹੈ ਅਤੇ ਇਨ੍ਹਾਂ ਪ੍ਰਤੀ ਅਗਲੇਰੇ ਪੜਾਅ 'ਚ ਤਿੱਖਾ ਕੂੜ ਪ੍ਰਚਾਰ ਤੇ ਹਮਲੇ ਦੀ ਤਿਆਰੀ 'ਚ ਉਹ ਬੈਠੀ ਹੈ। ਕੰਮ ਦੇ ਘੰਟੇ ਵਧਾਉਣ ਦਾ ਇਹ ਕਦਮ ਉਸ ਹਮਲੇ ਦੀ ਪਹਿਲੀ ਡੋਜ਼ ਹੈ।

ਜੇ ਥੋੜ੍ਹਾ ਗਹੁ ਨਾਲ ਵੇਖੀਏ ਤਾਂ 2014 'ਚ ਜਦੋਂ ਤੋਂ ਭਾਜਪਾ ਨੇ ਸੱਤਾ ਸੰਭਾਲੀ ਹੈ ਮਜ਼ਦੂਰਾਂ ਉਤੇ ਹੀ ਹਮਲੇ ਕੀਤੇ ਹਨ ਜਿਹਦਾ ਜਿਨ੍ਹਾਂ ਵਿਰੋਧ ਹੋਣਾ ਚਾਹੀਦਾ ਸੀ ਨਹੀਂ ਹੋਇਆ। ਭਾਜਪਾ ਦੀ ਸਰਕਾਰ ਨੇ ਆਉਂਦਿਆਂ ਹੀ ਜਿਹੜੇ ਲਗਭਗ ਤਿੰਨ ਸੌ ਕਾਨੂੰਨਾਂ ਨੂੰ ਵੇਲਾ ਵਿਹਾ ਚੁੱਕਾ ਕਹਿ ਕੇ ਖਤਮ ਕੀਤਾ ਉਨ੍ਹਾਂ ਵਿਚ 44 ਕਾਨੂੰਨ ਮਜ਼ਦੂਰਾਂ ਨਾਲ ਹੀ ਸੰਬੰਧਤ ਸਨ ਅਤੇ ਇਨ੍ਹਾਂ 44 ਕਾਨੂੰਨਾਂ ਨੂੰ ਖਤਮ ਕਰਕੇ 4 ਕੋਡ ਬਣਾ ਦਿੱਤੇ ਗਏ। ਕਾਨੂੰਨ ਤੇ ਕੋਡ ਦਾ ਅੰਤਰ ਸਮਝਣਾ ਚਾਹੀਦਾ ਹੈ। ਇਕ ਸੰਵਿਧਾਨਕ ਅਧਿਕਾਰ ਦਿੰਦਾ ਹੈ ਇਕ ਰਹਿਮੋ ਕਰਮ 'ਤੇ ਹੈ। ਇਨ੍ਹਾਂ ਚਹੁੰ ਕਰੋੜਾਂ ਵਿਚੋਂ ਇਕ ਨੂੰ ਅਮਲੀ ਕਾਨੂੰਨ ਰੂਪ ਵੇਜਸ ਕੋਡ ਮਜ਼ਦੂਰੀ ਅਧਿਆਦੇਸ਼ ਤਹਿਤ ਲਾਗੂ ਕਰ ਦਿੱਤਾ ਗਿਆ ਹੈ ਜਿਸ ਤਹਿਤ ਇਕ ਫੈਕਟਰੀ ਮਾਲਕ ਆਪਣੇ ਮਜ਼ਦੂਰਾਂ ਦੀ ਮਜ਼ਦੂਰੀ ਤਹਿਤ ਕਰਨ ਲਈ ਆਜ਼ਾਦ ਹਨ। ਭਾਜਪਾ ਸਰਕਾਰ ਨੇ 2019 ਵਿਚ ਜਿਹੜੀ ਘੱਟੋ ਘੱਟ ਮਜ਼ਦੂਰੀ ਤਹਿ ਕੀਤੀ ਉਹ ਵੀ ਮਜ਼ਦੂਰਾਂ ਨਾਲ ਇਕ ਮਜ਼ਾਕ ਹੀ ਸੀ ਅਤੇ ਉਸ 'ਚੋਂ ਮਜ਼ਦੂਰ ਵਰਗ ਪ੍ਰਤੀ ਉਹਦੀ ਸੋਝੀ ਅਤੇ ਨ.ਫ਼ਰਤੀ ਸੋਚ ਵੀ ਝਲਕਦੀ ਹੈ। 2016 'ਚ ਮੋਦੀ ਸਰਕਾਰ ਨੇ ਘੱਟੋ ਘੱਟ ਮਜ਼ਦੂਰੀ 176 ਰੁਪਏ ਤੈਅ ਕੀਤੀ ਨਾਲ ਹੀ ਇਕ ਕਮੇਟੀ ਬਿਠਾਈ ਕਿ ਉਹ ਮਜ਼ਦੂਰਾਂ ਲਈ ਘੱਟੋ ਘੱਟ ਮਜ਼ਦੂਰੀ ਤੈਅ ਕਰਨ ਦੀ ਸਿਫਾਰਸ਼ ਦੇਵੇ। ਇਸ ਕਮੇਟੀ ਨੇ 2018 'ਚ ਜਿਹੜੀ ਰਿਪੋਰਟ ਦਿੱਤੀ ਉਸ 'ਚ ਉਨ੍ਹਾਂ 345 ਰੁਪਏ ਪ੍ਰਤੀ ਦਿਨ ਮਜ਼ਦੂਰੀ ਦੀ ਸਿਫਾਰਸ਼ ਕੀਤੀ। ਭਾਜਪਾ ਤੇ ਮੋਦੀ ਸਰਕਾਰ ਨੇ 2019 ਵਿਚ ਜਿਹੜੀ ਪ੍ਰਤੀ ਦਿਨ ਮਜ਼ਦੂਰੀ ਤੈਅ ਕੀਤੀ ਉਹ 178 ਰੁਪਏ ਸੀ। 2016 ਨਾਲੋਂ ਮਹਿਜ ਦੋ ਰੁਪਏ ਵੱਧ। ਜਦੋਂ ਕਿ ਇਸ ਸਮੇਂ ਸੰਸਦ ਅਤੇ ਦੇਸ਼ ਦੀਆਂ ਵਿਧਾਨ ਸਭਾਵਾਂ ਨੇ 40 ਤੋਂ 60 ਫੀਸਦੀ ਤੱਕ ਆਪਣੇ ਭੱਤਿਆਂ ਅਤੇ ਤਨਖਾਹਾਂ ਵਿਚ ਵਾਧਾ ਕੀਤਾ ਸੀ। ਦਰਅਸਲ ਭਾਜਪਾ ਅਤੇ ਕਾਰਪੋਰੇਟੀ ਪੂੰਜੀ ਦੀ ਸਾਡੀ ਲੋੜ ਹੈ ਕਿਉਂਕਿ ਕਾਰਪੋਰੇਟੀ ਪੂੰਜੀ ਦਾ ਮੁਨਾਫ਼ਾ ਘੱਟ ਰਿਹਾ ਹੈ ਅਤੇ ਉਹ ਇਸਨੂੰ ਬਰਕਰਾਰ ਰੱਖਣ ਲਈ ਮਜ਼ਦੂਰ ਦੀ ਹੋਰ ਰੱਛ ਹੀ ਨਿਚੋੜਨ ਦਾ ਰਾਹ ਫੜਦੀ ਹੈ। ਮਜ਼ਦੂਰੀ ਘਟਾਉਣੀ ਤੇ ਕੰਮ ਦੇ ਘੰਟੇ ਵਧਾਉਣੇ ਉਨ੍ਹਾਂ ਦੇ ਮੁਨਾਫ਼ਾ ਅਰਥ ਸ਼ਾਸਤਰ ਦੀ ਹੀ ਉਪਜ ਹਨ।


ਚਾਹੀਦਾ ਤਾਂ ਇਹ ਸੀ ਕਿ ਕਰੋਨਾ ਮਹਾਂਮਾਰੀ ਅਤੇ ਲਾਕਡਾਊਨ ਤੋਂ ਪਹਿਲਾਂ ਜਿਵੇਂ ਆਰਥਿਕ ਮਹਾਂਮੰਦੀ ਚੱਲ ਰਹੀ ਸੀ ਉਸ ਤੋਂ ਨਿਕਲਣ ਲਈ ਨਾ ਸਿਰਫ਼ ਪੁਰਾਣੇ ਰੁਜ਼ਗਾਰਾਂ ਦੀ ਰਾਖੀ ਕੀਤੀ ਜਾਂਦੀ ਸਗੋਂ ਹੋਰ ਨਵੇਂ ਰੋਜ਼ਗਾਰ ਦੇ ਖੇਤਰਾਂ ਦੀ ਸਿਰਜਨਾ ਵੀ ਹੁੰਦੀ। ਲਾਕਡਾਊਨ ਤੋਂ ਪਹਿਲਾਂ ਵੀ ਮਾਲਕਾਂ ਨੂੰ ਮਜ਼ਦੂਰਾਂ ਦੀ ਛਾਂਟੀ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਸੀ, ਪਰ ਲਾਕਡਾਊਨ ਨੇ ਤਾਂ ਉਨ੍ਹਾਂ ਦੇ ਲਈ ਰਾਹ ਹੋਰ ਸੁਖਾਲਾ ਕਰ ਦਿੱਤਾ ਹੈ। ਮਜ਼ਦੂਰਾਂ ਦੀ ਛਾਂਟੀ ਕਰਨ ਦੀ ਖੁੱਲ੍ਹ ਅਤੇ ਉਤਪਾਦਨ ਵੱਧ ਲੈਣ ਲਈ ਮਜ਼ਬੂਰ ਕਰਨਾ ਕਾਰਪੋਰੇਟੀ ਪੂੰਜੀ ਦਾ ਇਕ ਬੇਰਹਿਮੀ ਤੇ ਬੇਕਿਰਕ ਕਦਮ ਹੈ ਜਿਸ ਨੂੰ ਇਸ ਪੂੰਜੀ ਦੀ ਰਾਖੇਲ ਭਾਜਪਾ ਬਾਖੂਬੀ ਚੁੱਕ ਰਹੀ ਹੈ।

ਇਹ ਵਰਤਾਰਾ ਮਹਿਜ ਪ੍ਰਾਈਵੇਟ ਸਨਅਤੀ ਖੇਤਰ ਵਿਚ ਹੀ ਨਹੀਂ ਰਹਿਣਾ ਸਰਕਾਰੀ ਖੇਤਰ ਤੱਕ ਵੀ ਇਹ ਦਾ ਪਸਾਰਾ ਹੋਣਾ ਹੈ। ਜਿਵੇਂ ਖ਼ਬਰਾਂ ਆ ਰਹੀਆਂ ਨੇ ਕਿ ਲਾਕਡਾਊਨ ਦੇ ਦਿਨਾਂ ਦੀ ਮਜ਼ਦੂਰੀ ਤੇ ਤਨਖਾਹ ਦੇਣ ਦੇ ਆਦੇਸ਼ ਸਰਕਾਰ ਨੇ ਕੀਤੇ ਸਨ ਪਰ ਕੋਈ ਵੀ ਅਦਾਰਾ ਇਹ ਦੇਣ ਲਈ ਤਿਆਰ ਨਹੀਂ। ਸਰਕਾਰੀ ਅਦਾਰੇ ਜਿਥੇ ਵੱਡੀ ਗਿਣਤੀ ਵਿਚ ਅਸਥਾਈ ਮਜ਼ਦੂਰ ਕੰਮ ਕਰਦੇ ਹਨ ਅਤੇ ਇਹ ਅਸਥਾਈ ਮਜ਼ਦੂਰ ਵੀ ਠੇਕੇਦਾਰ ਹੀ ਮੁਹੱਈਆ ਕਰਵਾਉਂਦਾ ਹੈ ਜੋ ਉਨ੍ਹਾਂ ਨੂੰ ਨਾ ਸਿਰਫ਼ ਕੰਮ ਤੋਂ ਜਵਾਬ ਦੇ ਰਿਹਾ ਹੈ ਸਗੋਂ ਪਹਿਲੇ ਬਕਾਏ ਵੀ ਨਹੀਂ ਦੇ ਰਿਹਾ।

ਭਾਰਤ ਵਿਚ ਫੈਕਟਰੀ ਐਕਟ 1844 ਦੇ ਤਹਿਤ ਜਿਸ 'ਚ ਪਿਛੋਂ ਕੌਮਾਂਤਰੀ ਮਜ਼ਦੂਰ ਸੰਗਠਨ ਦੀਆਂ ਸਿਫਾਰਸ਼ਾਂ ਜੁੜਦੀਆਂ ਆ ਰਹੀਆਂ, ਅਨੁਸਾਰ ਹੀ ਫੈਕਟਰੀ ਐਕਟ 1948 ਹੋਂਦ 'ਚ ਆਇਆ ਸੀ ਕਿਉਂਕਿ 1947 ਤੋਂ ਪਿਛੋਂ ਭਾਰਤੀ ਹਕੂਮਤ ਦੀ ਵਾਗਡੋਰ ਨਵੇਂ ਹਾਕਮਾਂ ਹੱਥ ਬੇਸੁਰ ਆਈ ਪਰ ਹਕੂਮਤ ਕੌਮਾਂਤਰੀ ਕਿਰਤ ਮਾਪਦੰਡਾਂ ਅਤੇ ਕੌਮਾਂਤਰੀ ਮਜ਼ਦੂਰ ਸੰਗਠਨ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਦੇ ਆ ਰਹੇ ਸਨ ਪਰ ਭਾਜਪਾ ਸਹਿਜੇ ਸਹਿਜੇ ਲਗਭਗ 170 ਸਾਲ ਪਹਿਲਾਂ ਵਾਲੇ ਪੂੰਜੀਵਾਦ ਦੇ ਦੌਰ 'ਚ ਲਿਜਾਣ ਦੀਆਂ ਤਿਆਰੀਆਂ ਕਰ ਚੁੱਕੀ ਹੈ ਜਿਸ ਨਾਲ ਲਾਕਡਾਊਨ ਨਾਲ ਦੇਸ਼ ਦੀ ਲਗਭਗ 46 ਕਰੋੜ ਮਜ਼ਦੂਰ ਪ੍ਰਭਾਵਿਤ ਹੋਏ ਹਨ ਉਹ ਇਸ ਨਵੇਂ ਕਦਮ ਜਿਸ 'ਚ ਕੰਮ ਦੇ ਘੰਟਿਆਂ ਦਾ ਬੋਝ ਵਧਾਉਣਾ ਸ਼ਾਮਲ ਹੈ-ਨਾਲ ਹੋਰ ਬੁਰੀ ਤਰ੍ਹਾਂ ਗ੍ਰਿਫ਼ਤ 'ਚ ਆਉਣਗੇ। ਅੱਜ ਦੇਸ਼ ਦੇ ਮਜ਼ਦੂਰਾਂ ਲਈ ਆਪਣੇ ਯੂਨੀਅਨ ਬਣਾਉਣ ਦੇ ਅਧਿਕਾਰ ਦੀ ਰਾਖੀ ਸਮੇਤ, ਜਿਸ ਦੇ ਹਮਲਾ ਹੋ ਵੀ ਰਿਹਾ ਹੈ ਅਤੇ ਅਗਲੇਰੇ ਦਿਨਾਂ 'ਚ ਹੋਣ ਵਾਲਾ ਹੈ-ਕੰਮ ਦੇ ਘੰਟਿਆਂ 'ਤੇ ਜ਼ਿੰਦਗੀ ਦੀਆਂ ਸਹੂਲਤਾਂ ਲਈ ਲਾਮਬੰਦ ਕਰਨਾ ਪਵੇਗਾ। ਅੱਜ ਪਹਿਲੀ ਮੰਗ ਦਾ ਰੋਟੀ ਦੀ ਹੀ ਉਭਰ ਆਈ ਹੈ-ਲਾਕਡਾਊਨ 'ਚ ਜਿਹੜੀ ਭਰੂਣ ਰੂਪ ਵਿਚ ਉਠੀ ਵੀ ਹੈ-ਮਜ਼ਦੂਰ ਲਈ ਰਾਸ਼ਨ ਜਿਸ ਨੂੰ ਹੋਰ ਵਿਆਪਕ ਬਣਾਉਣਾ ਪਵੇਗਾ ਅਤੇ ਸੁਚੇਤ ਰੂਪ ਵਿਚ ਸਾਰੀਆਂ ਮਜ਼ਦੂਰ ਹਿਤੈਸ਼ੀ ਤਾਕਤਾਂ ਨੂੰ ਕਾਰਪੋਰੇਟ ਅਤੇ ਭਾਜਪਾ ਸਰਕਾਰ ਵਲੋਂ ਕੰਮ ਦੇ ਘੰਟੇ ਵਧਾਉਣ ਵਾਲੇ ਇਸ ਖਤਰਨਾਕ ਕਦਮ ਵਿਰੁੱਧ ਹਰ ਪੱਧਰ ਉਤੇ ਹਰ ਢੰਗ ਨਾਲ ਅਵਾਜ਼ ਉਠਾਉਣੀ ਪਵੇਗੀ। ਲਾਕਡਾਊਨ ਵਿਚ ਵੀ ਸਾਨੂੰ ਆਪਣੇ ਵਿਰੋਧ ਕਰਨ ਦੇ ਢੰਗਾਂ ਦੀ ਭਾਲ ਕਰਨੀ ਪਵੇਗੀ ਅਤੇ ਯਾਦ ਰੱਖਣਾ ਪਵੇਗਾ ਕਿ ਅੱਜ ਮਜ਼ਦੂਰਾਂ ਨੂੰ ਫਿਰ ਤੋਂ 170 ਸਾਲ ਪਹਿਲਾਂ ਵਾਲੇ ਮਜ਼ਦੂਰਾਂ ਵਾਂਗ ਲੜਾਈ ਦਾ ਮੋਰਚਾ ਖ਼ੁਦ ਆਪ ਸੰਭਾਲਣਾ ਪਵੇਗਾ।

# Action Plan to Stop the Spread of COVID-19 in Long-Term Care Inadequate

**Ford government must match rhetoric with stronger, concrete measures to protect residents and staff**



Toronto – The Ford government's Action Plan to address COVID-19 outbreaks in Ontario's long-term care homes is still less than what is needed stop the spread of the virus and stabilize the workforce, warned the Ontario Health Coalition today, and is inconsistent with the "iron ring" rhetoric and promises for widespread testing from the Premier.

"We are increasingly frustrated with the disconnect between the statements of the Premier and what is actually being put into the regulations, directives and guidance issued by his own government," said Natalie Mehra, executive director. "Yesterday's announcement was mostly a rehash of measures already announced, many of them less than what has been stated in daily press conferences by the Premier. More importantly, the measures that are being taken are too little and too slow, and the Ontario government appears to be relying too much upon isolation to contain the spread of the virus, which is not practically possible in many long-term care homes."

"We are inundated with calls and emails from families with loved ones in long-term care and staff in the homes, crying, afraid, furious about the lack of testing, even in homes with outbreaks," Ms. Mehra reported. "Staff are contacting us because they are being required to work, even when they test positive, and they are afraid of infecting others. Workers are angry and they are frightened and the many family councils we work with share their anger. They are taking risks to provide care but feel they are being blamed for the outbreaks, have been required to give up parttime jobs, but still nothing has been done to address their longstanding grievances about poor pay, heavy careloads, and conditions of work."

The Coalition called on the government to revise the Action Plan to require the following:

**What is required:** All staff, volunteers, third-party caregivers, management and residents going into or living in long-term care homes must be tested for COVID-19 and the Ontario government must come into compliance with the World Health Organization's recommendation issued on February 24 that countries, "prioritize active, exhaustive case finding and immediate testing and isolation, painstaking contact tracing and rigorous quarantine of close contacts."

**What is happening:** Premier Doug Ford said mid-week last week that everyone should be tested. Yet the directive and guidance issued by the government only slightly widened the list of symptoms that long-term care residents and staff need to demonstrate in order to be tested. In addition, some asymptomatic residents in the same room, adjacent rooms or in the same unit may be tested in homes where there are outbreaks. However, even this is left up to local decision-making, and there is no requirement to test all residents, staff and people going into the homes, even in homes with outbreaks. Families are telling us testing is not happening.

**What is required:** Staff who test positive cannot be required to work in the homes, they should, as above be under quarantine with support.

**What is happening:** The Coalition is hearing from staff who have been required to work even though they have tested positive for COVID-19 and are afraid of passing on the virus to other staff and residents. As revealed by Global News yesterday, the government's directive allows long-term care homes to require staff who test positive to work in the long-term care homes under "self-isolation" measures that are inadequate and impractical, and those staff are required to travel to and from work in the community, when people who test positive are should be required to stay home under quarantine with support to do so.

• Testing of new admissions must be done prior to admission. No people who test positive for COVID-19 should be admitted to a long-term care home. Hospital patients who test positive for COVID-19 should not be allowed to be transferred into long-term care homes or other residential care facilities.

**What is happening:** The new directive only requires new admissions into long-term care to be tested within 14 days of admission which is far too slow, and hospital patients transferred into long-term care are required to be tested under the new guideline, but transfers of COVID-19 positive patients are expressly allowed.

• Immediate measures must be taken by the provincial government, which is responsible for funding and regulating long-term care, to support and stabilize the long-term care workforce. The critical shortage of Personal Support Workers that has emerged over the last two years is a result of poor pay and conditions that have fallen far behind, as well as too-high acuity among residents for the care levels provided. Heavy workloads and punitive conditions must be addressed as we outlined in our report on the PSW Crisis released in January. Improved wages and benefits, full-time employment, a regulated care standard that would provide a minimum of 4-hours of staffing time to provide daily care for residents must be implemented.

**What is happening:** The provincial government has passed a regulation requiring some (but not all) workers to limit their work to one home (see below for details). But it has still not undertaken any concrete measures to support the workers, leaving it up to the homes to voluntarily top up hours for workers who are now required to give up one or more part-time jobs in order to choose one primary workplace. Provincial legislation prohibiting wage increases above 1 percent in public and non-profit homes has still not been rescinded. The province has temporarily allowed hospital and other health care staff to be redeployed to the homes in the emergency while being employed by their other employers, but there are no measures being taken in tandem to support and stabilize the long-term care workforce now or going forward. The deregulation of existing staffing standards and the allowance of untrained staff and volunteers under a regulation passed under the province's emergency legislation continues. The province is now waiting for the federal government to release its program for wage top-ups during the emergency.

**What is required:** Isolation in long-term care is a significant problem. Isolation of COVID-19 residents is not physically possible in many of the homes. Larger homes have elevators that all staff, residents, visitors and volunteers use. Smaller homes lack the physical space for separation. There are not separate entrances. Many homes have shared rooms or shared bathrooms. Residents are still eating in group settings. There is no easy solution but the provincial government cannot rely on isolation as the primary means of containing the spread of COVID-19 in long-term care given the reality of the homes. A much better plan must be developed to provide safe, compassionate isolation measures.

In addition, a CBC investigative report revealed yesterday that since the Ford government was elected, annual unannounced inspections of long-term care homes have ceased. Only nine of The Coalition is calling for the government to reinstate annual unannounced inspections.

The new regulation requiring that staff choose one workplace and temporarily take a leave from their additional parttime jobs in long-term care homes was passed yesterday. It covers PSWs, RPNs, RNs, housekeeping and dietary employees of long-term care homes. It does not cover hired-in caregivers that families have employed, temp agency staff, management, retirement home staff, other jobs outside of long-term care, and staff not listed in the regulation.

It does not provide full-time hours for those staff who lose hours at another part-time job as a result of the directive. It does not improve staff wages, provide benefits or other supports for the workforce to be able to do this.

15 Gervais Drive, Suite 201, Toronto, Ontario M3C 1Y8 Tel: 416-441-2502 Email: ohc@sympatico.ca Web: www.ontariohealthcoalition.ca

JTS
Logistics Ltd Calgary Alberta
Warehousing / Distribution
Farhad Zain
Mohammed
General Manager
5601 46St SE
Calgary, AB T2C 4Y5
farhad_its@hotmail.com
Office : 403-723-2379
Fax : 1888-732-1303
Cell : 403-519-9373

# 1.4 million jobless Canadians getting no income support in April



David Macdonald

**Key Findings**

**Who's in, who's out:**

- In April there were 1.4 million jobless Canadians without any income support from EI or CERB, up from 895,000 in March.
- 16% of all jobless Canadians had no support in April, down from 30% in March.
- The largest group of excluded workers (549,000) lost work before March 15th; they didn't qualify for EI and can't get CERB.
- CERB now allows earnings of up to $1,000/month which gives an additional 904,000 Canadian workers access to the benefit.
- Another 199,000 Canadians who currently make less than $1,000 a month but didn't make $5,000 last year won't get CERB.
- There are 1.4 million Canadians who make between $1,000 and $2,000 a month who will likely try to cut their hours so that they earn less than $1,000 to qualify for CERB.

**Who's in and who's out of federal income supports**

Only two weeks ago I estimated that in March 862,000 out-of-work Canadians weren't getting any income support from the new Canada Emergency Response Benefit (CERB) or from the old Employment Insurance (EI). I now believe that figure is slightly higher at 895,000. Despite important design improvements to the benefit, my estimate of jobless Canadians without support has risen to a staggering 1.4 million or 16% of all jobless Canadians as of the third week in April.

A lot has changed in these past two weeks, the most important of which is the release of the Labour Force Survey (LFS) that allows for much better estimates of exactly who lost their jobs in the third week in March and therefore how eligible they'll be for support. There have also been several important changes to the emergency benefit itself that moved several groups from no support to CERB-supported, including those whose EI claim expired prior to March 15 (but after Jan 1), those receiving social assistance but working, and those who currently make under $1,000 a month.


As of the third week in March, there were 3.1 million jobless Canadians; this figure includes Canadians who were unemployed in February as well as those who lost their jobs or had their hours reduced to zero in March. It is substantially higher than the official count of 1.5 million unemployed in March because the official count doesn't include those with zero hours or those who lost work but gave up looking for a job.

But remember, that 3.1 million jobless figure is from the third week in March. As of mid April it's probably closer to 8.7 million. The unique applications to the CERB at the time of writing was 6.82 million. As the CERB applications go up so do the number of people who don't qualify for CERB, which likely amounts to another 850,000 who won't get the benefit. And a further 1.2 million people were unemployed prior to the crisis. In total, this suggests there were likely 8.7 million jobless Canadians by the third week of April (see the full table at the bottom).

Detailed estimates of jobless Canadians by income support and reason

| | March 2020 | April 2020 | | Income support | March 2020 Total | April 2020 Total |
|---|---|---|---|---|---|---|
| Became unemployed before COVID (before March 15) | 1,178,000 | 1,178,000 | Got EI >= $500/week | EI | 69,000 | 69,000 |
| | | | Got EI < $500/week | EI | 390,000 | 390,000 |
| | | | Not employed in previous 2 years | No support | 166,000 | 166,000 |
| | | | Not enough hours | No support | 145,000 | 145,000 |
| | | | Self-Employed | No support | 62,000 | 62,000 |
| | | | Other | No support | 176,000 | 176,000 |
| | | | Would not have claimed EI | - | 115,000 | 115,000 |
| | | | EI Claim ran out | CERB | 55,000 | 55,000 |
| Lost job or all hours after March 15 | 1,940,000 | 7,666,000 | Got CERB | CERB | 1,552,000 | 6,717,000 |
| | | | Social Assistance recipients | CERB | 23,000 | 48,000 |
| | | | Would not have claimed CERB | - | 19,000 | 38,000 |
| | | | Quit - likely due to COVID | No support | 66,000 | 232,000 |
| | | | Application difficulties | No support | 47,000 | 165,000 |
| | | | Didn't make $5K in 2019 | No support | 233,000 | 466,000 |
| Employed but making less than $2K/month | 2,458,000 | Unclear | Make <$1000/mth and made >$5K in previous year | CERB | 904,000 | |
| | | | Make <$1000/mth and made <$5K in previous year | No support | 199,000 | |
| | | | Make $1K to 2K/month | No support | 1,355,000 | |

**Income supports for jobless Canadians (April 2020)**




Includes unemployed, those who lost work or all hours. Source: Feb & Mar LFS PUMF, EIS PUMF and author's calculations.

The LFS data suggests that in March, 30% of jobless Canadians received no income support from either CERB or EI, leaving 895,000 jobless Canadians without support. This is slightly better than the 32% I estimated two weeks ago. Projecting forward to April, it now appears that, due to the explosion in job losses between March and April, 1.4 million jobless Canadians aren't eligible for EI or CERB. The proportion of jobless left uncovered has actually been cut in half from 32% in March to 16% in April but there are so many more jobless in April that that reduced proportion hasn't helped much. It will be cold comfort to the remaining 1.4 million jobless without income support. Additionally, there are still 390,000 people receiving EI, but because their benefit is based on the old EI rules they are getting less than the $500/week that CERB provides.

I mentioned above there have been some important improvements to CERB since March: Canadians whose EI claim ran out between January and March 2020 can now claim CERB; the federal government is now explicitly requesting provinces not claw back Social Assistance based on CERB; and people making under $1,000 a month can now also claim the benefit. The first two items moved 103,000 jobless people out of the "no support" column into the CERB support column between March and April.

However, the biggest remaining reasons for non-eligibility for either EI or CERB in April are:


- 549,000 jobless were unemployment before March 15 but ineligibility for EI (the old EI rules were much more restrictive than for CERB);
- 466,000 jobless are ineligible for CERB as they didn't make $5,000 last year;
- 232,000 jobless can't get CERB as they quit instead of being laid off (this includes quitting for health reasons but excludes quitting to tend to children); and,
- 165,000 jobless didn't receive CERB because they faced application difficulties of some kind. See the full breakdown below.

Last week, the government announced that workers can now make up to $1,000 a month and still receive the CERB. Previously you could only receive it if you were making nothing. This change means that an additional 904,000 Canadians will get income support, and represents 37% of all Canadians making under $2,000 a month in March. Unfortunately, there are an additional 199,000 Canadians who made less than $1,000 a month but didn't earn $5,000 last year, making them ineligible for CERB.


I should note that this sort of "wall" at $1,000 makes little policy sense in normal times. Generally, you'd have a clawback of some sort. For example, you'd lose $0.50 in CERB benefit for every dollar you earned over $1,500. As it stands, if you make $1,000/month you can get the additional $2,000 CERB, but if you make $1,001 you get nothing. I suspect that expediency trumped perfect policy design in that it's likely far easier for CRA to give everyone $2,000 a month based on a threshold instead of trying to give everyone a slightly different amount based on what they earned the previous month.

There is an additional group of people making between $1,000 and $2,000 a month who'd be better off cutting back their hours to earn less than the $1,000 cap, and also get the $2,000 a month from CERB thus making $3,000 a month while working less. Fifty-five per cent of workers making under $2,000 a month fit into this category.

While the CERB is generous when compared to the old EI system, it still excludes plenty of jobless Canadians. The biggest group of jobless without income support is due to the hangover of poor EI coverage before the COVID crisis hit. CERB can only be received by those unemployed after March 15, so it doesn't retroactively correct the shortcomings of EI. CERB also doesn't pay out to people who made less than $5,000 before they lost their job. Despite these shortcomings, which are easily remedied, CERB's coverage is an improvement over the old EI system. Gaps in the CERB should be filled, as policymakers look ahead to using the benefit as a path forward on income support modernization in the long-term.



# Coronavirus Disease



**Rajwinder Dhaliwal**

Coronavirus Disease is a lung infection caused by a new virus, COVID-19. It has a similar presentation as flu including cough, fever, difficulty breathing (only in serious cases). It can be serious if the infected person is immunocompromised (a person with asthma, heart disease, and Diabetes).

**It can spread by:-**

- Close contact with infected person specially when they cough/sneeze
- Touching face after having contact with surface/object where the infected person coughed/sneezed

The treatment for coronavirus disease is not required by most people just like in cases of flu. However, some individuals with weak immune system may end up needing supportive management such as ventilation and IV fluids.

The most important factor to get out of this crisis is prevention of COVID-19 transmission. It can be prevented by taking following measurements.

- Avoid close contact with infected person
- Wash hands frequently with soap and water for least 20 seconds
- Drink lots of fluids
- When coughing/sneezing cover mouth + nose with tissue paper, which should be disposed immediately
- Isolate yourself from family members if not feeling
- Avoid touching face after being in contact with surface/object (transit, store product)

The impact of COVID-19 outbreak has affected all of us to some extent due to number of reasons. To begin with, the psyche impacted due to fear of this outbreak leading to anxiety and depression. The fear also arises from the fact that most of us do not completely understand situation. The second, issues due to lack of personal protective equipment such as gloves, gown, and so on; this has great negative impact on health care workers. Third, the isolation itself can make already exiting illness worse or new onset of mental illness. Forth, taking care of sick person is not easy for family or friends, it makes their daily lives difficult and leaving them more stressed out and less time for themselves and others such as elders or children.

At this stressful time, we can help us and other by doing things at personal levels namely, self-monitoring, taking regular breaks, working in teams, and checking on others. The most important thing is to accept the situation as we cannot change it and we need to focus on things that are within our power. We need tolerate and have patience and hope.

Source: WHO, Medscape: CME and Education

# Women bearing the brunt of economic losses: One in five has been laid off or had hours cut



**Katherine Scott**



Women are at the forefront of the economic crisis as yesterday's labour force report from Statistics Canada reveals.

In March, employment among women aged 25 to 54 years fell by 298,500, more than twice the decrease among men. Nearly half of this decrease (144,000) was among women working part-time, many in low paid service and care work who were already living on the financial edge before the pandemic struck.

Women make up just under half (47%) of all workers, but account for two-thirds (63%) of all job losses. Among workers in the core demographic aged 25 to 54 years, women represent 70% of all job losses.

The largest proportional losses were among youth (aged 15 to 24 years), accounting for almost 40% of total jobs losses in March. Young women have experienced the majority of these losses (at 59%), and over one-third of all job losses reported by women (36%).

**Unemployment and Loss of Hours**

Job losses of this scale have pushed up the unemployment rate among women by 3.4 percentage points over the space of a month. In March, 8.7% of all women reported being unemployed, the largest one-month increase on record.

Another 1.2 million women have seen at least half of their hours cut. This includes the many women working contract to contract, in precarious low wage jobs, as personal care assistants, cleaners and cashiers—a group that is not currently eligible for Canadian Emergency Response Benefit (CERB).

Altogether, over 1.8 million women have lost their jobs or lost at least half of their usual hours of employment. Average hours of employment among all female workers dropped from 30.1 per week in February to 24.8 hours in March, a decrease of 5.3 hours. By comparison, the decrease among male workers was only 3.9 hours.

Another way of looking at this is to track the number of dual earner families. In March 2020, there was a decrease in the number of spouses or partners living in dual earner families and an increase in single and non-earner couples by 918,000 (or +11.7%).

**Women leaving the labour market**

As stark as they are, the unemployment figures don't include those who have left the labour market altogether and are now at home caring for children or others who are ill with no prospect of immediate return.

Between February and March there was a significant increase in the number of women "not in the labour market." Among core-aged women (aged 25-54 years), that number grew by 145,800 (or 10.5%).

This is a number that bears watching, along with the employment rate. The employment gap between men and women among core aged workers—a key indicator of gender (in)equality—is already widening by 2.8 percentage points in a single month (from 91.7% to 88.9%). Many of these women leaving the labour force will be involved in child care and home schooling. Others will be caring for relatives who are ill. Will women return to the labour market—and in what capacity? Or will this crisis end up turning back the clock on gender equality?

**Beneath the headlines statistics**

In mid March, large swaths of the retail, food and accommodation sector were laid off in a single week. Civil servants were sent home—while others in the community sector are now struggling to deliver desperately needed services with skeleton staffs. With few exceptions, women again account for the majority of losses, and in some instances, such as care providers, health care technicians, and office support workers, the overwhelming majority.

Yesterday's labour force release identifies the public-facing industries and occupations that were hardest hit in this first wave of closures and layoffs. This includes accommodation and food services (-25.6%), information, culture and recreation (-16.6%), educational services (-10.4%) and wholesale and retail trade (-7.4%). In all of these sectors, women account for the majority of losses.

In some sectors such as health care and social assistance, finance, insurance, real estate, rental and leasing, and business, building and other support services, women account for almost 100% of the losses.

Losses have been heaviest among certain types of jobs such as sales and services occupations. At 600,000 jobs, this group of workers accounted for 59% of all job losses posted in March.

There were also large job losses among those employed in educational services (-64,400), paraprofessionals in legal, social and community services (-50,100), and caregivers in support occupations (-37,600). Nine percent of those employed in technical occupations in health (-31,500) and five percent of those in occupations in support of health services (-17,500) experienced job loss. Those working in art, culture, recreation and sport have also reported a significant decline in employment (-88,700).

With few exceptions, women again account for the majority of losses, and in some instances, such as care providers, health care technicians, and office support workers, the overwhelming majority.

Among senior managers, men experienced employment gains even as the number of women employed dropped—resulting in an even larger employment gap. Efforts to increase women's representation at leadership tables seem to be falling by the wayside.

**A harbinger of things to come**

Given the timing of the March labour force survey, we won't get the full picture until next month. But as my colleague, David MacDonald, notes these figures are "a harbinger of things to come as the unemployment calculations catch up to what's actually happening to Canadian workers."

We are shutting down key sectors of the economy, as we must, to contain the devastating impact of the coronavirus and protect our collective future. The costs will be high—especially for women. And we know the people facing intersecting forms of discrimination will suffer the largest and most profound losses and have the greatest difficulty springing back after the crisis.

Which is why it is critical to understand and document the gendered dimensions of the economic crisis—and take immediate action to make the changes necessary in the emergency income programs now rolling out to extend support to the hundreds of thousands who soon won't be able to meet their basic needs. It is also the moment to lay the foundation for a more gender equal and inclusive world for tomorrow.

The temptation will be to say that gender is a side issue to the real crisis. There are a 1.8 million reasons why that couldn't be further from the truth.

**Katherine Scott is a Senior Economist with the Canadian Centre for Policy Alternatives. Follow her on Twitter @ScottKatherineJ.**

**CATEGORIES: COVID19, Employment & Labour, Gender Equality**

# ਕਰੋਨਾ ਪ੍ਰਬੰਧਾਂ ਵਿਚ ਭਾਰਤ ਸਰਕਾਰ ਦਾ ਨਖਿੱਧ ਰੋਲ

ਕਰੋਨਾ 'ਤੇ ਕਾਬੂ ਪਾਉਣ ਲਈ ਜਿੱਥੇ ਦੱਖਣੀ ਕੋਰੀਆ ਸਮੇਤ ਕਈ ਮੁਲਕਾਂ ਦੀਆਂ ਸਰਕਾਰਾਂ ਨੇ ਵੱਡੇ ਬਜਟ ਤੇ ਤਾਕਤ ਝੋਕ ਕੇ ਇਸ ਮਹਾਂਮਾਰੀ ਨੂੰ ਕਾਬੂ ਕਰਨ 'ਚ ਬੇਹੱਦ ਤੱਦੀ ਦਿਖਾਈ ਤੇ ਸਫ਼ਲਤਾ ਪਾਈ ਹੈ, ਉੱਥੇ ਭਾਰਤ ਦੇ ਹਾਕਮਾਂ ਨੇ ਇਸ ਬਿਮਾਰੀ ਬਾਰੇ ਕਾਫ਼ੀ ਪਹਿਲਾਂ ਪਤਾ ਲੱਗਣ ਤੇ ਇਸ 'ਤੇ ਕਾਬੂ ਪਾਉਣ ਦੇ ਤਜਰਬੇ ਸਾਹਮਣੇ ਆਉਣ ਦੇ ਬਾਵਜੂਦ ਬੇਹੱਦ ਮੁਜਰਮਾਨਾਂ ਰੋਲ ਨਿਭਾਇਆ ਹੈ। ਇਹਨਾਂ ਨੇ ਨਾ ਸਿਰਫ਼ ਬਿਮਾਰੀ ਨੂੰ ਮੁਲਕ 'ਚ ਫੈਲਣ ਤੋਂ ਰੋਕਣ ਸਬੰਧੀ ਢੁਕਵੇਂ ਕਦਮ ਨਹੀਂ ਚੁੱਕੇ ਸਗੋਂ ਸਾਡੇ ਮੁਲਕ 'ਚ ਇਸ ਬਿਮਾਰੀ ਦੇ ਫੈਲਣ ਤੋਂ ਬਾਅਦ ਵੀ ਕੋਈ ਚੱਜ ਦੇ ਪ੍ਰਬੰਧ ਨਹੀਂ ਕੀਤੇ। ਇਹਨਾਂ ਪੱਖਾਂ ਨੂੰ ਉਜਾਗਰ ਕਰਨ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਵੱਖ-ਵੱਖ ਸਰੋਤਾਂ ਤੋਂ ਹਾਸਲ ਜਾਣਕਾਰੀ ਦੇ ਅਧਾਰ 'ਤੇ ਇਹ ਰਿਪੋਰਟ ਸਾਂਝੀ ਕੀਤੀ ਜਾ ਰਹੀ ਹੈ।

**ਕੋਵਿਡ - 19 ਨਾਲ ਸਫ਼ਲਤਾ ਪੂਰਬਕ ਲੜਾਈ ਦੇ ਮੋਰਚੇ 'ਤੇ ਦੱਖਣੀ ਕੋਰੀਆ**

ਲਾਕਡਾਊਨ ਦੀ ਜ਼ਰੂਰਤ ਨਹੀਂ – ਦੱਖਣੀ ਕੋਰੀਆ ਵਾਲਿਆ ਦਾ ਹੈ ਇਹ ਵਿਚਾਰ – ਦੱਖਣੀ ਕੋਰੀਆ ਦਾ ਪਹਿਲਾ ਟੈਸਟ 4 ਫਰਵਰੀ ਨੂੰ ਹੋਇਆ। ਇਸ ਤੋਂ ਸਿਰਫ਼ 10 ਦਿਨ ਬਾਅਦ ਇਸ ਬਿਮਾਰੀ ਦਾ ਇੱਕ ਹਾਂ ਪੱਖੀ ਮਰੀਜ਼ ਪਾਇਆ ਗਿਆ। ਇਸ ਬਿਮਾਰੀ ਨੂੰ ਸ਼ੁਰੂਆਤ ਰੂਪ 'ਚ ਹੀ ਰੋਕਣ ਲਈ ਹੱਲਾ ਮਾਰਿਆ ਗਿਆ। ਚਾਰ ਕੰਪਨੀਆਂ ਤੁਰੰਤ ਹੀ ਕਿੱਟਾਂ ਬਨਾਉਣ ਵਿੱਚ ਜੁੱਟ ਗਈਆਂ। ਸਿੱਟੇ ਵਜੋਂ 27 ਫਰਵਰੀ ਤੱਕ ਕੋਰੀਆਈ ਸਿਹਤ ਕਰਮਚਾਰੀ, ਅਧਿਕਾਰੀ ਪ੍ਰਤੀ ਦਿਨ (ਵੀਹ ਹਜ਼ਾਰ) ਟੈਸਟ ਕਰਨ ਦੇ ਸਮਰੱਥ ਹੋ ਨਿੱਬੜੇ।

ਟੈਸਟ ਕਰਨ ਵਾਲੀਆਂ ਥਾਂਵਾਂ ਹਰ ਪੱਧਰ ਦੀ ਅਬਾਦੀ ਦੇ ਐਨੀਆਂ ਨਜ਼ਦੀਕ ਬਣਾਈਆਂ ਗਈਆਂ ਕਿ ਤੁਸੀਂ ਥੋੜੀ ਦੂਰ ਜਾਓ ਤੇ ਟੈਸਟ ਸੈਂਪਲ ਦੇ ਕੇ ਵਾਪਸ ਆ ਜਾਓ। ਬਿੱਲਕੁੱਲ ਐਂਵੇ ਜਿਵੇਂ ਗਲੀ ਗੁਆਂਢ ਐਸ.ਟੀ.ਡੀ. ਤੋਂ ਫੋਨ ਕਾਲ ਕਰਨ ਲਈ ਜਾਣਾ ਹੁੰਦਾ ਹੈ।

ਦੱਖਣੀ ਕੋਰੀਆ ਦੀ ਇਸ ਵੱਡੀ ਪ੍ਰਾਪਤੀ ਨੂੰ ਉਚਿਆ ਦਿਆਂ ਅਮਰੀਕਾ ਦੇ ਖਾਧ ਅਤੇ ਦਵਾਈਆਂ ਦੇ ਪ੍ਰਸ਼ਾਸਕ ਸਾਬਕਾ ਡਾਇਰੈਕਟਰ ਸਕਾਟ ਗਾਟਲਿਬ ਨੇ ਕਿਹਾ ਕਿ "ਸ਼ਾਇਦ ਕੋਈ ਵੀ ਹੋਰ ਮੁਲਕ ਜਿੱਥੇ ਇਹ ਮਹਾਂਮਾਰੀ ਫੈਲੀ ਹੈ, ਵੱਡੇ ਪੱਧਰ 'ਤੇ ਟੈਸਟ ਕਰਨ, ਇਲਾਜ ਕਰਨ ਅਤੇ ਸਿਹਤ ਸੰਭਾਲ ਕਰਨ ਵਿੱਚ ਦੱਖਣੀ ਕੋਰੀਆ ਜਿਨ੍ਹਾਂ ਅਸਰਦਾਰ ਨਹੀਂ ਹੈ।

ਲਾਕਡਾਊਨ ਦੀ ਜ਼ਰੂਰਤ ਨਹੀਂ ਪਈ– ਦੱਖਣੀ ਕੋਰੀਆ ਨੇ ਐਨ ਸ਼ੁਰੂ ਵਿੱਚ ਬਿਮਾਰੀ ਤੇ ਹੱਲਾ ਬੋਲ ਦਿੱਤਾ, ਬਿਮਾਰੀ ਨੂੰ ਫੈਲਣ ਵਾਲੀਆਂ ਸ਼ੱਕੀ ਥਾਂਵਾ ਤੇ ਕੇਂਦਰਤ ਕਰਦਿਆਂ ਵੱਡੀ ਪੱਧਰ ਤੇ ਤਾਕਤ ਝੋਕ ਦਿੱਤੀ।

ਦੱਖਣੀ ਕੋਰੀਆ ਦੀ ਇਹ ਤੇਜੀ ਅਮਰੀਕਾ ਅਤੇ ਬਰਤਾਨੀਆਂ ਤੋਂ ਕਿਤੇ ਜਿਆਦਾ ਸੀ। ਇਸ ਦਾ ਹੀ ਸਿੱਟਾ ਹੈ ਕਿ ਉਸ ਨੂੰ ਲਾਕਡਾਊਨ ਵਰਗੇ ਸਖਤ ਕਦਮ ਚੁੱਕਣ ਦੀ ਲੋੜ ਨਹੀਂ ਪਈ।

**ਬੀ.ਸੀ ਨਿਊਜ਼ ਲੋਗ** - ਬਿੱਕਰ ਸਿੰਘ ਨੇ ਦੱਸਿਆ ਹੈ ਕਿ ਟੈਸਟ ਦੇ ਸੈਂਪਲ ਲੈਣ ਲਈ ਕਾਰ ਡਰਾਈਵਰ ਵਾਲੀ ਸੀਟ ਤੇ ਬੈਠੇ ਵਿਅਕਤੀ ਤੋਂ ਦੋ ਸਿਹਤ ਕਰਮਚਾਰੀ ਗਲੀ 'ਚ ਖਲੋਕੇ ਸੈਂਪਲ ਲੈਂਦੇ ਹਨ। ਜੀਭ ਬਾਹਰ ਕਢਵਾ ਕੇ ਕੰਨ ਸਾਫ਼ ਕਰਨ ਵਾਲੀ ਸਟਿੱਕ ਟਿਕ ਵਰਗੀ ਰੂੰ ਨਾਲ ਗਲੇ ਦੀ ਬਲਗਮ ਦਾ ਸੈਂਪਲ ਲੈ ਲਿਆ ਜਾਂਦਾ ਸੀ। ਅਤੇ ਟੈਸਟ ਸਟਿੱਕ ਦਾ ਦੂਜਾ ਪਾਸਾ ਨੱਕ 'ਚ ਉੱਪਰ ਤੱਕ ਲਿਜਾਕੇ ਸੈਂਪਲ ਲੈ ਲਿਆ ਜਾਂਦਾ ਹੈ। ਸਿਹਤ ਕਰਮਚਾਰੀ ਟੈਸਟ ਦੇਣ ਵਾਲੇ ਦਾ ਫੋਨ ਨੰ: ਤੇ ਨਾਂ ਨੋਟ ਕਰਦੇ ਹਨ ਕੰਮ 'ਤੇ ਚਲੇ ਜਾਣ ਨੂੰ ਕਹਿੰਦੇ ਹਨ। ਸੈਂਪਲ ਲੈਣ ਦੇ 6 ਘੰਟਿਆਂ ਦੇ ਅੰਦਰ ਉਸਨੂੰ ਮੋੜਵੇਂ ਸੁਨੇਹੇ ਦਿੰਦੇ ਹਨ। ਮਰੀਜ਼ ਸਾਬਤ ਹੋਇਆ ਤਾਂ ਫੋਨ ਕਰਕੇ ਸੱਦ ਲੈਂਦੇ ਹਨ। ਤੰਦਰੁਸਤ ਹੋਇਆ ਤਾਂ ਮੈਸੇਜ਼ ਕਰ ਦਿੰਦੇ ਹਨ। ਦੱਖਣੀ ਕੋਰੀਆ ਦੁਨੀਆਂ ਭਰ 'ਚ ਅੱਗੇ ਹੈ – ਸੈਂਪਲ ਲੈਣ ਅਤੇ ਟੈਸਟ ਕਰਨ ਦਾ ਇਹ ਕੰਮ 24/7 ਘੰਟੇ ਚੱਲ ਰਿਹਾ ਹੈ।

ਦੱਖਣੀ ਕੋਰੀਆ ਦੀ ਕੋਵਿਡ–19 ਨਾਲ ਮਰਨ ਵਾਲਿਆ ਦੀ ਦਰ .7% ਜਾਣੀ ਹਜ਼ਾਰ ਮਰੀਜਾਂ ਵਿੱਚੋਂ 7 ਮੌਤਾਂ ਹੋਈਆ ਹਨ। ਬਾਕੀਆਂ ਦਾ ਇਲਾਜ ਹੋਇਆ ਹੈ ਜਦੋਂ ਕਿ ਦੁਨੀਆਂ ਦਾ ਅੰਕੜਾ ਇੱਕ ਹਜ਼ਾਰ ਪਿੱਛੇ 34 ਮੌਤਾਂ ਦਾ ਹੈ। ਸਿਹਤ ਵਿਗਿਆਨੀਆਂ ਦਾ ਪੱਕਾ ਵਿਚਾਰ ਹੈ ਕਿ ਇਹ ਅੰਕੜਾ ਅਸਲ ਹਕੀਕਤ ਪੱਖੋਂ ਇਸ ਤੋਂ ਕਿਤੇ ਉੱਚਾ ਹੈ ਕਿਉਂਕਿ ਸਾਰੇ ਅੰਕੜੇ ਨਸ਼ਰ ਨਹੀਂ ਕੀਤੇ ਜਾਂਦੇ।

2017 ਦੀ ਜਨਗਣਨਾ ਅਨੁਸਾਰ ਦੱਖਣੀ ਕੋਰੀਆ ਦੀ ਕੁੱਲ ਅਬਾਦੀ 5 ਕਰੋੜ 15 ਲੱਖ ਹੈ। ਇੱਥੇ ਇੱਕ ਹਜ਼ਾਰ ਦੀ ਅਬਾਦੀ ਪਿੱਛੇ ਹਸਪਤਾਲਾਂ ਦੇ ਬੈਡਾਂ ਦੀ ਗਿਣਤੀ 11.4 ਹੈ ਅਤੇ ਡਾਕਟਰਾਂ ਦੀ ਗਿਣਤੀ 2.4 ਹੈ। ਭਾਵ 5000 ਦੀ ਅਬਾਦੀ ਵਾਲੇ ਹਰ ਇੱਕ ਪਿੰਡ 'ਚ 55.7 ਬੈਡਾਂ ਵਾਲਾ ਹਸਪਤਾਲ ਹੈ ਜਿੱਥੇ 12 ਡਾਕਟਰ ਮੌਜੂਦ ਹਨ।

**ਕਿੱਥੇ ਕੁ ਖੜ੍ਹਨਾ ਹੈ ਭਾਰਤ**

**ਬੀ.ਬੀ.ਸੀ. ਹਿੰਦੀ** (1-4-2020) **ਚਿੰਕੀ ਸਿਨਹਾ ਰਿਪੋਰਟਰ ਦਿੱਲੀ**- 2011 ਦੀ ਜਨਗਣਨਾ ਮੁਤਾਬਕ ਕੰਮ ਕਰਨ ਖਾਤਰ ਇੱਕ ਜਗਾਹ ਤੋਂ ਦੂਜੀ ਜਗਾਹ ਜਾਣ ਵਾਲੇ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ 1 ਕਰੋੜ 39 ਲੱਖ ਹੈ।

2017 ਦੇ ਆਰਥਿਕ ਸਰਵੇਖਣ ਮੁਤਾਬਕ 2011 ਤੋਂ 2016 ਦਰਮਿਆਨ 90 ਲੱਖ ਲੋਕ ਇੱਕ ਰਾਜ ਤੋਂ ਦੂਜੇ ਰਾਜ 'ਚ ਪੈਸੇ ਕਮਾਉਣ ਲਈ ਗਏ।

ਇਸ ਤੋਂ ਬਗੈਰ 2 ਕਰੋੜ ਲੋਕ (ਔਰਤਾਂ ਤੇ ਆਦਮੀ) ਦੂਜਿਆਂ ਦੇ ਘਰੀਂ ਘਰੇਲੂ ਕੰਮ ਕਰਨ ਜਾਂਦੇ ਹਨ।

ਟੈਕਸਟਾਈਲ (ਕੱਪੜਾ ਖੇਤਰ) 'ਚ 1.1 ਕਰੋੜ ਅਤੇ ਇੱਟ–ਭੱਠਾ ਸਨਅਤ ਵਿੱਚ 1 ਕਰੋੜ ਵੱਖਰੇ ਇਸ ਵਰਗ 'ਚ ਆਉਂਦੇ ਹਨ।

ਟ੍ਰਾਂਸਪੋਰਟ, ਰੇਤਾ ਤੇ ਹੋਰ ਖਾਣਾਂ ਤੋਂ ਇਲਾਵਾ ਖੇਤੀਬਾੜੀ ਖੇਤਰ ਵਿੱਚ ਵੀ ਵੱਡੀ ਗਿਣਤੀ 'ਚ ਪ੍ਰਵਾਸੀ ਮਜ਼ਦੂਰ ਲੱਗੇ ਹੋਏ ਹਨ।

ਵੱਡੀ ਬਹੁਗਿਣਤੀ ਮਜ਼ਦੂਰਾਂ ਕੋਲ ਨਾ ਤਾਂ ਬੈਂਕ ਖਾਤੇ ਹਨ ਅਤੇ ਨਾ ਹੀ ਰਾਸ਼ਨ ਕਾਰਡ। ਉਹਨਾਂ ਦੀਆਂ ਲੋੜਾਂ ਬਾਰੇ ਪ੍ਰਧਾਨ ਮੰਤਰੀ ਨੇ ਬਿਲਕੁਲ ਨਹੀਂ ਸੋਚਿਆ, ਨੋਟਬੰਦੀ ਵਾਂਗੂੰ ਹੀ ਭਗਦੜ ਮਚਾ ਦਿੱਤੀ।

27 ਮਾਰਚ ਤੱਕ ਭਾਰਤ ਭਰ 'ਚ ਸਿਰਫ਼ 26789 ਟੈਸਟ ਕੀਤੇ ਗਏ, ਸਾਰੇ ਦੇਸ਼ਾਂ ਨਾਲੋਂ ਘੱਟ ਇੱਥੇ ਸਰਕਾਰੀ ਹਸਪਤਾਲਾਂ 'ਚ ਸਿਰਫ਼ 8,432 ਵੈਂਟੀਲੇਟਰ ਹਨ, ਜਦੋਂ ਕਿ ਪ੍ਰਾਈਵੇਟ ਹਸਪਤਾਲਾਂ 'ਚ 40,000 ਵੈਂਟੀਲੇਟਰ ਹਨ।

ਮਾਹਿਰਾਂ ਮੁਤਾਬਕ ਮੁਲਕ ਨੂੰ 8–10 ਗੁਣਾ ਵਧੇਰੇ ਵੈਂਟੀਲੇਟਰਾਂ ਦੀ ਲੋੜ ਹੋਵੇਗੀ।

ਸਰਕਾਰੀ ਸੰਕੇਤ ਦੱਸਦੇ ਹਨ ਕਿ ਕਰੋਨਾ ਮਹਾਂਮਾਰੀ ਤੀਜੀ ਸਟੇਜ 'ਤੇ ਪਹੁੰਚ ਚੁੱਕੀ ਹੈ।

ਸਰਕਾਰ ਟੈਸਟ ਕਿੱਟਾਂ ਬਣਾਉਣ ਲਈ ਮਨਜ਼ੂਰੀ ਦੇਣ 'ਚ ਦੇਰੀ ਕਿਉਂ ਕਰ ਰਹੀ ਹੈ –

ਸ਼ੁਰੂ–ਸ਼ੁਰੂ ਵਿੱਚ ਭਾਰਤੀ ਮੈਡੀਕਲ ਖੋਜ ਕੌਂਸਲ ਨੇ ਅਮਰੀਕੀ 'ਖੁਰਾਕ ਤੇ ਦਵਾਈਆਂ ਪ੍ਰਬੰਧਨ (ਐਫ.ਡੀ.ਏ.) ਅਤੇ ਯੂਰਪੀਅਨ ਸੀ.ਈ. ਤਸਦੀਕੀ ਸੰਸਥਾਂ ਦੀਆਂ ਟੈਸਟਿੰਗ ਕਿੱਟਾਂ ਨੂੰ ਤਾਂ ਮਨਜ਼ੂਰੀ ਦਿੱਤੀ ਪਰ, ਚੇਨਈ (ਮਦਰਾਸ) ਵਿਖੇ ਸਥਿਤ ਟਰਾਈਵਿਟਰੋਨ ਹੈਲਥਕੇਅਰ ਵਰਗੀ ਭਾਰਤੀ ਕੰਪਨੀ ਨੂੰ ਛੱਡ ਦਿੱਤਾ, ਜਿਹੜੀ 5 ਲੱਖ ਕਿੱਟਾਂ ਚੀਨ ਨੂੰ ਭੇਜ ਚੁੱਕੀ ਹੈ। ਹਾਲਾਂਕਿ ਇਸ ਕੰਪਨੀ ਦੁਆਰਾ ਵਿਕਸਿਤ ਕਿੱਟ ਰੋਜ਼ਾਨਾ ਹਜ਼ਾਰਾਂ ਸੈਂਪਲ ਟੈਸਟ ਕਰ ਸਕਦੀ ਹੈ। ਸ਼ੁਰੂ 'ਚ ਵਿਦੇਸ਼ਾਂ ਤੋਂ ਮੰਗਵਾਈਆਂ ਕਿੱਟਾਂ ਦਾ ਮੁੱਲ ਵੀ ਇਸਤੋਂ ਦੁੱਗਣਾ ਸੀ।

ਦੂਜੇ ਪਾਸੇ ਸਵਿੱਸ ਕੰਪਨੀ ਦੀ ਇਕਾਈ "ਰੋਸ਼ੇ ਡਾਇਗਨੋਸਟਿਕਸ ਇੰਡੀਆ" ਨੂੰ ਟੈਸਟ ਲਾਇਸੰਸ ਦੇ ਦਿੱਤਾ ਗਿਆ।

2019 ਵਿੱਚ ਮਾਇਲੈਬ ਨੂੰ ਐਚ.ਆਈ.ਵੀ (ਏਡਜ਼) ਅਤੇ ਹੈਪੇਟਾਈਟਸ ਬੀ.ਸੀ. (ਪੀਲੀਆ) ਦੀ ਟੈਸਟਿੰਗ ਕਿੱਟਸ ਵਾਸਤੇ ਭਾਰਤ ਦੀ ਪਹਿਲੀ "ਐਫ.ਡੀ.ਏ. ਪ੍ਰਵਾਨਤ ਡਾਇਗਨੋਗਟਿਕ ਕੰਪਨੀ" ਵਜੋਂ ਮਾਨਤਾ ਦੇ ਦਿੱਤੀ ਗਈ।

ਟ੍ਰਾਇਵੀਟਰੋਨ ਦੇ ਸਾਂਝੇ ਜੁਗਾੜ 'ਚ ਸ਼ਾਮਲ ਚੀਨ ਵਿਚਲੀ "ਲੈਬਸਿਸਟਮਜ਼ ਡਾਇਗਨੋਸਟਿਕਸ" ਰੋਜ਼ਾਨਾਂ 7 ਲੱਖ 50 ਹਜ਼ਾਰ ਕਿੱਟਾਂ ਬਣਾ ਕੇ ਵੇਚ ਰਹੀ ਹੈ।



ਭਾਰਤੀ ਮੈਡੀਕਲ ਖੋਜ ਕੌਂਸਲ (ਆਈ.ਸੀ.ਐਮ.ਆਰ.) ਦੀਆਂ ਲੈਬਾਰਟਰੀਆਂ ਵਿੱਚ ਕੋਵਿਡ–19 ਟੈਸਟ 4500 ਰੁਪਏ 'ਚ ਕੀਤਾ ਜਾ ਰਿਹਾ ਹੈ ਜੋ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੈ। ਇੱਥੇ ਅਮਰੀਕੀ "ਥਰਮੋਫਿਸ਼ਰ ਸਾਇੰਟਫਿਕ" ਅਤੇ ਸਵਿਜ ਕੰਪਨੀ "ਰੋਸ਼ੇ ਡਾਇਗਨੋਸਟਿਕਸ" ਦੀਆਂ ਕਿੱਟਾਂ ਦੀ ਵਰਤੋਂ ਹੋ ਰਹੀ ਹੈ।

ਇੱਕ ਹੋਰ ਵਿਵਾਦ 'ਕੋਸਾਰਾ' ਕਾਰਨ ਪੈਦਾ ਹੋਇਆ ਜੋ ਅਮਰੀਕੀ ਤੇ ਭਾਰਤੀ ਫਰਮਾਂ ਦਾ ਸਾਂਝਾ ਕਾਰੋਬਾਰ ਹੈ। ਇਸਨੂੰ ਅਮਰੀਕਣ ਐਫ.ਡੀ.ਏ. ਦੀ ਸਪਸ਼ਟਤਾ ਤੋਂ ਬਗੈਰ ਹੀ ਟੈਸਟਿੰਗ ਕਿੱਟਾਂ ਬਣਾਉਣ ਦਾ ਸ਼ੁਰੂਆਤ ਲਾਇਸੰਸ ਦੇ ਦਿੱਤਾ ਗਿਆ।

ਰਿਪੋਰਟਾਂ ਮੁਤਾਬਕ ਕਾਫ਼ੀ ਪਿੱਛੋਂ ਜਾ ਕੇ ਨੀਤੀ–ਤਬਦੀਲ ਕੀਤੀ ਗਈ ਕਿ ਉਹਨਾਂ ਭਾਰਤੀ ਕੰਪਨੀਆਂ ਨੂੰ ਵੀ ਇਜਾਜ਼ਤ ਦਿੱਤੀ ਜਾਵੇ ਜਿਹਨਾਂ ਨੂੰ ਪੂਣੇ ਦੀ "ਨੈਸ਼ਨਲ ਇੰਸਟੀਚਿਊਟ ਆਫ਼ ਬਾਇਲੌਜੀ" ਤੋਂ ਟੈਸਟ ਦੀ ਪ੍ਰਵਾਨਗੀ ਮਿਲ ਚੁੱਕੀ ਹੈ।

**ਰਿਊਟਰਜ਼** (31-3-2020) ਦੇਵਜੋਤ, ਘੋਸ਼ਾਲ ਤੇ ਅਦਿੱਤਿਆ ਕਾਲੜਾ – ਭਾਰਤੀ ਡਾਕਟਰ ਰੇਨਕੋਟ ਤੇ ਹੈਲਮੈਟ ਪਾ ਕੇ ਲੜ ਰਹੇ ਨੇ ਕਰੋਨਾ ਨਾਲ

ਵਿਸ਼ੇਸ਼ ਸੁਰੱਖਿਆ ਅਤੇ ਸਿਹਤ ਬੀਮੇ ਦੀ ਮੰਗ ਨੂੰ ਲੈ ਕੇ ਯੂ.ਪੀ. ਦੇ 4700 ਐਂਬੂਲੈਂਸ ਮੁਲਾਜ਼ਮ (ਮੁੱਖ ਤੌਰ 'ਤੇ ਸਰਕਾਰੀ ਹਸਪਤਾਲਾਂ ਦੇ) ਮੰਗਲਵਾਰ ਨੂੰ ਹੜਤਾਲ 'ਤੇ ਚਲੇ ਗਏ।

1251 ਲੋਕਾਂ ਨੂੰ ਜਕੜ ਚੁੱਕੇ ਕਰੋਨਾ ਵਾਇਰਸ ਵਿਰੁੱਧ ਲੜਾਈ ਦੇ ਮੈਦਾਨ 'ਚ ਨਿੱਤਰੇ ਦਰਜਨ ਤੋਂ ਵੱਧ ਡਾਕਟਰਾਂ ਨੇ ਖਦਸ਼ਾ ਜ਼ਾਹਰ ਕੀਤਾ ਕਿ ਵਿਸ਼ੇਸ਼ ਸੁਰੱਖਿਆ ਕਿੱਟਾਂ ਬਗੈਰ ਉਹ ਖੁਦ ਇਸ ਰੋਗ ਨੂੰ ਫੈਲਾਉਣ ਦੇ ਭਾਗੀਦਾਰ ਬਣ ਸਕਦੇ ਹਨ।

ਕੋਲਕਾਤਾ, ਭਾਰਤ 26 ਮਾਰਚ 2020, ਦੋ ਡਾਕਟਰ ਫਟੇ ਹੋਏ ਰੇਨ–ਕੋਟ (ਮੀਂਹ ਵਾਲੇ ਕੋਟ) ਅਤੇ ਹੈਲਮੈਂਟ ਪਹਿਨੇ ਹੋਏ ਦਿਸੇ।

ਕਰੋਨਾ ਰੋਗ ਮੁਖ ਇਲਾਜ ਸਹੂਲਤ ਕੇਂਦਰ ਵਿਖੇ ਫਟਿਆ ਹੋਇਆ ਮਾਸਕ ਪਾ ਕੇ ਆਉਂਦੇ ਹੋਏ ਡਾਕਟਰ ਦੀ ਫੋਟੋ ਵੀ ਰਿਊਟਰ ਦੁਆਰਾ ਨਸ਼ਰ ਕੀਤੀ ਹੈ।

ਰਿਊਟਰ ਦੁਆਰਾ ਕੀਤੇ ਗਏ ਸਵਾਲਾਂ ਦਾ ਭਾਰਤੀ ਸਿਹਤ ਮੰਤਰਾਲੇ ਵੱਲੋਂ ਫੌਰਨ ਕੋਈ ਪ੍ਰਤੀਕਰਮ ਨਹੀਂ ਦਿੱਤਾ।

ਆਪਣਾ ਨਾਂ ਨਸ਼ਰ ਨਾ ਕਰਨ ਦੀ ਸ਼ਰਤ ਤੇ ਕੇਂਦਰ ਸਰਕਾਰ ਦੇ ਇੱਕ ਅਧਿਕਾਰੀ ਨੇ ਕਿਹਾ "ਅਸੀਂ ਅਰਦਾਸਾਂ ਆਸਰੇ ਹੀ ਜਿਊਂ ਰਹੇ ਹਾਂ, ਇਹ ਨਹੀਂ ਕਿ ਸਿਹਤ ਪ੍ਰਬੰਧਾਂ 'ਤੇ ਭਰੋਸਾ ਕਰਕੇ ਆਪਣੇ ਆਪ ਨੂੰ ਬਚਾ ਸਕੀਏ"

ਹਰਿਆਣਾ ਦੇ ਰੋਹਤਕ ਸਰਕਾਰੀ ਹਸਪਤਾਲ ਦੇ ਅਨੇਕਾਂ ਡਾਕਟਰਾਂ ਨੇ ਢੁੱਕਵੇਂ ਸੁਰੱਖਿਆ ਸਮਾਨ ਤੋਂ ਬਗੈਰ ਕਰੋਨਾ ਮਰੀਜ਼ਾਂ ਦੇ ਇਲਾਜ ਤੋਂ ਇਨਕਾਰ ਕਰਦੇ ਰਹੇ ਹਨ। ਹਰੇਕ ਡਾਕਟਰ ਨੇ ਮਾਸਕ ਅਤੇ ਹੋਰ ਵਸਤਾਂ ਲਈ 1000–1000 ਰੁਪਏ ਅਦਾ ਕਰੇ। ਇੱਕ ਡਾਕਟਰ ਨੇ ਕਿਹਾ "ਹਰ ਕੋਈ ਤ੍ਰਭਕਿਆ ਹੋਇਆ ਹੈ। ਕੋਈ ਸੁਰੱਖਿਆ ਬਗੈਰ ਕੰਮ ਨਹੀਂ ਕਰਨਾ ਚਾਹੁੰਦਾ।"

**ਬੀ.ਬੀ.ਸੀ. ਹਿੰਦੀ** 4-4-2020 **ਚਿੰਕੀ ਸਿਨਹਾ** - 2–4–2020 ਨੂੰ ਏਮਜ਼ ਦਿੱਲੀ ਦਾ ਇੱਕ ਡਾਕਟਰ ਕਰੋਨਾ ਪਾਜ਼ਿਟਿਵ ਪਾਇਆ ਗਿਆ।

ਉਸਤੋਂ ਮਗਰੋਂ ਪਤਾ ਲੱਗਿਆ ਕਿ ਉਸਦੀ 9 ਮਹੀਨੇ ਦੀ ਗਰਭਵਤੀ ਪਤਨੀ ਵੀ ਇਸਦੀ ਲਪੇਟ 'ਚ ਆ ਚੁੱਕੀ ਹੈ।

ਇਉਂ ਦੇਸ਼ ਦੀ ਰਾਜਧਾਨੀ 'ਚ 8 ਡਾਕਟਰ ਪੀੜਤ ਹੋ ਚੁੱਕੇ ਹਨ।

ਮੋਦੀ ਸਰਕਾਰ ਇਹਨਾਂ ਸਵਾਲਾਂ ਤੋਂ ਨਹੀਂ ਬਚ ਸਕਦੀ।

ਕਰੋਨਾ ਵਾਇਰਸ : ਭਾਰਤ 'ਚ ਡਾਕਟਰਾਂ ਦੀ ਸੁਣਨ ਵਾਲਾ ਕੋਈ ਹੈ?

ਜੰਮੂ ਕਸ਼ਮੀਰ ਦੇ ਡਾਕਟਰ ਵੀ ਸਮੱਸਿਆਵਾਂ ਨਾਲ ਜੂਝ ਰਹੇ ਹਨ

: ਮਹਾਰਾਸ਼ਟਰ 'ਚ ਡਾਕਟਰਾ ਨੂੰ ਕਿਹਨਾਂ ਚੁਣੌਤੀਆਂ ਦਾ ਸਾਹਮਣਾ ਹੈ?

: ਕਿਹਨਾਂ ਹਾਲਾਤ 'ਚ ਕੰਮ ਕਰ ਰਹੇ ਨੇ ਭਾਰਤੀ ਡਾਕਟਰ?

ਮੈਡੀਕਲ ਸੁਪਰਡੈਂਟ ਡੀ.ਕੇ. ਸ਼ਰਮਾ ਮੁਤਾਬਕ : ਰੈਜ਼ੀਡੈਂਟ ਡਾਕਟਰ ਕਿਸੇ ਵੀ ਮਰੀਜ਼ ਦੀ ਸੇਵਾ–ਸੰਭਾਲ 'ਚ ਸ਼ਾਮਲ ਨਹੀਂ ਸਨ।

ਏਮਜ਼ ਦੇ ਇੱਕ ਰੈਜ਼ੀਡੈਂਟ ਡਾਕਟਰ ਨੇ ਨਾਮ ਨਾ ਛਾਪਣ ਦੀ ਸ਼ਰਤ ਨਾਲ ਦੱਸਿਆ ਕਿ ਇਹ ਅਜਿਹੇ ਹਾਲਾਤ ਦੀ ਸ਼ੁਰੂਆਤ ਹੈ ਜਿਸ ਵਿੱਚ ਏਮਜ਼ ਵਰਗੇ ਹਸਪਤਾਲਾਂ 'ਚ ਹੈਲਪ ਕੇਅਰ ਕਾਮਿਆਂ ਦਾ ਇਸ ਵਾਇਰਸ ਦੀ ਲਪੇਟ 'ਚ ਆਉਣਾ ਸ਼ੁਰੂ ਹੋ ਗਿਆ ਹੈ। ਇਹਨਾਂ ਕੋਲ ਸੁਰੱਖਿਅਕ ਸਾਮਾਨ ਜਾਂ ਸੈਨੇਟਾਈਜ਼ਰ ਨਾ ਹੋਣਾ ਇਹਦੀ ਵਜਾਹ ਹੈ।

ਇੱਕ ਡਾਕਟਰ ਨੇ ਕਿਹਾ "ਹਰ ਰੋਜ਼ ਡਿਊਟੀ 'ਤੇ ਹਸਪਤਾਲ ਜਾਂਦੇ ਸਮੇਂ ਮੈਂ ਡਰਦਾ ਹਾਂ। ਅਸੀਂ ਸਾਰੇ ਇਸ ਅੰਦਾਜ਼ੇ ਨਾਲ ਕੰਮ ਕਰ ਰਹੇ ਹਾਂ ਕਿ ਹੋਰ ਬਿਮਾਰੀਆਂ ਤੋਂ ਪੀੜਤ ਆ ਰਹੇ ਮਰੀਜ਼ ਕਰੋਨਾ ਪੀੜਤ ਨਹੀਂ ਹਨ। ਇਸ ਤਰ੍ਹਾਂ ਅਸੀਂ ਬਿਨਾਂ ਹਥਿਆਰ ਮੂਹਰਲੀ ਕਤਾਰ ਦੇ ਫੌਜੀ ਬਣ ਕੇ ਇਸ ਮਹਾਂਮਾਰੀ ਵਿਰੁੱਧ ਲੜ ਰਹੇ ਹਾਂ

ਨਿੱਜੀ ਸੁਰੱਖਿਅਕ ਸਾਮਾਨ (ਪੀ.ਪੀ.ਈ.) ਵਿੱਚ ਮਾਸਕ, ਰੈਸਪੀਰੇਟਰਸ, ਅੱਖਾਂ ਦੇ ਢੱਕਣ, ਗਾਊਨ ਤੇ ਦਸਤਾਨੇ ਸ਼ਾਮਲ ਹਨ। ਇਹਨਾਂ ਪੀ.ਪੀ.ਈ. ਦੀ ਦੇਸ਼ 'ਚ ਭਾਰੀ ਕਮੀ ਹੈ, ਜਿਸ ਨਾਲ ਸਿਹਤ ਸੰਭਾਲ ਕਾਮਿਆਂ ਦੀ ਕੰਮ ਸਮਰੱਥਾ ਬੁਰੀ ਤਰ੍ਹਾਂ ਪ੍ਰਭਾਵਤ ਹੈ।

ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ (ਆਰ.ਡੀ.ਏ.) ਦੇ ਜਨਰਲ ਸਕੱਤਰ ਅਤੇ ਮੰਨੇ ਪ੍ਰਮੰਨੇ ਡਾਕਟਰ ਟੀ ਸ਼੍ਰੀ ਨਿਵਾਸ ਰਾਜਕੁਮਾਰ ਮੁਤਾਬਿਕ "ਸਾਨੂੰ ਪੀ.ਪੀ.ਈ. ਦੀ ਦੁਬਾਰਾ ਵਰਤੋਂ ਬਾਰੇ ਸਿਹਤ ਮੰਤਰਾਲੇ ਦੀ ਗਾਈਡਲਾਈਨ ਦਾ ਪਾਲਣਾ ਕਰਨਾ ਚਾਹੀਦਾ ਹੈ।" ਉਹਨਾਂ ਦੱਸਿਆ ਕਿ ਸ਼ੁੱਕਰਵਾਰ ਨੂੰ ਜਿਹੜੇ ਡਾਕਟਰ ਤੇ ਨਰਸਾਂ ਟ੍ਰੇਨਿੰਗ 'ਤੇ ਆਏ ਉਹ ਆਵਦੇ ਮਾਸਕ ਆਪ ਲੈ ਕੇ ਆਏ। "ਇਹ ਪ੍ਰਵਾਨਯੋਗ ਨਹੀਂ ਹੈ"

**ਆਰ.ਡੀ.ਏ. ਵੱਲੋਂ ਨਰਸਾਂ ਤੇ ਡਾਕਟਰਾਂ ਦੀ ਸੁਰੱਖਿਆ ਦੀ ਮੰਗ** - ਏਮਜ਼ ਡਾਇਰੈਕਟਰ ਨੂੰ 16 ਮਾਰਚ ਨੂੰ ਆਰ.ਡੀ.ਏ. ਨੇ ਕਿਹਾ ਕਿ ਬੀਤੇ ਕੱਲ ਸੰਸਥਾ ਦੀ ਐਗਜ਼ੈਕਟਿਵ ਟੀਮ ਨੇ ਵਾਰਡਾਂ ਵਿੱਚ ਸੁਰੱਖਿਆ ਉਪਕਰਣ ਮੌਜੂਦ ਨਾ ਹੋਣ ਦੀ ਗੱਲ ਆਖੀ ਸੀ।

ਮੰਗ ਪੱਤਰ 'ਚ ਉਹਨਾਂ ਮੰਗ ਕੀਤੀ ਕਿ ਕਰੋਨਾ ਵਾਇਰਸ ਐਕਸ਼ਨ ਟੀਮ 'ਚ ਆਰ.ਡੀ.ਏ. ਨੂੰ ਸ਼ਾਮਲ ਕੀਤਾ ਜਾਵੇ ਤਾਂ ਜੋ ਸਥਿਤੀ ਸੁਧਾਰੀ ਜਾ ਸਕੇ।

ਪੂਰੇ ਦੇਸ਼ ਦੇ ਡਾਕਟਰ ਪੀ.ਪੀ.ਈ., ਐਨ 95 ਮਾਸਕ ਤੇ ਹੋਰ ਸੁਰੱਖਿਆ ਉਪਕਰਣ ਉਹਨਾਂ ਨੂੰ ਮੁਹੱਈਆ ਕਰਾਉਣ ਦੀ ਮੰਗ ਕਰ ਰਹੇ ਹਨ।

ਡਾਇਰੈਕਟਰ ਡਾ: ਰਾਜਦੀਪ ਗੁਲੇਰੀਆਂ ਨੂੰ ਲਿਖੀ ਚਿੱਠੀ 'ਚ ਐਸੋਸ਼ੀਏਸ਼ਨ ਦੇ ਪ੍ਰਧਾਨ ਡਾ: ਆਦਰਸ਼ ਪ੍ਰਤਾਪ ਸਿੰਘ ਨੇ ਕਿਹਾ "ਅਸੀਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਰ ਵਕਤ ਪੀ.ਪੀ.ਈ. – ਉਪਲਬਧ ਹੋਣਾ ਤੈਅ ਕੀਤਾ ਜਾਵੇ ਤਾਂ ਕਿ ਡਾਕਟਰਾਂ ਤੇ ਨਰਸਾਂ ਸੁਰੱਖਿਅਤ ਰਹਿ ਸਕਣ।"

ਸੰਸਥਾਂ ਦੇ ਮੈਡੀਕਲ ਮਾਹਰਾਂ ਨੂੰ ਖੁਦ ਬਣਾਏ ਹੱਥ- ਸੈਨੇਟਾਈਜ਼ਰ ਅਤੇ ਚਿਹਰਾ ਬਚਾਓ ਪਲਾਸਟਿਕ ਵਰਤਣੇ ਪੈ ਰਹੇ ਹਨ।

ਸ਼੍ਰੀ ਨਿਵਾਸ ਰਾਜਕੁਮਾਰ ਨੇ ਕਿਹਾ ਕਿ ਅਸੀਂ ਇਹ ਮੰਗ ਵੀ ਕੀਤੀ ਸੀ ਕਿ ਡਾਕਟਰਾਂ ਦੀ ਨੇੜੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇ। ਡਾਕਟਰਾਂ ਦੀ ਸਕਰੀਨਿੰਗ ਨਾ ਹੋਣ ਕਾਰਨ ਹਾਲਾਤ ਟਾਈਮ ਬੰਬ ਵਰਗੇ ਬਣੇ ਹੋਏ ਹਨ।

ਹੋਸਟਲ ਵਾਰਡਨ ਸੰਦੀਪ ਅਗਰਵਾਲ ਨੇ ਫੋਨ 'ਤੇ ਦੱਸਿਆ ਕਿ ਸਾਰੇ ਸੁਰੱਖਿਆ ਉਪਾਅ ਅਪਣਾਏ ਜਾ ਰਹੇ ਹਨ। ਫਿਰ ਉਹਨਾਂ ਨੇ ਫੋਨ ਕੱਟ ਦਿੱਤਾ।

**ਸੁਪਰੀਮ ਕੋਰਟ ਤੱਕ ਪਹੁੰਚ ਗਿਆ ਮਾਮਲਾ** - ਮੰਗਲਵਾਰ ਨੂੰ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਤੋਂ ਸੁਪਰੀਮ ਕੋਰਟ ਨੇ ਪੁੱਛਿਆ ਸੀ ਕਿ ਮਹਾਂਮਾਰੀ ਨਾਲ ਲੜ ਰਹੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ਼ ਨੂੰ ਸੰਸਾਰ ਸਿਹਤ ਸੰਸਥਾ ਦੁਆਰਾ ਤਹਿ ਕੁਆਲਟੀ ਦੇ ਸੁਰੱਖਿਆ ਉਪਕਰਨ ਮੁਹੱਈਆ ਕਰਾਉਣ ਦੀ ਮੰਗ ਖਾਤਰ ਨਾਗਪੁਰ ਦੇ ਇੱਕ ਡਾਕਟਰ ਦੀ ਪਟੀਸ਼ਨ 'ਤੇ ਗੌਰ ਕਰੋ।

– ਇਸਤੋਂ ਪਹਿਲਾਂ ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਸੀ ਕਿ ਹਸਪਤਾਲਾਂ 'ਚ 3.34 ਲੱਖ ਪੀ.ਪੀ.ਈ. ਮੌਜੂਦ ਹਨ ਅਤੇ 60000 ਖਰੀਦੇ ਜਾ ਚੁੱਕੇ ਹਨ। ਰੈੱਡ ਕਰਾਸ ਨੇ ਵੀ 10000 ਦਾਨ ਕੀਤੇ ਹਨ।

– ਕੋਵਿਡ–19 'ਤੇ ਕੌਮੀ ਤਿਆਰੀ ਸਰਵੇ 410 ਜ਼ਿਲ੍ਹਾ ਅਧਿਕਾਰੀਆਂ ਦੁਆਰਾ ਕਰਾਇਆ ਗਿਆ। ਇਸ ਵਿੱਚ 23 ਸਵਾਲਾਂ ਵਾਲੇ ਪੂਰੇ ਭਰੇ 266 ਫਾਰਮਾਂ ਤੋਂ ਪਤਾ ਲੱਗਿਆ ਕਿ ਬਹੁਤੇ ਰਾਜਾਂ ਨੂੰ ਪੀ.ਪੀ.ਈ. ਕਿੱਟਸ ਮਾਸਕਾਂ ਤੇ ਸੈਨੇਟਾਈਜ਼ਰਾਂ ਦੀ ਕਮੀ ਹੈ।

– ਸਰਵੇ 'ਚ ਸ਼ਾਮਲ 47 ਪ੍ਰਤੀਸ਼ਤ ਅਫ਼ਸਰਾਂ ਨੇ ਕਿਹਾ ਕਿ ਉਹਨਾਂ ਨੂੰ ਜਿਲ੍ਹੇ ਦੇ ਹਸਪਤਾਲਾਂ 'ਚ ਪੀ.ਪੀ.ਈ. ਦੀ ਘਾਟ ਮਹਿਸੂਸ ਹੋ ਰਹੀ ਹੈ।

– ਪਰਸੋਨਲ ਮੰਤਰਾਲੇ ਅਧੀਨ ਪ੍ਰਬੰਧਕੀ ਸੁਧਾਰ ਅਤੇ ਜਨਤਕ ਇਤਰਾਜ਼ ਵਿਭਾਗ ਦੁਆਰਾ ਕਰਵਾਏ ਇਸ ਸਰਵੇ 'ਚ 2014–18 ਦੇ ਬੈਚ ਵਾਲੇ ਆਈ.ਏ.ਐਸ. ਅਫਸਰ ਸ਼ਾਮਲ ਸਨ ਜਿਹੜੇ ਕੇਂਦਰੀ ਮੰਤਰਾਲਿਆਂ 'ਚ ਸਹਾਇਕ ਸਕੱਤਰ ਵਜੋਂ ਕੰਮ ਕਰ ਰਹੇ ਸਨ। ਫਿਰ ਉਹਨਾਂ ਨੂੰ ਸੰਬਧਿਤ ਕੇਡਰ 'ਚ ਭੇਜ ਦਿੱਤਾ ਗਿਆ।

– ਸਰਵੇ 'ਚ ਕਰੀਬ 34 ਪ੍ਰਤੀਸ਼ਤ ਉੱਤਰ ਦੇਣ ਵਾਲਿਆਂ ਨੇ ਕਿਹਾ ਕਿ ਸਥਾਨਕ ਹਸਪਤਾਲ ਇਸ ਮਹਾਂਮਾਰੀ ਨਾਲ ਲੜਨ ਲਈ ਤਿਆਰ ਨਹੀਂ ਹਨ।

**3.8 ਕਰੋੜ ਮਾਸ਼ਕਾਂ ਦੀ ਲੋੜ ਰਾਇਟਰਜ਼ ਦੀ ਰਿਪੋਰਟ** - ਇਨਵੈਸਟ ਇੰਡੀਆ ਮੁਤਾਬਕ ਭਾਰਤ ਨੂੰ ਘੱਟ ਤੋਂ ਘੱਟ 3.8 ਕਰੋੜ ਮਾਸ਼ਕਾਂ ਅਤੇ 62 ਲੱਖ ਪੀ.ਪੀ.ਈ. ਦੀ ਲੋੜ ਹੈ। ਨਾਲ ਹੀ ਸਰਕਾਰ ਨੇ ਛੇਤੀ ਤੋਂ ਛੇਤੀ ਇਹਨਾਂ ਦੀ ਸਪਲਾਈ ਲਈ ਸੈਂਕੜੇ ਕੰਪਨੀਆਂ ਨਾਲ ਸੰਪਰਕ ਕੀਤਾ ਹੈ।

ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲੇ ਵੱਲੋਂ ਦਿੱਤੇ ਗਏ ਅੰਕੜਿਆਂ ਮੁਤਾਬਕ ਪੂਰੇ ਦੇਸ਼ ਦੇ ਵੱਖ–ਵੱਖ ਹਸਪਤਾਲਾਂ 'ਚ 3–34 ਲੱਖ ਪੀ.ਪੀ.ਈ. ਕਿੱਟਾਂ ਮੌਜੂਦ ਹਨ, ਲਗਭੱਗ 60000 ਖਰੀਦੀਆਂ ਜਾ ਚੁੱਕੀਆਂ ਹਨ ਤੇ ਸਪਲਾਈ ਹੋ ਚੁੱਕੀ ਹੈ। ਰੈੱਡ ਕਰਾਸ ਨੇ 10000 ਹੋਰ ਦਿੱਤੀਆਂ ਹਨ।

ਪੀ.ਪੀ.ਈ. ਬਣਾਉਣ ਵਾਲੀਆਂ 11 ਘਰੇਲੂ ਕੰਪਨੀਆਂ ਨੂੰ ਯੋਗ ਮੰਨ ਕੇ ਉਹਨਾਂ ਨੂੰ 21 ਲੱਖ ਦੇ ਆਰਡਰ ਦਿੱਤੇ ਜਾ ਚੁੱਕੇ ਹਨ।

ਸੰਸਾਰ ਸਿਹਤ ਸੰਸਥਾ ਨੇ 27–2–2020 ਨੂੰ ਕਿਹਾ ਸੀ ਕਿ ਸਾਰੇ ਦੇਸ਼ਾਂ ਨੂੰ ਵੱਡੇ ਪੈਮਾਨੇ 'ਤੇ ਪੀ.ਪੀ.ਈ. ਦਾ ਸਟਾਕ ਕਰਨਾ ਚਾਹੀਦਾ ਹੈ। ਉਸਨੇ ਸਨਅਤੀ ਅਦਾਰਿਆਂ ਤੇ ਸਰਕਾਰਾਂ ਨੂੰ ਇਹਨਾਂ ਦੀ ਪੈਦਾਵਾਰ ਘੱਟੋ ਘੱਟ 40 ਫੀਸਦੀ ਵਧਾਉਣ ਨੂੰ ਕਿਹਾ ਸੀ।

ਬੀ.ਬੀ.ਸੀ. ਵੱਲੋਂ ਸਿਹਤ ਮੰਤਰਾਲੇ ਤੋਂ ਟਿੱਪਣੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਸਿਹਤ ਮੰਤਰੀ ਦੇ ਪੀ.ਏ. ਨੂੰ ਭੇਜੇ ਗਏ ਸਵਾਲਾਂ ਦਾ ਕੋਈ ਜਵਾਬ ਨਹੀਂ ਆਇਆ।

**ਰੇਨ-ਕੋਟ ਪਹਿਨ ਕੇ ਇਲਾਜ ਕਰ ਰਹੇ ਡਾਕਟਰ** - ਕਈ ਖ਼ਬਰਾਂ 'ਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਡਾਕਟਰ ਰੇਨ ਕੋਟ ਪਹਿਨ ਕੇ ਜਾਂ ਪੀ.ਪੀ.ਈ. ਦੁਬਾਰਾ ਵਰਤਣ ਲਈ ਮਜ਼ਬੂਰ ਹਨ। ਇੱਥੋਂ ਤੱਕ ਕਿ ਕਈ ਥਾਂਵਾਂ ਤੇ ਪੀ.ਪੀ.ਈ. ਤੋਂ ਬਗੈਰ ਹੀ ਇਲਾਜ ਕਰ ਰਹੇ ਹਨ।

ਇਟਲੀ ਵਰਗੇ ਹੋਰ ਦੇਸ਼ਾਂ 'ਚ ਹਜ਼ਾਰਾਂ ਸਿਹਤ ਸੰਭਾਲ ਕਾਮੇ ਇਸੇ ਕਾਰਨ ਕਰੋਨਾ ਵਾਇਰਸ ਦੀ ਲਪੇਟ 'ਚ ਆ ਗਏ ਕਿ ਉਹਨਾਂ ਨੂੰ ਪੀ.ਪੀ.ਈ. ਨਹੀਂ ਮਿਲੇ।

ਰਾਇਟਰਜ਼ ਦੀ ਰਿਪੋਰਟ ਮੁਤਾਬਕ ਕਲਕੱਤੇ ਦੇ ਬੇਲੀਆਘਾਟ ਲਾਗ-ਰੋਕੂ ਹਸਪਤਾਲ ਵਿੱਚ ਪਿਛਲੇ ਹਫ਼ਤੇ ਪਲਾਸਟਿਕ ਰੇਨ ਕੋਟ ਪਾ ਕੇ ਮਰੀਜ਼ ਦੇਖਣੇ ਪਏ। ਹਰਿਆਣੇ 'ਚ ਡਾਕਟਰਾਂ ਨੂੰ ਮੋਟਰਸਾਈਕਲ ਵਾਲੇ ਹੈਲਮਟ ਪਹਿਨ ਕੇ ਸੁਰੱਖਿਆ ਕਰਨੀ ਪਈ।

**ਦੂਜੇ ਰਾਜਾਂ ਵਿੱਚ ਵੀ ਹਾਲਾਤ ਖਰਾਬ** - ਹਕੀਕਤ ਇਹ ਹੈ ਕਿ ਦੂਜੇ ਰਾਜਾਂ ਨੇ ਵੀ ਪੀ.ਪੀ.ਈ. ਕਿਟਸ ਦੀ ਘਾਟ ਨੂੰ ਦੁਹਰਾਇਆ ਹੈ। ਉਹਨਾਂ ਦਾ ਕਹਿਣਾ ਹੈ ਕਿ ਸਾਨੂੰ ਦਿੱਤੀਆਂ ਗਈਆਂ ਐਚ.ਆਈ.ਵੀ. ਕਿੱਟਾਂ ਕਰੋਨਾ ਤੋਂ ਪੂਰੀ ਤਰ੍ਹਾਂ ਸੁਰੱਖਿਆ ਨਹੀਂ ਕਰਦੀਆਂ, ਕਿਉਂਕਿ ਉਹਨਾਂ 'ਤੇ ਵਾਇਰਸ ਲੀਪਿਡ (ਫੈਟ) ਦੀ ਲੇਪ ਕੀਤੀ ਹੋਈ ਹੈ।

ਬਿਹਾਰ ਦੇ ਪਟਨਾ ਮੈਡੀਕਲ ਕਾਲਜ ਦੇ ਇੱਕ ਡਾਕਟਰ ਮੁਤਾਬਕ ਰਾਜ ਸਰਕਾਰ ਨੇ ਸ਼ੁੱਕਰਵਾਰ ਨੂੰ ਕੇਂਦਰ ਤੋਂ 5 ਲੱਖ ਪੀ.ਪੀ.ਈ. ਦੀ ਮੰਗ ਕੀਤੀ ਸੀ, ਪ੍ਰੰਤੂ ਸਿਰਫ਼ 4,000 ਕਿਟਸ ਹੀ ਮਿਲੀਆਂ। ਬਿਹਾਰ ਦੇ ਮੁੱਖ ਮੰਤਰੀ ਪੂਰੇ ਰਾਜ ਲਈ 10 ਲੱਖ ਐਨ 95 ਮਾਸਕਾਂ ਦੀ ਮੰਗ ਕਰ ਚੁੱਕੇ ਹਨ, ਪ੍ਰੰਤੂ ਮਿਲੇ ਮਸਾਂ 50000

ਪਟਨਾ ਮੈਡੀਕਲ ਕਾਲਜ ਦੇ ਇੱਕ ਡਾਕਟਰ ਨੇ ਨਾਮ ਨਾ ਛਾਪਣ ਦੀ ਸ਼ਰਤ ਨਾਲ ਦੱਸਿਆ ਕਿ "ਕੁਰਬਾਨੀ ਤੇ ਆਤਮ ਹੱਤਿਆਂ 'ਚ ਫਰਕ ਹੁੰਦਾ ਹੈ, ਲੇਕਿਨ ਸਾਨੂੰ ਦੋਨੋਂ ਚੀਜ਼ਾਂ ਮਿਲ ਰਹੀਆਂ ਹਨ। ਮਰਨਾ ਕੌਣ ਚਾਹੁੰਦਾ ਹੈ? ਪ੍ਰੰਤੂ ਜਦੋਂ ਤੁਸੀਂ ਕਿਸੇ ਨੂੰ ਹਸਪਤਾਲ 'ਚ ਰੱਖਦੇ ਹੋ ਤਾਂ ਉਸਦੀ ਦੇਖਭਾਲ ਇਲਾਜ ਕਰਨਾ ਤੁਹਾਡੀ ਜਿੰਮੇਵਾਰੀ ਹੈ। ਸਾਨੂੰ ਕਿਹਾ ਜਾ ਰਿਹਾ ਹੈ ਐਚ.ਆਈ.ਵੀ. ਕਿਟਸ ਵਰਤੋਂ। ਘੱਟੋ ਘੱਟ ਸਾਨੂੰ ਇਸਦੀ ਕਿੱਟਸ ਤਾਂ ਦਿੱਤੀਆਂ ਜਾਣ, ਅਸੀਂ ਸਰਕਾਰ ਦੀ ਐਵੇਂ ਅਲੋਚਨਾ ਨਹੀਂ ਕਰ ਰਹੇ। ਬੱਸ ਅਸੀਂ ਚਾਹੁੰਦੇ ਹਾਂ ਕਿ ਦੋਨੋਂ ਧਿਰਾਂ ਇੱਕ ਸਾਥ ਮਿਲ ਕੇ ਕੰਮ ਕਰਨ, ਅਸੀਂ ਖੁਦ ਵੀ ਜੁਗਾੜ ਕਰ ਰਹੇ ਹਾਂ।"

ਸੋਸ਼ਲ ਮੀਡੀਆਂ ਤੇ ਗਿਵ-ਮੀ, ਪੀ.ਪੀ.ਈ. (ਮੈਨੂੰ ਪੀ.ਪੀ.ਈ. ਦਿਓ) ਟ੍ਰੈਂਡ ਵਿੱਚ ਸਿਹਤ ਕਾਮਿਆਂ ਦਾ ਕਹਿਣਾ ਹੈ ਕਿ ਉਹਨਾਂ ਦੀਆਂ ਜਾਨਾਂ ਖਤਰੇ ਹੇਠ ਹਨ ਤੇ ਕੋਈ ਉਹਨਾਂ ਦੀ ਸੁਣ ਨਹੀਂ ਰਿਹਾ।

**ਦੇਸ਼ 'ਚ 50 ਮੈਡੀਕਲ ਕਿੱਤਾਕਾਰ ਕਰੋਨਾ ਦੀ ਲਪੇਟ 'ਚ** - ਆਰ.ਡੀ.ਏ. (ਏਮਜ਼) ਦੇ ਸਾਬਕਾ ਪ੍ਰਧਾਨ ਅਤੇ ਅਗਾਂਹਵੱਧੂ ਮੈਡੀਕਲ ਕਾਮੇ ਤੇ ਵਿਗਿਆਨੀ ਫੋਰਮ (ਪੀ.ਐਮ.ਐਸ.ਐਫ.) ਦੇ ਕੌਮੀ ਪ੍ਰਧਾਨ ਡਾ: ਹਰਜੀਤ ਸਿੰਘ ਨੇ ਦੱਸਿਆ ਕਿ ਦੇਸ਼ 'ਚ 50 ਸਿਹਤ ਸੰਭਾਲ ਕਾਮੇ ਕੋਵਿਡ 19 ਦੀ ਲਪੇਟ 'ਚ ਆ ਚੁੱਕੇ ਹਨ।

ਉਹਨਾਂ ਨੇ ਦੱਸਿਆ ਕਿ ਸਿਹਤ ਕਾਮੇ ਸਿੱਖਿਅਤ ਕਾਮੇ ਹੁੰਦੇ ਹਨ ਜਿਹੜੇ ਰਾਤੋ-ਰਾਤ ਤਿਆਰ ਨਹੀਂ ਕੀਤੇ ਜਾ ਸਕਦੇ। ਜੇ ਅਜਿਹੇ ਬਹੁਤੇ ਕਾਮੇ ਬੀਮਾਰ ਹੋ ਜਾਣਗੇ ਜਾਂ ਇਕਾਂਤਵਾਸ ਜਾਣਗੇ ਤਾਂ ਸਾਡਾ ਸਿਹਤ ਸੰਭਾਲ ਸਿਸਟਮ ਪੂਰੀ ਤਰ੍ਹਾਂ ਬੈਠ ਜਾਏਗਾ। ਜੇ ਸਰਕਾਰ ਸਾਨੂੰ ਪੂਰੀ ਸੁਰੱਖਿਆ ਦਾ ਸਾਮਾਨ ਦੇ ਦੇਵੇ ਤਾਂ ਸਿਹਤ ਕਾਮੇ ਚਮਤਕਾਰ ਕਰਨ ਦੀ ਤਾਕਤ ਰੱਖਦੇ ਹਨ।"

2 ਅਪ੍ਰੈਲ 2020 ਦੇ ਟਾਈਮਜ਼ ਆਫ਼ ਇੰਡੀਆ 'ਚ ਛਪੀ ਇੱਕ ਰਿਪੋਰਟ ਮੁਤਾਬਕ ਜਿਹੜੇ ਡਾਕਟਰਾਂ ਤੇ ਨਰਸਾਂ ਨੇ ਪੀ.ਪੀ.ਟੀ. ਘਾਟ ਦੇ ਚਲਦਿਆਂ ਅਸਤੀਫ਼ੇ ਦੇ ਦਿੱਤੇ ਸਨ, 1 ਅਪ੍ਰੈਲ ਦੇ ਨੋਟੀਫੀਕੇਸ਼ਨ ਮੁਤਾਬਕ ਉਹਨਾਂ ਵਿਰੁੱਧ ਜ਼ਾਬਤਾ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ।

29 ਮਾਰਚ ਨੂੰ ਇੱਕ ਆਨਕਾਲੋਜਿਸਟ ਡਾ: ਇੰਦਰਨੀਲ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ। ਜਿਸਨੇ 28 ਮਾਰਚ ਨੂੰ ਨਾਰਥ ਬੰਗਾਲ ਮੈਡੀਕਲ ਕਾਲਜ ਅਤੇ ਕਲਕੱਤਾ ਮੈਡੀਕਲ ਕਾਲਜ ਦੇ ਉਹਦੇ ਸਾਬਕਾ ਸਹਿਯੋਗੀ ਡਾਕਟਰਾਂ ਤੇ ਨਰਸਾਂ ਦੀ ਹਸਪਤਾਲ 'ਚ ਪੀ.ਪੀ.ਈ. ਪਹਿਨੇ ਬਿਨਾਂ ਹੀ ਕਰੋਨਾ ਮਰੀਜ਼ਾਂ ਦੀ ਸੰਭਾਲ ਕਰਦਿਆਂ ਦੀ ਫੋਟੋ ਪੋਸਟ ਕੀਤੀ ਸੀ। ਬਾਦ 'ਚ ਭਾਵੇਂ ਉਹਨਾਂ ਨੂੰ ਛੱਡ ਦਿੱਤਾ ਗਿਆ, ਪਰ ਬਹੁਤੇ ਡਾਕਟਰ ਤੇ ਨਰਸਾਂ ਆਪਣਾ ਨਾਮ ਨਾ ਛਾਪਣ ਦੀ ਸਰਤ ਨਾਲ ਹੀ ਦੱਸਦੇ ਹਨ ਕਿ ਉਹ ਡਰੇ ਹੋਏ ਹਨ। 28 ਸਾਲ ਦੇ ਡਾ: ਖਾਨ ਨੇ ਕਿਹਾ ਕਿ ਇਸ ਮਹਾਂਮਾਰੀ 'ਚ ਮੌਤ ਦਰ ਕਾਫ਼ੀ ਘੱਟ ਹੋਣ ਦੇ ਬਾਵਜੂਦ ਵੀ ਇਹ ਮਹਾਂਮਾਰੀ ਹੀ ਹੈ। ਅਤੇ ਇਹਦੇ 'ਚ ਜਨਤਕ ਸਿਹਤ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਹੈ।

**ਡਾਕਟਰਾਂ 'ਚ ਵੱਡੇ ਪੈਮਾਨੇ 'ਤੇ ਕਰੋਨਾ ਲਾਗ ਫੈਲਣ ਦਾ ਖਤਰਾ** - ਉਹਨਾਂ ਕਿਹਾ "ਸਾਡੇ ਕੋਲ ਪੀ.ਪੀ.ਈ. ਨਹੀਂ ਅਤੇ ਮਿਲ ਵੀ ਨਹੀਂ ਰਹੇ, ਹਾਲਾਂਕਿ ਸੰਸਾਰ ਸਿਹਤ ਸੰਸਥਾ (ਡਬਲਯੂ.ਐਚ.ਓ.) ਦੀ ਹਦਾਇਤ ਹੈ। ਦਹਿਸ਼ਤ ਹੇਠ ਆਮ ਲੋਕ ਇਸਦੀ ਧੜਾਧੜ ਖਰੀਦ ਕਰ ਰਹੇ ਹਨ। ਪਰ ਸਭ ਤੋਂ ਵਧੇਰੇ ਲੋੜਵੰਦਾਂ ਨੂੰ ਇਹ ਮਿਲ ਨਹੀਂ ਰਹੇ। 200-300 ਜੂਨੀਅਰ ਸੀਨੀਅਰ ਡਾਕਟਰ ਇੱਕ ਹੋਸ਼ਟਲ 'ਚ ਇੱਕੋ ਜਗਾਹ ਖਾਣਾ ਖਾਂਦੇ ਹਨ। ਕਿਸੇ ਇੱਕ ਨੂੰ ਲੱਗੀ ਵਾਇਰਸ ਲਾਗ ਦੂਜਿਆਂ ਵਿੱਚ ਫੈਲਣ ਦਾ ਹਕੀਕੀ ਖਤਰਾ ਹੈ। ਪ੍ਰਧਾਨ ਮੰਤਰੀ ਵੱਲੋਂ ਸਿਹਤ ਸੰਭਾਲ ਫੰਡ 'ਚ ਪਿਆ 38000 ਕਰੋੜ ਰੁਪਏ ਦਾ ਫੰਡ ਕਦੋਂ ਜਾਰੀ ਕੀਤਾ ਜਾਏਗਾ?"

ਕਈ ਡਾਕਟਰਾਂ ਦਾ ਕਹਿਣਾ ਹੈ ਕਿ ਇਹ ਕੋਈ ਸਰੀਰਕ ਲੜਾਈ ਨਹੀਂ ਹੈ ਬਲਕਿ ਇਹ ਤਕਨੀਕ ਲੜਾਈ ਹੈ ਅਤੇ ਜੋਸ਼ ਜਾਂ ਹੀਰੋ ਬਣਨ ਦੇ ਯਤਨਾਂ ਦਾ ਕੋਈ ਲਾਭ ਨਹੀਂ ਹੋਣਾ।

ਨਾਲੰਦਾ (ਬਿਹਾਰ) ਦੇ ਗਾਂਧੀਵਾਦੀ ਸੌਰਭ ਰਾਜ, ਡਾਕਟਰਾਂ ਲਈ ਪੀ.ਪੀ.ਈ. ਕਿੱਟਸ ਵਾਸਤੇ ਫੰਡ ਇਕੱਠਾ ਕਰ ਰਹੇ ਹਨ। ਉਹਦਾ ਕਹਿਣਾ ਹੈ ਕਿ ਇਸ ਕੰਮ 'ਚ ਮੰਡੀ-ਵਿਚੋਲੇ ਘੁਸ ਕੇ ਕਿੱਟਸ ਦੀ ਜਮ੍ਹਾਂਖੋਰੀ ਕਰ ਰਹੇ ਹਨ ਤਾਂ ਕਿ ਫਿਰ ਭਾਰੀ ਮੁਨਾਫ਼ੇ 'ਤੇ ਵੇਚ ਸਕਣ। ਇਸ ਵੇਲੇ ਕੀਮਤ ਦੇ ਚਾਰ ਸਲੈਬ ਹਨ 600 ਰੁ:, 900 ਰੁ:, 1100 ਰੁ: ਅਤੇ 1300 ਰੁ:। ਇਸ ਮੁਤਾਬਕ ਪੀ.ਪੀ.ਈ. ਮਿਲ ਤਾਂ ਰਹੇ ਹਨ ਪਰ ਇਹ ਲਗਭੱਗ ਦੁੱਗਣੇ ਮੁੱਲ 'ਤੇ ਵੇਚੇ ਜਾ ਰਹੇ ਹਨ। ਇੱਕ ਕਿੱਟ ਵੱਧ ਤੋਂ ਵੱਧ 700 ਰੁ: ਦੀ ਹੋਣੀ ਚਾਹੀਦੀ ਹੈ। ਮਾਸਕ ਮਿਲ ਹੀ ਨਹੀਂ ਰਹੇ।

ਪਟਨੇ ਦੇ ਪੀ.ਐਮ.ਸੀ.ਐਚ. ਦੀ ਇੱਕ ਨੌਜਵਾਨ ਡਾਕਟਰ ਨੇ ਕਿਹਾ ਕਿ "ਸਥਿਤੀ ਕਾਫ਼ੀ ਗੰਭੀਰ ਹੈ, ਕੋਈ ਵੀ ਮਰਨਾ ਨਹੀਂ ਚਾਹੁੰਦਾ। ਅਸੀਂ ਨਹੀਂ ਚਾਹੁੰਦੇ ਕਿ ਸਾਨੂੰ ਖੁਦਕੁਸ਼ੀ ਮਿਸ਼ਨ 'ਤੇ ਭੇਜਿਆ ਜਾਵੇ।"

**ਬੀ.ਬੀ.ਸੀ. ਵੱਲੋਂ ਸਵਾਲ** - ਬੀ. ਬੀ. ਸੀ. ਰਿਪੋਰਟਰ ਨੇ ਏਮਜ਼ ਡਾਇਰੈਕਟਰ ਤੇ ਮੀਡੀਆਂ ਕੋਆਰਡੀਨੇਟਰ ਨੂੰ ਸਵਾਲਾਂ ਦੀ ਇੱਕ ਲਿਸਟ ਭੇਜੀ। ਉਹਨਾਂ ਨੂੰ ਕੀਤੀਆਂ ਫੋਨ ਕਾਲਾਂ ਦਾ ਕੋਈ ਜੁਆਬ ਨਹੀਂ ਮਿਲਿਆ। ਉਹ ਸਵਾਲ ਇਸ ਤਰ੍ਹਾਂ ਹਨ :-

ਪੀ.ਪੀ.ਈ. ਤੇ ਸੈਨੇਟਾਈਜ਼ਰ ਵਰਗੀਆਂ ਹੋਰ ਸੁਰੱਖਿਆ ਵਸਤਾਂ ਬਾਰੇ ਡਾਕਟਰ ਚਿੰਤਤ ਹਨ। ਕੀ ਤੁਸੀਂ ਸੁਣ ਦੀ ਖੇਚਲ ਕਰੋਗੇ ਕਿ ਕਿੰਨੇ ਕਿੱਟਸ, ਮਾਸਕ, ਦਸਤਾਨੇ ਤੇ ਸੈਨੇਟਾਈਜ਼ਰ ਹੁਣ ਉਪਲਬਧ ਹਨ ਅਤੇ ਕਿੰਨਿਆਂ ਦੇ ਆਰਡਰ ਦਿੱਤੇ ਗਏ ਹਨ?

ਕੀ ਡਾਕਟਰਾਂ ਨੂੰ ਪੀ.ਪੀ.ਈ. ਦੁਬਾਰਾ ਵਰਤਣ ਲਈ ਕਿਹਾ ਜਾ ਰਿਹਾ ਹੈ ਅਤੇ ਕੋਈ ਇਹਦੇ ਵਾਸਤੇ ਕੋਈ ਪ੍ਰਕਿਰਿਆ ਹੈ?

ਏਮਜ਼ ਵਿੱਚ ਕਿੰਨੇ ਡਾਕਟਰ, ਨਰਸਾਂ ਤੇ ਹੋਰ ਸਿਹਤ ਸੰਭਾਲ ਸਟਾਫ਼ ਹੈ ਅਤੇ ਕੀ ਉਹਨਾਂ ਲਈ ਲੋੜੀਂਦੀ ਸੁਰੱਖਿਆ ਵਿਵਸਥਾ ਹੈ?

ਇਹ ਲਾਗ ਦੀ ਬਿਮਾਰੀ ਹੈ ਅਤੇ ਇਹ ਸਾਵਧਾਨੀ ਵਰਤਣੀ ਲਾਜ਼ਮੀ ਹੈ ਤਾਂ ਕਿ ਲੋਕਾਂ ਨੂੰ ਲਾਗ ਨਾ ਹੋ ਜਾਵੇ। ਇਹਦੇ ਲਈ ਕੀ ਪ੍ਰਕਿਰਿਆਵਾਂ ਹਨ?

ਕੀ ਸਰਕਾਰ ਨੇ ਪੀ.ਪੀ.ਈ. ਤੇ ਹੋਰ ਚੀਜ਼ਾਂ ਬਾਰੇ ਕੁੱਝ ਕਿਹਾ ਹੈ?

**ਮਾਰ ਹੇਠ ਹਨ ਮਿਹਨਤਕਸ਼**

**1-4-2020 ਬੀ.ਬੀ.ਸੀ. ਹਿੰਦੀ ਸਿਨਹਾ - ਬੀ.ਬੀ.ਸੀ. ਸੰਪਾਦਾਤਾ**

2011 ਦੀ ਜਨਗਣਨਾ ਇੱਕ ਥਾਂ ਤੋਂ ਦੂਜੀ ਥਾਂ ਤੇ ਕੰਮ ਲਈ ਜਾਣ ਵਾਲੇ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ = 1.39 ਕਰੋੜ ਘਰੇਲੂ ਕੰਮ ਕਾਜ 'ਚ ਕਰੀਬ ਕੰਮ ਕਰਨ ਵਾਲੇ ਮਰਦ ਔਰਤਾਂ ਦੀ ਗਿਣਤੀ = 2 ਕਰੋੜ, ਟੈਕਸਟਾਈਲ ਵਿੱਚ = 1.1 ਕਰੋੜ, ਇੱਟ ਭੱਠਾ ਮਜ਼ਦੂਰ = 1 ਕਰੋੜ, ਟਰਾਂਸਪੋਰਟ, ਖਾਣਾ, ਖੇਤੀ ਬਾੜੀ ਵਿੱਚ ਵੀ ਲੱਗੇ ਹਨ ਪ੍ਰਵਾਸੀ ਮਜ਼ਦੂਰ

**ਬੀ.ਬੀ.ਸੀ.** - ਭਾਰਤ ਵਿੱਚ ਕੰਮ 'ਤੇ ਲੱਗੇ ਲੋਕਾਂ ਵਿੱਚੋਂ 20% ਤੋਂ ਘੱਟ ਨੌਕਰੀ ਤੇ ਨਿਰਭਰ ਹਨ। 1/3 ਦਿਹਾੜੀ ਮਜ਼ਦੂਰ ਹਨ, ਜੋ ਰੋਜ਼ ਕਮਾਉਂਦੇ ਤੇ ਰੋਜ਼ ਖਾਂਦੇ ਹਨ। 4% ਠੇਕਾ ਲੇਬਰ ਹੈ। ਲੱਗਭੱਗ ਅੱਧੇ ਸਵੈ ਰੁਜ਼ਗਾਰ ਤੇ ਜਿਉਂਦੇ ਹਨ। ਸਵੈ ਰੁਜ਼ਗਾਰ ਵਿੱਚ ਦਰਜੀ, ਮਕੈਨਿਕ, ਮੋਚੀ, ਠੇਲੇਵਾਲਾ, ਦੁਕਾਨਦਾਰ ਤੋਂ ਲੈ ਕੇ ਵੱਡੇ ਉਦਯੋਗਪਤੀ ਸ਼ਾਮਲ ਹਨ।

ਲਾਕਡਾਊਨ ਦੇ ਪਹਿਲੇ ਹਫ਼ਤੇ ਹੀ 40 ਤੋਂ 90 ਮੌਤਾਂ ਅਜਿਹੀਆਂ ਹੋਈਆਂ ਹਨ ਜੋ ਬੰਦੀ ਤੋਂ ਉਪਜੇ ਆਰਥਿਕ ਸੰਕਟ ਦਾ ਨਤੀਜਾ ਹਨ। ਭੁੱਖ, ਪੈਦਲ ਸੈਂਕੜੇ ਕਿਲੋਮੀਟਰ ਚੱਲਣ ਤੇ ਥੱਕਣ ਨਾਲ ਇਹ ਮੌਤਾਂ ਹੋਈਆਂ ਹਨ?

# ਇੱਕ ਪੱਖ ਇਹ ਵੀ...

**ਖੁਸ਼ਪਾਲ ਬਰੈਂਪਟਨ**

ਕਰੋਨਾ ਵਾਇਰਸ ਨੇ ਦੁਨੀਆਂ ਭਰ ਵਿੱਚ ਸਹਿਮ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਪੂਰੀ ਦੁਨੀਆਂ ਵਿੱਚ ਲਗਭਗ 3 ਮਿਲੀਅਨ ਲੋਕ ਇਸ ਵਾਇਰਸ ਤੋਂ ਪ੍ਰਭਾਵਿਤ ਹੋ ਚੁੱਕੇ ਹਨ ਅਤੇ ਲਗਭਗ 2 ਲੱਖ ਲੋਕ ਮੌਤ ਦੇ ਮੂੰਹ ਵਿੱਚ ਚਲੇ ਗਏ ਹਨ।

ਅੰਕੜਿਆਂ ਦੀ ਮੰਨੀ ਜਾਵੇ ਤਾਂ ਇਸਨੇ ਦੁਨੀਆਂ ਦੇ ਲਗਭਗ ਸਾਰੇ ਮੁਲਕਾਂ ਦੀ ਮੈਡੀਕਲ ਤਰੱਕੀ ਦੇ ਦਮਗਜਿਆਂ ਦੀ ਪੋਲ ਖੋਲ੍ਹਕੇ ਰੱਖ ਦਿੱਤੀ ਹੈ। ਪੂੰਜੀਪਤੀ ਪ੍ਰਬੰਧ ਦਾ ਲੋਕਾਂ ਪ੍ਰਤੀ ਹੇਜ ਜੱਗ-ਜਾਹਰ ਹੋ ਚੁੱਕਾ ਹੈ। ਮਹਾਂਮਾਰੀ ਦੇ ਇਸ ਮਹੌਲ ਵਿੱਚ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਇਸਦਾ ਡਟਕੇ ਮੁਕਾਬਲਾ ਕਰਨਾ ਚਾਹੀਦਾ ਸੀ ਪਰ ਇਸਦੇ ਉਲਟ ਉਹਨਾਂ ਨੇ ਲੋਕਾਂ ਨੂੰ ਇਲਾਜ ਬਦਲੇ ਘਰ ਵਿੱਚ ਕੈਦ ਰਹਿਣ ਦੇ ਹੁਕਮ ਦੇ ਕੇ ਆਪਣੀ ਜੁੰਮੇਵਾਰੀ ਤੋਂ ਪੈਰ ਪਿਛਾਂਹ ਖਿੱਚ ਲਏ ਹਨ। ਦੁਨੀਆਂ ਦੇ ਤਮਾਮ ਮੁਲਕ ਜੋ ਆਪਣੇ ਨਾਗਰਿਕਾਂ ਨੂੰ ਬੁਨਿਆਦੀ ਸਿਹਤ ਸਹੂਲਤਾਂ ਦੇਣ ਦੀਆਂ ਸ਼ੇਖੀਆ ਮਾਰ ਰਹੇ ਸਨ ਉਹਨਾਂ ਦੇ ਸਾਰੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ।

ਵਾਇਰਸ ਕੋਈ ਨਵੀਂ ਨਵੇਕਲੀ ਗੱਲ ਨਹੀਂ ਸਗੋਂ ਇਹ ਤਾਂ ਪਹਿਲਾਂ ਤੋਂ ਹੀ ਮੌਜੂਦ ਹਨ। ਮੈਡੀਕਲ ਸਾਇੰਸ ਦੇ ਯੁੱਗ ਅੰਦਰ ਹੁਣ ਤੱਕ ਲਗਭਗ 219 ਤਰ੍ਹਾਂ ਦੇ ਵਾਇਰਸ ਲੱਭੇ ਜਾ ਚੁੱਕੇ ਹਨ ਅਤੇ ਹਰ ਸਾਲ 2 ਤੋਂ 3 ਨਵੇਂ ਵਾਇਰਸ ਖੋਜੇ ਜਾਂਦੇ ਹਨ ਅਤੇ ਇਹਨਾਂ ਤੋਂ ਇਨਫੈਕਸ਼ਨ ਨਾਲ 50,000 ਲੋਕ ਹਰ ਰੋਜ਼ ਮਰਦੇ ਹਨ। ਕਰੋਨਾ ਵਾਇਰਸ (ਸ਼੍ਰੇਣੀ 19) ਜੋ ਸਾਰਸ ਸ਼੍ਰੇਣੀ ਵਿੱਚ ਆਉਂਦਾ ਹੈ, ਇਹਨੇ ਲਗਭਗ 28 ਲੱਖ ਲੋਕਾਂ ਨੂੰ ਆਪਣੀ ਚਪੇਟ 'ਚ ਲੈ ਕੇ ਦੁਨੀਆਂ ਨੂੰ ਸਦਮੇ ਦੀ ਹਾਲਤ ਵਿੱਚ ਪਹੁੰਚਾ ਦਿੱਤਾ ਹੈ। ਬੇਸ਼ੱਕ ਇਹ ਦੂਜੇ ਵਾਇਰਸਾ ਦੇ ਮੁਕਾਬਲਤਨ ਘੱਟ ਖਤਰਨਾਕ ਹੈ (ਮੌਤ ਦਰ 3-4%), ਪਰ ਇਸਨੇ ਦੁਨੀਆਂ ਦੇ ਉਹਨਾਂ ਵੱਡੇ-ਵੱਡੇ ਪੂੰਜੀਵਾਦੀ ਮੁਲਕਾਂ ਨੂੰ ਵਖਤ ਪਾ ਦਿੱਤਾ ਦਿੱਤਾ ਹੈ ਜੋ ਆਪਣੀਆਂ ਮੈਡੀਕਲ ਸੇਵਾਵਾਂ ਨੂੰ 21ਵੀਂ ਸਦੀ ਦੇ ਹਾਣ ਦਾ ਦੱਸ ਰਹੇ ਹਨ ਤੇ ਆਪਣੇ-ਆਪ ਨੂੰ ਹਰ ਕਿਸਮ ਦੀ ਬਿਮਾਰੀ ਨਾਲ ਲੜਨ ਲਈ ਸਮਰਥ ਦੱਸ ਰਹੇ ਹਨ।

ਭਾਂਵੇਂ ਕਰੋਨਾ ਵਾਇਰਸ ਦੇ ਪੈਦਾ ਹੋਣ ਦਾ ਕਾਰਨ ਬੇਸ਼ੱਕ ਹਾਲੇ ਤੱਕ ਪੂਰੀ ਤਰ੍ਹਾਂ ਸਾਫ ਨਹੀਂ ਹੈ ਪਰ ਵੱਡੇ ਸਾਮਰਾਜੀ ਮੁਲਕ ਇਸਦੇ ਸਹੀ ਕਾਰਨਾਂ ਨੂੰ ਲੱਭ ਕੇ ਇਸਦਾ ਹੱਲ ਲੱਭਣ ਦੀ ਬਜਾਏ ਅਜਿਹੇ 'ਚ ਇੱਕ-ਦੂਜੇ ਨੂੰ ਦੋਸ਼ੀ ਸਾਬਤ ਕਰਨ ਦੀ ਹੋੜ 'ਚ ਲੱਗੇ ਹੋਏ ਹਨ। ਉਹਨਾਂ ਲਈ ਇਹ ਮਹਾਂਮਾਰੀ ਉਹਨਾਂ ਦੀ ਟਰੇਡ ਯੁੱਧਨੀਤੀ ਦਾ ਹਿੱਸਾ ਬਣੀ ਹੋਈ ਹੈ। ਸਿਆਸਤਦਾਨ ਲੋਕਾਂ ਪ੍ਰਤੀ ਆਪਣੀ ਜਵਾਬਦੇਹੀ ਤੋਂ ਭੱਜ ਕੇ ਦੂਸ਼ਣਬਾਜ਼ੀ 'ਚ ਲੱਗੇ ਹੋਏ ਹਨ। ਜਿੱਥੇ ਟਰੰਪ ਇਸਨੂੰ 'ਚੀਨੀ ਵਾਇਰਸ' ਦੱਸ ਰਿਹਾ ਹੈ ਉੱਥੇ ਚੀਨ ਇਸਦੇ ਫੈਲਾਉਣ ਪਿੱਛੇ ਅਮਰੀਕਾ ਦਾ ਹੱਥ ਦੱਸ ਰਿਹਾ ਹੈ ਤੇ ਦੂਜੇ ਪਾਸੇ ਭਾਰਤੀ ਗੋਦੀ ਮੀਡੀਆ ਚੀਨੀ ਲੋਕਾਂ ਦੇ ਖਾਣੇ ਦਾ ਮੀਨੂ ਤਿਆਰ ਕਰਨ 'ਚ ਮਸ਼ਰੂਫ ਹੈ।

ਮਹਾਂਮਾਰੀ ਦੀ ਇਸ ਹਾਲਤ ਵਿੱਚ ਜਿੱਥੇ ਸਰਕਾਰਾਂ ਨੂੰ ਲੋਕਾਂ ਲਈ ਬੁਨਿਆਦੀ ਸਿਹਤ ਸੇਵਾਵਾ (ਮਾਸਕ, ਸੈਨੀਟਾਈਜਰ ਆਦਿ) ਮੁਫ਼ਤ ਜਾਂ ਘੱਟੋ-ਘੱਟ ਲਾਗਤ ਮੁੱਲ ਤੇ ਲੋਕਾਂ ਨੂੰ ਮੁਹੱਇਆ ਕਰਨੀਆਂ ਚਾਹੀਦੀਆਂ ਹਨ, ਉੱਥੇ ਇਹਨਾਂ ਵਸਤਾਂ ਦੀ ਤੋਟ ਅਤੇ ਇਹਨਾਂ ਦੇ ਮੁੱਲ ਅਸਮਾਨੀ ਚੜ੍ਹੇ ਹੋਏ ਹਨ। ਅਜਿਹੇ 'ਚ ਨਿੱਜੀ ਦਵਾਈ ਕੰਪਨੀਆਂ ਡਰ ਦਾ ਰੱਜਕੇ ਵਪਾਰ ਕਰ ਰਹੀਆਂ ਹਨ। ਉਹਨਾ ਲਈ ਸੰਸਾਰ ਆਰਥਿਕ ਮੰਦੀ ਦੇ ਮੌਜੂਦਾ ਦੌਰ ਵਿਚ ਮਹਾਂਮਾਰੀ ਵਰਦਾਨ ਬਣਕੇ ਸਾਹਮਣੇ ਆ ਰਹੀ ਹੈ। ਭੋਜਨ ਅਤੇ ਦਵਾਈਆਂ ਦੇ ਵੱਡੇ-ਵੱਡੇ ਅੰਤਰਰਾਸ਼ਟਰੀ ਸਟੋਰ ਸਰਕਾਰਾਂ ਦੇ ਐਨ ਨੱਕ ਹੇਠ ਸ਼ਰੇਆਮ ਚੀਜ਼ਾਂ-ਵਸਤਾਂ ਦੁੱਗਣੇ-ਤਿੱਗਣੇ ਰੇਟਾਂ ਤੇ ਵੇਚ ਰਹੇ ਹਨ।

ਦੂਜੇ ਪਾਸੇ ਭਾਰਤ ਵਰਗੇ ਦੇਸ਼ ਦਾ ਪ੍ਰਧਾਨ ਮੰਤਰੀ ਜਿੱਥੇ ਲੋਕਾਂ ਨੂੰ ਥਾਲੀਆਂ ਵਜਾਉਣ, ਦੀਵੇ ਜਗਾਉਣ ਤੇ ਲੋਕਾਂ ਨੂੰ ਇੱਕ-ਦੂਜੇ ਦੀ ਸੇਵਾ ਕਰਨ ਦੀਆਂ ਸਲਾਹਾਂ ਦੇ ਰਿਹਾ ਹੈ, ਉਥੇ ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਤੇ ਝਾਤ ਮਾਰੀਏ ਤਾਂ ਮੋਦੀ ਦੀ ਲੋਕਾਂ ਪ੍ਰਤੀ ਫਿਕਰਮੰਦੀ ਦਾ ਕੱਚ-ਸੱਚ ਸਾਹਮਣੇ ਆ ਜਾਂਦਾ ਹੈ। ਭਾਵੇਂ ਭਾਰਤ ਅੰਦਰ ਭੁੱਖਮਰੀ ਤੇ ਹੋਰ ਬਿਮਾਰੀਆਂ ਦੇ ਇਲਾਜ ਖੁਣੋਂ ਮਰਨ ਵਾਲਿਆਂ ਦੀ ਗਿਣਤੀ ਕਿਤੇ ਵੱਧ ਹੈ ਪਰ ਕਰੋਨਾ ਵਾਇਰਸ ਤੇ ਕੇਂਦਰਿਤ ਅੰਕੜੇ ਦਸਦੇ ਹਨ ਕਿ ਭਾਰਤ ਵਿੱਚ 25 ਹਜਾਰ ਲੋਕਾਂ ਪਿੱਛੇ ਸਿਰਫ 1 ਵੈਂਟੀਲੇਟਰ ਹੈ।

ਜੇਕਰ ਗੱਲ ਕਰੋਨਾ ਟੈਸਟ ਦੀ ਕੀਤੀ ਜਾਵੇ ਤਾਂ ਜਿਸ ਰਫਤਾਰ ਨਾਲ ਭਾਰਤ ਟੈਸਟ ਕਰ ਰਿਹਾ ਹੈ ਉਸ ਹਿਸਾਬ ਨਾਲ ਭਾਰਤ ਡੇਢ ਸਦੀ 'ਚ ਸਾਰਿਆਂ ਦੇ ਟੈਸਟ ਪੂਰੇ ਕਰ ਸਕੇਗਾ। ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦੀ ਬਜਾਏ ਮੋਦੀ ਸਰਕਾਰ ਨੇ ਉਲਟਾ 1 ਕਰੋੜ 33 ਲੱਖ ਮੁਲਾਜਮਾਂ ਤੇ ਪੈਨਸ਼ਨਰਾਂ ਦੇ ਡੀਏ ਤੇ ਰੋਕ ਲਗਾ ਦਿੱਤੀ ਹੈ।

ਉਧਰ ਰਾਸ਼ਟਰਪਤੀ ਡੋਨਾਲਡ ਟਰੰਪ ਡਾਕਟਰੀ ਮਾਹਿਰਾਂ ਨੂੰ ਸੈਨੀਟਾਈਜਰ ਦੇ ਟੀਕੇ ਲਗਾਉਣ ਦੀ ਸਲਾਹ ਦੇ ਰਿਹਾ ਹੈ। ਸੁਭਾਵਿਕ ਹੈ ਇਹ ਬਿਮਾਰੀ ਨਾਲ ਕੋਈ ਖਾਸੋਖਾਸ ਪੀੜਤ ਨਹੀਂ ਤੇ ਉਹ ਪਰੇਸ਼ਾਨ ਹੈ ਕਿ ਲੋਕਾਂ ਲਈ ਇਸ ਮੁਸੀਬਤ ਦੀ ਘੜੀ ਬੇਰੁਜ਼ਗਾਰੀ ਭੱਤੇ ਅਤੇ ਹੋਰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਲਈ ਵੱਡੀ ਪੱਧਰ ਤੇ ਖਰਚ ਕਰਨਾ ਪੈ ਰਿਹਾ ਹੈ ਤੇ ਉਹ ਸਿਰਫ 'ਸੈਨੀਟਾਈਜਰ ਦੇ ਇੰਜੈਕਸ਼ਨ' ਦੇ ਕੇ ਆਪਣੀ ਜਿੰਮੇਵਾਰੀ ਤੋਂ ਸੁਰਖਰੂ ਹੋਣਾ ਚਾਹੁੰਦਾ ਹੈ। ਕਿਉਂਕਿ ਜਿਨ੍ਹਾ ਲੰਬਾ ਸਮਾਂ ਇਹ ਅਲਾਮਤ ਰਹੇਗੀ, ਲੋਕਾਂ ਨੂੰ ਸਮਝ ਆਵੇਗੀ ਕਿ ਸਰਵਸ੍ਰੇਸ਼ਠ ਮੁਲਕ ਹੋਣ ਦਾ ਦਾਅਵਾ ਕਰਨ ਵਾਲੇ ਅਮਰੀਕਾ ਕੋਲ 2000 ਲੋਕਾਂ ਮਗਰ ਸਿਰਫ 1 ਵੈਂਟੀਲੇਟਰ ਹੈ। ਹੁਣ ਤੱਕ ਅਮਰੀਕਾ ਵਿੱਚ 1 ਮਿਲੀਅਨ ਲੋਕ ਵਾਇਰਸ ਦੀ ਚਪੇਟ ਵਿੱਚ ਆ ਗਏ ਹਨ ਅਤੇ ਲਗਭਗ 50000 ਦੇ ਕਰੀਬ ਮੌਤ ਦੇ ਮੂੰਹ ਵਿੱਚ ਚਲੇ ਗਏ ਹਨ।

ਦੂਸਰੇ ਮੁਲਕਾਂ ਤੇ ਝਾਤੀ ਮਾਰੀਏ ਤਾਂ ਉਹਨਾਂ ਦੀ ਹਾਲਤ ਵੀ ਪਤਲੀ ਹੀ ਹੈ। ਜਿਵੇਂ ਕਨੇਡਾ ਵਿਚ ਉਨਟਾਰੀਓ ਸੂਬੇ ਅੰਦਰ 1 ਲੱਖ ਲੋਕਾਂ ਮਗਰ ਸਿਰਫ 12 ਵੈਂਟੀਲੇਟਰ, ਕਿਊਬਕ ਵਿੱਚ ਇਹ ਗਿਣਤੀ 1 ਲੱਖ ਲੋਕਾਂ ਮਗਰ 35 ਵੈਂਟੀਲੇਟਰ ਹੈ। ਜਰਮਨ ਵਿੱਚ 2100 ਲੋਕਾਂ ਮਗਰ 1 ਵੈਂਟੀਲੇਟਰ, ਆਸਟ੍ਰੇਲੀਆ ਵਿੱਚ 6000 ਲੋਕਾਂ ਮਗਰ 1 ਵੈਂਟੀਲੇਟਰ, ਇੰਗਲੈਂਡ ਵਿੱਚ ਇਹ ਗਿਣਤੀ 9500 ਲੋਕਾਂ ਮਗਰ 1 ਵੈਂਟੀਲੇਟਰ ਹੈ।

ਦੁਨੀਆਂ ਦੇ ਇਤਿਹਾਸ ਵਿੱਚ ਵਾਇਰਸਾਂ ਤੋਂ ਹੋਰ ਵੀ ਬਹੁਤ ਵੱਡੀਆਂ ਬਿਮਾਰੀਆਂ ਫੈਲੀਆਂ ਹਨ ਜਿਵੇਂ ਏਡਜ਼ ਨੇ 36 ਮਿਲੀਅਨ ਲੋਕਾਂ ਨੂੰ ਆਪਣੀ ਚਪੇਟ ਵਿੱਚ ਲਿਆ ਅਤੇ ਸਪੈਨਿਸ਼ ਫਲੂ ਨੇ 1918 ਵਿੱਚ ਲਗਭਗ ਦੁਨੀਆਂ ਦਾ ਇੱਕ ਚੌਥਾਈ (25%) ਹਿੱਸਾ ਖਤਮ ਕਰ ਦਿੱਤਾ ਸੀ। ਜਦਕਿ ਮੌਜੂਦਾ ਕਰੋਨਾ ਵਾਇਰਸ ਵਿੱਚ ਮੌਤਾਂ ਦੀ ਗਿਣਤੀ ਮਹਿਜ 0.038% ਜੋ ਕਿ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਹੈ। ਬੇਸ਼ੱਕ ਇਨਸਾਨੀ ਜਿੰਦਗੀ ਇੱਕ ਵੀ ਕੀਮਤੀ ਹੈ। ਪਰ ਸਵਾਲ ਇਹ ਉੱਠਦਾ ਹੈ ਸਰਮਾਏਦਾਰੀ ਮੁਲਕਾਂ ਵਿੱਚ ਜਿਸ ਤਰ੍ਹਾਂ ਵੱਡੇ ਧਨਾਢਾਂ ਦਾ ਪੱਖ ਪੂਰਦੀਆ ਸਰਕਾਰਾਂ, ਲੋਕ ਦਿਖਾਵਾ ਕਰਦੀਆਂ ਨੇ ਕਿ ਉਹ ਲੋਕਾਂ ਦੀ ਰੱਖਿਆ ਲਈ ਵੱਚਨਬੱਧ ਹਨ। ਪਰ ਇਹੋ ਜਿਹੀ ਸਥਿਤੀ ਵਿੱਚ ਜੋ ਮਹਿਜ ਇੱਕ ਫਲੂ ਦਾ ਵਾਇਰਸ ਹੈ ਤੇ ਜਿਸਦੀ ਸ਼੍ਰੇਣੀ ਦੇ ਵਾਇਰਸ ਅੱਗੇ ਵੀ ਲੱਭੇ ਜਾ ਚੁੱਕੇ ਹਨ ਉਹਦੇ ਤੋਂ ਲੋਕਾਂ ਨੂੰ ਬਚਾਉਣ ਲਈ ਕੀ ਅਗਾਊਂ ਪ੍ਰਬੰਧ ਸਨ। ਸਰਮਾਏਦਾਰੀ ਪ੍ਰਬੰਧ ਨੇ ਲੋਕਾਂ ਦੀ ਹਿਫਾਜ਼ਤ ਤਾਂ ਦੂਰ ਸਗੋਂ ਲੋਕਾਂ ਵਿਚਲੀ ਆਪਸੀ ਨੇੜਤਾ ਨੂੰ ਵੀ ਸੱਟ ਮਾਰੀ, ਜਿਵੇਂ ਮੌਜੂਦਾ ਕਾਰਪੋਰੇਟ ਪ੍ਰਬੰਧ ×ਸਮਾਜਿਕ ਦੂਰੀ× (ਸੋਸ਼ਲ ਡਿਸਟੈਂਸਿਗ) ਨੂੰ ਪ੍ਰਚਾਰ ਰਿਹਾ ਹੈ ਜਦਕਿ ×ਸਰੀਰਕ ਦੂਰੀ× (ਫੀਜੀਕਲ ਡਿਸਟੈਂਸਿਗ) ਵਧੇਰੇ ਢੁੱਕਵਾਂ ਸਲੋਗਨ ਹੋ ਸਕਦਾ ਸੀ। ਕਿਉਂਕਿ ਇਹ ਸਥਿਤੀ ਵਿੱਚ ਸਮਾਜਿਕ ਦੂਰੀ ਨੇ ਲੋਕਾਂ ਵਿੱਚ ਇੱਕ ਦੂਜੇ ਲਈ ਮੋਹ ਦੀ ਭਾਵਨਾ ਨੂੰ ਅਸਿੱਧੇ ਰੂਪ ਵਿੱਚ ਖੇਰੂੰ ਖੇਰੂੰ ਕੀਤਾ ਹੈ। ਸੋਸ਼ਲ ਡਿਸਟੈਂਸਿਗ ਤੋਂ ਭਾਵ ਸਮਾਜਿਕ ਦੂਰੀ ਤੋਂ ਹੈ ਜੋ ਕਿ ਮਨੁੱਖ ਨੂੰ ਇਕੱਲਤਾ ਵੱਲ ਧੱਕ ਕੇ ਮਾਨਸਿਕ ਬਿਮਾਰੀਆਂ ਨੂੰ ਜਨਮ ਅਤੇ ਸਮਾਜ ਨਾਲੋਂ ਤੋੜਦੀ ਹੈ। ਜਦਕਿ ਇਹ ਸਵਾਲ ਸਮਾਜਿਕ ਦੂਰੀ ਦਾ ਨਹੀਂ ਸਗੋਂ ਸਰੀਰਕ ਦੂਰੀ ਹੈ ਅਤੇ ਅਸੀ ਬਹੁਤ ਤਰ੍ਹਾਂ ਦੇ ਸਾਧਨਾਂ ਰਾਹੀਂ ਇੱਕ ਦੂਜੇ ਨਾਲ ਨੇੜਤਾ ਕਾਇਮ ਰੱਖ ਸਕਦੇ ਹਾਂ। ਇਨ੍ਹਾਂ ਹੀ ਨਹੀਂ ਸਗੋਂ ਲੁਧਿਆਣੇ ਵਿੱਚ ਪੁੱਤਰ ਨੇ ਆਪਣੀ ਮਾਂ ਦੀ ਚਿਤਾ ਨੂੰ ਅੱਗ ਏਸ ਕਰਕੇ ਨਹੀਂ ਦਿੱਤੀ ਕਿਉਂਕਿ ਉਹਦੇ ਅੰਦਰ ਕਰੋਨਾ ਬਾਰੇ ਭਿਆਨਕ ਡਰ ਹੀ ਐਨਾ ਪੈਦਾ ਹੋ ਗਿਆ ਸੀ।

ਇਹ ਕੋਈ ਪਹਿਲਾਂ ਸੰਕਟ ਨਹੀਂ ਹੈ ਅਤੇ ਨਾ ਹੀ ਆਖਰੀ। ਸਵਾਲ ਇਹ ਹੈ ਇਸ ਕਿਸਮ ਦੇ ਸੰਕਟ ਨੂੰ ਨਿਪਟਣ ਲਈ ਕੀ ਕੋਈ ਖਾਸ ਪ੍ਰਬੰਧ ਹੋਣੇ ਚਾਹੀਦੇ ਹਨ ਜੇ ਹਾਂ ਤਾਂ ਮੌਜੂਦਾ ਪ੍ਰਬੰਧ ਤਾਂ ਕਾਰਪੋਰੇਟ ਪੱਖੀ ਹੈ ਤੇ ਉਹ ਸਿਰਫ ਗਿਣਿਆ ਚੁਣਿਆ ਲਈ ਫਿਕਰਮੰਦ ਹੈ ਤੇ ਬਾਕੀ ਪੂਰੀ ਮਨੁੱਖਤਾ ਨੂੰ ਉਹ ਰੱਬ ਦਾ ਭਾਣਾ ਆਖ ਕੇ ਸਬਰ ਦਾ ਘੁੱਟ ਪੀਣ ਲਈ ਆਖਦਾ ਹੈ। ਇਹ ਪੂਰਨ ਤੌਰ ਤੇ ਸੱਚ ਹੈ, ਕਿਉਂਕਿ ਚਾਹੇ ਉਹ ਪਲੇਗ ਦਾ ਦੌਰ (ਕਾਲੀ ਮੌਤ) ਹੋਵੇ ਜਾਂ 1918 ਦਾ ਸਪੇਨੀ ਫਲੂ ਜਾਂ ਫਿਰ ਮੌਜੂਦਾ ਕੋਵਿਡ-19, ਹਰ ਦੌਰ ਵਿੱਚ ਸਰਮਾਏਦਾਰੀ ਢਾਂਚਾ ਵੱਖਰੇ ਬਹਾਨੇ ਘੜ ਲੋਕਾਂ ਦੀਆਂ ਸਮੱਸਿਆਵਾਂ ਤੋਂ ਸੁਰਖਰੂ ਹੋਣ ਦੀ ਕੋਸ਼ਿਸ਼ ਕਰਦਾ ਹੈ। ਪਰ ਲੋਕਾਂ ਨੂੰ ਇਸ ਪੂੰਜੀਵਾਦੀ ਦੌਰ 'ਚ ਅਚੇਤ ਤੋਂ ਸੁਚੇਤ ਹੋਣ ਦੀ ਲੋੜ ਹੈ ਤਾਂ ਹੀ ਸਰਬੱਤ ਦਾ ਭਲਾ ਹੋ ਸਕਦਾ ਹੈ।

# ਇਹ ਆਲਮੀ ਮਹਾਂਮਾਰੀ ਇਕ ਨਵੀਂ ਦੁਨੀਆ ਦਾ ਪ੍ਰਵੇਸ਼ ਦੁਆਰ ਹੈ

*[ਆਲਮੀ ਪੱਧਰ 'ਤੇ ਮਕਬੂਲ, ਬੁੱਕਰ ਇਨਾਮ ਜੇਤੂ ਲੇਖਿਕਾ ਅਰੁੰਧਤੀ ਰਾਏ ਦੇ 3 ਅਪ੍ਰੈਲ 2020 ਨੂੰ ਫਾਇਨਾਂਸ਼ੀਅਲ ਟਾਈਮਜ਼ ਵਿਚ ਛਪੇ ਲੇਖ ਦਾ ਅਨੁਵਾਦ]*



**ਅਰੁੰਧਤੀ ਰਾਏ**
**ਅਨੁਵਾਦ : ਬੂਟਾ ਸਿੰਘ**

ਅੰਗਰੇਜ਼ੀ ਦਾ ਸ਼ਬਦ ਹੈ "ਵਾਇਰਲ ਹੋਣਾ' (ਕਿਸੇ ਵੀਡੀਓ, ਸੰਦੇਸ਼ ਆਦਿ ਦਾ ਫੈਲਣਾ) ਹੁਣ ਇਸ ਨੂੰ ਸੁਣਦੇ ਹੀ ਕੌਣ ਨਹੀਂ ਚੌਂਕੇਗਾ? ਦਰਵਾਜ਼ੇ ਦੇ ਹੈਂਡਲ, ਗੱਤੇ ਦਾ ਡੱਬਾ ਜਾਂ ਸਬਜ਼ੀ ਦਾ ਥੈਲਾ ਦੇਖਦੇ ਹੀ ਕਿਸ ਦੀ ਕਲਪਨਾ ਵਿਚ ਉਹਨਾਂ ਅਦਿੱਖ ਬੂੰਦਾਂ ਦੇ ਗੁੱਛੇ ਸਾਕਾਰ ਨਹੀਂ ਹੋ ਉੱਠਣਗੇ ਜੋ ਨਾ ਜਿਉਂਦਾ ਹੈ, ਨਾ ਮਰਿਆ ਹੈ ਅਤੇ ਜੋ ਆਪਣੀਆਂ ਚਿੰਬੜ ਜਾਣ ਵਾਲੀ ਚੂਸ-ਇੰਦਰੀਆਂ ਨਾਲ ਸਾਡੇ ਫੇਫੜਿਆਂ ਵਿਚ ਧੱਸ ਕੇ ਇਹਨਾਂ ਉੱਪਰ ਕਬਜ਼ਾ ਜਮਾਉਣ ਦੀ ਇੰਤਜ਼ਾਰ ਕਰ ਰਹੇ ਹਨ। ਇਕ ਅਜਨਬੀ ਨੂੰ ਚੁੰਮਣ, ਬੱਸ ਵਿਚ ਸਫ਼ਰ ਕਰਨ ਜਾਂ ਆਪਣੇ ਬੱਚੇ ਨੂੰ ਸਕੂਲ ਭੇਜਣ ਤੋਂ ਪਹਿਲਾਂ ਕੌਣ ਭੈਭੀਤ ਨਹੀਂ ਹੋਵੇਗਾ?

ਆਪਣੀਆਂ ਰੋਜ਼ਮਰਾ ਖ਼ੁਸ਼ੀਆਂ ਤੋਂ ਪਹਿਲਾਂ ਉਹਨਾਂ ਦੇ ਜ਼ੋਖ਼ਮ ਦਾ ਜਾਇਜ਼ਾ ਲੈਣ ਵਿਚ ਕੌਣ ਨਹੀਂ ਪਵੇਗਾ? ਹੁਣ ਸਾਡੇ ਵਿੱਚੋਂ ਕੌਣ ਹੈ ਜੋ ਇਕ ਝੋਲਾ-ਛਾਪ ਮਹਾਂਮਾਰੀ ਵਿਸ਼ੇਸ਼ਗ, ਵਿਸ਼ਾਣੂ-ਵਿਗਿਆਨੀ, ਗਣਿਤ ਸ਼ਾਸਤਰੀ ਅਤੇ ਨਜ਼ੂਮੀ ਨਹੀਂ ਬਣਿਆ ਹੈ? ਕੌਣ ਵਿਗਿਆਨਕ ਜਾਂ ਡਾਕਟਰ ਮਨ ਹੀ ਮਨ ਵਿਚ ਕਿਸੇ ਚਮਤਕਾਰ ਲਈ ਅਰਦਾਸ ਨਹੀਂ ਕਰ ਰਿਹਾ ਹੈ? ਕਿਹੜਾ ਪੁਜਾਰੀ ਹੈ ਜੋ ਮਨ ਹੀ ਮਨ ਵਿਚ ਵਿਗਿਆਨ ਦੇ ਅੱਗੇ ਗੋਡੇ ਨਹੀਂ ਟੇਕ ਚੁੱਕਾ ਹੈ? ਅਤੇ ਵਿਸ਼ਾਣੂਆਂ (ਵਾਇਰਸ) ਦੇ ਇਸ ਪਸਾਰੇ ਦੌਰਾਨ ਵੀ ਕੌਣ ਹੈ ਜਿਸ ਨੂੰ ਸ਼ਹਿਰਾਂ ਵਿਚ ਪੰਛੀਆਂ ਦੇ ਗਾਉਣ ਦੀਆਂ ਆਵਾਜ਼ਾਂ, ਚੌਰਾਹਿਆਂ ਉੱਪਰ ਪੈਲਾਂ ਪਾਉਂਦੇ ਮੋਰਾਂ ਅਤੇ ਗਗਨ ਦੀ ਖ਼ਾਮੋਸ਼ੀ ਨੇ ਮੋਹਿਆ ਨਹੀਂ ਹੈ?

ਦੁਨੀਆ ਭਰ ਵਿਚ ਛੂਤ ਦੀ ਲਪੇਟ ਵਿਚ ਆਏ ਲੋਕਾਂ ਦੀ ਤਾਦਾਦ ਇਸ ਹਫ਼ਤੇ 10 ਲੱਖ ਤਕ ਪਹੁੰਚ ਗਈ ਜਿਹਨਾਂ ਵਿੱਚੋਂ 50 ਹਜ਼ਾਰ ਲੋਕ ਮਰ ਚੁੱਕੇ ਹਨ (2 ਅਪ੍ਰੈਲ ਦੇ ਅੰਕੜੇ)। ਅੰਦੇਸ਼ਿਆਂ ਦੇ ਹਿਸਾਬ ਨਾਲ ਇਹ ਗਿਣਤੀ ਲੱਖਾਂ, ਜਾਂ ਹੋਰ ਵੀ ਜ਼ਿਆਦਾ ਤਕ ਚਲੀ ਜਾਵੇਗੀ। ਇਹ ਵਿਸ਼ਾਣੂ ਖ਼ੁਦ ਤਾਂ ਵਪਾਰ ਅਤੇ ਅੰਤਰਰਾਸ਼ਟਰੀ ਸਰਮਾਏ ਦੇ ਮਾਰਗ ਉੱਪਰ ਮੁਕਤ ਭਰਮਣ ਕਰਦਾ ਰਿਹਾ ਹੈ ਲੇਕਿਨ ਇਸ ਵੱਲੋਂ ਲਿਆਂਦੀ ਗਈ ਭਿਆਨਕ ਬੀਮਾਰੀ ਨੇ ਇਨਸਾਨਾਂ ਨੂੰ ਉਹਨਾਂ ਦੇ ਮੁਲਕਾਂ, ਸ਼ਹਿਰਾਂ ਅਤੇ ਘਰਾਂ ਵਿਚ ਡੱਕ ਦਿੱਤਾ ਹੈ। ਲੇਕਿਨ ਸਰਮਾਏ ਦੇ ਵਹਿਣ ਦੇ ਉਲਟ ਇਸ ਵਿਸ਼ਾਣੂ ਨੂੰ ਤਾਂ ਫੈਲਾਅ ਚਾਹੀਦਾ ਹੈ, ਲੇਕਿਨ ਮੁਨਾਫ਼ਾ ਨਹੀਂ ਚਾਹੀਦਾ, ਅਤੇ ਇਸ ਲਈ ਅਣਜਾਣੇ ਹੀ ਕੁਛ ਹੱਦ ਤਕ ਇਸ ਨੇ ਇਸ ਵਹਿਣ ਦੀ ਦਿਸ਼ਾ ਨੂੰ ਉਲਟੇ ਰੁੱਖ ਮੋੜ ਦਿੱਤਾ ਹੈ।

ਇਸ ਨੇ ਆਵਾਸ ਕੰਟਰੋਲ ਪ੍ਰਣਾਲੀਆਂ, ਬਾਇਓਮੈਟ੍ਰਿਕਸ (ਮਨੁੱਖ ਦੀ ਸ਼ਨਾਖ਼ਤ ਕਰਨ ਵਾਲੀਆਂ ਪ੍ਰਣਾਲੀਆਂ), ਡਿਜੀਟਲ ਨਿਗਰਾਨੀ ਅਤੇ ਹੋਰ ਹਰ ਤਰ੍ਹਾਂ ਦੇ ਡੇਟਾ ਵਿਸ਼ਲੇਸ਼ਣ ਕਰਨ ਵਾਲੀਆਂ ਪ੍ਰਣਾਲੀਆਂ ਦਾ ਮਜ਼ਾਕ ਬਣਾ ਦਿੱਤਾ ਹੈ। ਅਤੇ ਇਸ ਤਰ੍ਹਾਂ ਦੁਨੀਆ ਦੇ ਸਭ ਤੋਂ ਅਮੀਰ, ਸਭ ਤੋਂ ਤਾਕਤਵਰ ਮੁਲਕਾਂ ਨੂੰ, ਜਿੱਥੇ ਸਰਮਾਏਦਾਰੀ ਦਾ ਇੰਜਨ ਹਿਚਕੋਲੇ ਖਾਂਦਾ ਹੋਇਆ ਖੜ ਗਿਆ ਹੈ, ਇਸ ਨੇ ਜ਼ਬਰਦਸਤ ਸੱਟ ਮਾਰੀ ਹੈ। ਸ਼ਾਇਦ ਆਰਜ਼ੀ ਤੌਰ 'ਤੇ ਹੀ ਸਹੀ, ਫਿਰ ਵੀ ਇਸ ਨੇ ਸਾਨੂੰ ਇਹ ਮੌਕਾ ਤਾਂ ਦਿੱਤਾ ਹੀ ਹੈ ਕਿ ਅਸੀਂ ਇਸ ਦੇ ਪੁਰਜ਼ਿਆਂ ਦਾ ਨਿਰੀਖਣ ਕਰ ਸਕੀਏ ਅਤੇ ਫ਼ੈਸਲਾ ਲੈ ਸਕੀਏ ਕਿ ਇਸ ਨੂੰ ਮੁਰੰਮਤ ਕਰਕੇ ਮੁੜ ਚਲਾਉਣਾ ਹੈ ਜਾਂ ਸਾਨੂੰ ਇਸ ਤੋਂ ਬਿਹਤਰ ਇੰਜਨ ਈਜਾਦ ਕਰਨ ਦੀ ਜ਼ਰੂਰਤ ਹੈ।

ਇਸ ਮਹਾਂਮਾਰੀ ਨੂੰ ਰੋਕਣ ਦੇ ਇੰਤਜ਼ਾਮਾਂ 'ਚ ਲੱਗੇ ਤਾਕਤਵਰ ਕਰਤਾ-ਧਰਤਾ 'ਯੁੱਧ-ਯੁੱਧ' ਚੀਕ ਰਹੇ ਹਨ। ਉਹ ਯੁੱਧ ਸ਼ਬਦ ਦਾ ਇਸਤੇਮਾਲ ਜੁਮਲੇ ਦੇ ਤੌਰ 'ਤੇ ਨਹੀਂ ਸਗੋਂ ਸੱਚੀਂਮੁੱਚੀਂ ਦੇ ਯੁੱਧ ਦੇ ਲਈ ਹੀ ਕਰ ਰਹੇ ਹਨ। ਲੇਕਿਨ ਜੇ ਹਕੀਕਤ ਵਿਚ ਇਹ ਯੁੱਧ ਹੁੰਦਾ ਹੈ ਤਾਂ ਇਸ ਦੇ ਲਈ ਅਮਰੀਕਾ ਤੋਂ ਜ਼ਿਆਦਾ ਬਿਹਤਰ ਤਿਆਰੀ ਕਿਸ ਦੀ ਹੋਵੇਗੀ? ਜੇ ਮੋਹਰੀ ਮੁਹਾਜ਼ ਉੱਪਰ ਲੜ ਰਹੇ ਸਿਪਾਹੀਆਂ ਦੇ ਲਈ ਮਾਸਕਾਂ ਅਤੇ ਦਸਤਾਨਿਆਂ ਦੀ ਜਗ੍ਹਾ ਬੰਦੂਕਾਂ, ਸਮਾਰਟ ਬੰਬਾਂ, ਬੰਕਰ-ਤੋੜੂ ਹਥਿਆਰਾਂ, ਪਣਡੁੱਬੀਆਂ, ਲੜਾਕੂ ਜਹਾਜ਼ਾਂ ਅਤੇ ਪ੍ਰਮਾਣੂ ਬੰਬਾਂ ਦੀ ਜ਼ਰੂਰਤ ਹੁੰਦੀ ਤਾਂ ਕੀ ਉਹਨਾਂ ਦੀ ਵੀ ਤੋਟ ਹੁੰਦੀ?

ਦੁਨੀਆ ਭਰ ਵਿਚ ਸਾਡੇ ਵਿੱਚੋਂ ਕੁਛ ਲੋਕ ਰਾਤੋ-ਰਾਤ ਨਿਊਯਾਰਕ ਦੇ ਗਵਰਨਰ ਦੇ ਪ੍ਰੈੱਸ ਬਿਆਨਾਂ ਨੂੰ ਐਸੀ ਉਤਸੁਕਤਾ ਨਾਲ ਦੇਖਦੇ ਹਨ ਜਿਸ ਦੀ ਵਿਆਖਿਆ ਕਰਨੀ ਮੁਸ਼ਕਿਲ ਹੈ। ਅਸੀਂ ਅੰਕੜੇ ਦੇਖਦੇ ਹਾਂ ਅਤੇ ਉਹਨਾਂ ਅਮਰੀਕੀ ਹਸਪਤਾਲਾਂ ਦੀਆਂ ਕਹਾਣੀਆਂ ਸੁਣ ਰਹੇ ਹਾਂ ਜੋ ਮਰੀਜ਼ਾਂ ਨਾਲ ਤੂੜੇ ਹੋਏ ਹਨ, ਜਿੱਥੇ ਘੱਟ ਤਨਖ਼ਾਹ ਅਤੇ ਲੱਕ ਤੋੜਵੇਂ ਕੰਮ ਦੇ ਬੋਝ ਹੇਠ ਦੱਬੀਆਂ ਨਰਸਾਂ ਕੂੜੇਦਾਨਾਂ ਵਿਚ ਵਰਤੇ ਜਾਣ ਵਾਲੇ ਕੱਪੜੇ ਅਤੇ ਪੁਰਾਣੇ ਰੇਨ-ਕੋਟਾਂ ਨਾਲ ਮਾਸਕ ਬਣਾਉਣ ਲਈ ਮਜਬੂਰ ਹਨ ਤਾਂ ਜੁ ਹਰ ਤਰ੍ਹਾਂ ਦਾ ਜ਼ੋਖ਼ਮ ਲੈ ਕੇ ਵੀ ਮਰੀਜ਼ਾਂ ਨੂੰ ਭੋਰਾ ਰਾਹਤ ਦੇ ਸਕਣ, ਜਿੱਥੇ ਵੈਂਟੀਲੇਟਰਾਂ ਦੀ ਖ਼ਰੀਦ ਦੇ ਲਈ ਸਟੇਟ ਇਕ ਦੂਜੇ ਦੇ ਖ਼ਿਲਾਫ਼ ਬੋਲੀ ਲਗਾ ਰਹੇ ਹਨ, ਜਿੱਥੇ ਡਾਕਟਰ ਇਸ ਦੋਚਿੱਤੀ ਵਿਚ ਹਨ ਕਿ ਕਿਸ ਮਰੀਜ਼ ਦੀ ਜਾਨ ਬਚਾਈ ਜਾਵੇ ਅਤੇ ਕਿਸ ਨੂੰ ਮਰਨ ਲਈ ਛੱਡ ਦਿੱਤਾ ਜਾਵੇ! ਅਤੇ ਫਿਰ ਅਸੀਂ ਸੋਚਣ ਲੱਗਦੇ ਹਾਂ, 'ਹੇ ਰੱਬਾ! ਇਹੀ ਅਮਰੀਕਾ ਹੈ!"

ਤ੍ਰਾਸਦੀ ਤੁਰੰਤ-ਪੈਰੀ, ਹਕੀਕੀ ਅਤੇ ਵਿਰਾਟ ਹੈ ਜੋ ਸਾਡੀਆਂ ਅੱਖਾਂ ਸਾਹਮਣੇ ਵਾਪਰ ਰਹੀ ਹੈ। ਲੇਕਿਨ ਇਹ ਨਵੀਂ ਨਹੀਂ ਹੈ। ਇਹ ਉਸੇ ਰੇਲ ਗੱਡੀ ਦਾ ਮਲ਼ਬਾ ਹੈ ਜੋ ਵਰ੍ਹਿਆਂ ਤੋਂ ਪੱਟੜੀ ਤੋਂ ਲਹਿ ਚੁੱਕੀ ਹੈ ਅਤੇ ਡਿੱਕਡੋਲੇ ਖਾ ਰਹੀ ਹੈ। "ਮਰੀਜ਼ਾਂ ਨੂੰ ਬਾਹਰ ਸੁੱਟ ਦੇਣ" ਵਾਲੇ ਉਹ ਵੀਡੀਓ ਕਲਿੱਪ ਕਿਸ ਨੂੰ ਚੇਤੇ ਨਹੀਂ ਜਿਹਨਾਂ ਵਿਚ ਹਸਪਤਾਲ ਦੇ ਗਾਊਨਾਂ ਵਿਚ ਹੀ ਨੰਗੇ ਢੂਹਿਆਂ ਵਾਲੇ ਮਰੀਜ਼ਾਂ ਨੂੰ, ਹਸਪਤਾਲਾਂ ਨੇ ਕੂੜੇ ਵਾਂਗ ਸੜਕਾਂ ਉੱਪਰ ਵਗਾਹ ਮਾਰਿਆ। ਘੱਟ ਸੁਭਾਗੇ ਅਮਰੀਕੀ ਨਾਗਰਿਕਾਂ ਦੇ ਲਈ ਹਸਪਤਾਲਾਂ ਦੇ ਬੂਹੇ ਜ਼ਿਆਦਾਤਰ ਬੰਦ ਹੀ ਰਹੇ ਹਨ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕਿੰਨੇ ਬੀਮਾਰ ਹਨ, ਜਾਂ ਉਹਨਾਂ ਨੇ ਕਿੰਨਾ ਕਸ਼ਟ ਝੱਲਿਆ ਹੈ।

ਘੱਟੋ-ਘੱਟ ਹੁਣ ਤੱਕ ਤਾਂ ਫ਼ਰਕ ਨਹੀਂ ਪੈਂਦਾ ਰਿਹਾ, ਕਿਉਂਕਿ ਹੁਣ, ਇਸ ਵਿਸ਼ਾਣੂ ਦੇ ਦੌਰ ਵਿਚ ਇਕ ਗ਼ਰੀਬ ਇਨਸਾਨ ਦੀ ਬੀਮਾਰੀ ਇਕ ਅਮੀਰ ਸਮਾਜ ਦੀ ਤੰਦਰੁਸਤੀ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਅਤੇ ਹੁਣ ਵੀ, ਸੈਨੇਟਰ ਬਰਨੀ ਸੈਂਡਰਸ, ਜੋ ਸਾਰਿਆਂ ਦੇ ਲਈ ਸਿਹਤ ਸਹੂਲਤਾਂ ਦੇ ਹੱਕ ਵਿਚ ਤਾਬੜਤੋੜ ਮੁਹਿੰਮ ਚਲਾ ਰਿਹਾ ਹੈ, ਉਸ ਨੂੰ ਵ੍ਹਾਈਟ ਹਾਊਸ ਦੇ ਲਈ ਉਮੀਦਵਾਰ ਬਣਾਉਣ ਦੇ ਮਾਮਲੇ ਵਿਚ ਉਸ ਦੀ ਆਪਣੀ ਹੀ ਪਾਰਟੀ ਪਰਾਇਆ ਮੰਨ ਰਹੀ ਹੈ।

ਅਤੇ ਇੱਧਰ ਮੇਰੇ ਮੁਲਕ ਦੀ ਹਾਲਤ ਕੀ ਹੈ? ਮੇਰਾ ਗ਼ਰੀਬ-ਅਮੀਰ ਮੁਲਕ ਭਾਰਤ, ਜੋ ਜਗੀਰਦਾਰੀ ਅਤੇ ਧਾਰਮਿਕ ਕੱਟੜਵਾਦ, ਜਾਤੀਵਾਦ ਅਤੇ ਸਰਮਾਏਦਾਰੀ ਦਰਮਿਆਨ ਕਿਤੇ ਲਟਕ ਰਿਹਾ ਹੈ ਅਤੇ ਜਿਸ ਉੱਪਰ ਘੋਰ ਸੱਜੇਪੱਖੀ ਹਿੰਦੂ ਰਾਸ਼ਟਰਵਾਦੀਆਂ ਦਾ ਰਾਜ ਹੈ, ਉਸ ਦੀ ਹਾਲਤ ਕੀ ਹੈ? ਦਸੰਬਰ 'ਚ, ਜਦ ਚੀਨ ਆਪਣੇ ਵੂਹਾਨ ਰਾਜ ਵਿਚ ਇਸ ਵਿਸ਼ਾਣੂ ਦੇ ਵਿਸਫੋਟ ਨਾਲ ਜੂਝ ਰਿਹਾ ਸੀ, ਉਸ ਵਕਤ ਭਾਰਤ ਸਰਕਾਰ ਆਪਣੇ ਉਹਨਾਂ ਲੱਖਾਂ ਨਾਗਰਿਕਾਂ ਦੇ ਵਿਆਪਕ ਵਿਦਰੋਹ ਨਾਲ ਨਜਿੱਠਣ ਵਿਚ ਜੁੱਟੀ ਹੋਈ ਸੀ ਜੋ ਉਸ ਦੇ ਵੱਲੋਂ ਹਾਲ ਹੀ ਵਿਚ ਸੰਸਦ ਵਿਚ ਪਾਸੇ ਕੀਤੇ ਗਏ ਬੇਸ਼ਰਮੀ ਭਰੇ ਪੱਖਪਾਤੀ ਮੁਸਲਿਮ ਵਿਰੋਧੀ ਨਾਗਰਿਕਤਾ ਕਾਨੂੰਨ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਸਨ।

?ਭਾਰਤ ਵਿਚ ਕੋਵਿਡ-19 ਦਾ ਪਹਿਲਾ ਮਾਮਲਾ 30 ਜਨਵਰੀ ਨੂੰ ਆਇਆ ਸੀ, ਭਾਰਤੀ ਗਣਤੰਤਰ ਦਿਵਸ ਦੀ ਪਰੇਡ ਦੇ ਮਾਣਯੋਗ ਮਹਿਮਾਨ (ਬ੍ਰਾਜ਼ੀਲ ਦੇ ਰਾਸ਼ਟਰਪਤੀ), ਅਮੇਜ਼ਨ ਦੇ ਜੰਗਲਾਂ ਨੂੰ ਹੜੱਪਣ ਵਾਲੇ ਅਤੇ ਕੋਵਿਡ ਦੀ ਹੋਂਦ ਤੋਂ ਇਨਕਾਰੀ ਜਾਇਰ ਬੋਲਸੋਨਾਰੋ ਦੇ ਦਿੱਲੀ ਛੱਡਣ ਤੋਂ ਥੋੜ੍ਹੇ ਦਿਨ ਬਾਦ ਹੀ। ਲੇਕਿਨ ਸੱਤਾਧਾਰੀ ਪਾਰਟੀ ਦੀ ਫਰਵਰੀ ਦੀ ਸਮਾਂ-ਸੂਚੀ ਵਿਚ ਐਸਾ ਬਹੁਤ ਕੁਛ ਸੀ ਜੋ ਇਸ ਵਿਸ਼ਾਣੂ ਨਾਲ ਨਜਿੱਠਣ ਤੋਂ ਜ਼ਿਆਦਾ ਜ਼ਰੂਰੀ ਸੀ। ਇਸੇ ਮਹੀਨੇ ਦੇ ਆਖ਼ਰੀ ਹਫ਼ਤੇ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਰਕਾਰੀ ਦੌਰਾ ਤੈਅ ਸੀ। ਉਸ ਨੂੰ ਗੁਜਰਾਤ ਦੇ ਇਕ ਸਟੇਡੀਅਮ ਵਿਚ ਇਕ ਲੱਖ ਦਰਸ਼ਕਾਂ ਦਾ ਹਜੂਮ ਇਕੱਠਾ ਕਰਦੇ ਦੇਣ ਦਾ ਲਾਲਚ ਦਿੱਤਾ ਗਿਆ ਸੀ। ਇਸ ਸਭ ਕਾਸੇ ਵਿਚ ਬਹੁਤ ਧਨ ਅਤੇ ਵਕਤ ਜ਼ਾਇਆ ਹੋਇਆ।

ਫਿਰ ਦਿੱਲੀ ਵਿਧਾਨ-ਸਭਾ ਦੀਆਂ ਚੋਣਾਂ ਵੀ ਸਨ, ਜਿਹਨਾਂ ਵਿਚ ਭਾਰਤੀ ਜਨਤਾ ਪਾਰਟੀ ਜੇ ਆਪਣੀ ਚਾਲ ਨਾ ਖੇਡਦੀ ਤਾਂ ਇਸ ਦੀ ਹਾਰ ਨਿਸ਼ਚਿਤ ਸੀ, ਆਖ਼ਿਰ ਇਸ ਨੇ ਗੇਮ ਖੇਡੀ ਵੀ। ਉਸ ਨੇ ਬੇਰੋਕ-ਟੋਕ ਜ਼ਹਿਰੀਲੀ ਹਿੰਦੂ ਰਾਸ਼ਟਰਵਾਦੀ ਮੁਹਿੰਮ ਵਿੱਢ ਦਿੱਤੀ, ਜੋ ਸਰੀਰਕ ਹਿੰਸਾ ਅਤੇ "ਗ਼ੱਦਾਰਾਂ" ਨੂੰ ਗੋਲੀ ਮਾਰਨ ਦੀਆਂ ਧਮਕੀਆਂ ਨਾਲ ਲਬਰੇਜ਼ ਸੀ।

ਖ਼ੈਰ ਪਾਰਟੀ ਚੋਣ ਹਾਰ ਗਈ। ਤੇ ਫਿਰ ਇਸ ਨਮੋਸ਼ੀ ਦੇ ਲਈ ਜ਼ਿੰਮੇਵਾਰ ਠਹਿਰਾਏ ਗਏ ਦਿੱਲੀ ਦੇ ਮੁਸਲਮਾਨਾਂ ਦੇ ਲਈ ਇਕ ਸਜ਼ਾ ਤੈਅ ਕੀਤੀ ਗਈ ਸੀ। ਉੱਤਰ-ਪੂਰਬੀ ਦਿੱਲੀ ਵਿਚ ਹਿੰਦੂ ਦੰਗਈਆਂ ਦੇ ਹਥਿਆਰਬੰਦ ਗਿਰੋਹਾਂ ਨੇ ਪੁਲਿਸ ਦੀ ਸੁਰੱਖਿਆ ਛੱਤਰੀ ਹੇਠ ਆਪਣੇ ਆਲੇ-ਦੁਆਲੇ ਦੇ ਮੁਸਲਿਮ ਬਹੁਗਿਣਤੀ ਵਾਲੇ ਕਿਰਤੀ ਜਮਾਤ ਦੇ ਘਰਾਂ ਉੱਪਰ ਹੱਲਾ ਬੋਲ ਦਿੱਤਾ। ਮਕਾਨ, ਦੁਕਾਨਾਂ, ਮਸਜਿਦਾਂ ਅਤੇ ਸਕੂਲ ਸਾੜ ਕੇ ਸੁਆਹ ਕਰ ਦਿੱਤੇ ਗਏ। ਜਿਹਨਾਂ ਮੁਸਲਮਾਨਾਂ ਨੂੰ ਇਸ ਹਮਲੇ ਦਾ ਅੰਦੇਸ਼ਾ ਸੀ, ਉਹਨਾਂ ਨੇ ਮੁਕਾਬਲਾ ਕੀਤਾ। 50 ਤੋਂ ਜ਼ਿਆਦਾ ਮੁਸਲਮਾਨ ਮਾਰੇ ਗਏ ਅਤੇ ਕੁਛ ਹਿੰਦੂ ਵੀ।

ਹਜ਼ਾਰਾਂ ਲੋਕ ਮੁਕਾਮੀ ਕਬਰਸਤਾਨਾਂ ਵਿਚ ਬਣਾਏ ਸ਼ਰਣਾਰਥੀ ਕੈਂਪਾਂ ਵਿਚ ਚਲੇ ਗਏ। ਜਿਸ ਵਕਤ ਸਰਕਾਰੀ ਅਧਿਕਾਰੀਆਂ ਨੇ ਕੋਵਿਡ-19 ਨੂੰ ਲੈ ਕੇ ਆਪਣੀ ਪਹਿਲੀ ਮੀਟਿੰਗ ਕੀਤੀ ਅਤੇ ਜ਼ਿਆਦਾਤਰ ਭਾਰਤੀਆਂ ਨੇ ਜਦ ਪਹਿਲੀ ਵਾਰ ਹੈਂਡ ਸੈਨੀਟਾਈਜ਼ ਕਰਨ ਵਰਗੀ ਕਿਸੇ ਸ਼ੈਅ ਦੀ ਹੋਂਦ ਬਾਰੇ ਸੁਣਿਆ ਉਦੋਂ ਵੀ ਅਜੇ ਗੰਦੇ, ਸੜਿਆਂਦ ਮਾਰਦੇ ਨਾਲਿਆਂ ਵਿੱਚੋਂ ਗਲੀਆਂ-ਸੜੀਆਂ ਲਾਸ਼ਾਂ ਕੱਢੀਆਂ ਜਾ ਰਹੀਆਂ ਸਨ।

ਮਾਰਚ ਦਾ ਮਹੀਨਾ ਸੀ, ਰੁਝੇਵਿਆਂ ਭਰਿਆ। ਪਹਿਲੇ ਦੋ ਹਫ਼ਤੇ ਤਾਂ ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਸਰਕਾਰ ਨੂੰ ਡੇਗਣ ਅਤੇ ਉਸ ਦੀ ਜਗ੍ਹਾ ਭਾਜਪਾ ਦੀ ਸਰਕਾਰ ਬਣਾਉਣ ਨੂੰ ਹੀ ਸਮਰਪਿਤ ਕਰ ਦਿੱਤੇ ਗਏ। 11 ਮਾਰਚ ਨੂੰ ਆਲਮੀ ਸਿਹਤ ਸੰਸਥਾ ਨੇ ਐਲਾਨ ਕੀਤਾ ਕਿ ਕੋਵਿਡ-19 ਇਕ ਆਲਮੀ ਮਹਾਂਮਾਰੀ ਹੈ। ਇਸ ਤੋਂ ਦੋ ਦਿਨ ਬਾਦ ਵੀ, 13 ਮਾਰਚ ਨੂੰ ਸਿਹਤ ਮੰਤਰਾਲੇ ਨੇ ਕਿਹਾ ਕਿ "ਕੋਰੋਨਾ ਕੋਈ ਹੰਗਾਮੀ ਹਾਲਤ ਵਾਲਾ ਸਿਹਤ ਸੰਕਟ ਨਹੀਂ ਹੈ।"

ਆਖ਼ਿਰਕਾਰ 19 ਮਾਰਚ ਨੂੰ ਭਾਰਤੀ ਪ੍ਰਧਾਨ ਮੰਤਰੀ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ। ਉਸ ਨੇ ਜ਼ਿਆਦਾ ਹੋਮਵਰਕ ਨਹੀਂ ਕੀਤਾ ਹੋਇਆ ਸੀ। ਉਸ ਨੇ ਕਾਰਜ-ਵਿਉਤ ਫਰਾਂਸ ਅਤੇ ਇਟਲੀ ਤੋਂ ਉਧਾਰ ਲਈ ਸੀ। ਉਸ ਨੇ ਸਾਨੂੰ "ਸੋਸ਼ਲ ਡਿਸਟੈਂਸਿੰਗ' ਦੀ ਜ਼ਰੂਰਤ ਬਾਰੇ ਦੱਸਿਆ (ਜਾਤੀ ਵਿਵਸਥਾ ਵਿਚ ਐਨੀ ਗਹਿਰਾਈ ਤੱਕ ਧੱਸੇ ਹੋਏ ਇਕ ਸਮਾਜ ਦੇ ਲਈ ਇਹ ਸਮਝਣਾ ਕਾਫ਼ੀ ਸੌਖਾ ਸੀ), ਅਤੇ ਮਾਰਚ 22 ਨੂੰ ਇਕ ਦਿਨ ਦੇ ਲਈ "ਜਨਤਾ ਕਰਫ਼ਿਊ" ਦਾ ਸੱਦਾ ਦਿੱਤਾ ਗਿਆ। ਸੰਕਟ ਦੀ ਇਸ ਘੜੀ 'ਚ ਸਰਕਾਰ ਕੀ ਕਰਨ ਜਾ ਰਹੀ ਹੈ ਇਸ ਦੇ ਬਾਰੇ 'ਚ ਉਸ ਨੇ ਕੁਛ ਨਹੀਂ ਦੱਸਿਆ। ਲੇਕਿਨ ਉਸ ਨੇ ਸਿਹਤ ਕਾਮਿਆਂ ਨੂੰ ਸਲਾਮੀ ਦੇਣ ਲਈ ਲੋਕਾਂ ਨੂੰ ਆਪੋ-ਆਪਣੀਆਂ ਬਾਲਕੋਨੀਆਂ ਵਿਚ ਆ ਕੇ ਤਾਲੀਆਂ, ਥਾਲੀਆਂ ਅਤੇ ਘੰਟੀਆਂ ਆਦਿ ਵਜਾਉਣ ਦਾ ਸੱਦਾ ਜ਼ਰੂਰ ਦਿੱਤਾ।

ਉਸ ਨੇ ਇਹ ਜ਼ਿਕਰ ਨਹੀਂ ਕੀਤਾ ਕਿ ਭਾਰਤੀ ਸਿਹਤ ਕਾਮਿਆਂ ਅਤੇ ਹਸਪਤਾਲਾਂ ਦੇ ਲਈ ਜ਼ਰੂਰ ਸੁਰੱਖਿਆ ਸਮਾਨ (ਪ੍ਰੋਟੈਕਟਿਵ ਗੀਅਰ) ਅਤੇ ਬਨਾਉਟੀ ਸਾਹ ਦੇਣ ਵਾਲਾ ਸਾਜ਼ੋ-ਸਮਾਨ ਬਚਾ ਕੇ ਰੱਖਣ ਦੀ ਬਜਾਏ ਭਾਰਤ ਉਦੋਂ ਵੀ ਇਸ ਸਮਾਨ ਦਾ ਨਿਰਯਾਤ ਕਰ ਰਿਹਾ ਸੀ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਨਰਿੰਦਰ ਮੋਦੀ ਦੀ ਅਪੀਲ ਨੂੰ ਪੁਰਜੋਸ਼ ਹੁੰਗਾਰਾ ਭਰਿਆ ਗਿਆ। ਥਾਲੀਆਂ ਖੜਕਾਉਂਦੇ ਹੋਏ ਜਲੂਸ ਕੱਢੇ ਗਏ, ਹਜੂਮਾਂ ਨੇ ਭੰਗੜੇ ਪਾਉਂਦੇ ਹੋਏ ਝਾਕੀਆਂ ਕੱਢੀਆਂ। ਕੋਈ ਸਮਾਜਿਕ ਵਿੱਥ ਨਹੀਂ। ਬਾਦ ਦੇ ਦਿਨਾਂ ਵਿਚ ਲੋਕਾਂ ਨੇ ਗਊ ਦੇ ਗੋਹੇ ਦੀਆਂ ਭਰੀਆਂ ਟੈਂਕੀਆਂ ਵਿਚ ਟੁੱਭੀਆਂ ਮਾਰੀਆਂ ਅਤੇ ਭਾਜਪਾ ਦੇ ਹਮਾਇਤੀਆਂ ਨੇ ਗਊ-ਮੂਤਰ ਪਾਰਟੀਆਂ ਆਯੋਜਤ ਕੀਤੀਆਂ। ਕਈ ਮੁਸਲਿਮ ਜਥੇਬੰਦੀਆਂ ਵੀ ਇਸ ਵਿਚ ਪਿੱਛੇ ਨਹੀਂ ਰਹੀਆਂ, ਉਹਨਾਂ ਨੇ ਐਲਾਨ ਕੀਤਾ ਕਿ ਇਸ ਵਿਸ਼ਾਣੂ ਦਾ ਜਵਾਬ ਸਰਵ-ਸ਼ਕਤੀਮਾਨ ਅੱਲ੍ਹਾ ਹੈ ਅਤੇ ਉਹਨਾਂ ਨੇ ਸ਼ਰਧਾਵਾਨ ਲੋਕਾਂ ਨੂੰ ਵੱਡੀ ਤਾਦਾਦ 'ਚ ਮਸਜਿਦਾਂ ਵਿਚ ਇਕੱਠੇ ਹੋਣ ਦਾ ਸੱਦਾ ਦਿੱਤਾ।

—


24 ਮਾਰਚ ਨੂੰ ਰਾਤ 8 ਵਜੇ ਮੋਦੀ ਟੀਵੀ ਉੱਪਰ ਦੁਬਾਰਾ ਇਹ ਐਲਾਨ ਕਰਨ ਲਈ ਨਜ਼ਰ ਆਏ ਕਿ ਅੱਧੀ ਰਾਤ ਤੋਂ ਪੂਰੇ ਭਾਰਤ ਵਿਚ ਲੌਕਡਾਊਨ ਲਾਗੂ ਹੋਵੇਗਾ। ਬਾਜ਼ਾਰ ਬੰਦ ਹੋਣਗੇ। ਸਰਕਾਰੀ ਅਤੇ ਨਿੱਜੀ ਤਮਾਮ ਆਵਾਜਾਈ ਸੇਵਾਵਾਂ ਬੰਦ ਕਰ ਦਿੱਤੀਆਂ ਜਾਣਗੀਆਂ।

ਉਸ ਨੇ ਕਿਹਾ ਕਿ ਇਹ ਫ਼ੈਸਲਾ ਉਹ ਸਿਰਫ਼ ਇਕ ਪ੍ਰਧਾਨ ਮੰਤਰੀ ਦੇ ਤੌਰ 'ਤੇ ਨਹੀਂ ਸਗੋਂ ਸਾਡੇ ਪਰਿਵਾਰ ਦੇ ਬਜ਼ੁਰਗ ਦੇ ਤੌਰ 'ਤੇ ਲੈ ਰਹੇ ਹਨ। ਰਾਜ ਸਰਕਾਰਾਂ ਨਾਲ ਮਸ਼ਵਰਾ ਕੀਤੇ ਬਿਨਾਂ ਹੀ, ਜਿਹਨਾਂ ਨੇ ਇਸ ਫ਼ੈਸਲੇ ਦੇ ਨਤੀਜਿਆਂ ਨਾਲ ਨਜਿੱਠਣਾ ਸੀ, ਹੋਰ ਕੌਣ ਇਹ ਫ਼ੈਸਲਾ ਕਰ ਸਕਦਾ ਹੈ ਕਿ 138 ਕਰੋੜ ਲੋਕਾਂ ਨੂੰ, ਬਿਨਾਂ ਕਿਸੇ ਤਿਆਰੀ ਦੇ, ਮਹਿਜ਼ ਚਾਰ ਘੰਟੇ ਦੇ ਨੋਟਿਸ ਤਹਿਤ ਲੌਕਡਾਊਨ ਕਰ ਦਿੱਤਾ ਜਾਵੇ? ਉਹਨਾਂ ਦੇ ਤਰੀਕੇ ਨਿਸ਼ਚਿਤ ਤੌਰ 'ਤੇ ਇਹ ਪ੍ਰਭਾਵ ਦਿੰਦੇ ਹਨ ਕਿ ਭਾਰਤ ਦਾ ਪ੍ਰਧਾਨ

SHAHEED BHAGAT SINGH BOOK CENTRE



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!

Book Exhibition & Sale!

Contact: Master Bhajan Singh at 403-455-4220



ਮੰਤਰੀ ਨਾਗਰਿਕਾਂ ਨੂੰ ਦੁਸ਼ਮਣ ਤਾਕਤ ਦੇ ਰੂਪ ਵਿਚ ਦੇਖਦਾ ਹੈ, ਜਿਹਨਾਂ ਉੱਪਰ ਘਾਤ ਲਗਾ ਕੇ ਹਮਲਾ ਕਰਨਾ, ਉਹਨਾਂ ਨੂੰ ਅਚੰਭੇ ਨਾਲ ਸਦਮਾ ਦੇਣਾ ਜ਼ਰੂਰੀ ਹੈ, ਲੇਕਿਨ ਕਦੇ ਵੀ ਉਹਨਾਂ ਨੂੰ ਭਰੋਸੇ ਵਿਚ ਲੈਣ ਦੀ ਜ਼ਰੂਰਤ ਨਹੀਂ ਹੈ।

ਅਸੀਂ ਲੌਕਡਾਊਨ ਵਿਚ ਕੈਦ ਸੀ। ਬਹੁਤ ਸਾਰੇ ਸਿਹਤ ਪੇਸ਼ੇਵਰਾਂ ਅਤੇ ਮਹਾਂਮਾਰੀ ਵਿਗਿਆਨੀਆਂ ਨੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ। ਸ਼ਾਇਦ ਉਹ ਸਿਧਾਂਤਕ ਤੌਰ ’ਤੇ ਸਹੀ ਹਨ। ਲੇਕਿਨ ਨਿਸ਼ਚਿਤ ਤੌਰ ’ਤੇ ਉਹਨਾਂ ਵਿੱਚੋਂ ਕੋਈ ਵੀ ਉਸ ਅਨਰਥਕਾਰੀ ਯੋਜਨਾਹੀਣਤਾ ਅਤੇ ਕਿਸੇ ਤਿਆਰੀ ਦੀ ਅਣਹੋਂਦ ਦੀ ਹਮਾਇਤ ਨਹੀਂ ਕਰ ਸਕਦਾ ਜਿਸ ਨੇ ਦੁਨੀਆ ਦੇ ਸਭ ਤੋਂ ਬੜੇ, ਸਭ ਤੋਂ ਜ਼ਿਆਦਾ ਸਜ਼ਾ ਦੇਣ ਵਾਲੇ ਲੌਕਡਾਊਨ ਨੂੰ ਇਸ ਦੇ ਮਕਸਦ ਦੇ ਉੱਕਾ ਹੀ ਖ਼ਿਲਾਫ਼ ਬਣਾ ਦਿੱਤਾ।

ਅਚੰਭਤ ਕਰਨ ਵਾਲੀਆਂ ਘਟਨਾਵਾਂ ਨੂੰ ਪਿਆਰ ਕਰਨ ਵਾਲੇ ਆਦਮੀ ਨੇ ਅਚੰਭਿਆਂ ਦੀ ਮਾਂ ਪੈਦਾ ਕਰ ਦਿੱਤੀ।

ਜਦ ਮੂੰਹ ’ਚ ਉਗਲਾਂ ਪਾਈ ਦੁਨੀਆ ਇਹ ਦੇਖ ਰਹੀ ਸੀ, ਭਾਰਤ ਨੇ ਆਪਣੀ ਕੁਲ ਸ਼ਰਮ-ਹਯਾ ਲਾਹ ਕੇ ਆਪਣੀ ਕਰੂਰ, ਢਾਂਚਾਗਤ, ਸਮਾਜਿਕ ਅਤੇ ਆਰਥਕ ਨਾਬਰਾਬਰੀ ਅਤੇ ਦੁੱਖ-ਦਰਦ ਪ੍ਰਤੀ ਆਪਣੀ ਬੇਕਿਰਕ ਬੇਰੁੱਖੀ ਦਿਖਾਈ।

ਲੌਕਡਾਊਨ ਨੇ ਇਕ ਰਸਾਇਣਕ ਪ੍ਰਯੋਗ ਦੀ ਤਰ੍ਹਾਂ ਕੰਮ ਕੀਤਾ ਜਿਸ ਨੇ ਅਚਾਨਕ ਲੁਕੀਆਂ ਹੋਈਆਂ ਚੀਜ਼ਾਂ ਨੂੰ ਉਜਾਗਰ ਕਰ ਦਿੱਤਾ। ਜਿਉਂ ਹੀ ਦੁਕਾਨਾਂ, ਰੇਸਤਰਾਂ, ਕਾਰਖ਼ਾਨੇ ਅਤੇ ਉਸਾਰੀ ਕਾਰੋਬਾਰ ਬੰਦ ਹੋਏ, ਜਿਉਂ ਹੀ ਧਨਾਢ ਅਤੇ ਮੱਧ ਵਰਗਾਂ ਨੇ ਖ਼ੁਦ ਨੂੰ ਮਹਿਫ਼ੂਜ਼ ਕਾਲੋਨੀਆਂ ਵਿਚ ਬੰਦ ਕਰ ਲਿਆ, ਸਾਡੇ ਸ਼ਹਿਰਾਂ ਅਤੇ ਮਹਾਂਨਗਰਾਂ ਨੇ ਆਪਣੇ ਕੰਮਕਾਜੀ ਵਰਗ ਦੇ ਨਾਗਰਿਕਾਂ - ਆਪਣੇ ਪ੍ਰਵਾਸੀ ਕਿਰਤੀਆਂ - ਨੂੰ ਬਿਲਕੁਲ ਹੀ ਅਣਚਾਹੇ ਸਮਾਨ ਦੀ ਤਰ੍ਹਾਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ।

ਆਪਣੇ ਰੋਜ਼ਗਾਰ-ਦਾਤਿਆਂ ਅਤੇ ਮਕਾਨ ਮਾਲਕਾਂ ਵੱਲੋਂ ਬਾਹਰ ਕੱਢ ਦਿੱਤੇ ਗਏ ਬਹੁਤ ਸਾਰੇ ਲਾਚਾਰ, ਲੱਖਾਂ ਗ਼ਰੀਬ, ਭੁੱਖੇ-ਤਿਹਾਏ ਲੋਕ, ਨੌਜਵਾਨ ਅਤੇ ਬਜ਼ੁਰਗ, ਮਰਦ, ਔਰਤਾਂ, ਬੱਚੇ, ਬੀਮਾਰ, ਅੰਨ੍ਹੇ ਲੋਕ, ਅਪਾਹਜ ਲੋਕ, ਜਿਹਨਾਂ ਦੇ ਕੋਲ ਕੋਈ ਟਿਕਾਣਾ ਨਹੀਂ ਸੀ, ਜਿਹਨਾਂ ਦੇ ਲਈ ਕੋਈ ਜਨਤਕ ਆਵਾਜਾਈ ਸਾਧਨ ਨਹੀਂ ਸਨ, ਉਹਨਾਂ ਨੇ ਆਪਣੇ ਦੂਰ-ਦਰਾਜ਼ ਪਿੰਡਾਂ ਦੇ ਲਈ ਪੈਦਲ ਹੀ ਚਾਲੇ ਪਾ ਦਿੱਤੇ। ਉਹ ਸੈਂਕੜੇ ਕਿਲੋਮੀਟਰ ਦੂਰ ਬਦਾਯੂੰ, ਆਗਰਾ, ਆਜ਼ਮਗੜ੍ਹ, ਅਲੀਗੜ੍ਹ, ਲਖਨਊ, ਗੋਰਖ਼ਪੁਰ ਦੇ ਲਈ ਕਈ-ਕਈ ਦਿਨ ਪੈਦਲ ਚੱਲਦੇ ਰਹੇ। ਕੁਛ ਨੇ ਤਾਂ ਰਾਹ ਵਿਚ ਹੀ ਦਮ ਤੋੜ ਦਿੱਤਾ।

ਉਹਨਾਂ ਨੂੰ ਪਤਾ ਸੀ ਕਿ ਉਹ ਆਪਣੀ ਭੁੱਖਮਰੀ ਦੀ ਰਫ਼ਤਾਰ ਨੂੰ ਧੀਮੀ ਕਰਨ ਦੀ ਸੰਭਾਵਨਾ ਨਾਲ ਆਪਣੇ ਘਰ ਵੱਲ ਜਾ ਰਹੇ ਹਨ। ਉਹ ਇਹ ਵੀ ਜਾਣਦੇ ਸਨ ਕਿ ਸ਼ਾਇਦ ਉਹ ਆਪਣੇ ਨਾਲ ਇਹ ਵਿਸ਼ਾਣੂ ਵੀ ਲਿਜਾ ਰਹੇ ਹੋਣ, ਅਤੇ ਘਰ ਵਿਚ ਆਪਣੇ ਪਰਿਵਾਰਾਂ, ਆਪਣੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਨੂੰ ਇਸ ਦੀ ਲਾਗ ਵੀ ਲਾ ਦੇਣ, ਫਿਰ ਵੀ ਉਹਨਾਂ ਨੂੰ ਚਲੋ ਪਿਆਰ ਨਾ ਸਹੀ, ਚਾਹੇ ਰਤਾ ਕੁ ਹੀ ਹੋਵੇ, ਇਕ ਜਾਣਿਆ-ਪਛਾਣਿਆ ਮਾਹੌਲ, ਆਸਰਾ ਅਤੇ ਸਵੈਮਾਣ ਨਾਲ ਖਾਣੇ ਦੀ ਸਖ਼ਤ ਜ਼ਰੂਰਤ ਸੀ।

ਜਦ ਉਹਨਾਂ ਨੇ ਚੱਲਣਾ ਸ਼ੁਰੂ ਕੀਤਾ ਤਾ ਕਾਫ਼ੀ ਲੋਕਾਂ ਨੂੰ ਪੁਲਿਸ ਨੇ ਬੇਰਹਿਮੀ ਨਾਲ ਕੁੱਟਿਆ-ਮਾਰਿਆ ਅਤੇ ਜ਼ਲੀਲ ਕੀਤਾ ਕਿਉਂਕਿ ਕਰਫ਼ਿਊ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਜ਼ਿੰਮਾ ਪੁਲਿਸ ਦਾ ਸੀ। ਨੌਜਵਾਨਾਂ ਨੂੰ ਰਾਜ-ਮਾਰਗਾਂ ਉੱਪਰ ਰੀਂਗਣ, ਜ਼ਲੀਲ ਕਰੂ ਅੰਦਾਜ਼ ’ਚ ਅਤੇ ਡੱਡੂ ਵਾਂਗ ਛੜੱਪੇ ਮਾਰ ਕੇ ਚੱਲਣ ਲਈ ਮਜਬੂਰ ਕੀਤਾ ਗਿਆ। ਬਰੇਲੀ ਸ਼ਹਿਰ ਦੇ ਬਾਹਰ ਇਕ ਸਮੂਹ ਨੂੰ ਇਕੱਠੇ ਬਿਠਾ ਕੇ ਉਹਨਾਂ ਉੱਪਰ ਕੀਟਨਾਸ਼ਕ ਦਾ ਛਿੜਕਾਅ ਕੀਤਾ ਗਿਆ।

ਕੁਛ ਦਿਨਾਂ ਬਾਦ, ਇਸ ਚਿੰਤਾ ’ਚ ਕਿ ਪਲਾਇਨ ਕਰ ਰਹੇ ਲੋਕ ਪਿੰਡਾਂ ਵਿਚ ਵੀ ਵਿਸ਼ਾਣੂ ਫੈਲਾ ਦੇਣਗੇ, ਸਰਕਾਰ ਨੇ ਪੈਦਲ ਚੱਲਣ ਵਾਲਿਆਂ ਦੇ ਲਈ ਰਾਜਾਂ ਦੀਆਂ ਸਰਹੱਦਾਂ ਹੀ ਸੀਲ ਕਰਵਾ ਦਿੱਤੀਆਂ। ਕਈ ਦਿਨਾਂ ਤੋਂ ਪੈਦਲ ਚੱਲ ਰਹੇ ਲੋਕਾਂ ਨੂੰ ਮੋੜ ਕੇ ਉਹਨਾਂ ਹੀ ਸ਼ਹਿਰਾਂ ਕੇ ਕੈਂਪਾਂ ਵਿਚ ਵਾਪਸ ਜਾਣ ਮਜਬੂਰ ਕਰ ਦਿੱਤਾ ਗਿਆ ਜਿੱਥੋਂ ਉਹਨਾਂ ਨੂੰ ਇਕਦਮ ਨਿਕਲ ਜਾਣ ਲਈ ਮਜਬੂਰ ਕਰ ਦਿੱਤਾ ਗਿਆ ਸੀ।

ਬਜ਼ੁਰਗਾਂ ਦੇ ਲਈ 1947 ਦੇ ਉਜਾੜੇ ਦੀਆਂ ਯਾਦਾਂ ਤਾਜ਼ਾ ਹੋ ਗਈਆਂ ਜਦ ਭਾਰਤ ਦੀ ਵੰਡ ਹੋਈ ਸੀ ਅਤੇ ਪਾਕਿਸਤਾਨ ਦਾ ਜਨਮ ਹੋਇਆ ਸੀ। ਇੰਨੀ ਕੁ ਤੁਲਨਾ ਤੋਂ ਬਿਨਾਂ ਇਸ ਹਿਜ਼ਰਤ ਦਾ ਸੰਚਾਲਨ ਜਮਾਤੀ ਵੰਡ ਕਰ ਰਹੀ ਸੀ, ਧਰਮ ਨਹੀਂ। ਇਸ ਸਭ ਕਾਸੇ ਦੇ ਬਾਵਜੂਦ ਵੀ ਇਹ ਭਾਰਤ ਦੇ ਸਭ ਤੋਂ ਗ਼ਰੀਬ ਲੋਕ ਨਹੀਂ ਸਨ। ਇਹ ਉਹ ਲੋਕ ਸਨ, ਜਿਹਨਾਂ ਦੇ ਕੋਲ (ਘੱਟੋਘੱਟ ਹੁਣ ਤਕ) ਸ਼ਹਿਰਾਂ ਵਿਚ ਕੰਮਕਾਰ ਸੀ ਅਤੇ ਵਾਪਸ ਮੁੜਨ ਲਈ ਘਰ ਸੀ। ਬੇਰੋਜ਼ਗਾਰ ਲੋਕ ਅਤੇ ਨਿਰਾਸ਼ ਲੋਕ ਸ਼ਹਿਰਾਂ ਅਤੇ ਦਿਹਾਤ ਵਿਚ ਜਿੱਥੇ ਸਨ ਉੱਥੇ ਹੀ ਰਹਿਣ ਲਈ ਮਜਬੂਰ ਸਨ, ਜਿੱਥੇ ਇਸ ਤ੍ਰਾਸਦੀ ਤੋਂ ਕਾਫ਼ੀ ਪਹਿਲਾਂ ਤੋਂ ਹੀ ਡੂੰਘਾ ਸੰਕਟ ਵਧ ਰਿਹਾ ਸੀ। ਇਹਨਾਂ ਭਿਆਨਕ ਦਿਨਾਂ ਦੌਰਾਨ ਵੀ ਗ੍ਰਹਿ ਮੰਤਰੀ ਅਮਿਤ ਸ਼ਾਹ ਜਨਤਕ ਤੌਰ ’ਤੇ ਦ੍ਰਿਸ਼ ਤੋਂ ਪਾਸੇ ਰਿਹਾ।

ਜਦ ਦਿੱਲੀ ਤੋਂ ਪਲਾਇਨ ਸ਼ੁਰੂ ਹੋਇਆ ਤਾਂ ਮੈਂ ਇਕ ਰਸਾਲੇ, ਜਿਸ ਦੇ ਲਈ ਮੈਂ ਅਕਸਰ ਲਿਖਦੀ ਹਾਂ, ਉਸ ਦੇ ਪ੍ਰੈੱਸ ਪਾਸ ਦਾ ਇਸਤੇਮਾਲ ਕਰਦੇ ਹੋਏ ਮੈਂ ਗਾਜ਼ੀਪੁਰ ਗਈ, ਜੋ ਦਿੱਲੀ ਅਤੇ ਉੱਤਰ ਪ੍ਰਦੇਸ਼ ਸਰਹੱਦ ਉੱਪਰ ਹੈ।

ਉੱਥੇ ਜਨਤਾ ਦਾ ਹੜ੍ਹ ਉਮੜਿਆ ਹੋਇਆ ਸੀ ਜਿਵੇਂ ਕਿ ਬਾਈਬਲ ਵਿਚ ਵਰਨਣ ਕੀਤਾ ਗਿਆ ਹੈ। ਜਾਂ ਸ਼ਾਇਦ ਨਹੀਂ, ਕਿਉਂਕਿ ਬਾਈਬਲ ਐਸੀਆਂ ਸੰਖਿਆਵਾਂ ਨੂੰ ਨਹੀਂ ਜਾਣ ਸਕਦੀ ਸੀ। ਸਰੀਰਕ ਵਿੱਥ ਬਣਾਉਣ ਦੇ ਮਕਸਦ ਨਾਲ ਲਾਗੂ ਕੀਤਾ ਗਿਆ ਲੌਕਡਾਊਨ ਆਪਣੇ ਉਲਟ ਵਿਚ ਬਦਲ ਚੁੱਕਾ ਸੀ। ਸਰੀਰਕ ਨੇੜਤਾ ਐਨੀ ਸੀ ਜੋ ਕਲਪਨਾ ਤੋਂ ਹੀ ਪਰੇ ਹੈ। ਭਾਰਤ ਦੇ ਸ਼ਹਿਰਾਂ ਅਤੇ ਕਸਬਿਆਂ ਦਾ ਸੱਚ ਵੀ ਇਹੀ ਹੈ। ਹੋ ਸਕਦਾ ਹੈ ਮੁੱਖ ਸੜਕਾਂ ਖਾਲੀ ਹੋਣ ਲੇਕਿਨ ਗ਼ਰੀਬ ਲੋਕ ਮੰਦੇਹਾਲ ਬਸਤੀਆਂ ਅਤੇ ਝੌਂਪੜਪੱਟੀਆਂ ਦੇ ਭੀੜੇ ਘੁਰਨਿਆਂ ਵਿਚ ਤੂੜੇ ਪਏ ਹਨ।

ਉੱਥੇ ਜਿਸ ਕਿਸੇ ਨਾਲ ਵੀ ਮੈਂ ਗੱਲ ਕੀਤੀ ਸਾਰੇ ਵਿਸ਼ਾਣੂ ਤੋਂ ਚਿੰਤਤ ਸਨ। ਫਿਰ ਵੀ ਉਹਨਾਂ ਦੀ ਜ਼ਿੰਦਗੀ ਉੱਪਰ ਮੰਡਰਾ ਰਹੀ ਬੇਰੋਜ਼ਗਾਰੀ, ਭੁੱਖਮਰੀ ਅਤੇ ਪੁਲਿਸ ਦੀ ਹਿੰਸਾ ਦੀ ਤੁਲਨਾ ਵਿਚ ਇਹ ਚਿੰਤਾ ਘੱਟ ਹਕੀਕੀ ਸੀ, ਅਤੇ ਇਸ ਦੀ ਮੌਜੂਦਗੀ ਥੋੜ੍ਹੀ ਸੀ। ਉਸ ਦਿਨ ਮੈਂ ਜਿੰਨੇ ਲੋਕਾਂ ਨਾਲ ਗੱਲ ਕੀਤੀ ਸੀ, ਉਹਨਾਂ ਵਿਚ ਮੁਸਲਿਮ ਦਰਜੀਆਂ ਦਾ ਇਕ ਸਮੂਹ ਵੀ ਸ਼ਾਮਲ ਸੀ, ਜੋ ਕੁਝ ਹਫ਼ਤੇ ਪਹਿਲਾਂ ਹੀ ਮੁਸਲਿਮ ਵਿਰੋਧੀ ਹਮਲਿਆਂ ਦਾ ਸ਼ਿਕਾਰ ਹੋਣ ਤੋਂ ਬਚ ਗਿਆ ਸੀ। ਉਹਨਾਂ ਵਿੱਚੋਂ ਇਕ ਵਿਅਕਤੀ ਦੇ ਸ਼ਬਦਾਂ ਨੇ ਮੈਨੂੰ ਖ਼ਾਸ ਤੌਰ ’ਤੇ ਪ੍ਰੇਸ਼ਾਨ ਕਰ ਦਿੱਤਾ। ਉਹ ਰਾਮਜੀਤ ਨਾਂਅ ਦਾ ਇਕ ਲੱਕੜ ਦਾ ਮਿਸਤਰੀ ਸੀ ਜਿਸ ਨੇ ਨੇਪਾਲ ਦੀ ਸਰਹੱਦ ਲਾਗੇ ਗੋਰਖਪੁਰ ਤਕ ਪੈਦਲ ਜਾਣ ਦੀ ਯੋਜਨਾ ਬਣਾਈ ਸੀ।

ਉਸ ਨੇ ਕਿਹਾ, “ਸ਼ਾਇਦ ਜਦ ਮੋਦੀ ਜੀ ਨੇ ਐਸਾ ਕਰਨ ਦਾ ਫ਼ੈਸਲਾ ਕੀਤਾ, ਤਾਂ ਕਿਸੇ ਨੇ ਉਸ ਨੂੰ ਸਾਡੇ ਬਾਰੇ ਨਹੀਂ ਦੱਸਿਆ ਹੋਵੇਗਾ। ਸ਼ਾਇਦ ਉਹ ਸਾਡੇ ਬਾਰੇ ਜਾਣਦਾ ਹੀ ਨਾ ਹੋਵੇ।” “ਅਸੀਂ” ਦਾ ਭਾਵ ਹੈ ਲਗਭਗ 46 ਕਰੋੜ ਲੋਕ।

—

ਇਸ ਸੰਕਟ ਵਿਚ ਭਾਰਤ ਦੀਆਂ ਰਾਜ ਸਰਕਾਰਾਂ ਨੇ (ਅਮਰੀਕਾ ਦੀ ਤਰ੍ਹਾਂ) ਬੜਾ ਦਿਲ ਅਤੇ ਸਮਝਦਾਰੀ ਦਿਖਾਈ ਹੈ। ਟਰੇਡ ਯੂਨੀਅਨਾਂ, ਨਿੱਜੀ ਤੌਰ ’ਤੇ ਨਾਗਰਿਕ ਅਤੇ ਹੋਰ ਸਮੂਹ ਖਾਣਾ ਅਤੇ ਸੰਕਟਕਾਲੀ ਰਾਸ਼ਨ ਇਕੱਠਾ ਕਰਕੇ ਵੰਡ ਰਹੇ ਹਨ। ਕੇਂਦਰ ਸਰਕਾਰ ਰਾਹਤ ਦੇ ਲਈ ਉਹਨਾਂ ਦੀਆਂ ਮਾਯੂਸੀ ਵਿਚ ਘਿਰ ਕੇ ਕੀਤੀਆਂ ਅਪੀਲਾਂ ਦਾ ਜਵਾਬ ਦੇਣ ਵਿਚ ਵੀ ਸੁਸਤ ਰਹੀ ਹੈ। ਇਹ ਪਤਾ ਲੱਗਿਆ ਹੈ ਕਿ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਰਾਹਤ ਕੋਸ਼ ਵਿਚ ਕੋਈ ਨਕਦੀ ਉਪਲਭਦ ਨਹੀਂ ਹੈ। ਇਸ ਦੀ ਬਜਾਏ, ਸ਼ੁਭਚਿੰਤਕਾਂ ਦਾ ਪੈਸਾ ਕੁਛ ਹੱਦ ਤਕ ਨਵੇਂ ਰਹੱਸਮਈ ਪੀਐੱਮ-ਕੇਅਰ ਫੰਡ ਵਿਚ ਪਾਇਆ ਜਾ ਰਿਹਾ ਹੈ। ਮੋਦੀ ਦੀ ਮੂਰਤ ਵਾਲੇ ਪੈਕਟ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ।

ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਆਪਣੀ ਯੋਗ-ਨਿਦਰਾ ਦੇ ਵੀਡੀਓ ਕਲਿੱਪ ਸ਼ੇਅਰ ਕੀਤੇ ਹਨ, ਜਿਹਨਾਂ ਵਿਚ ਬਦਲੇ ਹੋਏ ਰੂਪ ਵਿਚ ਐਨੀਮੇਟਿਡ ਮੋਦੀ ਇਕ ਸੁਪਨ-ਸਰੀਰ ਦੇ ਨਾਲ ਯੋਗ ਆਸਨ ਕਰਦੇ ਨਜ਼ਰ ਆ ਰਹੇ ਹਨ ਤਾਂ ਜੁ ਲੋਕ ਸਵੈ-ਇਕਾਂਤਵਾਸ ਦੌਰਾਨ ਆਪਣੇ ਤਣਾਵਾਂ ਨੂੰ ਘੱਟ ਕਰ ਸਕਣ। ਆਪਣੇ ਅਕਸ ਨਾਲ ਇਹ ਮੋਹ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ। ਸੰਭਵ ਤੌਰ ’ਤੇ ਉਹਨਾਂ ਵਿਚ ਇਕ ਆਸਨ, ਗੁਜ਼ਾਰਿਸ਼ ਆਸਨ, ਵੀ ਹੋ ਸਕਦਾ ਸੀ ਜਿਸ ਵਿਚ ਮੋਦੀ ਫਰਾਂਸ ਦੇ ਪ੍ਰਧਾਨ ਮੰਤਰੀ ਨੂੰ ਗੁਜ਼ਾਰਿਸ਼ ਕਰਦੇ ਕਿ ਸਾਨੂੰ ਉਸ ਕਸ਼ਟਦਾਇਕ ਰਾਫ਼ੇਲ ਲੜਾਕੂ ਜਹਾਜ਼ ਸੌਦੇ ਤੋਂ ਬਾਹਰ ਆਉਣ ਦੀ ਇਜਾਜ਼ਤ ਦਿਓ ਤਾਂ ਜੁ 78 ਲੱਖ ਯੂਰੋ ਦੀ ਉਸ ਰਕਮ ਨੂੰ ਅਸੀਂ ਅਤਿ-ਜ਼ਰੂਰੀ ਸੰਕਟਕਾਲੀ ਉਪਾਵਾਂ ਵਿਚ ਇਸਤੇਮਾਲ ਕਰ ਸਕੀਏ ਜਿਸ ਨਾਲ ਕਈ ਲੱਖ ਭੁੱਖੇ ਲੋਕਾਂ ਦੀ ਮਦਦ ਕੀਤੀ ਜਾ ਸਕੇ। ਯਕੀਨਨ ਹੀ ਫਰਾਂਸ ਇਸ ਨੂੰ ਸਮਝੇਗਾ।

ਲੌਕਡਾਊਨ ਦੇ ਦੂਜੇ ਹਫ਼ਤੇ ਵਿਚ ਪਰਵੇਸ਼ ਕਰਨ ਤਕ ਸਪਲਾਈ-ਚੇਨਾਂ ਟੁੱਟ ਚੁੱਕੀਆਂ ਹਨ, ਦਵਾਈਆਂ ਅਤੇ ਜ਼ਰੂਰੀ ਚੀਜ਼ਾਂ ਦੀ ਸਪਲਾਈ ਨੂੰ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਜ਼ਾਰਾਂ ਟਰੱਕ ਡਰਾਈਵਰ ਰਾਜ-ਮਾਰਗਾਂ ਉੱਪਰ ਹੁਣ ਵੀ ਬੇਸਹਾਰਾ ਫਸੇ ਹੋਏ ਹਨ, ਜਿਹਨਾਂ ਦੇ ਕੋਲ ਨਾ ਖਾਣਾ ਹੈ ਨਾ ਪਾਣੀ ਹੈ। ਵਾਢੀ ਦੇ ਲਈ ਤਿਆਰ ਖੜ੍ਹੀਆਂ ਫ਼ਸਲਾਂ ਹੌਲੀ-ਹੌਲੀ ਖ਼ਰਾਬ ਹੋਣੀਆਂ ਸ਼ੁਰੂ ਹੋ ਗਈਆਂ ਹਨ।

ਆਰਥਕ ਸੰਕਟ ਹੈ ਹੀ। ਰਾਜਨੀਤਕ ਸੰਕਟ ਵੀ ਜਾਰੀ ਹੈ। ਮੁੱਖਧਾਰਾ ਦੇ ਮੀਡੀਆ ਨੇ ਆਪਣੀ 24/7 ਚੱਲਣ ਵਾਲੀ ਜ਼ਹਿਰੀਲੀ ਮੁਸਲਿਮ ਵਿਰੋਧੀ ਮੁਹਿੰਮ ਵਿਚ ਕੋਵਿਡ ਦੀ ਕਥਾ ਵੀ ਸ਼ਾਮਲ ਕਰ ਲਈ ਹੈ। ਤਬਲੀਗ਼ੀ ਜਮਾਤ ਨਾਮ ਦੀ ਇਕ ਸੰਸਥਾ, ਜਿਸ ਨੇ ਲੌਕਡਾਊਨ ਦੇ ਐਲਾਨ ਤੋਂ ਪਹਿਲਾਂ ਦਿੱਲੀ ਵਿਚ ਇਕ ਇਕੱਠ ਆਯੋਜਤ ਕੀਤਾ ਸੀ, ਇਕ “ਸੁਪਰ ਸਪਰੈੱਡਰ” ਨਿਕਲੀ ਹੈ। ਇਸ ਦਾ ਇਸਤੇਮਾਲ ਮੁਸਲਮਾਨਾਂ ਨੂੰ ਕਲੰਕਿਤ ਕਰਨ ਅਤੇ ਉਹਨਾਂ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ। ਸਮੁੱਚਾ ਸੁਰ ਐਸਾ ਹੈ ਜਿਵੇਂ ਕਿ ਮੁਸਲਮਾਨਾਂ ਨੇ ਹੀ ਇਸ ਵਿਸ਼ਾਣੂ ਦੀ ਕਾਢ ਕੱਢੀ ਹੈ ਅਤੇ ਉਹਨਾਂ ਨੇ ਇਸ ਨੂੰ ਜਾਣ-ਬੁੱਝ ਕੇ ਜਿਹਾਦ ਦੇ ਰੂਪ ਵਿਚ ਫੈਲਾਇਆ ਹੈ।

ਅਜੇ ਕੋਵਿਡ ਦਾ ਸੰਕਟ ਆਉਣਾ ਬਾਕੀ ਹੈ, ਜਾਂ ਨਹੀਂ, ਅਸੀਂ ਨਹੀਂ ਜਾਣਦੇ। ਜੇ ਅਤੇ ਜਦ ਐਸਾ ਹੁੰਦਾ ਹੈ, ਤਾਂ ਅਸੀਂ ਯਕੀਨਨ ਹੀ ਕਹਿ ਸਕਦੇ ਹਾਂ ਕਿ ਇਸ ਨਾਲ ਧਰਮ, ਜਾਤੀ ਅਤੇ ਜਮਾਤ ਦੇ ਸਾਰੇ ਪ੍ਰਚਲਤ ਤੁਅੱਸਬਾਂ ਦੇ ਤਹਿਤ ਹੀ ਨਜਿੱਠਿਆ ਜਾਵੇਗਾ।

ਅੱਜ (2 ਅਪ੍ਰੈਲ) ਤਕ ਭਾਰਤ ਵਿਚ ਲਾਗ ਦੇ ਲਗਭਗ 2000 ਮਾਮਲਿਆਂ ਦੀ ਤਸਦੀਕ ਹੋ ਚੁੱਕੀ ਹੈ ਅਤੇ 58 ਮੌਤਾਂ ਹੋ ਚੁੱਕੀਆਂ ਹਨ। ਟੈਸਟਾਂ ਦੀ ਤਰਸਯੋਗ ਰੂਪ ’ਚ ਥੁੜ੍ਹ ਕਾਰਨ ਇਹਨਾਂ ਅੰਕੜਿਆਂ ਉੱਪਰ ਯਕੀਨ ਨਹੀਂ ਕੀਤਾ ਜਾ ਸਕਦਾ। ਵਿਸ਼ੇਸ਼ਗਾਂ ਦੀ ਰਾਇ ਦਾ ਆਪਸ ਵਿਚ ਬਹੁਤ ਫ਼ਰਕ ਹੈ। ਕੁਛ ਲੱਖਾਂ ਮਾਮਲਿਆਂ ਦੀ ਭਵਿੱਖਬਾਣੀ ਕਰਦੇ ਹਨ। ਤਾਂ ਦੂਜਿਆਂ ਨੂੰ ਲੱਗਦਾ ਹੈ ਕਿ ਇਸ ਦਾ ਅਸਰ ਕਾਫ਼ੀ ਥੋੜ੍ਹਾ ਹੋਵੇਗਾ। ਅਸੀਂ ਇਸ ਸੰਕਟ ਦੇ ਹਕੀਕੀ ਰੂਪ ਨੂੰ ਕਦੇ ਵੀ ਜਾਣ ਨਹੀਂ ਸਕਾਂਗੇ, ਚਾਹੇ ਅਸੀਂ ਵੀ ਇਸ ਦੀ ਇਸ ਦੀ ਲਪੇਟ ਵਿਚ ਆ ਜਾਈਏ। ਅਸੀਂ ਸਾਰੇ ਜਾਣਦੇ ਹਾਂ ਕਿ ਹਸਪਤਾਲਾਂ ਉੱਪਰ ਅਜੇ ਤਕ ਕੰਮ ਸ਼ੁਰੂ ਨਹੀਂ ਹੋਇਆ ਹੈ।

ਭਾਰਤ ਦੇ ਸਰਕਾਰੀ ਹਸਪਤਾਲਾਂ ਅਤੇ ਕਲੀਨਿਕਾਂ ਵਿਚ ਤਾਂ ਹਰ ਸਾਲ 10 ਲੱਖ ਬੱਚਿਆਂ ਨੂੰ ਟੱਟੀਆਂ-ਉਲਟੀਆਂ, ਕੁਪੋਸ਼ਣ ਅਤੇ ਹੋਰ ਸਿਹਤ ਸਮੱਸਿਆਵਾਂ ਤੋਂ ਬਚਾਉਣ ਦੀ ਸਮਰੱਥਾ ਵੀ ਨਹੀਂ ਹੈ, ਜਿਸ ਦੇ ਕਾਰਨ ਉਹ ਦਮ ਤੋੜ ਜਾਂਦੇ ਹਨ। ਇੱਥੇ ਲੱਖਾਂ ਤਪਦਿਕ ਦੇ ਮਰੀਜ਼ (ਦੁਨੀਆ ਦਾ ਚੌਥਾ ਹਿੱਸਾ) ਹਨ। ਇੱਥੇ ਭਾਰੀ ਤਾਦਾਦ ’ਚ ਲੋਕ ਖ਼ੂਨ ਦੀ ਕਮੀ ਅਤੇ ਕੁਪੋਸ਼ਣ ਨਾਲ ਗ੍ਰਸਤ ਹਨ ਜਿਸ ਦੇ ਕਾਰਨ ਕੋਈ ਵੀ ਮਾਮੂਲੀ ਬੀਮਾਰੀ ਉਹਨਾਂ ਦੇ ਲਈ ਜਾਨਲੇਵਾ ਸਾਬਤ ਹੋ ਸਕਦੀ ਹੈ। ਜਿਸ ਤਰ੍ਹਾਂ ਦੇ ਵਿਸ਼ਾਣੂ ਸੰਕਟ ਨਾਲ ਹੁਣ ਅਮਰੀਕਾ ਅਤੇ ਯੂਰਪ ਜੂਝ ਰਹੇ ਹਨ ਉਸ ਪੈਮਾਨੇ ਦੇ ਸੰਕਟ ਨਾਲ ਨਜਿੱਠ ਸਕਣ ਦੀ ਸਮਰੱਥਾ ਸਾਡੇ ਸਰਕਾਰੀ ਹਸਪਤਾਲਾਂ ਅਤੇ ਕਲੀਨਿਕਾਂ ਵਿਚ ਨਹੀਂ ਹੈ।

ਕਿਉਂਕਿ ਹਸਪਤਾਲ ਕੋਰੋਨਾ ਨਾਲ ਨਜਿੱਠਣ ਵਿਚ ਲਗਾ ਦਿੱਤੇ ਗਏ ਹਨ, ਇੰਞ ਇਸ ਵਕਤ ਘੱਟੋ-ਘੱਟ ਤਮਾਮ ਸਿਹਤ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਦਿੱਲੀ ਦੇ ਮਸ਼ਹੂਰ ਏਮਸ (ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼) ਦਾ ਟਰੌਮਾ ਸੈਂਟਰ ਬੰਦ ਕਰ ਦਿੱਤਾ ਗਿਆ ਹੈ। ਸੈਂਕੜੇ ਕੈਂਸਰ ਦੇ ਰੋਗੀ, ਜਿਹਨਾਂ ਨੂੰ ਕੈਂਸਰ ਸ਼ਰਣਾਰਥੀ ਕਿਹਾ ਜਾਂਦਾ ਹੈ, ਅਤੇ ਜੋ ਉਸ ਵਿਸ਼ਾਲ ਹਸਪਤਾਲ ਦੇ ਬਾਹਰ ਦੀਆਂ ਸੜਕਾਂ ਉੱਪਰ ਹੀ ਪਏ ਰਹਿੰਦੇ ਹਨ, ਉਹਨਾਂ ਨੂੰ ਜਾਨਵਰਾਂ ਦੀ ਤਰ੍ਹਾਂ ਉੱਥੋਂ ਖਦੇੜ ਦਿੱਤਾ ਗਿਆ ਹੈ।

ਲੋਕ ਬੀਮਾਰ ਪੈ ਜਾਣਗੇ ਅਤੇ ਘਰ ਵਿਚ ਹੀ ਮਰ ਜਾਣਗੇ। ਅਸੀਂ ਉਹਨਾਂ ਦੀਆਂ ਕਹਾਣੀਆਂ ਨੂੰ ਕਦੇ ਵੀ ਜਾਣ ਨਹੀਂ ਸਕਾਂਗੇ। ਹੋ ਸਕਦਾ ਹੈ ਕਿ ਉਹ ਕਦੇ ਵੀ ਅੰਕੜਿਆਂ ਵਿਚ ਨਾ ਆਉਣ। ਅਸੀਂ ਸਿਰਫ਼ ਇਹ ਉਮੀਦ ਕਰ ਸਕਦੇ ਹਾਂ ਕਿ ਐਸੇ ਅਧਿਐਨ ਸਹੀ ਹੋਣ ਜੋ ਕਹਿ ਰਹੇ ਹਨ ਕਿ ਇਸ ਵਿਸ਼ਾਣੂ ਨੂੰ ਠੰਡਾ ਮੌਸਮ ਪਸੰਦ ਹੈ (ਹਾਲਾਂਕਿ ਹੋਰ ਖੋਜਕਰਤਾਵਾਂ ਨੇ ਇਸ ਉੱਪਰ ਸ਼ੱਕ ਜ਼ਾਹਿਰ ਕੀਤਾ ਹੈ)। ਸਾਡੇ ਲੋਕਾਂ ਨੇ ਇਸ ਤੋਂ ਪਹਿਲਾਂ ਕਦੇ ਐਨੇ ਤਰਕਹੀਣ ਤਰੀਕੇ ਨਾਲ ਅਤੇ ਐਨੀ ਤੀਬਰ ਲਾਲਸਾ ਨਾਲ ਭਾਰਤ ਦੀ ਲੂਹ ਦੇਣ ਵਾਲੀ ਅਤੇ ਪ੍ਰੇਸ਼ਾਨ ਕਰ ਦੇਣ ਵਾਲੀ ਹੁਨਾਲ ਦੀ ਰੁੱਤ ਦਾ ਇੰਤਜ਼ਾਰ ਨਹੀਂ ਕੀਤਾ ਹੈ।

ਸਾਡੇ ਨਾਲ ਇਹ ਕੀ ਵਾਪਰਿਆ ਹੈ? ਇਹ ਇਕ ਵਿਸ਼ਾਣੂ ਹੈ। ਹਾਂ ਹੈ। ਇਸ ਇੰਨੀ ਕੁ ਗੱਲ ਵਿਚ ਕੋਈ ਨੈਤਿਕ ਗਿਆਨ ਤਾਂ ਸ਼ਾਮਲ ਨਹੀਂ ਹੈ। ਲੇਕਿਨ ਨਿਸ਼ਚੇ ਹੀ ਇਹ ਵਿਸ਼ਾਣੂ ਤੋਂ ਕੁਛ ਵਧੇਰੇ ਹੈ। ਕੁਛ ਲੋਕਾਂ ਦਾ ਮੰਨਣਾ ਹੈ ਕਿ ਇਹ ਸਾਨੂੰ ਹੋਸ਼ ਵਿਚ ਲਿਆਉਣ ਦਾ ਕੁਦਰਤ ਦਾ ਤਰੀਕਾ ਹੈ। ਹੋਰਨਾਂ ਦਾ ਕਹਿਣਾ ਹੈ ਕਿ ਇਹ ਦੁਨੀਆ ਉੱਪਰ ਕਬਜ਼ਾ ਕਰਨ ਦੀ ਚੀਨ ਦੀ ਸਾਜ਼ਿਸ਼ ਹੈ। ਚਾਹੇ ਕੁਛ ਵੀ ਹੋਵੇ, ਕੋਰੋਨਾ ਵਾਇਰਸ ਨੇ ਜ਼ੋਰਾਵਰਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਦੁਨੀਆ ਨੂੰ ਇਕ ਐਸੀ ਖੜੋਤ ਉੱਪਰ ਲਿਆ ਖੜ੍ਹਾ ਕੀਤਾ ਹੈ ਜਿਸ ਤਰ੍ਹਾਂ ਦਾ ਇਸ ਤੋਂ ਪਹਿਲਾਂ ਕੋਈ ਚੀਜ਼ ਨਹੀਂ ਕਰ ਸਕੀ ਸੀ।

ਸਾਡੇ ਦਿਮਾਗ ਅਜੇ ਵੀ ਤੇਜ਼ੀ ਨਾਲ ਅੱਗੇ-ਪਿੱਛੇ ਵੱਲ ਦੌੜ ਰਹੇ ਹਨ ਅਤੇ “ਸਹਿਜ ਹਾਲਤ” ਵਿਚ ਆਉਣ ਦੇ ਲਈ ਤਾਂਘ ਰਹੇ ਹਨ ਅਤੇ ਭਵਿੱਖ ਨੂੰ ਅਤੀਤ ਦੇ ਨਾਲ ਸਿਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ, ਇਹ ਵਿਚਕਾਰਲੀ ਦਰਾੜ ਦਾ ਨੋਟਿਸ ਲੈਣ ਤੋਂ ਇਨਕਾਰੀ ਹਨ। ਲੇਕਿਨ ਇਹ ਦਰਾੜ ਤਾਂ ਹਕੀਕੀ ਤੌਰ ’ਤੇ ਮੌਜੂਦ ਹੈ। ਅਤੇ ਇਸ ਘੋਰ ਮਾਯੂਸੀ ਦਰਮਿਆਨ ਹੀ ਇਹ ਸਾਨੂੰ ਇਕ ਮੌਕਾ ਦੇ ਰਹੀ ਹੈ ਕਿ ਅਸੀਂ ਆਪਣੇ ਲਈ ਜੋ ਇਹ ਵਿਨਾਸ਼ਕਾਰੀ ਮਸ਼ੀਨ ਬਣਾਈ ਹੈ, ਉਸ ਉੱਪਰ ਮੁੜ ਵਿਚਾਰ ਕਰ ਸਕੀਏ। ਸਹਿਜ ਹਾਲਤ ਵਿਚ ਪਰਤਣ ਤੋਂ ਜ਼ਿਆਦਾ ਬੁਰਾ ਹੋਰ ਕੁਛ ਨਹੀਂ ਹੋ ਸਕਦਾ।

ਇਤਿਹਾਸਕ ਤੌਰ ’ਤੇ, ਆਲਮੀ ਮਹਾਂਮਾਰੀਆਂ ਨੇ ਇਨਸਾਨਾਂ ਨੂੰ ਸਦਾ ਅਤੀਤ ਨਾਲੋਂ ਨਾਤਾ ਤੋੜਨ ਅਤੇ ਆਪਣੇ ਲਈ ਇਕ ਅਸਲੋਂ ਹੀ ਨਵੀਂ ਦੁਨੀਆ ਦੀ ਕਲਪਨਾ ਕਰਨ ਨੂੰ ਮਜਬੂਰ ਕੀਤਾ ਹੈ। ਇਹ ਮਹਾਂਮਾਰੀ ਵੀ ਉਸੇ ਤਰ੍ਹਾਂ ਦੀ ਹੈ। ਇਹ ਇਸ ਦੁਨੀਆ ਅਤੇ ਅਗਲੀ ਦੁਨੀਆ ਦਰਮਿਆਨ ਦਾ ਮਾਰਗ, ਪ੍ਰਵੇਸ਼ ਦੁਆਰ ਹੈ।

ਅਸੀਂ ਚਾਹੀਏ ਤਾਂ ਆਪਣੇ ਤੁਅੱਸਬਾਂ ਅਤੇ ਨਫ਼ਰਤਾਂ, ਆਪਣੇ ਲੋਭ, ਆਪਣੇ ਡੇਟਾ ਬੈਂਕਾਂ ਅਤੇ ਮੁਰਦਾ ਵਿਚਾਰਾਂ, ਆਪਣੀ ਮ੍ਰਿਤਕ ਨਦੀਆਂ ਅਤੇ ਧੂੰਏ ਭਰੇ ਅੰਬਰਾਂ ਦੀਆਂ ਲਾਸ਼ਾਂ ਨੂੰ ਆਪਣੇ ਮਗਰ ਘੜੀਸਦੇ ਹੋਏ ਇਸ ਵਿਚ ਪ੍ਰਵੇਸ਼ ਕਰ ਸਕਦੇ ਹਾਂ। ਜਾਂ ਅਸੀਂ ਹਲਕੇ-ਫੁਲਕੇ ਅੰਦਾਜ਼ ਨਾਲ ਅਤੀਤ ਦਾ ਕੋਈ ਬੋਝ ਢੋਏ ਬਗ਼ੈਰ ਹੀ ਇਕ ਨਵੀਂ ਦੁਨੀਆ ਦੀ ਕਲਪਨਾ ਕਰ ਸਕਦੇ ਹਾਂ ਅਤੇ ਉਸ ਦੇ ਲਈ ਸੰਘਰਸ਼ ਦੀ ਤਿਆਰੀ ਕਰ ਸਕਦੇ ਹਾਂ?


ਜਗਦੇਵ ਸਿੰਘ ਸਿੱਧੂ
403-351-1136

# ਕਿਤਾਬਾਂ ਦੀ ਅਹਿਮੀਅਤ



ਕਿਸੇ ਵੀ ਨਰੋਏ ਸਮਾਜ ਦੀ ਉਸਾਰੀ ਵਿਚ ਚੰਗੇ ਸਾਹਿਤ ਦਾ ਅਹਿਮ ਰੋਲ ਹੁੰਦਾ ਹੈ। ਮਨੁੱਖਤਾ ਨੂੰ ਇੱਕ ਯੁਗ ਤੋਂ ਅਗਲੇ ਯੁਗ ਤੱਕ ਪੁਚਾਉਣ ਵਿਚ ਉਸ ਸਮੇਂ ਦੇ ਲੇਖਕਾਂ, ਵਿਚਾਰਵਾਨਾਂ, ਕਲਾਕਾਰਾਂ ਅਤੇ ਕਥਾ ਵਾਚਕਾਂ ਦੀ ਭੂਮਕਾ ਮਹੱਤਵਪੂਰਨ ਰਹੀ ਹੈ। ਚਾਹੇ ਮੋਹਿਜੋਦਾੜੋ ਦੀ ਸਭਿਅਤਾ ਹੋਵੇ, ਚਾਹੇ ਮੀਸੋਪੋਟਾਮੀਆਂ ਅਤੇ ਬੇਬੀਲੋਨੀਆਂ ਦੀ, ਚਾਹੇ ਯੂਨਾਨੀ ਜਾਂ ਰੋਮਨ, ਚਾਹੇ ਮਿਸਰ ਜਾਂ ਚੀਨੀ ਸਭਿਅਤਾਵਾਂ ਦੇ ਵੱਖੋ-ਵੱਖ ਪੜਾਅ ਹੋਣ, ਸਭਨਾਂ ਅੰਦਰ ਸਾਨੂੰ ਅਜਿਹੇ ਜੀਨੀਅਸ ਕਿਸਮ ਦੇ ਮਹਾਰਥੀ ਮਿਲਣਗੇ ਜਿਹਨਾਂ ਨੇ ਮਨੁੱਖਤਾ ਨੂੰ ਨਵਾਂ ਰਾਹ ਵਖਾ ਕੇ ਅਗਲੇ ਚੰਗੇਰੇ ਪੜਾਅ ਤੱਕ ਪੁਚਾਇਆ। ਇਹਨਾਂ ਸਭਿਅਤਾਵਾਂ ਦੇ ਜੰਗਜੂ ਯੋਧੇ ਇਲਾਕੇ ਜਿੱਤਣ ਅਤੇ ਸਮਰਾਜ ਫੈਲਾਉਣ ਤੱਕ ਸੀਮਤ ਰਹੇ ਜਦੋਂ ਕਿ ਸਮੇਂ ਦੇ ਗਿਆਨਵਾਨ ਤੇ ਹੁਨਰਮੰਦ ਅਲੰਬਰਦਾਰਾਂ ਨੇ ਮਾਨਵਤਾ ਨੂੰ ਨਵੇਂ ਅਰਥ ਪਰਦਾਨ ਕੀਤੇ ਜਿਹਨਾਂ ਦੇ ਨਾਂ ਹਮੇਸ਼ਾ ਲਈ ਸੁਨਹਿਰੀ ਅੱਖਰਾਂ ਵਿੱਚ ਉਕਰੇ ਗਏ ਹਨ। ਥੂਸੀਡਾਈਡਸ, ਹੋਮਰ, ਕਨਫਿਊਸੀਅਸ, ਆਰੀਆਭੱਟ, ਸੁਕਰਾਤ, ਅਰਸਤੂ, ਅਫਲਾਤੂਨ ਤੋਂ ਲੈ ਕੇ ਪੁਨਰ-ਜਾਗਰਣ (ਰੈਨੇਸਾਂਸ) ਦੇ ਮਹਾਨ ਲੇਖਕਾਂ, ਚਿੰਤਕਾਂ ਅਤੇ ਕਲਾਕਾਰਾਂ ਨੇ ਮਾਨਵੀ ਸਮਾਜ ਦੀ ਉਸਾਰੀ ਵਿੱਚ ਅਮਿਟ ਨਿਸ਼ਾਨ ਛੱਡੇ ਹਨ ਜਦੋਂ ਕਿ ਸਕਿੰਦਰ, ਜੂਲੀਅਸ ਸੀਜ਼ਰ, ਚੰਗੇਜ਼ ਖ਼ਾਨ, ਨੈਪੋਲੀਅਨ ਅਤੇ ਬਾਬਰ ਵਰਗੇ ਧਾੜਵੀ ਜੰਗ-ਜੇਤੂਆਂ ਨੂੰ ਆਪਣੀ ਹਵਸ਼ ਪੂਰੀ ਕਰਨ ਖਾਤਰ ਬੇਸ਼ੁਮਾਰ ਬੇ-ਗੁਨਾਹਾਂ ਦੀਆਂ ਜਾਨਾਂ ਦਾ ਘਾਣ ਕਰਨ ਅਤੇ ਅੰਤਾਂ ਦੀ ਤਬਾਹੀ ਮਚਾਉਣ ਵਾਲੇ ਚਿਹਰਿਆਂ ਵਜੋਂ ਜਾਣਿਆਂ ਜਾਵੇਗਾ।

ਵੱਖੋ-ਵੱਖ ਸਮਿਆਂ ਵਿੱਚ ਅਜਿਹੇ ਵਿਚਾਰਵਾਨਾਂ, ਚਿੰਤਕਾਂ ਅਤੇ ਲੇਖਕਾਂ ਦੁਆਰਾ ਰਚੇ ਗਏ ਸਾਹਿਤ ਨੂੰ ਪੜ੍ਹਕੇ ਹੀ ਆਉਣ ਵਾਲੇ ਸਮੇਂ ਦੇ ਵਿਦਵਾਨ ਲੇਖਕਾਂ ਨੇ ਅਜਿਹੇ ਸਾਹਿਤ ਦੀ ਰਚਨਾ ਕੀਤੀ ਜਿਸਨੇ ਸਮਾਜਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਖੇਤਰਾਂ ਵਿੱਚ ਹਾਂਦਰੂ ਗੁਣਾਤਮਕਿ ਤਬਦੀਲੀ ਲਿਆਂਦੀ। ਅਜਿਹੀ ਇੱਕ ਲਾਸਾਨੀ ਮਸਾਲ ਉੱਨੀਵੀਂ ਸਦੀ ਵਿੱਚ ਕਾਰਲ ਮਾਰਕਸ ਦਾ ਅਦਭੁਤ ਕਾਰਨਾਮਾ ਸੀ ਜਿਸਨੇ ਕੋਈ 1500 ਕਿਤਾਬਾਂ, ਰਿਪੋਰਟਾਂ ਅਤੇ ਹੋਰ ਸਾਰੀ ਉਪਲਬਧ ਲਿਖਤ ਸਮੱਗਰੀ ਦਾ ਅਧਿਐਨ ਕਰਕੇ ਅਸਲੋਂ ਨਵੇਂ, ਵਿਗਿਆਨਕ ਸੋਚ ਨਾਲ ਪਰਣਾਏ ਸਮਾਜਵਾਦੀ ਨਜ਼ਾਮ ਦੇ ਢਾਂਚੇ ਦਾ ਸੰਕਲਪ ਪੇਸ਼ ਕੀਤਾ ਜੋ ਮਨੁੱਖਤਾ ਦੀ ਸਰਬ-ਕਲਿਆਣਕਾਰੀ ਮੰਜ਼ਿਲ ਬਣ ਗਿਆ, ਜਿਸਨੇ ਸਾਰੀ ਦੁਨੀਆਂ ਦੇ ਸਥਾਪਤ ਨਜ਼ਾਮਾਂ ਅੰਦਰ ਉਥਲ-ਪੁਥਲ ਮਚਾ ਦਿੱਤੀ। ਇਸਦੇ ਸਿੱਟੇ ਵਜੋਂ ਮਿਹਨਤਕਸ਼ ਲੋਕਾਂ, ਕਿਰਤੀਆਂ, ਕਿਸਾਨਾਂ ਅਤੇ ਮਜ਼ਦੂਰਾਂ ਅੰਦਰ ਆਪਣੇ ਹੱਕਾਂ ਬਾਰੇ ਜਾਗਰਤੀ ਦੀ ਸਦੀਵੀ ਲਹਿਰ ਹੋਂਦ ਵਿੱਚ ਆਈ।

ਇਹ ਕਿਤਾਬਾਂ ਦੇ ਗੰਭੀਰ ਅਧਿਐਨ ਦਾ ਨਤੀਜਾ ਹੈ। ਇਸਨੇ ਨਵੇਂ ਰਚੇ ਜਾ ਰਹੇ ਸਾਹਿਤ ਨੂੰ ਨਵੀਂ ਸੇਧ ਪਰਦਾਨ ਕੀਤੀ। ਨਤੀਜੇ ਵਜੋਂ ਵਿਸ਼ਵ ਦੀਆਂ ਮਹਾਨ ਸ਼ਾਹਕਾਰ ਰਚਨਾਵਾਂ ਦੀ ਸਿਰਜਣਾ ਹੋਈ। ਮਹਾਨ ਲੇਖਕਾਂ ਦੀਆਂ ਲਿਖਤਾਂ ਤੋਂ ਪ੍ਰੇਰਨਾ ਲੈ ਕੇ ਕਿੰਨੇ ਹੀ ਨਵੇਂ ਲੇਖਕ ਉੱਤਮ ਸਾਹਿਤ ਦੀ ਰਚਨਾ ਕਰਨ ਲਈ ਸਾਹਮਣੇ ਆਏ। ਇਹਨਾਂ ਲੇਖਕਾਂ ਨੇ ਵਧੀਆ ਉਸਾਰੂ ਸੋਚ ਵਾਲੇ ਅਨੇਕਾਂ ਪਾਠਕਾਂ ਦੇ ਸੁਹਜ-ਸੁਆਦ ਅਤੇ ਵਚਾਰਾਂ ਨੂੰ ਅਸਰਅੰਦਾਜ਼ ਕੀਤਾ। ਵਿਅਕਤੀਗਤ ਤੌਰ 'ਤੇ ਵੇਖਿਆ ਜਾਵੇ ਤਾਂ ਕਿਤਾਬਾਂ, ਰਸਾਲਿਆਂ, ਅਖ਼ਬਾਰਾਂ ਅਤੇ ਹੋਰ ਲਿਖਤ ਮਾਧਿਅਮਾਂ ਦਾ ਹਰੇਕ ਦੀ ਜ਼ਿੰਦਗੀ ਸੰਵਾਰਨ ਵਿੱਚ ਅਹਿਮ ਯੋਗਦਾਨ ਹੈ। ਇਸ ਦੀ ਸਖ਼ਤ ਜ਼ਰੂਰਤ ਵੀ ਹੈ। ਕਿਤਾਬਾਂ ਜਿੱਥੇ ਹਰ ਕਿਸਮ ਦੇ ਉੱਤਮ ਗਿਆਨ ਦਾ ਸਾਧਨ ਹਨ, ਉੱਥੇ ਸਾਡੇ ਸੁਹਜ-ਸੁਆਦ ਅਤੇ ਮਨੋਰੰਜਨ ਦੀ ਪੂਰਤੀ ਵੀ ਕਰਦੀਆਂ ਹਨ। ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਸਾਨੂੰ ਪ੍ਰੇਰਣਾ ਦਿੰਦੀਆਂ ਹਨ, ਸਾਡਾ ਜੀਵਨ-ਪੱਧਰ ਉੱਚਾ ਚੁੱਕਣ ਵਿੱਚ ਸਹਾਈ ਹੁੰਦੀਆਂ ਹਨ, ਸਾਡੇ ਵਿਚਾਰਾਂ ਨੂੰ ਤਿੱਖਾ ਕਰਦੀਆਂ ਹਨ ਅਤੇ ਸਾਡੀ ਸੋਚ ਨੂੰ ਮਨੁੱਖਤਾ (ਸਰਬੱਤ) ਦੇ ਭਲੇ ਦੇ ਕਾਰਜ ਨਾਲ ਜੋੜਦੀਆਂ ਹਨ। ਕਿਤਾਬਾਂ ਸਾਡੀਆਂ ਸੱਚੀਆਂ ਮਿੱਤਰ ਹਨ ਜਿਹੜੀਆਂ ਸਾਨੂੰ ਢਹਿੰਦੀਆਂ ਕਲਾਂ ਵਿੱਚ ਜਾਣ ਤੋਂ ਰੋਕਦੀਆਂ ਹਨ, ਸਹਾਰਾ ਦਿੰਦੀਆਂ ਹਨ, ਹਰ ਹਾਲ ਅਤੇ ਹਰ ਦੁਖ-ਸੁਖ ਵਿੱਚ ਸਹਾਈ ਹੁੰਦੀਆਂ ਹਨ। ਕਿਸੇ ਵਿਦਵਾਨ ਨੇ ਠੀਕ ਹੀ ਕਹਾ ਹੈ ਕਿਤਾਬਾਂ ਤੋਂ ਸੱਖਣਾ ਘਰ ਆਹਲਣਾ ਤਾਂ ਹੋ ਸਕਦਾ ਹੈ ਪਰ ਘਰ ਨਹੀਂ ਹੋ ਸਕਦਾ। ਇੱਕ ਹੋਰ ਨੇ ਤਾਂ ਇੱਥੋਂ ਤਕ ਕਿਹਾ ਹੈ ਕਿਤਾਬਾਂ ਇੱਕ ਕਿਸਮ ਦਾ ਸਭਿਆਚਾਰਕ ਡੀ. ਐਨ. ਏ . ਹੈ , ਅਜਿਹਾ ਕੋਡ ਜਿਹੜਾ ਨਿਸ਼ਚਿਤ ਕਰਦਾ ਹੈ ਕਿ ਬਤੌਰ ਸਮਾਜਿਕ ਪਰਾਣੀ ਅਸੀਂ ਕੀ ਹਾਂ ਅਤੇ ਸਾਡੀ ਜਾਣਕਾਰੀ ਕਿੰਨੀ ਹੈ।

ਵੀਹਵੀਂ ਸਦੀ ਦੇ ਮਹਾਨ ਚਿੰਤਕ, ਦਾਰਸ਼ਨਿਕ ਅਤੇ ਸਾਹਿਤਕਾਰ ਮਾਰਕ ਟਵੇਨ ਨੇ ਕਿੰਨੀ ਢੁਕਵੀਂ ਟਿੱਪਣੀ ਕੀਤੀ ਹੈ—ਜਿਹੜਾ ਆਦਮੀ ਚੰਗੀਆਂ ਕਿਤਾਬਾਂ ਨਹੀਂ ਪੜ੍ਹਦਾ ਉਹ ਉਸ ਆਦਮੀ ਨਾਲੋਂ ਕਵੇਂ ਵੀ ਬਿਹਤਰ ਨਹੀਂ ਜਿਹੜਾ ਬਿਲਕੁਲ ਪੜ੍ਹ ਨਹੀਂ ਸਕਦਾ। ਚੰਗੀਆਂ ਕਿਤਾਬਾਂ ਪਾਠਕ ਦੀ ਜ਼ਿੰਦਗੀ ਬਦਲ ਸਕਦੀਆਂ ਹਨ, ਚੰਗਾ ਸਾਹਿਤ ਨਜ਼ਾਮ ਬਦਲ ਸਕਦਾ ਹੈ, ਲੋਕਾਂ ਦੀ ਸੋਚ ਪ੍ਰਭਾਵਿਤ ਕਰ ਸਕਦਾ ਹੈ। ਸਪੇਨੀ ਭਾਸ਼ਾ ਦੇ ਮਸ਼ਹੂਰ ਲੇਖਕ ਪਾਲੋ ਕੋਹਲੋ ਦੀ ਕਰੋੜਾਂ ਦੀ ਗਿਣਤੀ ਵਿੱਚ ਕੀ ਕਿਤਾਬ 'ਦ ਅਲਕੈਮਿਸਟ' ਨੇ ਅਨੇਕਾਂ ਲੋਕਾਂ ਦੇ ਜੀਵਨ ਤੇ ਹਾਂ-ਪੱਖੀ ਅਸਰ ਪਾ ਕੇ ਉਹਨਾਂ ਦਾ ਜੀਵਨ ਬਦਲ ਕੇ ਰੱਖ ਦਿੱਤਾ।

ਅਮਰੀਕਾ ਦੀ ਨਾਵਲਕਾਰਾਂ ਹਾਰਪਰ ਲੀ ਦੇ ਨਾਵਲ 'ਦ ਕਿਲਿੰਗ ਆਫ ਮੌਕਿੰਗ ਬਰਡੱਨੇ ਅਮਰੀਕਨ ਗੋਰੇ ਲੋਕਾਂ ਦੀ ਅਫਰੀਕਨ ਮੂਲ ਦੇ ਲੋਕਾਂ ਬਾਰੇ ਸੋਚ ਨੂੰ ਬਦਲਣ ਵਿੱਚ ਬੜਾ ਹਾਂ ਪੱਖੀ ਅਸਰ ਪਾਇਆ ਸੀ। ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਇਹ ਨਾਵਲ ਬਾਈਬਲ ਤੋਂ ਬਾਅਦ ਸਭ ਤੋਂ ਵੱਧ ਵਕਿਣ ਵਾਲਾ ਸੀ। ਯੌਰਪ ਅਤੇ ਉੱਤਰੀ ਅਮਰੀਕਾ ਦੇ ਬਹੁਤੇ ਘਰਾਂ ਵਿੱਚ ਕਾਫ਼ੀ ਗਿਣਤੀ ਵਿੱਚ ਕਿਤਾਬਾਂ ਰੱਖਣ ਦਾ ਰਿਵਾਜ ਹੈ। ਕੈਲਗਰੀ ਦੇ ਨੇੜੇ ਹਾਈ ਰਿਵਰ ਵਿਖੇ ਇੱਕ ਵੱਡੇ ਫਾਰਮ ਤੇ ਖ਼ੁਦ-ਕਾਸ਼ਤ ਮੈਡਮ ਮੇਰੀ ਦੇ ਫਾਰਮ-ਹਾਊਸ ਵਿੱਚ ਇੱਕ ਹਜ਼ਾਰ ਤੋਂ ਵੱਧ ਵਧੀਆ ਕਿਤਾਬਾਂ ਹਨ। ਇਹਨਾਂ ਲੋਕਾਂ ਨੂੰ ਚੰਗੀਆਂ ਕਿਤਾਬਾਂ ਰੱਖਣ ਅਤੇ ਪੜ੍ਹਨ ਦਾ ਸ਼ੌਕ ਜਨੂਨ ਦੀ ਹੱਦ ਤੱਕ ਹੈ, ਇਸ ਨੂੰ ਸ਼ਾਨ (ਸਟੇਟਸ ਸਿੰਬਲ) ਵਜੋਂ ਵੀ ਲਿਆ ਜਾਂਦਾ ਹੈ।


ਚੰਡੀਗੜ੍ਹ ਦੇ 17 ਸੈਕਟਰ ਦੀ ਸੈਂਟਰਲ ਲਾਇਬ੍ਰੇਰੀ ਦੇ ਸਾਹਮਣੇ ਇੱਕ ਵੱਡੇ ਬੋਰਡ ਉੱਪਰ ਅੰਗਰੇਜ਼ੀ ਵਿੱਚ ਲਿਖੇ ਕਾਵਿ-ਟੋਟੇ ਦੀ ਪੰਜਾਬੀ-ਕਿਤਾਬਾਂ ਸ੍ਰਿਸ਼ਟੀ ਨੂੰ ਆਤਮਾ ਬਖ਼ਸ਼ਦੀਆਂ ਨੇ, ਮਨ ਨੂੰ ਖੰਭ ਪ੍ਰਦਾਨ ਕਰਦੀਆਂ ਨੇ,

ਕਲਪਣਾ ਨੂੰ ਉਡਾਣ ਦਿੰਦੀਆਂ ਨੇ,

ਅਤੇ ਹਰ ਵਸਤੂ ਅੰਦਰ ਜ਼ਿੰਦਗੀ ਦਾ ਸੰਚਾਰ ਕਰਦੀਆਂ ਨੇ।


ਚੰਗੀਆਂ ਮਨ-ਪਸੰਦ ਕਤਾਬਾਂ ਹੱਥ-ਹੇਠ (ਵਿਦਿਨ ਹੈਂਡ-ਰੀਚ) ਰੱਖਣੀਆਂ ਸਿਆਣਪ ਦੀ ਗੱਲ ਹੈ। ਬਲਕਿ ਇੱਕ-ਦੋ ਮਨ ਪਸੰਦ ਕਿਤਾਬਾਂ ਤਾਂ ਸਿਰਹਾਣੇ ਰੱਖਣ ਦੀ ਆਦਤ ਵਧੀਆ ਰਹਿੰਦੀ ਹੈ, ਸੌਣ ਤੋਂ ਪਹਿਲਾਂ ਪੜ੍ਹ ਸਕਦੇ ਹਾਂ। ਵਰਨਣਯੋਗ ਹੈ ਕਿ ਇਹ ਕਿਤਾਬਾਂ ਹੀ ਸਨ ਜਿਹਨਾਂ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਸੋਚ ਨੂੰ ਅਜਹੀ ਅਵਸਥਾ ਤੇ ਪਹੁੰਚਾ ਦਿੱਤਾ ਸੀ ਕਿ ਉਸਦੇ ਵਿਚਾਰ ਸਮੁੱਚੀ ਮਨੁੱਖਤਾ ਲਈ ਚਾਨਣ-ਮੁਨਾਰਾ ਬਣ ਗਏ। ਉਸ ਦੀ ਸ਼ਖ਼ਸ਼ੀਅਤ ਅਜਹੀ ਨਿੱਖਰੀ ਕਿ ਵਿਸ਼ਵ ਭਰ ਅੰਦਰ ਆਉਣ ਵਾਲੀਆਂ ਨਸਲਾਂ ਉਸ ਤੋਂ ਪ੍ਰੇਰਨਾ ਅਤੇ ਮਾਰਗ ਦਰਸ਼ਨ ਲੈਂਦੀਆਂ ਰਹਿਣਗੀਆਂ। ਭਗਤ ਸਿੰਘ ਨੇ ਲਾਹੌਰ ਦੀ ਦਵਾਰਕਾ ਦਾਸ ਲਾਇਬਰੇਰੀ ਤੋਂ ਲੈ ਕੇ ਜੇਹਲ ਅੰਦਰ ਜਾਣ ਸਮੇਂ ਤੱਕ, ਇੱਥੋਂ ਤੱਕ ਕਿ ਫਾਂਸੀ ਤੇ ਜਾਣ ਸਮੇਂ ਤੱਕ, ਅਣ-ਗਣਿਤ ਕਿਤਾਬਾਂ ਦਾ ਖੁੱਭ ਕੇ ਰਟਨ ਕੀਤਾ। ਇੱਕ ਸੌ ਤੋਂ ਵੱਧ ਲੇਖਕਾਂ ਦੇ ਨੋਟ (ਟਿੱਪਣੀਆਂ) ਤਾਂ ਜੇਲ਼ ਦੌਰਾਨ ਲਿਖੀ ਡਾਇਰੀ ਵਿੱਚ ਦਰਜ ਹਨ। ਉਸ ਕੋਲ ਹਰ ਸਮੇਂ ਕੋਈ ਨਾ ਕੋਈ ਕਤਾਬ ਰਹਿੰਦੀ ਸੀ ਭਗਤ ਸਿੰਘ ਆਪਣੇ ਰੌਸ਼ਨ ਦਮਾਗ਼ ਅੰਦਰਲਾ ਖ਼ਜ਼ਾਨਾ ਆਪਣੀਆਂ ਲਿਖਤਾਂ, ਆਪਣੇ ਬਿਆਨਾਂ ਅਤੇ ਜੇਹਲ ਡਾਇਰੀ ਵਰਗੇ ਦਸਤਾਵੇਜ਼ਾਂ ਦੀ ਸ਼ਕਲ ਵਿੱਚ ਮਨੁੱਖਤਾ ਦੇ ਹਵਾਲੇ ਕਰ ਗਿਆ।

ਪੜ੍ਹਨ ਲਈ ਸਹੀ ਕਿਤਾਬਾਂ ਦੀ ਚੋਣ ਕਰਨੀ ਅਤੀ ਜ਼ਰੂਰੀ ਹੈ। ਕੁਛ ਅਜਿਹਾ ਸਾਹਿਤ ਵੀ ਉਪਲਬਧ ਹੈ ਜਿਹੜਾ ਨਕਾਰਾਤਮਕ, ਅਣ-ਉਚਿਤ, ਗ਼ਲਤ, ਗੁੰਮਰਾਹਕੁਨ, ਇੱਕ ਪਾਸੜ ਅਤੇ ਅਧੂਰੀ ਜਾਣਕਾਰੀ ਦੇਣ ਵਾਲਾ ਹੈ। ਜ਼ਾਹਿਰ ਹੈ ਕਿ



SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com


PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9


Amandeep Gill
Financial Security Advisor
offering Life, Health,
Group Insurance and Investments
Desjardins
Financial Security
Independent Network
FINANCIAL SERVICES
- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans
209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE
REALTOR
REAL ESTATE BOARD

Taranjit "T. J." Mand
Real Estate Associate
Max Value Realty Ltd.

ਜਿਸ ਤਰ੍ਹਾਂ ਦਾ ਸਾਹਿਤ ਪੜ੍ਹਿਆ ਜਾਵੇਗਾ। ਉਸੇ ਤਰ੍ਹਾਂ ਦਾ ਹਾਂ-ਪੱਖੀ ਜਾਂ ਨਾਂਹ-ਪੱਖੀ ਅਸਰ ਪਾਠਕ ਦੀ ਸੋਚ ਤੇ ਪਏਗਾ। ਇਹ ਵੀ ਉਚਿਤ ਹੋਵੇਗਾ ਕਿ ਪੜ੍ਹਨ ਸਮੇਂ ਕੁਛ ਗੱਲਾਂ ਦਾ ਧਿਆਨ ਰੱਖਿਆ ਜਾਵੇ। ਮਿਸਾਲ ਵਜੋਂ ਕਿਤਾਬ ਦੇ ਵਰਕੇ ਮੋੜਨਾ, ਕਿਤਾਬ ਅੰਦਰ ਪੈੱਨ ਜਾਂ ਪੈਨਸਲ ਨਾਲ ਲਕੀਰਾਂ ਜਾਂ ਨਿਸ਼ਾਨੀਆਂ ਲਾਉਣੀਆਂ ਠੀਕ ਨਹੀਂ, ਖਾਸ ਕਰਕੇ ਲਾਇਬ੍ਰੇਰੀ ਦੀ ਜਾਂ ਮੰਗਵੀਂ ਕਿਤਾਬ ਵਿੱਚ। ਚੰਗੀਆਂ ਕਿਤਾਬਾਂ ਨਿੱਠਕੇ ਪੂਰੀਆਂ ਪੜ੍ਹੀਆਂ ਜਾਣ। ਇਹਨਾਂ ਦੀ ਆਦਕਾ, ਅੰਤਕਾ ਅਤੇ ਨੋਟਸ ਵਾਲੇ ਹਿੱਸੇ ਵੀ ਪੜ੍ਹਨਯੋਗ ਹੁੰਦੇ ਹਨ। ਮਿਸਾਲ ਵਜੋਂ ਵਿਕਟਰ ਹਿਊਗੋ ਦੇ ਸ਼ਾਹਕਾਰ ਨਾਵਲ 'ਲਾ ਮਿਜ਼ਰੇਬਲ' ਦੇ ਅੰਤ ਵਿੱਚ ਦਿੱਤੇ ਗਏ ਨੋਟਿਸ ਪੜ੍ਹਨੇ ਏਨੇ ਹੀ ਜ਼ਰੂਰੀ ਹਨ ਜਿੰਨੀ ਨਾਵਲ ਦੀ ਮੁੱਖ ਪਟ-ਕਥਾ।

ਕਿਤਾਬਾਂ ਪੜ੍ਹਨ ਦੇ ਅਮਲ ਅਤੇ ਅਸਰਾਂ ਬਾਰੇ ਕੀਤੀਆਂ ਗਈਆਂ ਕੁੱਝ ਖੋਜਾਂ ਦੇ ਨਤੀਜੇ ਜ਼ਿਕਰਯੋਗ ਹਨ। ਸਟੈਨਫੋਰਡ ਯੂਨੀਵਰਸਿਟੀ ਵਿੱਚ ਕੁਛ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਕਿਤਾਬਾਂ ਦੇ ਕੇ ਉਹਨਾਂ ਦੇ ਪੜ੍ਹਨ ਸਮੇਂ ਉਹਨਾਂ ਦੀ ਬਰੇਨ-ਮੈਪਿੰਗ ਕਰਨ ਤੋਂ ਪਤਾ ਲੱਗਿਆ ਕਿ ਗਿਆਨ ਭਰਪੂਰ ਸਾਹਿਤਕ ਕਿਤਾਬਾਂ ਪੜ੍ਹਨ ਵੇਲੇ ਦਿਮਾਗ ਦੇ ਕਈ ਹਿੱਸੇ ਬੜੇ ਗੁੰਝਲਦਾਰ ਤਰੀਕੇ ਨਾਲ ਹਿਲਜੁਲ ਕਰਦੇ ਹਨ ਜਦੋਂ ਕਿ ਮਜ਼ਾਕੀਆ ਕਿਸਮ ਦੀਆਂ ਕਿਤਾਬਾਂ ਪੜ੍ਹਨ ਵੇਲੇ ਬਿਲਕੁਲ ਵੱਖਰੇ ਹਿੱਸਿਆਂ ਵਿਚ ਹਰਕਤ ਹੁੰਦੀ ਹੈ। ਰੁਮਾਂਚਕ ਨਾਵਲ ਪੜ੍ਹਨ ਨਾਲ ਦਿਮਾਗ ਚੁਸਤ ਹੋ ਜਾਂਦਾ ਹੈ ਅਤੇ ਇਸ ਦਾ ਇੱਕ ਪਾਸਾ ਆਪਣੇ ਆਪ ਹੀ ਪੜ੍ਹੀ ਜਾ ਰਹੀ ਵਾਰਤਾ ਅਨੁਸਾਰ ਤਸਵੀਰਾਂ ਬਣਾਉਣ ਲੱਗ ਜਾਂਦਾ ਹੈ ਤੇ ਪਾਠਕ ਨੂੰ ਪਾਤਰ ਨਾਲ ਇਕਮਿਕ ਕਰਦਾ ਹੈ। ਕੋਈ ਕਹਾਣੀ ਸੁਣਾਉਣ ਵੇਲੇ ਸਰੋਤੇ ਦੇ ਦਿਮਾਗ ਦਾ ਉਹ ਹਿੱਸਾ ਜੋ ਜ਼ਬਾਨ ਦੀ ਬਰੀਕੀ ਸਮਝਣ ਲਈ ਬਣਿਆ ਹੋਇਆ ਹੈ, ਉਸ ਵਿੱਚ ਵੀ ਤਰਥੱਲੀ ਮੱਚ ਜਾਂਦੀ ਹੈ ਤੇ ਉਹ ਨਵਾਂ ਸੁਣਿਆਂ ਕੋਈ ਅੱਖਰ ਝਟਪਟ ਸਮਝਣ ਵਿੱਚ ਜੁਟ ਜਾਂਦਾ ਹੈ। ਨਾਲ ਹੀ ਜਜ਼ਬਾਤ ਨੂੰ ਸਮਝਣ ਵਾਲੇ ਸੈਂਟਰ ਵਿੱਚ ਵੀ ਬਹੁਤ ਹਿਲਜੁਲ ਹੁੰਦੀ ਹੈ। ਰੁਮਾਂਚਕ ਨਾਵਲ ਪੜ੍ਹਨ ਵੇਲੇ ਭਾਵਨਾਵਾਂ ਉਜਾਗਰ ਕਰਨ ਵਾਲੇ ਸੈਂਟਰ ਵਿੱਚ ਅਨੇਕਾਂ ਤਰੰਗਾਂ ਦਾ ਵਹਾਅ ਵੇਖਿਆ ਗਿਆ ਹੈ। ਇਹੋ ਕਾਰਨ ਹੈ ਕਿ ਕਈ ਵਾਰ ਕਿਤਾਬਾਂ ਜਿੱਥੇ ਸਾਡੀ ਸੋਚ ਨੂੰ ਤਬਦੀਲ ਕਰ ਦਿੰਦੀਆਂ ਹਨ ਉੱਥੇ ਸਾਡੀ ਲੰਮੇ ਸਮੇਂ ਤੱਕ ਟਕੀ ਰਹਿਣ ਵਾਲੀ ਯਾਦ ਦਾ ਹਿੱਸਾ ਵੀ ਬਣ ਜਾਂਦੀਆਂ ਹਨ।

ਸਵੀਡਨ ਦੀ ਲੁੰਡ ਯੂਨੀਵਰਸਿਟੀ ਦੀ ਇੱਕ ਖੋਜ ਮੁਤਾਬਕ ਫੌਜੀਆਂ ਨੂੰ ਵੱਖ-ਵੱਖ ਜ਼ੁਬਾਨਾਂ ਸਿਖਾਉਣ ਸਮੇਂ ਜਿੰਨੀਆਂ ਜ਼ਿਆਦਾ ਕਿਤਾਬਾਂ ਪੜ੍ਹੀਆਂ ਗਈਆਂ, ਉਤਨੇ ਹੀ ਉਹਨਾਂ ਦੇ ਦਿਮਾਗ ਵਿਚਲੇ ਹਪੋਕੈਂਪਸ ਤੇ ਸੈਰੇਬਰਲ ਕੌਰਟੈਕਸ ਹਿੱਸੇ ਵੱਧ ਵਿਕਸਿਤ ਹੋਏ ਪਾਏ ਗਏ। ਸਪਸ਼ਟ ਹੋਇਆ ਕਿ ਲੰਮੇ ਸਮੇਂ ਤੱਕ ਦਿਮਾਗ ਚੁਸਤ-ਦਰੁਸਤ ਤੇ ਤੰਦਰੁਸਤ ਰੱਖਣ ਲਈ ਕਿਤਾਬਾਂ ਹਰ ਹਾਲ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ। ਕੁੱਝ ਹੋਰ ਖੋਜਾਂ ਦੌਰਾਨ ਬਿਲਕੁਲ ਕਿਤਾਬਾਂ ਨਾ ਪੜ੍ਹਨ ਵਾਲੇ ਬੰਦਿਆਂ ਨੂੰ ਲਗਾਤਾਰ ਛੇ ਮਹੀਨੇ ਮਿਹਨਤ ਕਰਕੇ ਪੜ੍ਹਨ ਦੀ ਆਦਤ ਪਾਈ ਗਈ। ਉਹਨਾਂ ਵਿੱਚ ਪੜ੍ਹਨ ਦੀ ਰੁਚੀ ਪੈਦਾ ਹੋਣ ਤੋਂ ਪਹਿਲਾਂ ਅਤੇ ਮਗਰੋਂ ਉਹਨਾਂ ਦੇ ਦਿਮਾਗ ਦੀ ਕੀਤੀ ਮੈਪਿੰਗ ਦੇ ਨਤੀਜੇ ਇਸ ਪ੍ਰਕਾਰ ਸਨ- 83 ਫ਼ੀ ਸਦੀ ਦੇ ਦਿਮਾਗਾਂ ਦੇ 'ਵਾਈਟ ਮੈਟਰ' ਵਿੱਚ ਕਾਫ਼ੀ ਵਾਧਾ ਹੋਇਆ। ਇਸ ਵਿੱਚੋਂ ਵੀ ਭਾਸ਼ਾ ਵਾਲਾ ਹਿੱਸਾ ਕਾਫ਼ੀ ਫੈਲਿਆ ਹੋਇਆ ਮਿਲਿਆ ਜਿਸ ਦਾ ਮਤਲਬ ਹੈ ਕਿ ਬੰਦੇ ਨੂੰ ਨਵੇਂ ਲਫ਼ਜ਼ ਚੁਣਨ, ਲੱਭਣ, ਸੋਚਣ, ਜੋੜਨ, ਤੋੜਨ ਤੇ ਦੂਜੀਆਂ ਜ਼ੁਬਾਨਾਂ ਵਿੱਚ ਆਦਾਨ-ਪਰਦਾਨ ਕਰਨ ਵਿੱਚ ਆਸਾਨੀ ਹੋ ਗਈ। ਇਉਂ ਕਿਤਾਬਾਂ ਪੜ੍ਹਨ ਨਾਲ ਦਿਮਾਗ ਆਪਣੀਆਂ ਨਵੀਆਂ ਕਾਢਾਂ ਕੱਢਣ ਤੇ ਹੋਰ ਸਿੱਖਣ ਦੀ ਚਾਹ ਸਦਕਾ ਵੱਡੀ ਉਮਰ ਤੱਕ ਸੁੰਗੜਦਾ ਨਹੀਂ ਸਗੋਂ ਤਰੋ-ਤਾਜ਼ਾ ਰਹਿੰਦਾ ਹੈ।

ਬੱਚਿਆਂ ਨੂੰ ਵੱਧ ਤੋਂ ਵੱਧ ਕਹਾਣੀਆਂ ਕਿਤਾਬਾਂ ਵਿੱਚੋਂ ਪੜ੍ਹ ਕੇ ਸੁਣਾਉਣ ਨਾਲ ਉਹਨਾਂ ਦੇ ਦਿਮਾਗ ਦੀ ਲਚਕ ਵਧਦੀ ਹੈ ਤੇ ਯਾਦਾਸ਼ਤ ਦਾ ਸੈਂਟਰ ਵੀ ਵੱਡਾ ਹੋ ਜਾਂਦਾ ਹੈ। ਉਹਨਾਂ ਅੰਦਰ ਧਿਆਨ ਲਾਉਣ ਅਤੇ ਟਿਕ ਕੇ ਬਹਿਣ ਦੀ ਆਦਤ ਪੱਕੀ ਹੋ ਜਾਂਦੀ ਹੈ। ਬੱਚਿਆਂ ਦੇ ਕਮਰੇ ਅੰਦਰ ਚੰਗੀਆਂ ਕਿਤਾਬਾਂ ਦੀ ਛੋਟੀ ਜਿਹੀ ਲਾਇਬ੍ਰੇਰੀ ਬੜੀ ਸਹਾਈ ਹੋਵੇਗੀ। ਅੱਜ ਕਲ੍ਹ ਕੰਪਿਊਟਰ ਜਾਂ ਮੋਬਾਈਲ (ਕਿੰਡਲ) ਉੱਤੇ ਕਿਤਾਬਾਂ ਪੜ੍ਹਨ ਦਾ ਰਿਵਾਜ ਵਧਦਾ ਜਾ ਰਹਾ ਹੈ ਜੋ ਕਿ ਚੰਗਾ ਰੁਝਾਨ ਨਹੀਂ ਹੈ। ਖੋਜਾਂ ਨੇ ਸਿੱਧ ਕੀਤਾ ਹੈ ਕਿ ਇਸ ਨਾਲ ਅੱਖਾਂ ਉੱਤੇ ਜ਼ਿਆਦਾ ਜ਼ੋਰ ਪੈਂਦਾ ਹੈ ਅਤੇ ਤੇਜ਼ ਰੌਸ਼ਨੀ ਨਾਲ ਅੱਖਾਂ ਅੰਦਰਲੀ ਪਰਤ ਉੱਤੇ ਵੀ ਅਸਰ ਪੈਂਦਾ ਹੈ ਜਿਸ ਕਰਕੇ ਅੱਖਾਂ ਛੇਤੀ ਥੱਕ ਜਾਂਦੀਆਂ ਹਨ। ਦਿਮਾਗ ਅੰਦਰ 'ਸਪੇਸ਼ੀਅਲ ਨੈਵੀਗੇਬਲਿਟੀ' ਵੀ ਨਹੀਂ ਬਣਦੀ। ਨਾਲੇ ਜਿੰਨਾਂ ਆਨੰਦ ਦਿਮਾਗ ਕਿਤਾਬ ਪੜ੍ਹਦਿਆਂ ਲੈਂਦਾ ਹੈ, ਓਨਾ ਲਹੂ ਦਾ ਵਹਾਉ ਦਿਮਾਗ ਦੇ ਵੱਖ-ਵੱਖ ਹਿੱਸਿਆਂ ਵਿੱਚ ਈ-ਕਿਤਾਬ ਪੜ੍ਹਦਿਆਂ ਨਹੀਂ ਮਿਲਦਾ। ਇੰਟਰਨੈਟ ਵੱਲ ਵਧ ਰਿਹਾ ਰੁਝਾਨ ਦਿਮਾਗ ਨੂੰ ਸਹਿਜ ਕਰਨ ਦੀ ਥਾਂ ਭੜਕਾਊ ਵਿਚਾਰ ਤੇ ਘਬਰਾਹਟ ਨਾਲ ਭਰਨ ਦਾ ਕੰਮ ਕਰਦਾ ਹੈ। ਇਸੇ ਕਰਕੇ ਸਹਿਨਸ਼ੀਲਤਾ ਘਟ ਰਹੀ ਹੈ ਤੇ ਜੁਰਮ ਵਧ ਰਹਾ ਹੈ।

ਕਿਤਾਬਾਂ ਦਾ ਘਰ-ਲਾਇਬ੍ਰੇਰੀ-ਦਾ ਜ਼ਿਕਰ ਕੀਤੇ ਬਿਨਾਂ ਕਾਰਜ ਅਧੂਰਾ ਰਹੇਗਾ ਕਿਉਂਕਿ ਲਾਇਬ੍ਰੇਰੀਆਂ ਜਾਣਕਾਰੀ ਅਤੇ ਗਿਆਨ ਦਾ ਕੇਂਦਰ ਹੁੰਦੀਆਂ ਹਨ। ਵਿੱਨੀਪੈੱਗ ਦੇ ਅਸਨੀਬੋਇਨ ਪਾਰਕ ਵਿਚਲੇ ਚਿਲਡਰਨ-ਗਾਰਡਨ ਦੇ ਦਾਖਲੇ ਸਮੇਂ ਇੱਕ ਸਲੈਬ ਤੇ ਨਜ਼ਰ ਪੈਂਦੀ ਹੈ ਜਿਸ ਉਪਰ ਅੰਗਰੇਜ਼ੀ ਅੱਖਰਾਂ ਵਿੱਚ ਉਕਰੀਆਂ ਸਤਰਾਂ ਦਾ ਅਰਥ ਹੈ-ਜੇ ਤੁਹਾਡੇ ਘਰ ਅੰਦਰ ਬਗ਼ੀਚਾ ਅਤੇ ਲਾਇਬ੍ਰੇਰੀ ਹੈ ਤਾਂ ਤੁਹਾਡੇ ਕੋਲ ਦੁਨੀਆਂ ਦਾ ਸਭ ਕੁੱਝ ਹੈ। ਇੱਕ ਹੋਰ ਵਿਦਵਾਨ ਜੋਰਜ ਲੂਈ ਬੋਰਜਿਸ ਦਾ ਕਥਨ ਹੈ-ਮੈਂ ਸੁਰਗ ਨੂੰ ਹਮੇਸ਼ਾ ਇੱਕ ਕਿਸਮ ਦੀ ਲਇਬ੍ਰੇਰੀ ਦੀ ਸ਼ਕਲ ਵਿੱਚ ਤਸੱਵਰ ਕਰਦਾ ਹਾਂ। ਯੂਨੈਸਕੋ ਦੁਆਰਾ 1949 ਵਿੱਚ ਛਾਪਿਆ ਗਿਆ 'ਪਬਲਿਕ ਲਾਇਬ੍ਰੇਰੀ ਮੈਨੀਫੈਸਟ' ਇੰਝ ਹੈ 'ਲਾਇਬ੍ਰੇਰੀ ਨਾਗਰਿਕਾਂ ਦੁਆਰਾ ਆਪਣੇ ਸੂਚਨਾ ਅਤੇ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਨੂੰ ਵਰਤਣ ਦਾ ਮੁੱਢਲਾ ਸਰੋਤ ਹੈ। ਜਮਹੂਰੀ ਸਮਾਜ ਅੰਦਰ ਖੁਲ੍ਹਾ ਸੰਵਾਦ ਰਚਾਉਣ ਅਤੇ ਲੋਕ-ਰਾਇ ਜੁਟਾਉਣ ਖਾਤਰ ਸੂਚਨਾ ਤੱਕ ਮੁਫ਼ਤ ਪਹੁੰਚ ਹੋਣੀ ਅਵੱਸ਼ਕ ਹੈ। ਚੀਨੀ ਇਨਕਲਾਬ ਦਾ ਮੋਢੀ ਮਾਓ ਜ਼ੇ ਤੁੰਗ ਪੀਕਿੰਗ (ਹੁਣ ਬੀਜਿੰਗ) ਦੀ ਇੱਕ ਲਾਇਬ੍ਰੇਰੀ ਵਿੱਚ ਸਹਾਇਕ ਲਾਇਬ੍ਰੇਰੀਅਨ ਵਜੋਂ ਕੰਮ ਕਰਦਾ ਸੀ। ਉਹ ਮੰਨਦਾ ਸੀ ਕਿ ਉਸ ਨੇ ਲਾਇਬ੍ਰੇਰੀ ਅੰਦਰ ਕੰਮ ਕਰਦਿਆਂ ਹੀ ਕਾਰਲ ਮਾਰਕਸ ਨੂੰ ਖੋਜਿਆ ਜਿਸ ਸਦਕਾ ਉਸਨੂੰ ਰਾਜਨੀਤੀ ਦੀ ਸੋਝੀ ਆਈ।

ਇੱਕ ਅੰਦਾਜ਼ੇ ਮੁਤਾਬਕ ਦੁਨੀਆਂ ਅੰਦਰ ਕੋਈ ਤਿੰਨ ਲੱਖ ਵੀਹ ਹਜ਼ਾਰ ਪਬਲਿਕ ਲਾਇਬ੍ਰੇਰੀਆਂ ਹਨ ਜਿੱਥੇ ਲੱਖਾਂ-ਕਰੋੜਾਂ ਲੋਕ ਆਪਣੀ ਪੜ੍ਹਨ-ਰੀਝ ਪੂਰੀ ਕਰਦੇ ਹਨ। ਇਹਨਾਂ ਵਿੱਚ ਕੁੱਝ ਚਲਦੀਆਂ-ਫਿਰਦੀਆਂ ਲਾਇਬ੍ਰੇਰੀਆਂ ਵੀ ਹਨ। ਮਸਾਲ ਵਜੋਂ ਜ਼ਾਂਬੀਆ ਵਿੱਚ ਇੱਕ ਚਾਰ-ਟਨ-ਟਰੱਕ ਕਿਤਾਬਾਂ ਲੈ ਕੇ ਪਿੰਡੋ-ਪਿੰਡ ਜਾਂਦਾ ਹੈ। ਪਰੂ ਵਿੱਚ ਕੋਈ 700 ਕਿਸਾਨਾਂ ਦੇ ਘਰਾਂ ਅੰਦਰ ਆਮ ਲੋਕਾਂ ਲਈ ਲਾਇਬ੍ਰੇਰੀਆਂ ਹਨ। ਬੈਂਕਾਕ ਵਿੱਚ ਇੱਕ ਲਾਇਬ੍ਰੇਰੀ-ਟਰੇਨ ਕਈ ਸਟੇਸ਼ਨਾਂ ਦੁਆਲੇ ਰਹਿਣ ਵਾਲੇ ਨੌਜਵਾਨਾਂ ਅਤੇ ਬੇ-ਘਰੇ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਦੀ ਸਹੂਲਤ ਮੁਹੱਈਆ ਕਰਦੀ ਹੈ। ਨਾਰਵੇ, ਸਵੀਡਨ, ਫਿਨਲੈਂਡ, ਕੈਨੇਡਾ ਅਤੇ ਵੈਨਜ਼ੁਵੇਲਾ ਵਰਗੇ ਦੇਸ਼ਾਂ ਵਿੱਚ ਕਿਸ਼ਤੀ-ਲਾਇਬ੍ਰੇਰੀਆਂ ਹਨ ਜੋ ਤਟੀ ਇਲਾਕਿਆਂ ਵਿੱਚ ਕਿਤਾਬਾਂ ਲਿਜਾਕੇ ਸ਼ਾਨਦਾਰ ਕੰਮ ਕਰ ਰਹੀਆਂ ਹਨ। ਕੀਨੀਆਂ ਦੇ ਮਾਰੂਥਲ ਅੰਦਰ ਇਹ ਨੇਕ ਕੰਮ ਊਠਾਂ ਤੋਂ ਲਿਆ ਜਾਂਦਾ ਹੈ। ਕਿਤਾਬਾਂ ਦੀ ਦੁਨੀਆਂ ਵਿੱਚ ਵਿਚਰਦਿਆਂ ਪੁਸਤਕ-ਪ੍ਰੇਮੀਆਂ ਲਈ ਕੁਝ ਦੁਖਦਈ ਜਾਣਕਾਰੀ ਵੀ ਮਿਲ ਜਾਂਦੀ ਹੈ ਜਦੋਂ ਪਤਾ ਲਗਦਾ ਹੈ ਕਿ ਕਿਸ ਤਰਾਂ ਸਮੇਂ-ਸਮੇਂ 'ਤੇ ਗਿਆਨ ਦੇ ਵੈਰੀਆਂ ਨੇ ਗਿਆਨ ਦੇ ਸਰੋਤਾਂ ਦਾ ਨਾਸ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਸੈਨੇਗਾਲ ਵਿੱਚ ਜਦੋਂ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਇਹ ਕਹਕੇ ਸੂਚਨਾ ਦਿੰਦੇ ਹਨ ਕਿ ਉਸਦੀ ਲਾਇਬ੍ਰੇਰੀ ਸੜ ਗਈ ਹੈ। ਭਾਵ ਇਹ ਕਿ ਉਹ ਲੋਕ ਲਾਇਬ੍ਰੇਰੀ ਨੂੰ ਇੰਨੀ ਮਹੱਤਤਾ ਦਿੰਦੇ ਹਨ ਕਿ ਕਿਸੇ ਦੀ ਮੌਤ ਵਰਗਾ ਦੁੱਖ ਲਾਇਬ੍ਰੇਰੀ ਜਾਂ ਕਿਤਾਬਾਂ ਸੜਨ ਦੇ ਦੁੱਖ ਦੇ ਬਰਾਬਰ ਹੁੰਦਾ ਹੈ। 213 ਬੀ. ਸੀ. ਵਿੱਚ ਚੀਨ ਦੇ ਸਮਰਾਟ ਕਿਨ ਸ਼ੀ ਹੂਆਂਗ ਨੇ ਉਹ ਸਾਰੀਆਂ ਕਿਤਾਬਾਂ ਜਲਾਉਣ ਦਾ ਹੁਕਮ ਦਿੱਤਾ ਸੀ ਜਿਹਨਾਂ ਵਿਚਲੇ ਵਿਚਾਰ ਉਸ ਦੀ ਤਾਨਾਸ਼ਾਹੀ ਸੋਚ ਨਾਲ ਮੇਲ ਨਹੀਂ ਖਾਂਦੇ ਸਨ। ਇੱਥੋਂ ਤੱਕ ਕਿ ਉਸ ਨੇ 400 ਤੋਂ ਵੱਧ ਸਕਲਰਾਂ ਨੂੰ ਜਿਉਂਦੇ ਦਫ਼ਨ ਕਰਵਾ ਦਿੱਤਾ ਸੀ। ਮੰਨਿਆਂ ਜਾਂਦਾ ਹੈ ਕਿ ਮਿਸਰ (ਈਜਪਿਟ) ਵਿੱਚ ਸਿਕੰਦਰੀਆ (ਅਲੈਗਜ਼ੈਂਡਰੀਆ) ਦੀ ਲਾਇਬ੍ਰੇਰੀ ਵਿੱਚ ਅੰਦਾਜ਼ਨ ਪੰਜ ਲੱਖ ਦਸਤਾਵੇਜ਼ ਅਤੇ ਖਰੜੇ ਸਾਂਭੇ ਹੋਏ ਸਨ ਅਤੇ ਉੱਥੇ ਇੱਕ ਸੌ ਰਿਹਾਇਸ਼ੀ ਲਇਬ੍ਰੇਰੀਅਨ ਕੰਮ ਕਰਦੇ ਸਨ। ਜਦੋਂ 48 ਬੀ.ਸੀ. ਵਿੱਚ ਜੂਲੀਅਸ ਸੀਜ਼ਰ ਨੇ ਹਮਲਾ ਕੀਤਾ ਅਤੇ ਸਿਕੰਦਰੀਆ ਬੰਦਰਗਾਹ ਨੂੰ ਅੱਗ ਲਾ ਦਿੱਤੀ ਤਾਂ ਲਇਬ੍ਰੇਰੀ ਵੀ ਅਗਨ-ਭੇਟ ਹੋ ਗਈ। ਇਸ ਤੋਂ ਮਗਰੋਂ ਦੋ ਵਾਰ ਫਿਰ ਕਾਇਮ ਕੀਤੀ ਅਤੇ ਅੱਗ ਲੱਗੀ। ਫਿਰ ਬਹਾਲ ਕੀਤੀ ਗਈ। 640 ਈਸਵੀ ਵਿੱਚ ਖ਼ਲੀਫ਼ੇ ਉਮਰ ਨੇ ਮਿਸਰ ਤੇ ਹਮਲਾ ਕਰਕੇ ਆਪਣੇ ਗਵਰਨਰ ਨੂੰ ਲਇਬ੍ਰੇਰੀ ਤਬਾਹ ਕਰਨ ਦਾ ਹੁਕਮ ਦਿੱਤਾ। ਇਹ ਅੱਗ ਛੇ ਮਹੀਨੇ ਉਦੋਂ ਤੱਕ ਮਚਦੀ ਰਹੀ ਜਦੋਂ ਤੱਕ ਮੱਚਣ ਵਾਸਤੇ ਕੁਛ ਵੀ ਨਾ ਬਚਿਆ। ਤੇਰਵੀਂ ਅਤੇ ਚੌਦਵੀਂ ਸਦੀ ਵਿੱਚ ਪੋਪ ਨੇ ਯਹੂਦੀ ਕਿਤਾਬਾਂ ਇਕੱਠੀਆਂ ਕਰਨ ਅਤੇ ਇਹਨਾਂ ਦਾ 'ਸਸਕਾਰ' ਕਰਨ ਦਾ

ਹੁਕਮ ਚਾੜ੍ਹਿਆ। ਸੋਲਵੀਂ ਸਦੀ ਦੇ ਅੱਧ ਵਿੱਚ ਸਪੇਨ ਦੇ ਧਾੜਵੀ ਹਰਮਨ ਕੋਰਟ ਅਤੇ ਉਸ ਦੇ ਸਿਪਾਹੀਆਂ ਨੇ ਦੱਖਣੀ ਅਮਰੀਕਾ ਦੀ ਆਜ਼ਟੈੱਕ ਸਭਿਅਤਾ ਦੇ ਵੀਹਾਂ ਖਰੜੇ ਜਲਾਏ। ਉਸ ਦੇ ਡੀਗੋ ਨਾਮ ਦੇ ਪਾਦਰੀ ਨੇ ਕਿੰਨੇ ਹੀ ਮਾਯਾ ਮੂਲ ਦੇ ਵਾਸੀਆਂ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਤਸੀਹੇ ਦੇ ਕੇ ਮਰਵਾਇਆ ਅਤੇ ਜੋ ਵੀ ਉਹਨਾਂ ਦੀ ਕਿਤਾਬ ਮਿਲੀ, ਜਲਾ ਦਿੱਤੀ। 29 ਅਪਰੈਲ, 1986 ਵਾਲੇ ਦਿਨ ਲਾਸ ਏਂਜਲਸ ਦੀ ਸੈਂਟਰਲ ਲਾਇਬ੍ਰੇਰੀ ਨੂੰ ਲੱਗੀ ਅੱਗ ਸੱਤ ਘੰਟੇ ਅਠੱਤੀ ਮਿੰਟ ਤੱਕ ਮਚਦੀ ਰਹੀ ਜਿਸ ਦੌਰਾਨ ਚਾਰ ਲੱਖ ਕਿਤਾਬਾਂ ਪੂਰੀ ਤਰ੍ਹਾਂ ਜਲ ਗਈਆਂ ਅਤੇ ਬਾਕੀ ਸੱਤ ਲੱਖ ਧੂਏਂ ਅਤੇ ਪਾਣੀ ਨਾਲ ਖਰਾਬ ਹੋ ਗਈਆਂ ਸਨ। ਦੂਜੀ ਸੰਸਾਰ-ਜੰਗ ਸਮੇਂ ਅਤੇ ਨਾਜ਼ੀਆਂ ਦੀ ਚੜ੍ਹਤ ਦੇ ਕਾਲ ਵਿੱਚ ਬਾਰਾਂ ਸਾਲਾਂ ਅੰਦਰ ਨਾਜ਼ੀਆਂ ਨੇ ਅੰਦਾਜ਼ਨ ਦਸ ਕਰੋੜ ਕਿਤਾਬਾਂ ਤਬਾਹ ਕੀਤੀਆਂ। ਇਸ ਦੌਰਾਨ 10 ਮਈ, 1933 ਵਾਲੇ ਇੱਕੋ ਦਿਨ ਨਾਜ਼ੀ ਵਿਦਿਆਰਥੀਆਂ ਨੇ ਬਰਲਿਨ ਦੇ ਓਪੇਰਾ ਸਕੇਅਰ ਵਖੇ ਹਜ਼ਾਰਾਂ ਕਿਤਾਬਾਂ ਜਲਾ ਕੇ 'ਹੋਲੀ' (ਬੌਨ-ਫਾਇਰ) ਮਨਾਈ। ਇਹ ਜਾਣ ਕੇ ਵੀ ਦੱਖ ਹੁੰਦਾ ਹੈ ਕਿ ਕਿਤਾਬਾਂ ਵਾਚ ਕੇ ਇਨਕਲਾਬ ਲਿਆਉਣ ਵਾਲੇ ਮਾਓ ਜ਼ੇ ਤੁੰਗ ਨੇ ਵਿਰੋਧੀ ਵਿਚਾਰਾਂ ਵਾਲੀਆਂ ਕਿਤਾਬਾਂ ਨੂੰ ਜਲਾਉਣ ਦਾ ਹੁਕਮ ਦਿੱਤਾ ਸੀ।

ਅੰਤਕਾਈ ਟਿੱਪਣੀ— ਉਸਾਰੂ ਸਾਹਿਤ ਦੀ ਸਿਰਜਣਾ ਕਰਨ ਵਾਲਿਆਂ ਦਾ, ਕਿਤਾਬਾਂ ਦੀ ਸਹੂਲਤ ਦੇਣ ਵਾਲਿਆਂ ਦਾ, ਕਿਤਾਬਾਂ ਦੇ ਪਾਠਕਾਂ ਦਾ ਅਤੇ ਕਿਤਾਬਾਂ ਪੜ੍ਹਨ ਦੀ ਚੇਟਕ ਲਾਉਣ ਵਾਲਿਆਂ ਦਾ ਸੁਆਗਤ ਕਰਨਾ ਬਣਦਾ ਹੈ। ਇਹ ਬੜੀ ਤਸੱਲੀ ਅਤੇ ਸਕੂਨ ਵਾਲੀ ਵਿਵਸਥਾ ਹੈ ਕਿ ਕੁੱਝ ਸਿਰੜੀ ਸੂਝਵਾਨ ਸ਼ਖ਼ਸੀਅਤਾਂ ਵਿਦੇਸ਼ਾਂ ਅੰਦਰ (ਭਾਰਤ ਤੋਂ ਬਾਹਰ) ਆਪਣੇ ਬਲ-ਬੂਤੇ ਤੇ ਵਧੀਆ ਉਸਾਰੂ ਸਾਹਿਤ ਦੀਆਂ ਕਿਤਾਬਾਂ ਆਪਣੇ ਵਸੀਲਿਆਂ ਰਾਹੀਂ ਪੰਜਾਬ ਤੋਂ ਮੰਗਵਾਕੇ ਰੱਖਦੀਆਂ ਹਨ ਤਾਂ ਜੋ ਜਿਹੜਾ ਸਾਡਾ ਵਡਮੁੱਲਾ ਸਾਹਿਤ ਵਿਦੇਸ਼ੀ ਲਾਇਬ੍ਰੇਰੀਆਂ ਵਿੱਚ ਉਪਲਬਧ ਨਹੀਂ ਹੁੰਦਾ, ਉਹ ਸਾਹਿਤ ਪਰੇਮੀਆਂ ਨੂੰ ਉਹਨਾਂ ਦੇ ਆਪਣੇ ਸ਼ਹਿਰ ਵਿੱਚ ਆਸਾਨੀ ਨਾਲ ਮਿਲ ਸਕੇ। ਅਜਿਹੇ ਸ਼ਖ਼ਸ਼ ਕਈ ਸ਼ਹਿਰਾਂ ਵਿੱਚ ਹੋਣਗੇ ਪਰ ਫ਼ਖ਼ਰ ਵਾਲੀ ਗੱਲ ਹੈ ਕਿ ਕੈਲਗਰੀ ਵਰਗੇ ਮਹਾਂਨਗਰ ਵਿੱਚ, ਜਿੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਆਬਾਦ ਹਨ, ਉੱਥੇ ਉਹਨਾਂ ਦੀ ਕਿਤਾਬਾਂ ਦੀ ਮੰਗ ਨੂੰ ਪੂਰਾ ਕਰਨ ਲਈ ਸਿਰੜ ਦੇ ਪੱਕੇ ਮਾਸਟਰ ਭਜਨ ਗਿੱਲ ਨੇ ਆਪਣੇ ਤੌਰ 'ਤੇ ਬਹੁਤ ਵਧੀਆ, ਉੱਚ ਪਾਏ ਦੀਆਂ, ਉਸਾਰੂ ਲਿਖਤਾਂ ਵਾਲੀਆਂ ਕਿਤਾਬਾਂ ਚੰਗੀ ਗਿਣਤੀ ਵਿੱਚ ਮੰਗਵਾਕੇ ਸਟਾਕ ਕੀਤੀਆਂ ਹੋਈਆਂ ਹਨ। ਉਹ ਹਰ ਸਾਲ ਅਜਿਹੀਆਂ ਨਵੀਆਂ ਕਿਤਾਬਾਂ ਮੰਗਵਾਉਂਦਾ ਰਹਿੰਦਾ ਹੈ ਤਾਂ ਜੋ ਪਾਠਕਾਂ ਨੂੰ ਕਿਤਾਬਾਂ ਦੀ ਕਮੀ ਨਾ ਰੜਕੇ। ਉਹ ਨਾ ਸਿਰਫ ਪਾਠਕਾਂ ਦੀ ਭੁੱਖ ਦੀ ਪੂਰਤੀ ਲਈ ਯਤਨਸ਼ੀਲ ਹੈ ਸਗੋਂ ਨਵੇਂ ਪਾਠਕ ਪੈਦਾ ਕਰਨ ਲਈ ਵੀ ਢੁਕਵਾਂ ਯੋਗਦਾਨ ਪਾ ਰਿਹਾ ਹੈ। ਕਿਤਾਬਾਂ ਦੇ ਅਜਿਹੇ ਵਣਜਾਰਿਆਂ ਦੀ ਸਾਹਿਤ, ਗਿਆਨ, ਪ੍ਰਗਤੀ ਅਤੇ ਵਿਚਾਰਾਂ ਦੀ ਦੁਨੀਆਂ ਵਿੱਚ ਸ਼ਲਾਘਾ ਕਰਨੀ ਬਣਦੀ ਹੈ। ਲੋੜ ਹੈ ਹਰ ਸਰੋਤ ਤੋਂ ਕਿਤਾਬਾਂ ਹਾਸਲ ਕਰਕੇ ਗਿਆਨ ਵਿੱਚ ਵਾਧਾ ਕਰਨ ਦੀ।


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions

ESTATEVIEW®
(Real Estater & Property Management)
Baljinder Bath
Real Estate Associate


Baljinder Bath
Our Brokerage provides Following Services :
All Kind of Real Estate Services
REAL ESTATE
- Help Buyer / Seller
- Free Home Evaluations
- Commercial Buy / Sell / Lease
- Builders / Developers / Investors

PROPERTY MANAGEMENT
- Find Tenants, Collect Rents
- Take Care of Service Calls
- Manage Condo Corporation / Boards
- Non Resident Canadians' NR4 Tax Handling

403-402-6700
E: baljinderbath@yahoo.com
Brokerage Office : 403-400-0000
# 601 - 4656 Westwinds Dr NE
Calgary, AB T3J 3Z5
All our Realtors / Property Managers are Professionally Trained & Licensed
Not All Associates Provide all services. Please contact Associate to find out more.

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

# ਭੂਮਿਕਾ : ਇਕ ਪ੍ਰੇਰਨਾ ਭਰਪੂਰ ਕਿਤਾਬ




ਪੰਜਾਬ ਦੇ ਨਕਸਲਬਾੜੀ ਅੰਦੋਲਨ ਵਿਚੋਂ ਉੱਭਰੇ ਹਰਮਨ-ਪਿਆਰੇ ਜਨਤਕ ਤੇ ਸਿਆਸੀ ਆਗੂਆਂ ਦੀ ਪਹਿਲੀ ਪਾਲ਼ ’ਚ ਸ਼ਾਮਲ ਕੀਤੇ ਜਾਂਦੇ ਕਾਮਰੇਡ ਬਲਦੇਵ ਸਿੰਘ ਮਾਨ ਨੂੰ ਸ਼ਹੀਦ ਹੋਇਆਂ ਕਰੀਬ 34 ਸਾਲ ਬੀਤ ਚੁੱਕੇ ਹਨ। ਐਨੇ ਅਰਸੇ ਬਾਅਦ ਉਨ੍ਹਾਂ ਦੇ ਜੀਵਨ ਬਾਰੇ ਇਸ ਪੁਸਤਕ ਦਾ ਛਪਣਾ, ਆਪਣੇ ਆਪ ਵਿਚ ਇਸ ਗੱਲ ਦਾ ਪ੍ਰਮਾਣ ਹੈ ਕਿ ਨਾ ਸਿਰਫ਼ ਉਹ ਇਨਕਲਾਬੀ ਆਦਰਸ਼ ਜਿਨ੍ਹਾਂ ਦੀ ਪੂਰਤੀ ਲਈ ਜੂਝਦਿਆਂ ਕਾਮਰੇਡ ਮਾਨ ਨੇ ਆਪਣੀ ਜਾਨ ਵਾਰੀ ਸੀ, ਅੱਜ ਵੀ ਸਮਾਜ ਵਿਚ ਉਸੇ ਤਰ੍ਹਾਂ ਪ੍ਰਸੰਗਕ ਹਨ, ਬਲਕਿ ਮਾਨ ਦੇ ਸਾਥੀ ਅਤੇ ਵਾਰਿਸ ਹਾਲੇ ਵੀ ਉਸੇ ਸ਼ਿੱਦਤ, ਲਗਨ ਅਤੇ ਹਿੰਮਤ ਨਾਲ ਉਸ ਸੰਘਰਸ਼ ਨੂੰ ਅੱਗੇ ਵਧਾ ਰਹੇ ਹਨ।

ਇਸ ਪੁਸਤਕ ਦੇ ਸਬੰਧ ਵਿਚ ਇਕ ਖ਼ਾਸ ਗੱਲ ਇਹ ਵੀ ਹੈ ਕਿ ਪੁਸਤਕ ਦਾ ਸੰਪਾਦਕ ਕਾਮਰੇਡ ਹਰਭਗਵਾਨ ਭੀਖੀ, ਬਲਦੇਵ ਮਾਨ ਦਾ ਸਮਕਾਲੀ ਨਹੀਂ ਹੈ, ਬਲਕਿ ਮਾਨ ਦੀ ਸ਼ਹਾਦਤ ਦੇ ਵਕਤ ਉਸਦੀ ਉਮਰ ਸਿਰਫ਼ 11 ਸਾਲ ਸੀ। ਉਹ ਕੋਈ ਅਕਾਦਮਿਕ ਖੋਜ-ਕਰਤਾ ਜਾਂ ਇਤਿਹਾਸਕਾਰ ਵੀ ਨਹੀਂ ਹੈ ਅਤੇ ਨਾ ਹੀ ਉਸ ਦਾ ਕਾਮਰੇਡ ਮਾਨ ਦੇ ਮੁੱਖ ਕਾਰਜ ਖੇਤਰ ਅੰਮ੍ਰਿਤਸਰ ਨਾਲ ਜਾਂ ਉਨ੍ਹਾਂ ਦੀ ਸਿਆਸੀ ਧਿਰ ਨਾਲ ਕੋਈ ਜਥੇਬੰਦਕ ਵਾਹ-ਵਾਸਤਾ ਰਿਹਾ ਹੈ, ਬਲਕਿ ਉਹ ਤਾਂ ਪੰਜਾਬ ਦੇ ਧੁਰ ਦੱਖਣੀ ਸਿਰੇ ’ਤੇ ਸਥਿਤ ਮਾਨਸਾ ਜ਼ਿਲ੍ਹੇ ਦਾ ਜੰਮਪਲ ਹੈ ਅਤੇ ਆਪਣੇ ਵਿਦਿਆਰਥੀ ਜੀਵਨ ਵੇਲੇ ਤੋਂ ਹੀ ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਨਾਲ ਜੁੜਿਆ ਇਕ ਕੁਲਵਕਤੀ ਸਿਆਸੀ ਕਾਰਕੁੰਨ ਹੈ, ਜਿਸ ਦੀ ਕਰਮ-ਭੂਮੀ ਵੀ ਹੁਣ ਤੱਕ ਮਾਲਵਾ ਖੇਤਰ ਹੀ ਰਿਹਾ ਹੈ ਪਰ ਜਿਸ ਕੰਮ ਦੀ ਤਵੱਕੋਂ ਕਾਮਰੇਡ ਮਾਨ ਦੇ ਕਰੀਬੀਆਂ ਜਾਂ ਸਿਆਸੀ ਹਮਸਫ਼ਰਾਂ ਕੋਲੋਂ ਕੀਤੀ ਜਾਂਦੀ ਸੀ, ਉਹ ਕੰਮ ਸਮੇਂ, ਸੰਪਰਕਾਂ ਅਤੇ ਮਾਇਕ ਵਸੀਲਿਆਂ ਦੀ ਗੰਭੀਰ ਥੁੜ ਦੇ ਬਾਵਜੂਦ ਕਾਮਰੇਡ ਮਾਨ ਦੇ ਕਾਰਜ ਖੇਤਰ ਤੋਂ ਕਰੀਬ ਢਾਈ ਸੌ ਕਿਲੋਮੀਟਰ ਦੂਰ ਬੈਠੇ ਹਰਭਗਵਾਨ ਭੀਖੀ ਨੇ ਨੇਪਰੇ ਚਾੜ੍ਹਿਆ। ਇਹ ਇਨਕਲਾਬੀ ਲਹਿਰ ਦੇ ਵਿੱਛੜ ਚੁੱਕੇ ਆਗੂਆਂ ਅਤੇ ਸ਼ਹੀਦਾਂ ਪ੍ਰਤੀ ਉਸ ਦੇ ਲਗਾਅ ਅਤੇ ਮਿਥੇ ਕੰਮ ਨੂੰ ਕਰਨ ਲਈ ਉਸ ਦੀ ਜਨੂੰਨ ਵਰਗੀ ਲਗਨ ਹੀ ਹੈ, ਜਿਸ ਸਦਕਾ ਉਹ ਇਸ ਮੁਸ਼ਕਿਲ ਅਤੇ ਬੁਰੀ ਤਰ੍ਹਾਂ ਪਛੜ ਚੁੱਕੇ ਅਹਿਮ ਕਾਰਜ ਨੂੰ ਮੁਕੰਮਲ ਕਰ ਸਕਿਆ ਅਤੇ ਨਤੀਜੇ ਵਜੋਂ ਸ਼ਹੀਦ ਮਾਨ ਬਾਰੇ ਇਹ ਯਾਦਗਾਰੀ ਪੁਸਤਕ ਤੁਹਾਡੇ ਹੱਥਾਂ ਤੱਕ ਪਹੁੰਚ ਸਕੀ। ਇਸ ਤੋਂ ਪਹਿਲਾਂ ਉਹ ਇਨਕਲਾਬੀ ਲਹਿਰ ਦੀ ਜਾਣੀ-ਪਛਾਣੀ ਔਰਤ ਆਗੂ (ਮਰਹੂਮ) ਕਾਮਰੇਡ ਜੀਤਾ ਕੌਰ ਬਾਰੇ ਅਤੇ ਸੂਬੇ ਦੇ ਪਹਿਲੀ ਕਤਾਰ ਦੇ ਨਕਸਲੀ ਆਗੂ ਸ਼ਹੀਦ ਕਾਮਰੇਡ ਅਮਰ ਸਿੰਘ ਅੱਚਰਵਾਲ ਬਾਰੇ ਦੋ ਹੋਰ ਕਿਤਾਬਾਂ ਵੀ ਪਾਠਕਾਂ ਤੱਕ ਪਹੁੰਚਾ ਚੁੱਕਾ ਹੈ।

ਉਂਞ ਸ਼ਹੀਦ ਬਲਦੇਵ ਮਾਨ ਬਾਰੇ ਕਿਤਾਬ ਸੰਪਾਦਿਤ ਕਰਨ ਦਾ ਇਹ ਪਹਿਲਾ ਉੱਦਮ ਨਹੀਂ ਹੈ। ਹਰਭਗਵਾਨ ਵੱਲੋਂ ਇਹ ਪ੍ਰੋਜੈਕਟ ਹੱਥ ਲੈਣ ਤੋਂ ਕੋਈ ਦਸ ਕੁ ਸਾਲ ਪਹਿਲਾਂ ਪੰਜਾਬੀ ਦੇ ਜਾਣੇ-ਪਛਾਣੇ ਕਹਾਣੀਕਾਰ ਅਜਮੇਰ ਸਿੱਧੂ ਨੇ ਵੀ ਅੰਮ੍ਰਿਤਸਰ ਦੀ ਨਕਸਲਬਾੜੀ ਲਹਿਰ ਬਾਰੇ ਕਿਤਾਬ ਤਿਆਰ ਕਰਨ ਦਾ ਕੰਮ ਬੜੇ ਉਤਸ਼ਾਹ ਅਤੇ ਇਨਕਲਾਬੀ ਭਾਵਨਾ ਨਾਲ ਸ਼ੁਰੂ ਕੀਤਾ ਸੀ। ਉਨ੍ਹਾਂ ਕਾਫ਼ੀ ਸਾਰੀ ਸਮੱਗਰੀ ਤਿਆਰ/ਇਕੱਤਰ ਕਰ ਵੀ ਲਈ ਸੀ ਪਰ ਲਹਿਰ ਅੰਦਰਲੇ ਸ਼ੱਕੀ ਸੁਭਾਅ ਅਤੇ ਸੰਕੀਰਨ ਸੋਚ ਵਾਲੇ ਚੰਦ ਆਗੂਆਂ ਦੇ ਅਸਹਿਯੋਗ ਅਤੇ ਬੇ-ਤੁਕੇ ਕਿੰਤੂ-ਪ੍ਰੰਤੂਆਂ ਤੋਂ ਉਹ ਐਨਾ ਪ੍ਰੇਸ਼ਾਨ ਹੋ ਗਿਆ ਕਿ ਉਸ ਨੇ ਆਪਣਾ ਆਰੰਭਿਆ ਉਹ ਕੰਮ ਜਿੱਥੇ ਸੀ, ਉੱਥੇ ਹੀ ਸੰਤੋਖ ਦਿੱਤਾ। ਇਸ ਕੁੜੱਤਣ ਦੇ ਬਾਵਜੂਦ ਵੀ ਇਹ ਅਜਮੇਰ ਸਿੱਧੂ ਦੀ ਫ਼ਰਾਖ਼ਦਿਲੀ ਹੀ ਹੈ ਕਿ ਹਰਭਗਵਾਨ ਵੱਲੋਂ ਸੰਪਰਕ ਕਰਨ ’ਤੇ ਉਨ੍ਹਾਂ ਨਾ ਸਿਰਫ਼ ਆਪਣੇ ਵੱਲੋਂ ਇਕੱਤਰ ਕੀਤੀ ਸਾਰੀ ਸਮੱਗਰੀ ਉਸ ਦੇ ਹਵਾਲੇ ਕਰ ਦਿੱਤੀ, ਬਲਕਿ ਹਰ ਸੰਭਵ ਸਹਿਯੋਗ ਦੇਣ ਦਾ ਵੀ ਇਕਰਾਰ ਕੀਤਾ। ਇਸੇ ਤਰ੍ਹਾਂ ਮੈਂ ਗਵਾਹ ਹਾਂ ਕਿ ਕਾਮਰੇਡ ਮਾਨ ਦੇ ਪਰਿਵਾਰ, ਰਿਸ਼ਤੇਦਾਰਾਂ, ਕਰੀਬੀ ਦੋਸਤਾਂ-ਸੰਗਰਾਮੀ ਸਾਥੀਆਂ ਅਤੇ ਡਾ. ਅਵਤਾਰ ਸਿੰਘ ਓਠੀ ਹੋਰਾਂ ਨੇ ਵੀ ਇਸ ਕਿਤਾਬ ਲਈ ਭਰਪੂਰ ਸਹਿਯੋਗ ਦਿੱਤਾ ਅਤੇ ਉਨ੍ਹਾਂ ਕੋਲ ਕਾਮਰੇਡ ਮਾਨ ਦੀਆਂ ਯਾਦਾਂ ਅਤੇ ਲਿਖਤਾਂ ਦੇ ਰੂਪ ਵਿਚ ਜੋ ਵੀ ਕੀਮਤੀ ਸਰਮਾਇਆ ਮੌਜੂਦ ਸੀ, ਉਹ ਬਿਨਾਂ ਹਿਚਕ ਸਾਥੀ ਹਰਭਗਵਾਨ ਦੇ ਹਵਾਲੇ ਕਰ ਦਿੱਤਾ।

ਤਦ ਵੀ ਇਸ ਕਿਤਾਬ ਦੀ ਸਮੁੱਚੀ ਸਮੱਗਰੀ ਨੂੰ ਘੋਖਦਿਆਂ ਮੈਨੂੰ ਅਹਿਸਾਸ ਹੋਇਆ ਕਿ ਪੰਜਾਬ ਦੇ ਨਕਸਲੀ ਧੜਿਆਂ ਦੇ ਜ਼ਿਆਦਾਤਰ ਆਗੂ ਲਹਿਰ ਦੇ ਇਤਿਹਾਸ, ਇਸ ਅੰਦਰ ਸਮੇਂ-ਸਮੇਂ ਉੱਭਰਨ ਵਾਲੀਆਂ ਬਹਿਸਾਂ ਬਾਰੇ ਖੁੱਲ੍ਹ ਕੇ ਗੱਲ ਕਰਨ, ਆਪਣੀਆਂ ਯਾਦਾਂ ਤੇ ਕੌੜੇ-ਮਿੱਠੇ ਅਨੁਭਵਾਂ ਬਾਰੇ ਲਿਖਣ ਜਾਂ ਮੰਗ ਕਰਨ ’ਤੇ ਵੀ ਅਜਿਹਾ ਰਚਨਾਤਮਿਕ ਸਹਿਯੋਗ ਦੇਣ ਦੇ ਮਾਮਲੇ ਵਿਚ ਬਹੁਤ ਕੰਜੂਸ ਜਾਂ ‘ਸੰਗਾਊ’ ਹਨ। ਉਹ ਨਵੀਆਂ ਸਮਾਜਿਕ ਸਿਆਸੀ ਹਾਲਤਾਂ ਦੇ ਨੁਕਤਾ ਨਜ਼ਰ ਤੋਂ ਬੀਤੇ ਨੂੰ ਮੁੜ ਘੋਖਣ-ਪਰਖਣ ਪ੍ਰਤੀ ਵੀ ਬਹੁਤਾ ਉਤਸ਼ਾਹ ਨਹੀਂ ਵਿਖਾਉਂਦੇ। ਇਹ ਕਿਸੇ ਜਿਉਂਦੀ-ਜਾਗਦੀ ਅਤੇ ਅੱਗੇ ਵਧਣ ਦੀ ਤਾਂਘ ਰੱਖਦੀ ਇਕ ਇਨਕਲਾਬੀ ਲਹਿਰ ਲਈ ਕੋਈ ਚੰਗੇ ਲੱਛਣ ਨਹੀਂ ਹਨ। ਆਗੂਆਂ ਵੱਲੋਂ ਨਵਾਂ ਲਿਖਣ ਜਾਂ ਘਟਨਾਵਾਂ-ਵਰਤਾਰਿਆਂ ਦਾ ਨਵੇਂ ਸਿਰਿਓਂ ਵਿਸ਼ਲੇਸ਼ਣ ਕਰਨ ਵੱਲੋਂ ਉਦਾਸੀਨ ਹੋਣ ਦਾ ਹੀ ਨਤੀਜਾ ਹੈ ਕਿ ਇਸ ਕਿਤਾਬ ਲਈ ਸਮੱਗਰੀ ਸੰਗ੍ਰਹਿ ਕਰਨ ਲਈ ਸੰਪਾਦਕ ਨੂੰ ਆਮ ਕਰਕੇ ਕਾਮਰੇਡ ਮਾਨ ਦੀ ਸ਼ਹਾਦਤ ਤੋਂ ਬਾਅਦ ਇਨਕਲਾਬੀ ਪਰਚਿਆਂ ਵਿਚ ਸਮੇਂ-ਸਮੇਂ ਉਨ੍ਹਾਂ ਬਾਰੇ ਛਪੀਆਂ ਲਿਖਤਾਂ ਉੱਤੇ ਹੀ ਟੇਕ ਰੱਖਣੀ ਪਈ ਹੈ ਪਰ ਮੰਗ ਕਰਨ ਦੇ ਬਾਵਜੂਦ ਇਕ-ਦੋ ਆਗੂਆਂ ਤੋਂ ਛੁੱਟ ਕਿਸੇ ਨੇ (ਜਿਨ੍ਹਾਂ ਵਿਚ ਮੈਂ ਖ਼ੁਦ ਵੀ ਸ਼ਾਮਿਲ ਹਾਂ!) ਵੀ ਕਿਤਾਬ ਲਈ ਆਪਣਾ ਤਾਜ਼ਾ ਲੇਖ ਨਹੀਂ ਲਿਖਿਆ। ਇਸੇ ਕਾਰਨ ਕਿਤਾਬ ਪੜ੍ਹਦੇ ਹੋਏ ਪਾਠਕ ਖ਼ੁਦ ਮਹਿਸੂਸ ਕਰਨਗੇ ਕਿ ਕਿਤਾਬ ਵਿਚ ਕਾਮਰੇਡ ਮਾਨ ਦੇ ਹਾਸੇ-ਠੱਠੇ ਵਾਲੇ ਖੁੱਲ੍ਹ-ਖੁਲਾਸੇ ਰੌਣਕੀ ਤੇ ਖ਼ੁਸ਼ ਰਹਿਣੇ ਸੁਭਾਅ, ਉਨ੍ਹਾਂ ਦੀ ਇਨਕਲਾਬੀ ਲਗਨ, ਨਿਡਰਤਾ, ਬੇਪ੍ਰਵਾਹੀ, ਉਨ੍ਹਾਂ ਦੀ ਹਰਮਨ-ਪਿਆਰਤਾ ਅਤੇ ਉਨ੍ਹਾਂ ਵੱਲੋਂ ਸਫ਼ਲਤਾ-ਪੂਰਬਕ ਲੜੇ ਗਏ ਜਨਤਕ ਅੰਦੋਲਨਾਂ ਦਾ ਜ਼ਿਕਰ ਅਤੇ ਲਿਸ਼ਕਾਰੇ ਤਾਂ ਜਗ੍ਹਾ-ਜਗ੍ਹਾ ਬਿਖ਼ਰੇ ਨਜ਼ਰ ਆਉਣਗੇ ਪਰ ਉਸ ਦੌਰ ਅਤੇ ਉਸਤੋਂ ਬਾਅਦ ਸਮਾਜਿਕ ਤੇ ਸਿਆਸੀ ਹਾਲਤਾਂ ਵਿਚ ਆਈਆਂ ਤਬਦੀਲੀਆਂ ਦਾ ਬਿਊਰਾ ਅਤੇ ਇਨ੍ਹਾਂ ਤਬਦੀਲੀਆਂ ਪਿੱਛੇ ਕਾਰਜਸ਼ੀਲ ਸ਼ਕਤੀਆਂ ਤੇ ਕਾਰਨਾਂ ਦਾ ਕੀਤਾ ਗਿਆ ਸਟੀਕ ਵਿਸ਼ਲੇਸ਼ਣ ਅਕਸਰ ਕਿਧਰੇ ਨਜ਼ਰ ਨਹੀਂ ਆਵੇਗਾ। ਨਵੀਂ ਪੀੜ੍ਹੀ ਦੇ ਸੂਝਵਾਨ ਪਾਠਕਾਂ ਦੇ ਮਨਾਂ ਵਿਚ ਜਗਿਆਸਾ ਹੋਵੇਗੀ ਕਿ ਆਨੰਦਪੁਰ ਦਾ ਮਤਾ ਕੀ ਸੀ? ਕਿਵੇਂ ਪੰਜਾਬ ਨਾਲ ਧੱਕੇ-ਵਿਤਕਰੇ ਦੀ ਗੱਲ ਕਰਨ ਵਾਲੇ, ਰਾਜਾਂ ਨੂੰ ਵੱਧ ਅਧਿਕਾਰਾਂ ਅਤੇ ਫੈਡਰਲ ਢਾਂਚੇ ਦੀ ਕਾਇਮੀ ਵਰਗੀਆਂ ਜਮਹੂਰੀ ਮੰਗਾਂ ਉੱਤੇ ਇਕ ਵੱਡਾ ਸਿਆਸੀ ਅੰਦੋਲਨ ਖੜ੍ਹਾ ਕਰਨ ਵਾਲਾ, ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਹੱਕੀ ਵੰਡ ਖਿਲਾਫ਼ ਬੋਲਣ ਅਤੇ ਮਾਰਕਸੀ ਪਾਰਟੀ ਨਾਲ ਮਿਲ ਕੇ ਐੱਸ.ਵਾਈ.ਐੱਲ. ਨਹਿਰ ਦੀ ਖ਼ੁਦਾਈ ਖਿਲਾਫ਼ ਕਪੂਰੀ ਪਿੰਡ ਵਿਖੇ ਮੋਰਚਾ ਲਾਉਣ ਵਾਲਾ ਅਕਾਲੀ ਦਲ, ਅਚਾਨਕ ‘ਧਰਮ ਯੁੱਧ’ ਮੋਰਚੇ ਵੱਲ ਕਿਵੇਂ ਤਿਲ੍ਹਕ ਗਿਆ? ਅਪਰੇਸ਼ਨ ਨੀਲਾ ਤਾਰਾ ਵਰਗੇ ਕਹਿਰੀ ਤੇ ਅਮਾਨਵੀ ਕਾਰੇ ਅਤੇ ਇੰਦਰਾ ਦੇ ਕਤਲ ਤੋਂ ਬਾਅਦ ਨਵੰਬਰ 1984 ਵਿਚ ਦੇਸ਼ ਵਿਚ ਦਿੱਲੀ ਸਮੇਤ ਹੋਰਨਾਂ ਥਾਵਾਂ ਉੱਤੇ ਰਾਜੀਵ ਗਾਂਧੀ ਹਕੂਮਤ ਵੱਲੋਂ ਕਰਵਾਏ ਸਿੱਖਾਂ ਦੇ ਭਿਆਨਕ ਕਤਲੇਆਮ ਤੋਂ ਮਹਿਜ਼ 8 ਮਹੀਨੇ ਬਾਅਦ ਅਕਾਲੀ ਦਲ ਦਾ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ 24 ਜੁਲਾਈ 1985 ਨੂੰ ਉਸੇ ਰਾਜੀਵ ਗਾਂਧੀ ਨਾਲ ਬੈਠਣ ਅਤੇ ‘ਰਾਜੀਵ ਲੌਂਗੋਵਾਲ ਸਮਝੌਤੇ’ ਦੇ ਨਾਂ ਨਾਲ ਜਾਣੇ ਜਾਂਦੇ ਇਕ ਸਿਰੇ ਦੇ ਨਿਕੰਮੇ ਅਤੇ ਪੰਜਾਬ ਵਿਰੋਧੀ ਸਮਝੌਤੇ ਉੱਤੇ ਦਸਤਖ਼ਤ ਕਰਨ ਨੂੰ ਕਿਵੇਂ ਤੇ ਕਿਉਂ ਮੰਨ ਗਿਆ? ਇਤਿਹਾਸ ਵਿਚ ਇਕ ਜੁਝਾਰੂ ਪਾਰਟੀ ਵਜੋਂ ਉੱਭਰਿਆ ਅਕਾਲੀ ਦਲ ਹੌਲੀ-ਹੌਲੀ ਮੋਦੀ ਦੀ ਫਿਰਕੂ ਤੇ ਤਾਨਾਸ਼ਾਹ ਕੇਂਦਰੀ ਸੱਤਾ ਦਾ ਅਸੀਲ ਸਹਿਯੋਗੀ ਕਿਵੇਂ ਬਣ ਗਿਆ? ਖਾਲਿਸਤਾਨੀ ਦਹਿਸ਼ਤਗਰਦੀ ਦੇ ਜਬਰਦਸਤ ਉਭਾਰ ਅਤੇ ਸ਼ਰਮਨਾਕ ਪਤਨ ਦੇ ਕੀ ਕਾਰਨ ਸਨ? ਪੰਜਾਬ ਮਸਲੇ ਬਾਰੇ ਖੱਬੀ ਧਿਰ ਦੇ ਵੱਖ-ਵੱਖ ਧੜਿਆਂ/ਪਾਰਟੀਆਂ ਦੀ ਸਮਝ ਅਤੇ ਪਹੁੰਚ ਕੀ ਸੀ? ਆਦਿ ਆਦਿ ਪਰ ਕਿਤਾਬ ਅਜਿਹੇ ਗੰਭੀਰ ਸਵਾਲਾਂ ਨਾਲ ਮੱਥਾ ਲਾਉਂਦੀ ਨਜ਼ਰ ਨਹੀਂ ਆਉਂਦੀ।

ਅਜਿਹੀ ਕਿਸੇ ਵੀ ਪੁਸਤਕ ਦੇ ਲੇਖਕ ਜਾਂ ਸੰਪਾਦਕ ਦੇ ਰਾਹ ਵਿਚ ਆਉਣ ਵਾਲੀ ਇਕ ਅਟੱਲ ਸਮੱਸਿਆ ਇਹ ਹੈ ਕਿ ਇਨਕਲਾਬੀ ਲਹਿਰ ਅਤੇ ਇਸ ਦੇ ਵੱਖ-ਵੱਖ ਸਿਆਸੀ ਜਾਂ ਜਨਤਕ ਸੰਗਠਨਾਂ ਨਾਲ ਸਬੰਧਿਤ ਲਿਖਤਾਂ, ਪ੍ਰਕਾਸ਼ਨਾਵਾਂ, ਦਸਤਾਵੇਜ਼ਾਂ ਜਾਂ ਇੱਥੋਂ ਤੱਕ ਕਿ ਉਨ੍ਹਾਂ ਵੱਲੋਂ ਛਾਪੇ ਜਾਂਦੇ ਪਰਚਿਆਂ ਦੀਆਂ ਫਾਈਲਾਂ ਦੀ ਸਹੀ ਸਾਂਭ-ਸੰਭਾਲ ਅਤੇ ਬਾਕਾਇਦਾ ਰਿਕਾਰਡ ਰੱਖਣ/ਸਾਂਭਣ ਵਾਲੇ ਪਾਸਿਓਂ ਵੀ ਸਾਡੀ ਹਾਲਤ ਕੋਈ ਬਿਹਤਰ ਨਹੀਂ ਹੈ। ਇਹੀ ਕਾਰਨ ਹੈ ਕਿ ਲੋੜ ਪੈਣ ’ਤੇ ਲੋੜੀਂਦੀ ਛਪੀ ਸਮੱਗਰੀ ਜਾਂ ਤਾਂ ਕਿਧਰੋਂ ਲੱਭਦੀ ਹੀ ਨਹੀਂ ਅਤੇ ਜਾਂ ‘ਗੁਪਤਤਾ’ ਦੇ ਨਾਂ ’ਤੇ ਸਬੰਧਤ ਸੰਗਠਨਾਂ ਦੇ ਮੋਹਰੀ ਉਸ ਨੂੰ ਪ੍ਰਦਾਨ ਕਰਨ ਤੋਂ ਆਨੇ-ਬਹਾਨੇ ਇਨਕਾਰੀ ਹੁੰਦੇ ਹਨ। ਇਸ ਹਾਲਤ ਵਿਚ ਕਿਸੇ ਲੇਖਕ ਜਾਂ ਖੋਜ-ਕਰਤਾ ਲਈ ਬੱਸ ਇਕੋ ਉਮੀਦ ਬਚਦੀ ਹੈ ਕਿ ਉਨ੍ਹਾਂ ਨੂੰ ਕੋਈ ਅਜਿਹਾ ਸਾਥੀ ਲੱਭ ਜਾਵੇ, ਜੋ ਨਿੱਜੀ ਦਿਲਚਸਪੀ ਜਾਂ ਰੁਚੀ ਕਾਰਨ ਵਿਅਕਤੀਗਤ ਪੱਧਰ ’ਤੇ ਕੁਝ ਅਜਿਹਾ ਰਿਕਾਰਡ ਸਾਂਭੀ ਬੈਠਾ ਹੋਵੇ ਅਤੇ ਜਿਸ ਨੂੰ ਆਪਣਾ ਉਹ ‘ਖ਼ਜ਼ਾਨਾ’ ਤੁਹਾਡੇ ਨਾਲ ਸਾਂਝਾ ਕਰਨ ਵਿਚ ਵੀ ਕੋਈ ਦਿੱਕਤ ਨਾ ਹੋਵੇ ਪਰ ਆਪਾਂ ਸਮਝ ਸਕਦੇ ਹਾਂ ਕਿ ਅਜਿਹਾ ਹੋਣ ਦੀ ਵੀ ਕੋਈ ਗਾਰੰਟੀ ਨਹੀਂ, ਸਗੋਂ ਇਹ ਤਾਂ ਬੱਸ ਕੋਈ ਲਾਟਰੀ ਨਿਕਲ ਆਉਣ ਵਰਗੀ ਗੱਲ ਹੀ ਹੁੰਦੀ ਹੈ।

ਉਕਤ ਸਾਰੀਆਂ ਸਮੱਸਿਆਵਾਂ ਤੁਹਾਡੇ ਨਾਲ ਸਾਂਝੀਆਂ ਕਰਨ ਦਾ ਮੇਰਾ ਮਨੋਰਥ ਇਹ ਦਰਸਾਉਣਾ ਹੈ ਕਿ ਅਗਰ ਇਨ੍ਹਾਂ ਸਭ ਦਿੱਕਤਾਂ ਦੇ ਬਾਵਜੂਦ ਅਤੇ ਕਾਮਰੇਡ ਮਾਨ ਦੀ ਸ਼ਹਾਦਤ ਤੋਂ ਕਰੀਬ ਸਾਢੇ ਤਿੰਨ ਦਹਾਕੇ ਬਾਅਦ ਸਾਥੀ ਹਰਭਗਵਾਨ ਵੱਲੋਂ ਇਸ ਪੁਸਤਕ ਲਈ ਭਰਪੂਰ ਸਮੱਗਰੀ ਦਾ ਸੰਗ੍ਰਹਿ ਕਰ ਲੈਣ ਨੂੰ ਇਕ ਮਾਹਰਕੇ ਤੋਂ ਘੱਟ ਨਹੀਂ ਸਮਝਿਆ ਜਾਣਾ ਚਾਹੀਦਾ। ਖ਼ਾਸ ਕਰਕੇ ਅਪਰੇਸ਼ਨ ਬਲ੍ਹਿਊ ਸਟਾਰ ਬਾਰੇ ਕਾਮਰੇਡ ਬਲਦੇਵ ਮਾਨ ਦਾ ਲੇਖ ਇਕ ਅਜਿਹੀ ਵਿਲੱਖਣ ਲਿਖਤ ਹੈ, ਜੋ ਸਪੱਸ਼ਟ ਕਰਦੀ ਹੈ ਕਿ ਇਸ ਹਮਲੇ ਬਾਰੇ ਕਾਮਰੇਡ ਮਾਨ ਅਤੇ ਇਨਕਲਾਬੀ ਧਿਰ ਦੀ ਪਹੁੰਚ ਸੀ.ਪੀ.ਆਈ., ਸੀ.ਪੀ.ਐੱਮ. ਮਾਰਕਾ ਸੰਸਦਵਾਦੀ ਖੱਬੀਆਂ ਪਾਰਟੀਆਂ ਤੋਂ ਪੂਰੀ ਤਰ੍ਹਾਂ ਵੱਖਰੀ ਸੀ, ਜੋ ਖਾਲਿਸਤਾਨੀ ਦਹਿਸ਼ਤਗਰਦੀ ਦੇ ਵਿਰੋਧ ਅਤੇ ‘ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ’ ਦੀ ਆੜ ਵਿਚ, ਇਨ੍ਹਾਂ ਸਮੱਸਿਆਵਾਂ ਨੂੰ ਪੈਦਾ ਕਰਨ ਵਾਲੀ ਦੇਸ਼ ਦੀ ਕੇਂਦਰੀ ਸੱਤਾ ਦੇ ਪਿੱਛੇ ਜਾ ਖੜ੍ਹੀਆਂ ਸਨ।

ਮੈਂ ਸਮਝਦਾ ਹਾਂ ਕਿ ਇਹ ਪ੍ਰੇਰਨਾਮਈ ਕਿਤਾਬ ਸਿਰਫ਼ ਕਾਮਰੇਡ ਬਲਦੇਵ ਸਿੰਘ ਮਾਨ ਨੂੰ ਢੁੱਕਵੀਂ ਸ਼ਰਧਾਂਜਲੀ ਹੀ ਨਹੀਂ, ਬਲਕਿ ਵੱਖ-ਵੱਖ ਇਨਕਲਾਬੀ ਆਗੂਆਂ ਅਤੇ ਸ਼ਹੀਦਾਂ ਬਾਰੇ ਲਿਖੀਆਂ ਜਾਣ ਵਾਲੀਆਂ ਅਜਿਹੀਆਂ ਪੁਸਤਕਾਂ ਵਿਚ ਅਚੇਤ ਤੌਰ ’ਤੇ ਅਜਿਹੀਆਂ ਅਨੇਕਾਂ ਘਟਨਾਵਾਂ, ਤਾਰੀਕਾਂ, ਵਰਤਾਰੇ, ਨਾਵਾਂ-ਥਾਵਾਂ ਅਤੇ ਵਿਅਕਤੀਆਂ ਦੇ ਹਵਾਲੇ ਸੁਰੱਖਿਅਤ ਹੋ ਜਾਂਦੇ ਹਨ, ਜਿਨ੍ਹਾਂ ਨੇ ਅਗਲੀਆਂ ਪੀੜ੍ਹੀਆਂ ਦੇ ਇਤਿਹਾਸਕਾਰਾਂ ਲਈ ਲਾਹੇਵੰਦ ਤੇ ਸਟੀਕ ਹਵਾਲਾ ਸਰੋਤਾਂ ਬਣਨਾ ਹੁੰਦਾ ਹੈ। ਮੈਂ ਉਮੀਦ ਕਰਦਾ ਹਾਂ ਕਿ ਸਾਥੀ ਹਰਭਗਵਾਨ ਭਵਿੱਖ ਵਿਚ ਲੇਖਣੀ ਦੇ ਖੇਤਰ ਵਿਚ ਹੋਰ ਵੀ ਵਧੇਰੇ ਗੰਭੀਰਤਾ ਅਤੇ ਮਿਹਨਤ ਨਾਲ ਕੰਮ ਕਰੇਗਾ।

**-ਸੁਖਦਰਸ਼ਨ ਨੱਤ**
**(ਕੇਂਦਰੀ ਕਮੇਟੀ ਮੈਂਬਰ,**
**ਸੀ.ਪੀ.ਆਈ.**
**(ਐੱਮ.ਐੱਲ.) ਲਿਬਰੇਸ਼ਨ)**
**ਮੋਬਾਇਲ** 94172-33404



ਨਰਭਿੰਦਰ
93544-30211

# ਕਰੋਨਾ ਮਹਾਂਮਾਰੀ-ਆਰਥਿਕ ਜਮਾਤੀ ਪਾੜਾ ਵੱਧਣ ਦੇ ਸੰਕੇਤ



ਕਰੋਨਾ ਮਹਾਮਾਰੀ ਅਤੇ ਲਾਕਡਾਊਨ ਪਿਛੋਂ ਗਰੀਬੀ ਵਿਚ ਲਗਭਗ 8 ਫੀਸਦੀ ਵਾਧਾ ਹੋ ਜਾਵੇਗਾ ਅਤੇ ਗਰੀਬਾਂ ਦੀ ਗਿਣਤੀ 91.5 ਕਰੋੜ ਤੱਕ ਪਹੁੰਚ ਜਾਵੇਗੀ। ਇਹ ਦਾਅਵਾ ਇਕ ਉਸ ਖੋਜ ਦਲ ਨੇ ਕੀਤਾ ਹੈ। ਲਾਕਡਾਊਨ ਨਾਲ ਪ੍ਰਭਾਵਿਤ ਹੋਣ ਵਾਲੀ ਆਰਥਿਕਤਾ ਅਤੇ ਇਸ ਦੇ ਸਿੱਟਿਆਂ ਉਤੇ ਅਧਿਐਨ ਕਰ ਰਹੀ ਹੈ ਅਤੇ ਜਿਹੜੀ united Nation University ਯੂਨਾਈਟਿਡ ਨੇਸ਼ਨ ਯੂਨੀਵਰਸਿਟੀ ਦੇ ਖੋਜਾਰਥੀ ਕਰ ਰਹੇ ਹਨ। ਇਸ ਮੁਤਾਬਕ ਕਰੋਨਾ ਜਦੋਂ ਆਪਣੀ ਸਿਖਰਲੀ ਸਟੇਜ ਤੋਂ ਹੇਠਾਂ ਆਇਆ ਤਾਂ ਇਕ ਸੌ ਚਾਰ ਮਿਲੀਅਨ ਭਾਵ 10 ਕਰੋੜ ਚਾਰ ਲੱਖ ਨਵੇਂ ਗਰੀਬ ਪੈਦਾ ਹੋ ਜਾਣਗੇ। ਦਸੰਬਰ 2019 ਮੁਤਾਬਕ ਭਾਰਤ ਵਿਚ 81.2 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਜਿਹੜੇ ਅਬਾਦੀ ਦਾ 60 ਫੀਸਦੀ ਬਣਦੇ ਸਨ ਜਦੋਂ ਇਹ 10 ਕਰੋੜ ਚਾਰ ਲੱਖ ਜੁੜ ਗਏ ਤਾਂ ਕੁੱਲ 91.5 ਕਰੋੜ ਹੋ ਜਾਣਗੇ ਅਤੇ ਇਹ ਆਬਾਦੀ ਦਾ 68 ਫੀਸਦੀ ਹੋਣਗੇ।

ਉਨ੍ਹਾਂ ਨੇ ਇਹ ਮੁਲੰਕਣ ਵਿਸ਼ਵ ਬੈਂਕ ਵਲੋਂ ਨਿਰਧਾਰਤ ਗਰੀਬੀ ਰੇਖਾ ਸਬੰਧੀ ਮਾਪ ਦੰਡਾਂ ਦੇ ਆਧਾਰ 'ਤੇ ਕੀਤਾ ਹੈ। ਵਿਸ਼ਵ ਬੈਂਕ ਦੇ ਤਿੰਨ ਮਾਪਦੰਡ ਹਨ ਜਿਸ ਨਾਲ ਉਹ ਗਰੀਬੀ ਰੇਖਾ ਤੋਂ ਹੇਠਲੀ ਆਬਾਦੀ ਨੂੰ ਚਿੰਨਤ ਕਰਦੇ ਹਨ। ਵਿਸ਼ਵ ਬੈਂਕ ਆਮ ਦਿਨ ਦੇ ਲਿਹਾਜ਼ ਨਾਲ ਦੇਸ਼ਾਂ ਨੂੰ ਚਹੁੰ ਹਿੱਸਿਆਂ ਵਿਚ ਵੰਡਦਾ ਹੈ।

1. ਘੱਟ ਆਮਦਨ ਵਰਗ (Lower Medal Class) ਇਸ 'ਚ ਉਹ ਦੇਸ਼ ਆਉਂਦੇ ਹਨ ਜਿਨ੍ਹਾਂ ਦੀ ਔਸਤ ਕੌਮੀ ਆਮਦਨ 1026 ਡਾਲਰ ਤੋਂ 3995 ਡਾਲਰ (78438 ਰੁਪਏ ਤੋਂ ਤਿੰਨ ਲੱਖ ਦੇ ਦਰਮਿਆਨ) ਵਿਚ ਹੈ। ਇਨ੍ਹਾਂ ਦੇਸ਼ਾਂ ਵਿਚ 3.2 ਡਾਲਰ ਤੋਂ ਘੱਟ ਕਮਾਉਣ ਵਾਲਿਆਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਗਿਣਿਆ ਜਾਂਦਾ ਹੈ ਜਿਹਦਾ ਮਤਲਬ 78000 ਰੁਪਏ ਸਲਾਨਾ ਤੋਂ ਘੱਟ ਕਮਾਉਣ ਵਾਲੇ ਗਰੀਬੀ ਰੇਖਾ ਤੋਂ ਹੇਠਲੇ ਵਰਗ ਵਿਚ ਆਉਂਦੇ ਹਨ।

2. ਉਪਰਲਾ ਮੱਧ ਆਮਦਨ ਵਰਗ (Upper Medal income Group) : ਇਸ ਵਰਗ ਵਿਚ ਉਹ ਗਿਣੇ ਜਾਂਦੇ ਹਨ ਜਿਨ੍ਹਾਂ ਦੇਸ਼ਾਂ ਵਿਚ ਪ੍ਰਤੀ ਵਿਅਕਤੀ ਸਲਾਨਾ ਆਮਦਨ 3996 ਤੋਂ 12375 ਡਾਲਰ ਹੋਵੇ। ਇਨ੍ਹਾਂ ਦੇਸ਼ਾਂ ਵਿਚ ਗਰੀਬੀ ਰੇਖਾ ਤੋਂ ਹੇਠਲੇ ਲੋਕਾਂ ਦੀ ਗਿਣਤੀ ਦਾ ਮਾਪਦੰਡ ਇਹ ਹੈ ਕਿ ਜਿਹੜੇ ਵਿਅਕਤੀ 5.5 ਡਾਲਰ ਤੋਂ ਘੱਟ ਕਮਾਉਂਦੇ ਹਨ ਉਹ ਗਰੀਬੀ ਰੇਖਾ ਵਿਚ ਗਿਣੇ ਜਾਂਦੇ ਹਨ।

3. ਉਚ ਆਮਦਨ ਵਰਗ (High Medal Class) : ਜਿਨ੍ਹਾਂ ਦੇਸ਼ਾਂ ਵਿਚ ਪ੍ਰਤੀ ਵਿਅਕਤੀ ਸਲਾਨਾ ਆਮਦਨ 13375 ਡਾਲਰ ਤੋਂ ਵੱਧ ਹੋਵੇ ਉਹ ਇਸ ਵਰਗ ਵਿਚ ਗਿਣੇ ਜਾਂਦੇ ਹਨ। ਇਨ੍ਹਾਂ ਦੇਸ਼ਾਂ ਵਿਚ ਗਰੀਬੀ ਦਾ ਕੋਈ ਮਾਪਦੰਡ ਹੈ ਹੀ ਨਹੀਂ ਅਤੇ ਇਨ੍ਹਾਂ ਦੇਸ਼ਾਂ 'ਚ ਕੋਈ ਵੀ ਵਿਅਕਤੀ ਗਰੀਬ ਮੰਨਿਆ ਹੀ ਨਹੀਂ ਜਾਂਦਾ ਜਾਂ ਚਿੰਤਨ ਨਹੀਂ ਕੀਤਾ ਜਾਂਦਾ।

4. ਘੱਟ ਆਮਦਨ ਵਰਗ (Lower Income Group) : ਜਿਨ੍ਹਾਂ ਦੇਸ਼ਾਂ ਵਿਚ ਪ੍ਰਤੀ ਵਿਅਕਤੀ ਸਲਾਨਾ ਆਮਦਨ 1026 ਡਾਲਰ ਤੋਂ ਘੱਟ ਹੈ ਉਨ੍ਹਾਂ ਨੂੰ ਇਸ 'ਚ ਸ਼ਾਮਲ ਕੀਤਾ ਜਾਂਦਾ ਹੈ। ਇਨ੍ਹਾਂ ਦੇਸ਼ਾਂ ਵਿਚ ਜਿਹੜੇ ਰੋਜ਼ਾਨਾ 1.9 ਡਾਲਰ ਤੋਂ ਘੱਟ ਕਮਾਉਣ ਵਾਲੇ ਹਨ। ਗਰੀਬੀ ਰੇਖਾ ਤੋਂ ਹੇਠਾਂ ਗਿਣੇ ਜਾਂਦੇ ਹਨ। ਭਾਵ ਜੇ ਡਾਲਰ ਦੀ ਕੀਮਤ 80 ਰੁਪਏ ਹੈ ਤਾਂ 150 ਰੁਪਏ ਰੋਜ਼ਾਨਾ ਕਮਾਉਣ ਵਾਲੇ ਗਰੀਬੀ ਰੇਖਾ ਤੋਂ ਹੇਠਾਂ ਗਿਣੇ ਜਾਣਗੇ।

ਜੇ ਇਨ੍ਹਾਂ ਕੌਮਾਂਤਰੀ ਮਾਪਦੰਡਾਂ ਦੇ ਆਧਾਰ ਉਤੇ ਵੇਖਿਆ ਜਾਵੇ ਤਾਂ 7.6 ਕਰੋੜ ਲੋਕ ਅਤਿ ਗਰੀਬਾਂ ਵਿਚ ਸ਼ਾਮਲ ਹੋ ਜਾਣਗੇ। ਇਹ ਮਾਪਦੰਡ ਵਿਸ਼ਵ ਬੈਂਕ ਦਾ ਹੈ। 1.9 ਡਾਲਰ ਪ੍ਰਤੀ ਵਿਅਕਤੀ ਪ੍ਰਤੀ ਦਨ ਭਾਵ ਰੋਜ਼ਾਨਾ 150 ਰੁਪਏ ਹਾਲਾਂਕਿ ਜਦੋਂ ਇਹ ਤਹਿ ਕੀਤਾ ਗਿਆ ਕਿ ਉਦੋਂ ਮੁਦਰਾ ਦੀਆਂ ਕੀਮਤਾਂ ਦਾ ਸਮਤੋਲ 'ਤੇ ਆਧਾਰ ਹੋਰ ਸੀ। ਗਰੀਬੀ ਰੇਖਾ ਦੇ ਮਾਪਦੰਡ ਦੇ ਕਈ ਹੋਰ ਰੂਪ ਵੀ ਹਨ ਜਿਨ੍ਹਾਂ 'ਚ ਵਿਅਕਤੀ ਦੇ ਪੋਟਾਸ਼ਿਕ ਭੋਜਨ ਅਤੇ ਸਿਹਤ ਅਤੇ ਸਮਾਜਿਕ ਹੈਸੀਅਤ ਦੇ ਮਾਪਦੰਡ ਆਦਿ। ਖੈਰ ਇਹ ਫਿਰ ਸਹੀ। ਪਰ ਅਫਸੋਸ ਕਿ ਭਾਰਤੀ ਹਕੂਮਤ ਨੇ ਜਦੋਂ ਦਾ ਪਲੈਨਿੰਗ ਕਮਿਸ਼ਨ (ਯੋਜਨਾ ਕਮਿਸ਼ਨ) ਤੋੜਿਆ ਹੈ ਉਸ ਪਿਛੋਂ ਅੰਕੜਿਆਂ ਨੂੰ ਇਕੱਠਾ ਕਰਨ ਵੀ ਛੱਡ ਦਿੱਤਾ ਹੈ ਅਤੇ ਮਾਪਦੰਡਾਂ ਬਾਰੇ ਵੀ ਭੰਬਲਭੂਸਾ ਖੜ੍ਹਾ ਕੀਤਾ ਹੋਇਆ ਹੈ। ਇਹ ਹਕੂਮਤ ਬਹੁਤ ਕੁਝ ਛੁਪਾ ਕੇ ਰੱਖਣਾ ਚਾਹੁੰਦੀ ਹੈ। ਇਹੋ ਕਾਰਨ ਹੈ ਕਿ ਗਰੀਬੀ ਦਾ ਵੀ ਕੋਈ ਮਾਪਦੰਡ ਨਹੀਂ ਅਤੇ ਰਿਜ਼ਰਵ ਬੈਂਕ ਨੇ ਵੀ ਕਦੇ ਇਸ ਨੂੰ ਚਿੰਤਨ ਨਹੀਂ ਕੀਤਾ। ਹਕੀਕਤ ਇਹ ਕਿ ਹਕੂਮਤ ਤੇ ਹਕੂਮਤ ਦੇ ਸਾਰੇ ਅਦਾਰਿਆਂ ਵਿਚ ਜਿਨ੍ਹਾਂ ਦੀ ਆਪਣੀ ਸਵੈ ਹੋਂਦ ਅਤੇ ਜਮਹੂਰੀ ਕਾਰਜ ਪ੍ਰਣਾਲੀ ਖਤਮ ਹੋ ਚੁੱਕੀ ਹੈ, ਇਸ ਪ੍ਰਤੀ ਗੌਰ ਕਰਨਾ ਆਪਣੀ ਜ਼ਿੰਮੇਵਾਰੀ ਹੀ ਨਹੀਂ ਸਮਝਦੀ।


ਭਾਰਤ ਵਿਚ ਪ੍ਰਤੀ ਵਿਅਕਤੀ ਸਲਾਨਾ ਆਮਦਨ 2020 ਡਾਲਰ ਭਾਵ ਡੇਢ ਲੱਖ ਗਿਣੀ ਜਾਂਦੀ ਹੈ ਕੁੱਲ ਅਬਾਦੀ 'ਚੋਂ 22 ਫੀਸਦੀ ਦੀ ਆਮਦਨ 1.9 ਡਾਲਰ (150 ਰੁਪਏ) ਤੋਂ ਘੱਟ ਹੈ ਅਤੇ ਇਹ 22 ਫੀਸਦੀ ਦੀਆਂ ਵੀ ਵੱਖ ਵੱਖ ਪਰਤਾਂ ਹਨ। ਇਸ ਅਬਾਦੀ ਦੀ ਆਮਦਨ ਮਨਰੇਗਾ ਦੇ ਕਾਮੇ ਲਈ ਨਿਰਧਾਰਤ ਕੀਤੀ ਮਜ਼ਦੂਰੀ ਤੋਂ ਵੀ ਘੱਟ ਹੈ।

ਹੁਣ ਜਦੋਂ ਸਭ ਪਾਸੇ ਖੜੋਤ ਵਾਲੀ ਹਾਲਤ ਚਲ ਰਹੀ ਹੈ ਤਾਂ ਆਮਦਨ ਵਿਚ ਗਿਰਾਵਟ ਤਾਂ ਆਵੇਗੀ ਹੀ ਖਪਤ ਵਿਚ ਵੀ ਗਿਰਾਵਟ ਆਵੇਗੀ ਅਤੇ ਇਸ ਗਿਰਾਵਟ ਦਾ ਅਨੁਮਾਨ 20 ਫੀਸਦੀ ਹੈ। ਯੂਨਾਈਟਿਡ ਨੇਸ਼ਨ ਯੂਨੀਵਰਸਿਟੀ ਦੇ ਇਸ ਅਧਿਐਨ ਮੁਤਾਬਕ ਪ੍ਰਤੀ ਵਿਅਕਤੀ ਆਮਦਨ ਦੇ ਤਿੰਨ ਮਾਪਦੰਡਾਂ ਦੇ ਅਧਾਰ ਉਤੇ ਵਿਸ਼ਵ ਪੱਧਰ ਉਤੇ ਹੀ ਗਰੀਬੀ ਵਧਣ ਅਤੇ ਆਮਦਨ ਤੇ ਖਪਤ ਘਟਨ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਖੋਜ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਅੱਜ ਜਦੋਂ ਵਿਸ਼ਵ ਹੀ ਕਰੋਨਾ ਮਹਾਂਮਾਰੀ ਕਰਕੇ ਲਾਕਡਾਊਨ ਦਾ ਸ਼ਿਕਾਰ ਹੈ ਅਤੇ ਵਿਸ਼ਵ ਦੀਆਂ ਆਰਥਿਕ ਹਾਲਤਾਂ 1935 ਦੇ ਆਰਥਿਕ ਮੰਦਵਾੜੇ ਤੋਂ ਵੀ ਬਦਤਰ ਹੋਣ ਵੱਲ ਵਧ ਰਹੀਆਂ ਹਨ ਤਾਂ ਖਪਤ ਵਿਚ 20 ਫੀਸਦੀ ਗਿਰਾਵਟ ਦਾ ਆਉਣਾ ਇਕ ਲੰਮੇ ਆਰਥਿਕ ਖੜੋਤ ਵਾਲੀ ਹਾਲਤ ਪੈਦਾ ਕਰਨ ਵਲ ਵਧੇਗਾ। ਜਿਨ੍ਹਾਂ ਦੇਸ਼ਾਂ ਵਿਚ 3.2 ਡਾਲਰ ਤੋਂ ਘੱਟ ਆਮਦਨ ਵਾਲੇ ਗਰੀਬੀ ਰੇਖਾ ਤੋਂ ਹੇਠਾਂ ਗਿਣੇ ਜਾਂਦੇ ਹਨ ਉਨ੍ਹਾਂ ਵਿਚੋਂ 8 ਫੀਸਦੀ ਹੋਰ ਅਬਾਦੀ ਗਰੀਬਾਂ ਦੀ ਕਤਾਰ ਵਿਚ ਸ਼ਾਮਲ ਹੋ ਜਾਵੇਗੀ। ਇਹ ਖੋਜਾਰਥੀ ਟੀਮ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਸਭ ਤੋਂ ਖਤਰਨਾਕ ਹਾਲਤ ਘੱਟ ਮੱਧ ਆਰਥਿਕ ਵਰਗ (Lower Medal economic group) ਵਾਲੇ ਦੇਸ਼ਾਂ ਦੀ ਹੋਵੇਗੀ ਜਿਥੇ 54.1 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਆ ਜਾਣਗੇ ਅਤੇ ਇਸ ਆਰਥਿਕ ਸੰਕਟ ਦੇ ਕਾਰਨ ਪੈਦਾ ਹੋਣ ਵਾਲੇ ਪੂਰੀ ਦੁਨੀਆਂ ਦੇ ਗਰੀਬਾਂ ਵਿਚੋਂ, ਹਰ ਦਸ ਪਿਛੇ ਦੋ ਭਾਰਤੀ ਹੋਣਗੇ। ਭਾਵ ਜੇ ਦੁਨੀਆਂ ਵਿਚ ਗਰੀਬਾਂ ਦੀ ਕਤਾਰ ਵਿਚ 100 ਹੋਰ ਆ ਕੇ ਖਲੋ ਜਾਣਗੇ ਤਾਂ ਇਨ੍ਹਾਂ ਵਿਚੋਂ 20 ਭਾਰਤੀ ਹੋਣਗੇ।

ਜੇ ਘੱਟ ਖਰਾਬ ਹਾਲਤਾਂ ਰਹਿੰਦੀਆਂ ਹਨ ਤਾਂ ਵੀ ਢਾਈ ਕਰੋੜ ਲੋਕ ਗਰੀਬਾਂ ਦੀ ਲਾਈਨ 'ਚ ਲੱਗ ਜਾਣਗੇ। ਜਿਹਦੀ ਕਿ ਸੰਭਾਵਨਾ ਨਹੀਂ। ਹਾਲਤਾਂ ਜੋ ਦਿਸ ਰਹੀਆਂ ਹਨ ਉਹ ਬਾਹਰਲੀ ਹਕੀਕਤ ਨਾਲੋਂ ਵੀ ਭਿਆਨਕ ਹਨ। ਕਰੋਨਾ ਸੰਕਟ ਕਰਕੇ ਵਿਸ਼ਵ ਪੱਧਰ ਉਤੇ ਹੀ ਆਮਦਨ ਅਤੇ ਖਪਤ ਵਿਚ 10 ਫੀਸਦੀ ਗਿਰਾਵਟ ਆਵੇਗੀ। ਇਹ ਘੱਟੋ ਘੱਟ ਹੈ ਇਸ ਤੋਂ ਵੱਧ ਹੀ ਸਕਦੀ ਹੈ ਅਤੇ ਇਸ ਲਿਹਾਜ ਨਾਲ ਹੀ ਭਾਰਤ ਵਿਚ 5 ਕਰੋੜ ਨਵੇਂ ਲੋਕ ਗਰੀਬੀ ਰੇਖਾ ਤੋਂ ਹੇਠਾਂ ਆ ਜਾਣਗੇ। ਵਿਸ਼ਵ ਪੱਧਰ ਉਤੇ ਹੀ ਗਰੀਬੀ ਪਸਰਨ ਦਾ ਇਹੋ ਪੈਟਰਨ ਅਜੇ ਨਿਰਧਾਰਤ ਹੈ। ਖੋਜਾਰਥੀਆਂ ਦਾ ਅਨੁਮਾਨ ਹੈ ਕਿ ਇਸ ਮਹਾਂਮਾਰੀ ਦਾ ਸਭ ਤੋਂ ਭਿਆਨਕ ਅਸਰ ਸਾਊਥ ਏਸ਼ੀਆ ਵਿਚ ਮੱਧ ਅਤੇ ਹੇਠਲੇ ਮੱਧ ਆਮਦਨ ਵਰਗ ਵਾਲੇ ਦੇਸ਼ਾਂ ਵਿਚ ਪਵੇਗਾ। ਖੋਜਾਰਥੀ ਦਾ ਅਨੁਮਾਨ ਹੈ ਕਿ ਦੁਨੀਆਂ ਪੱਧਰ ਉਤੇ ਪੈਦਾ ਹੋਣ ਵਾਲੇ ਨਵੇਂ ਗਰੀਬਾਂ ਵਿਚੋਂ, ਦੋ ਤਿਹਾਈ ਸਬ ਸਹਾਰਾ ਅਫਰੀਕਾ ਅਤੇ ਸਾਊਥ ਏਸ਼ੀਆ ਦੇ ਲੋਕ ਹੋਣਗੇ। ਇਨ੍ਹਾਂ ਖੋਜਾਰਥੀਆਂ ਨੇ ਜਦੋਂ ਇਹ ਅਨੁਮਾਨ ਲਗਾਏ ਸਨ ਉਨ੍ਹਾਂ ਦਿਨਾਂ ਨਾਲੋਂ ਅਗਲੇਰੇ ਦਿਨ ਸ਼ਾਇਦ ਹੋਰ ਖਰਾਬ ਹੋਣਗੇ।

ਅਜਿਹੀ ਹੀ ਇਕ ਹੋਰ ਰਿਪੋਰਟ ਕੌਮਾਂਤਰੀ ਕਿਰਤ ਸੰਗਠਨ (ILO) ਨੇ ਵੀ ਇਸੇ ਮਹੀਨੇ ਦੇ ਸ਼ੁਰੂ 'ਚ ਦਿੱਤੀ ਸੀ। ਸਾਫ਼ ਰਹੇ ਇਹ ਕਰੋਨਾ ਮਹਾਂਮਾਰੀ ਦੀ ਸ਼ੁਰੂ ਵਾਲੀ ਹਾਲਤ ਦੇ ਅਧਾਰਤ ਹੋਵੇਗੀ। ਕੌਮਾਂਤਰੀ ਕਿਰਤ ਸੰਗਠਨ ਨੇ ਜੋ ਰਿਪੋਰਟ ਦਿੱਤੀ ਉਹ ਭਾਰਤ 'ਚ ਰੋਜ਼ਗਾਰ ਦੇ ਸਬੰਧ ਵਿਚ ਹੈ। ਰਿਪੋਰਟ ਮੁਤਾਬਕ ਭਾਰਤ ਦੀ ਕੁੱਲ ਵਰਕ ਫੋਰਸ ਭਾਵ ਕਿਰਤ ਸ਼ਕਤੀ 50 ਕਰੋੜ ਹੈ ਜਿਸ ਦਾ 90 ਫੀਸਦੀ ਹਿੱਸਾ ਗੈਰ ਸੰਗਠਤ ਖੇਤਰ ਵਿਚ ਹੈ। ਆਰਥਿਕ ਸੰਕਟ ਕਰਕੇ 40 ਕਰੋੜ ਤੋਂ ਵੱਧ ਕਿਰਤੀ ਹੋਰ ਗਰੀਬ ਹੋ ਜਾਣਗੇ। ਰਿਪੋਰਟ ਨੇ ਆਕਸਫੋਰਡ ਕੋਵਿਡ-19 ਗਵਰਨਮੈਂਟ ਰਿਸਪਾਂਸ ਸਟਰਿਨਜੈਸੀ ਇੰਨਡੈਕਸ-ਦੇ ਹਵਾਲੇ ਨਾਲ ਕਿਹਾ ਹੈ ਕਿ ਭਾਰਤ ਵਿਚ ਕਰੋਨਾ ਸੰਕਟ ਨਾਲ ਨਿਪਟਨ ਲਈ ਅਪਣਾਏ ਜਾ ਰਹੇ ਲਾਕਡਾਊਨ ਵਰਗੇ ਉਪਾਵਾਂ ਕਰਕੇ ਇਹ ਕਾਮਗਰ ਮੁੱਖ ਤੌਰ 'ਤੇ ਪ੍ਰਭਾਵਿਤ ਹੋਣਗੇ। ਇਨ੍ਹਾਂ ਉਪਾਵਾਂ ਕਰਕੇ ਜ਼ਿਆਦਾਤਰ ਕਾਮਗਰ ਆਪਣੇ ਪਿੰਡਾਂ ਨੂੰ ਮੁੜਣ ਦੇ ਲਈ ਮਜ਼ਬੂਰ ਹੋ ਜਾਣਗੇ। ਜੇ ਕੌਮਾਂਤਰੀ ਮਜ਼ਦੂਰ ਸੰਗਠਨ ਦੇ ਇਸ ਅਨੁਮਾਨ ਨੂੰ ਗੰਭੀਰਤਾ ਨਾਲ ਵਾਚੀਏ ਤਾਂ ਗੈਰ ਸੰਗਠਤ ਖੇਤਰ ਵਿਚ ਬੇਰੁਜ਼ਗਾਰੀ ਅਤੇ ਗੈਰ ਬਰਾਬਰੀ ਹੋਰ ਵਧੇਗੀ ਜਿਸ ਨਾਲ ਪ੍ਰਤੀ ਵਿਅਕਤੀ ਪ੍ਰਤੀ ਦਿਨ ਆਮਦਨ ਅਤੇ ਖਪਤ ਵਿਚ ਹੋਰ ਗਿਰਾਵਟ ਆਵੇਗੀ। ਇਸੇ ਦਾ ਜ਼ਿਕਰ ਯੂਨੀਵਰਸਿਟੀ ਦੀ ਅਧਿਐਨ ਖੋਜ ਵਿਚ ਵੀ ਕੀਤਾ ਗਿਆ ਹੈ।

ਜਦੋਂ ਇਹ ਰਿਪੋਰਟਾਂ ਤਿਆਰ ਹੋ ਰਹੀਆਂ ਹੋਣਗੀਆਂ ਇਹ ਉਦੋਂ ਸ਼ੁਰੂਆਤੀ ਅਨੁਮਾਨ ਹੀ ਸਨ ਪਰ ਅਸੀਂ ਇਹ ਹਕੀਕਤ ਅੱਖੀਂ ਵੇਖ ਰਹੇ ਹਾਂ। ਵੱਡੀ ਗਿਣਤੀ 'ਚ ਭਾਵ ਲੱਖਾਂ ਕਰੋੜਾਂ ਦੀ ਤਾਦਾਦ ਵਿਚ ਮਜ਼ਦੂਰ ਵਿਹਲੇ ਹੋ ਗਏ ਹਨ ਅਤੇ ਉਨ੍ਹਾਂ ਕੋਲ ਪੇਟ ਭਰਨ ਲਈ ਜਾਂ ਪਰਿਵਾਰ ਦਾ ਪੇਟ ਭਰਨ ਲਈ ਵੀ ਕੁਝ ਨਹੀਂ ਅਤੇ ਅਜੇ ਨੇੜ ਭਵਿੱਖ ਵਿਚ ਹਾਲਤਾਂ ਦੀ ਮੁੜ ਉਸੇ ਨੀਂਹ 'ਤੇ ਆਉਣ ਦੀ ਸੰਭਾਵਨਾ ਵੀ ਨਹੀਂ ਸੋ ਲਾਜ਼ਮੀ ਹੈ ਕਿ ਆਮਦਨ ਤੇ ਖਪਤ ਵਿਚ ਇਹ ਗਿਰਾਵਟ ਕਿਥੇ ਪਹੁੰਚੇਗੀ। ਇਸ ਦਾ ਅੰਦਾਜ਼ਾ ਲਾਉਣਾ ਐਨਾ ਸਰਲ ਨਹੀਂ ਪਰ ਇਹ ਸਾਫ਼ ਹੈ ਕਿ ਗਰੀਬੀ ਵਿਚ ਹੋ ਰਿਹਾ ਇਹ ਵਾਧਾ ਅਤੇ ਉਨ੍ਹਾਂ ਲਈ ਢਿੱਡ ਭਰਨ ਦੀ ਸਮੱਸਿਆ, ਮੱਧ ਵਰਗ ਦਾ ਗਰੀਬੀ ਦੀ ਕਤਾਰ 'ਚ ਸ਼ਾਮਲ ਹੋਣਾ ਤੇ ਇਸ 'ਚ ਵੱਧਣ ਵਾਲੀ ਬੇਚੈਨੀ ਇਕ ਖਤਰਨਾਕ ਦਿਸ਼ਾ ਵੱਲ ਸੰਕੇਤ ਕਰਦੀ ਹੈ ਅਤੇ ਉਸ ਮੌਕੇ ਹੋਰ ਵੀ ਜਦੋਂ ਚੁਫੇਰੇ ਬੌਧਿਕ ਖਿਲਾਅ ਹੋਵੇ। ਇਸ 90 ਕਰੋੜ ਭੁੱਖੇ ਢਿੱਡਾਂ ਨੂੰ ਲੰਮਾਂ ਸਮਾਂ ਧਰਮ ਦੀ ਗੁੱਟੀ ਦੇ ਕੇ ਨਹੀਂ ਭਰਮਾਇਆ ਜਾ ਸਕੇਗਾ। ਆਖਿਰ ਪੇਟ ਰੋਟੀ ਮੰਗਦਾ ਹੈ ਤੇ ਤਨ ਕੱਪੜਾ।

Dr. Baltej Parhar, Chiropractor

Tired of living in pain? Relying on pain medications to get you through the day ? Always getting the same answers or treatments with no results?

Dr. Parhar Strives to ensure his patients are pain-free and able to move again so they can get back to work and doing the things they love. Call and book your consultation today!

* Insurance Billing
* Multidisciplinary care
* Cold Laser Therapy
* 1 on 1 appointments
* Rehab facility on-site
* Educational Classes

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC

#3 2015 32nd Ave NE Calgary, AB T2E 6Z3

Ph. 403-764-3539 (FLEX)

Email: baltej.parhar@flexology.ca

FLEXOLOGY WELLNESS

# ਜਮਹੂਰੀਅਤ ਨੂੰ ਖੋਰਾ- ਤਿੱਖਾ ਫਿਰਕੂ ਪਾੜਾ-ਗਰੀਬਾਂ ਤੋਂ ਕਿਨਾਰਾਕਸ਼ੀ

**ਸੁਹਾਸ ਪਲਸ਼ੀਕਰ**

## ਘਰਾਂ ਅੰਦਰ-ਤਾੜੇ ਮੁਲਕ ਦੀਆਂ ਆਮ ਹਾਲਤਾਂ ਦੇ ਉਘੜਦੇ ਭਾਵੀ ਨਕਸ਼

ਜਿਵੇਂ ਹੀ ਅਸੀਂ ਇਸ ਨਿਵੇਕਲੇ ਲਾਕਡਾਊਨ ਦੀ ਦੂਜੀ ਕਿਸ਼ਤ ਹੱਡੀਂ ਹੰਢਾਂ ਰਹੇ ਹਾਂ ਤਾਂ ਮੁਲਕ ਅੰਦਰ ਲਾਕਡਾਊਨ ਕੀਤੇ ਖੇਤਰਾਂ ਚ ਹਾਸਲ ਕੀਤੀ ਕਾਮਯਾਬੀ ਦੀ ਨਜ਼ਰਸਾਨੀ ਕਰਨੀ ਅਤਿ ਜਰੂਰੀ ਹੈ ਅਤੇ ਇਹ ਕਿ ਸਾਡੇ ਲਈ ਅਜਿਹੀ ਕਾਮਯਾਬੀ ਦੇ ਮਾਅਨੇ ਕੀ ਹਨ। ਇੱਕ ਵਾਰ ਇਸ ਦਾਅਵੇ ਨੂੰ ਪਾਸੇ ਰੱਖ ਲਈਏ ਕਿ ਕੀ ਲਾਕਡਾਊਨ ਨਾਲ ਕਰੋਨਾ ਵਾਇਰਸ ਦਾ ਫੈਲਾਅ ਕਾਬੂ ਹੇਠ ਰਿਹਾ ਹੈ ਕਿ ਨਹੀਂ। ਉਂਝ ਗੱਲ ਇਹ ਵੀ ਹੈ ਕਿ ਜੇਕਰ ਇਸ ਵਿੱਚ ਕੋਈ ਸਫਲਤਾ ਮਿਲੀ ਹੁੰਦੀ ਤਾਂ ਲਾਕਡਾਊਨ ਦਾ ਅਰਸਾ ਹੋਰ ਅੱਗੇ ਨਾ ਵਧਾਇਆ ਜਾਂਦਾ। ਮਾਹਰ ਇਹ ਵੀ ਦੱਸ ਰਹੇ ਹਨ ਕਿ ਇਸ ਵਾਇਰਸ ਨੂੰ ਨਿੱਸਲ ਕਰਨਾ ਐਨਾ ਸੌਖਾ ਨਹੀਂ, ਇਹ ਹਾਲੇ ਹੋਰ ਸਮਾਂ ਸਾਡੇ ਦਰਮਿਆਨ ਰਹੂ ਅਤੇ ਵਾਰ-ਵਾਰ ਆਪਦਾ ਸਿਰ ਚੱਕਦਾ ਰਹੂ। ਵਾਇਰਸ ਵਿਰੁੱਧ ਇਸ ਜੰਗ ਚ ਜਿੱਤ ਨੂੰ ਪਾਸੇ ਛੱਡਦੇ ਹੋਏ ਇਹ ਵਿਚਾਰੀਏ ਕਿ ਜਦੋਂ ਵੀ ਮੁਲਕ ਆਮ ਹਾਲਤਾਂ ਚ ਆਉਂਦਾ ਹੈ ਤਾਂ ਉਹ ਆਮ ਹਾਲਾਤ ਬਿਲਕੁਲ ਇੱਕ ਨਵੀਂ ਤਰ੍ਹਾਂ ਦੇ ਹਾਲਾਤਾਂ ਵਾਲੇ ਹੋਣਗੇ। ਇਹਨਾਂ ਆਮ ਹਾਲਾਤਾਂ ਦਾ ਖਾਸਾ ਪਿਛਲੇ ਚਾਰ ਹਫਤਿਆਂ 'ਚ ਕਾਮਯਾਬੀ ਨਾਲ ਚੱਲੇ ਤਿੰਨ ਤਰ੍ਹਾਂ ਦੇ ਵਿਆਖਿਆਨਾਂ 'ਤੇ ਆਧਾਰਤ ਹੋਵੇਗਾ।

ਪਹਿਲੇ ਅਣਬਿਆਨੇ ਬਿਰਤਾਤ ਦੇ ਬਹੁਤ ਵਿਸ਼ਾਲ ਅਰਥ ਹਨ। ਆਉਣ ਵਾਲੇ ਦੌਰ ਦੇ ਇਤਿਹਾਸਕਾਰ ਜਮਹੂਰੀਅਤ ਬਾਰੇ ਯਕੀਨਣ ਇਹ ਦੱਸਣਗੇ ਕਿ ਇਹ ਲਾਕਡਾਊਨ ਇੱਕ ਵਿਸ਼ਾਲ ਆਬਾਦੀ ਨੂੰ ਘਰਾਂ ਅੰਦਰ ਡੱਕਣ ਵਾਲੀ ਮਹਾਂਦੀਪ ਵਰਗੇ ਇੱਕ ਮੁਲਕ ਨੂੰ ਵੱਧ-ਘੱਟ ਰੂਪ ਵਿੱਚ ਠੱਲ੍ਹਣ ਵਾਲੀ ਇੱਕ ਅਸਾਧਾਰਨ ਕਵਾਇਦ ਸੀ। ਇਹਦੀ ਕਾਮਯਾਬੀ ਦੇ ਅਰਥ ਕੀ ਨਿਕਲਦੇ ਹਨ? ਮਹਾਂਮਾਰੀ ਵਿਰੁੱਧ ਮੁਲਕ-ਪੱਧਰੀ ਲੜਾਈ ਨੂੰ ਯਕੀਨੀ ਬਣਾਉਣ ਦੇ ਅੰਨ੍ਹੇ ਜੋਸ਼ ਵਿੱਚ ਪਾਰਟੀ ਸਿਆਸਤ ਤੋਂ ਉਪਰ ਉਠਕੇ ਮੁਲਕ ਪੱਧਰੇ ਸਲਾਹ-ਮਸ਼ਵਰੇ ਕਰਨ, ਫੈਡਰਲ ਸਿਧਾਂਤਾਂ, ਅਦਾਲਤੀ ਨਿਗਰਾਨੀ ਆਦਿ ਬਾਰੇ ਉਠਣ ਵਾਲੀਆਂ ਛੋਟੀਆਂ-ਮੋਟੀਆਂ ਆਵਾਜ਼ਾਂ ਨੂੰ ਵੇਲਾਂ-ਵਿਹਾਅ ਚੁੱਕੇ ਸਿਆਸਤੀ ਅਤੇ ਹਕੂਮਤੀ ਕਿਤਾਬਾਂ ਅੰਦਰ ਦਫ਼ਨ ਕਰ ਦਿੱਤਾ ਗਿਆ। ਲਾਕਡਾਊਨ ਦਾ ਦੂਸਰਾ ਪੜਾਅ ਜਦੋਂ ਸਾਹਮਣੇ ਆ ਰਿਹਾ ਹੈ ਤਾਂ ਉਦੋਂ ਹੀ ਗ੍ਰਹਿ-ਵਿਭਾਗ ਔਖ ਪ੍ਰਗਟਾਅ ਰਿਹਾ ਹੈ ਕਿ ਕੇਰਲਾ ਸਰਕਾਰ ਕੇਂਦਰੀ ਹੁਕਮਾਂ ਦੀ ਪਾਲਣਾ ਨਹੀ ਕਰ ਰਹੀ, ਬਲਕਿ ਆਪਣੀ ਮਰਜ਼ੀ ਨਾਲ ਕੰਮ ਕਰ ਰਹੀ ਹੈ। ਸਪੱਸ਼ਟ ਹੈ ਕਿ ਸਿਆਣਪ ਦਾ ਇੱਕੋ ਹੀ ਸੋਮਾ ਹੈ, ਪਾਲਸੀ ਘੜਨ ਦਾ ਇੱਕੋ-ਇੱਕ ਸ੍ਰੋਤ ਹੈ ਅਤੇ ਹਕੂਮਤ ਦਾ ਇੱਕ ਹੀ ਕੇਂਦਰ ਹੈ।

ਅੱਜ ਅਜਿਹੇ ਸੁਆਲ ਨਹੀਂ ਪੁੱਛੇ ਜਾ ਰਹੇ ਕਿ ਸਰਕਾਰ ਨੂੰ ਲਾਕਡਾਊਨ ਕਰਨ ਦਾ ਅਧਿਕਾਰ ਆਖਰ ਕਿਸ ਨੇ ਦਿੱਤਾ ਹੈ। ਇਸ ਗੱਲ ਉਪਰ ਕੋਈ ਚਰਚਾ ਨਹੀਂ ਕਰ ਰਿਹਾ ਕਿ ਆਫਤ ਨਾਲ ਸਿੱਝਣ ਵਾਲੇ ਕਾਨੂੰਨ ਨੂੰ ਕੀ ਮਹਾਂਮਾਰੀ ਵਾਲ਼ੀਆਂ ਹਾਲਤਾਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ। ਕਿਸੇ ਨੂੰ ਇਸ ਗੱਲ ਦੀ ਵੀ ਚਿੰਤਾ ਨਹੀਂ ਕਿ ਸਾਡੇ ਪਾਸ ਜਮਹੂਰੀ ਅਮਲ ਰਾਹੀਂ ਘੜਿਆ ਗਿਆ ਮਹਾਂਮਾਰੀ ਨਾਲ ਮੜ੍ਹਿੱਕਣ ਵਾਲਾ ਕੋਈ ਕਾਨੂੰਨ ਨਹੀਂ ਹੈ ਅਤੇ ਅਸੀਂ ਬਸਤੀਵਾਦੀ ਦੌਰ ਚ ਘੜੇ ਗਏ ਕਾਨੂੰਨ ਉਪਰ ਹੀ ਟੇਕ ਰੱਖ ਰਹੇ ਹਾਂ। ਸਿਆਸੀ ਪਾਰਟੀਆਂ ਅਜਿਹੇ ਮੁੱਦੇ ਮਨੋਂ-ਵਿਸਾਰ ਚੁੱਕੀਆਂ ਹਨ। ਜਨਤਕ ਵਿਚਾਰ-ਚਰਚਾਵਾਂ ਵੀ ਅਜਿਹੀਆਂ ਕਾਨੂੰਨੀ ਚਾਰਾਜੋਈਆਂ ਨੂੰ ਦਰ-ਕਿਨਾਰ ਕਰਦੀਆਂ ਹਨ। ਅਸੀ ਰਾਜਿਆਂ ਦੇ ਅਸੂਲ ਲਾਗੂ ਕਰ ਦਿੱਤੇ ਹਨ। ਵੁੱਕਤ ਨਤੀਜਿਆਂ ਦੀ ਹੈ ਕਾਇਦਿਆਂ ਨੂੰ ਪੁੱਛਣ ਦੀ ਕੀ ਲੋੜ ਹੈ। ਕਿਸੇ ਵਿਦਵਾਨ ਨੇ ਪੋਲੇ ਜਿਹੇ ਢੰਗ ਨਾਲ ਇਸ ਕਦਮ ਨੂੰ ਕਾਰਜਕਾਰਨੀ ਐਮਰਜੈਂਸੀ ਦਾ ਨਾਂ ਦਿੱਤਾ ਹੈ।

ਬਹੁਤ ਸਾਰੇ ਲੋਕ ਅੱਜ ਭਾਂਵੇ ਇਹ ਮਹਿਸੂਸ ਹੀ ਨਹੀਂ ਕਰਦੇ ਅਤੇ ਹੋਰ ਵੀ ਘੱਟ ਜਣੇ ਇਸ ਨਾਲ ਸਹਿਮਤ ਹੋਣਗੇ ਕਿ ਸਾਰੇ ਦੇ ਸਾਰੇ ਮੁਲਕ ਨੂੰ ਘਰਾਂ ਅੰਦਰ ਤਾੜਣਾ ਸਾਡੀ ਜਮਹੂਰੀਅਤ ਲਈ ਇੱਕ ਖਤਰਨਾਕ ਵਰਤਾਰਾ ਸਾਬਤ ਹੋਵੇਗਾ। ਗੱਲ ਕੇਵਲ ਕੇਂਦਰੀ ਸਰਕਾਰ ਜਾਂ ਰਾਜ ਕਰਦੀ ਪਾਰਟੀ ਦੀ ਹੀ ਨਹੀਂ ਹੈ। ਖੁੱਡੇਬੰਦ ਕਰਨ ਦੀ ਇਸ ਕਵਾਇਦ ਦੀ ਇਸ ਭਿਆਨਕ ਹੱਦ ਤੱਕ ਕਾਮਯਾਬੀ ਦਾ ਰਾਜ਼, ਹਾਕਮ ਜਮਾਤਾਂ ਦੀ ਪੂਰੀ-ਸੂਰੀ ਰਜ਼ਾਮੰਦੀ ਅਤੇ ਜਮਹੂਰੀਅਤ ਨੂੰ ਵਿਆਪਕ ਰੂਪ ਚ ਛਿੱਕੇ ਟੰਗਣ ਵਿੱਚ ਜਨਤਾ ਦੀ ਸ਼ਮੂਲੀਅਤ ਕਰਾਉਣ ਵਿੱਚ ਪਿਆ ਹੈ। ਜਿਸ ਫੁਰਤੀ ਨਾਲ ਸਿਵਲ ਅਤੇ ਪੁਲੀਸ ਅਫਸਰਸ਼ਾਹੀ ਨੂੰ ਹਰਕਤ ਵਿੱਚ ਲਿਆ ਕੇ ਸਾਰੀ ਦੀ ਸਾਰੀ ਆਬਾਦੀ ਨੂੰ ਘਰੇ ਤਾੜ ਦਿੱਤਾ ਗਿਆ ਹੈ, ਇਹ ਆਉਣ ਵਾਲੇ ਸਮੇਂ 'ਚ ਕਿਸੇ ਵੀ ਆਪਾਸ਼ਾਹ ਰਾਜ ਲਈ ਇੱਕ ਨਮੂਨਾ ਸਾਬਤ ਹੋ ਸਕਦੀ ਹੈ। ਇਸ ਢੰਗ ਨਾਲ ਕਬੂਲ ਕੀਤੀ ਗਈ ਅਜਿਹੀ ਮਾਨਸਿਕ-ਬੋਧਿਕ ਘੇਰਾਬੰਦੀ ਵਿੱਚੋਂ ਆਜ਼ਾਦ ਹੋਣਾ ਇੱਕ ਔਖਾ ਕਾਰਜ ਸਾਬਤ ਹੋਵੇਗਾ। ਅਜਿਹੇ ਮੌਕੇ ਸੁਪਰੀਮ ਕੋਰਟ ਚ ਦਾਇਰ ਕੀਤੀ ਗਈ ਇੱਕ ਪਟੀਸ਼ਨ 'ਤੇ ਵੀ ਕੋਈ ਹੈਰਾਨੀ ਨਹੀਂ ਹੁੰਦੀ ਜਿਸ ਵਿੱਚ ਮੰਗ ਕੀਤੀ ਗਈ ਕਿ ਇਸ ਖੁੱਡੇਬੰਦੀ ਨੂੰ ਅਮਲੀ ਜਾਮਾ ਪਹਿਨਾਉਣ ਲਈ ਫੌਜ ਤਾਇਨਾਤ ਕਰਨ ਦੇ ਅਦਾਲਤੀ ਹੁਕਮ ਦਿੱਤੇ ਜਾਣ।



ਗੱਲ ਇਹ ਨਹੀਂ ਕਿ ਕੋਵਡ ਖਤਰੇ ਦੇ ਮੱਦੇ-ਨਜ਼ਰ ਸਰੀਰਕ ਦੂਰੀ ਦੀ ਠੋਸ ਨੀਤੀ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ, ਬਲਕਿ ਗੱਲ ਇਸਦੇ ਸਿੱਟਿਆਂ ਦੀ ਹੈ। ਜਨਤਕ ਮਨੋਰਥਾਂ ਅਤੇ ਲੋਕਾਂ ਦੇ ਭਲੇ ਦੀਆਂ ਗੱਲਾਂ ਕਰਨ ਦੇ ਬਹਾਨੇ ਹੇਠ ਜਮਹੂਰੀਅਤ ਦੇ ਬੁਨਿਆਦੀ ਅਸੂਲਾਂ ਨੂੰ ਦਰ-ਕਿਨਾਰ ਕਰਨ ਲਈ ਸਰਕਾਰ ਨੇ ਲੋਕਾਂ ਨੂੰ ਕਿਵੇਂ ਵਰਗਲਾਇਆ ਹੈ। ਕਿਉਂਕਿ ਮੀਡੀਏ ਅਤੇ ਵਿਰੋਧੀ ਧਿਰ ਦੋਹਾਂ ਨੇ ਇਸਨੂੰ ਵਾਜਬ ਕਿਹਾ ਅਤੇ ਜਨ ਸਧਾਰਨ ਨੇ ਵੀ ਇਸਨੂੰ ਰਜ਼ਾਮੰਦੀ ਦਿੱਤੀ ਹੈ, ਇਸ ਲਈ ਇਹ ਕਦਮ ਅੱਜ ਵਾਜਬ ਲੱਗ ਸਕਦਾ ਹੈ। ਪਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਹਕੂਮਤ ਜਮਹੂਰੀ ਕਾਂਟਛਾਂਟ ਲਈ ਅਜਿਹੇ ਬਿਰਤਾਤਾਂ ਨੂੰ ਮੁੜ ਨਹੀਂ ਦੁਹਰਾਏਗਾ।

ਸਮਾਜਕ-ਵਿੱਥ ਦੇ ਸਾਡੇ ਮੁਲਕ ਦੇ ਪ੍ਰੋਜੈਕਟ ਚੋਂ ਦੋ ਹੋਰ ਪਾੜੇ(ਦੂਰੀਆਂ)ਵੀ ਇਸ ਚੋਂ ਉੱਭਰਦੇ ਹਨ। ਇੱਕ ਹਿੰਦੂ ਅਤੇ ਮੁਸਲਮਾਨਾਂ ਦਰਮਿਆਨ ਚਿਰਾਂ ਤੋਂ ਮੌਜੂਦ ਦੂਰੀ ਨਾਲ ਸਬੰਧਤ ਹੈ। ਇਸ ਦੂਰੀ ਨੂੰ ਵਧਾਉਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ ਤਾਂ ਕਿ ਇਹਨਾਂ ਦੋਨਾਂ ਭਾਈਚਾਰਿਆਂ ਦਾ ਸ਼ਾਂਤਮਈ ਢੰਗ ਨਾਲ ਇਕੱਠਿਆਂ ਰਹਿਣਾ ਦੁੱਭਰ ਹੋ ਜਾਵੇ। ਦਿੱਲੀ ਵਿੱਚ ਤਬਲੀਗੀ ਜਮਾਤ ਵੱਲੋਂ ਗੈਰਜ਼ੁੰਮੇਦਾਰਨਾ ਢੰਗ ਨਾਲ ਕੀਤੇ ਇਕੱਠ ਨੇ ਇਸ ਦੂਰੀ ਦੇ ਗਧੀਗੇੜ ਵਿੱਚ ਵਾਧਾ ਹੀ ਕੀਤਾ ਹੈ। ਭਾਂਵੇ ਕਿ ਇਸ ਨਾਲ ਕੋਈ ਗੱਲ ਜੁੜਦੀ ਨਹੀਂ ਸੀ, ਪਰ ਫਿਰ ਵੀ ਮੌਕੇ ਦਾ ਲਾਹਾ ਲੈਂਦਿਆਂ ਕਰੋਨਾ ਦੇ ਫੈਲਣ ਤੋਂ ਠੀਕ ਪਹਿਲਾਂ ਹੋਈ ਦਿੱਲੀ ਹਿੰਸਾ ਵਾਲੇ ਮੁਸਲਮ ਮਸਲੇ ਨੂੰ ਫਿਰ ਵਿੱਚ ਘੜੀਸਿਆ ਗਿਆ। ਯਾਦ ਰਹੇ ਕਿ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਰੋਸ ਪ੍ਰਗਟਾਵਿਆਂ ਨੂੰ ਲਗਾਤਾਰ ਮੁਸਲਿਮ ਪ੍ਰਦਰਸ਼ਨ ਅਤੇ ਇਸ ਤੋਂ ਵੀ ਬਦਤਰ ਭਾਰਤ ਖਿਲਾਫ ਸਾਜਿਸ਼ ਹੀ ਗਰਦਾਨਿਆ ਜਾਂਦਾ ਰਿਹਾ ਹੈ। ਇਸ ਤੋਂ ਵੀ ਉਹਨਾਂ ਦੀ ਨੀਤ ਸਪੱਸ਼ਟ ਹੋ ਜਾਂਦੀ ਹੈ।

ਕੇਵਲ ਸ਼ੋਸ਼ਲ ਮੀਡੀਏ ਨੇ ਹੀ ਨਹੀਂ ਸਗੋਂ ਟੀਵੀ ਅਤੇ ਪ੍ਰਿੰਟ ਮੀਡੀਏ ਨੇ ਵੀ ਕਰੋਨਾ ਦੇ ਫੈਲਾਅ ਅਤੇ ਲਾਕਡਾਊਨ ਦੀ ਉਲੰਘਣਾ ਦੀ ਪੇਸ਼ਕਾਰੀ ਰਾਹੀਂ ਹਿੰਦੂ ਅਤੇ ਮੁਸਲਿਮ ਭਾਈਚਾਰੇ ਵਿਚਕਾਰ ਪਾੜੇ ਨੂੰ ਵਧਾਉਣਾ ਪੂਰੇ ਜ਼ੋਰ ਸ਼ੋਰ ਨਾਲ ਜਾਰੀ ਰੱਖਿਆ ਹੈ। ਪਿਛਲੇ ਚਾਰ ਹਫਤਿਆਂ ਅੰਦਰ ਇਸ ਕਹਾਣੀ ਨੇ ਜ਼ੋਰਦਾਰ ਅਸਰ ਪਾਇਆ ਹੈ ਕਿ; ਹਰੇਕ ਵਰਤਾਰੇ ਨੂੰ ਧਾਰਮਿਕ ਫਿਰਕਿਆਂ ਵਾਲੇ ਸ਼ੀਸ਼ਿਆਂ ਨਾਲ ਦੇਖਿਆ ਜਾਵੇ; ਕਿ ਮੁਸਲਮਾਨ ਭਾਰਤੀ ਹਿਤਾਂ ਖਿਲਾਫ ਸਾਜ਼ਿਸ ਘੜ ਰਹੇ ਹਨ; ਐਥੋਂ ਤੱਥ ਕਿ 'ਕਰੋਨਾ ਜਹਾਦ' ਵਰਗੇ ਸ਼ਬਦ ਵੀ ਮਸ਼ਹੂਰ ਕੀਤੇ ਗਏ ਅਤੇ ਕਿਸੇ ਵੀ ਸਰਕਾਰ ਨੇ ਇਸ ਗੰਦੇ ਫਿਰਕੂ ਵਾਇਰਸ ਦੀ ਸਿਰੀ ਨੱਪਣ ਲਈ ਕੋਈ ਯਤਨ ਨਹੀਂ ਕੀਤਾ। ਇਹੋ ਜਿਹੀ ਬਦਨਾਮ ਨਾਮਕਰਣ ਕੋਈ ਨਵੀਂ ਗੱਲ ਨਹੀਂ ਹੈ ਪਰ ਇਸ ਦੀ ਖਿੱਚ ਦਾ ਨੋਟਿਸ ਲੈਣਾ ਬਣਦਾ ਹੈ ਕਿਉਂਕਿ ਇਸ ਨੇ ਸਿੱਧੇ ਤੌਰ 'ਤੇ ਪਹਿਲਾਂ ਤੋਂ ਚਲਦੀ ਫਿਰਕੂ ਸਫਬੰਦੀ ਨੂੰ ਹੋਰ ਤੇਜ਼ ਕੀਤਾ ਹੈ। ਅੱਜ ਅਸੀਂ ਦੇਸ਼ ਦੇ ਬਹੁਤ ਹਿੱਸਿਆਂ ਅੰਦਰ ਮੁਸਲਮ ਭਾਈਚਾਰੇ ਦਾ ਸਮਾਜਕ-ਆਰਥਕ ਬਾਈਕਾਟ ਕਰਨ ਦੀ ਕਗਾਰ ਤੇ ਖੜ੍ਹੇ ਹਾਂ। ਇੱਕ ਵਾਰ ਅਗਰ ਅਜਿਹਾ ਹੋ ਗਿਆ ਤਾਂ ਪਿਛਲੇ ਸੌ ਸਾਲਾਂ ਤੋਂ ਸਮਾਜਿਕ ਦੂਰੀਆਂ ਬਨਾਉਣ ਦਾ ਕਿਆਸਿਆ ਜਾ ਰਿਹਾ ਟੀਚਾ ਸਾਡੇ ਸਾਹਮਣੇ ਹੋਵੇਗਾ।

ਇਸਦੇ ਬਰਾਬਰ ਦਾ ਹੀ ਫਿਕਰਬੰਦੀ ਦਾ ਮਸਲਾ ਇਹ ਵੀ ਹੈ ਕਿ ਘਰੀਂ ਤਾੜੇ ਜਾਣ ਨਾਲ ਜਮਾਤੀ ਪਾੜੇ ਦੇ ਹੋਰ ਹਕੀਕੀ, ਹੋਰ ਤਿੱਖੇ ਹੋਣ ਅਤੇ ਸਿਆਸੀ ਤੌਰ 'ਤੇ ਬੇਫਜ਼ੂਲ ਹੋ ਜਾਣ ਦਾ ਰੂਪ ਧਾਰਨ ਕਰ ਜਾਣਾ ਹੈ। ਖੁੰਡੇਬੰਦੀ ਦੇ ਇਸ ਅਮਲ ਨੂੰ ਭਾਰਤੀ ਮੱਧ-ਵਰਗ ਤੋਂ ਜੋ ਹਮਾਇਤ ਮਿਲੀ ਹੈ ਉਸ ਨੂੰ ਸਿਰਫ ਇਸ ਵਰਗ ਦੇ ਸਿੱਧੜ ਪੁਣੇ ਦੇ ਪੱਖ ਤੋਂ ਹੀ ਨੋਟ ਕਰਨਾ ਦਰੁੱਸਤ ਨਹੀਂ, ਸਗੋਂ ਇਸ ਵਰਗ ਵੱਲੋਂ ਆਪਣੇ ਆਪ ਤੋਂ ਬਗੈਰ ਸਮਾਜ ਅੰਦਰ ਕਿਸੇ ਹੋਰ ਨਾਲ ਕੋਈ ਸਬੰਧ ਨਾ ਹੋਣ ਨੂੰ ਮਾਨਤਾ ਦਿੰਦੇ ਹੋਣ ਨੂੰ ਵੀ ਨੋਟ ਕਰਨ ਵਾਲਾ ਹੈ। ਪਿਛਲੇ ਚਾਰ ਹਫਤਿਆਂ ਦੌਰਾਨ ਕਿਸੇ ਥਾਂ ਤੋਂ ਉਜੜ ਜਾਣ, ਤੋੜਿਆਂ-ਤੱਪਿਆਂ ਤੇ ਭੁੱਖਮਰੀ ਅਤੇ ਮਜ਼ਦੂਰਾਂ ਦੇ ਫਸ ਜਾਣ ਦੀਆਂ ਦੀਆਂ ਅਨੇਕਾਂ ਗਾਥਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਪਰ ਮੱਧ ਵਰਗ ਦੀ ਜ਼ਮੀਰ ਨੇ ਇਸ ਦਰਦ ਨੂੰ ਮਹਿਸੂਸ ਕਰਨ ਦੀ ਲੋੜ ਨਹੀਂ ਸਮਝੀ। ਮੱਧ ਵਰਗ ਤਰਤ-ਫੁਰਤ ਪੁੰਨ-ਅਰਥ ਦੀਆਂ ਵਿਅਕਤੀਗਤ ਕਾਰਵਾਈਆਂ ਕਰਕੇ, ਭਲੇ ਦੇ ਜਸ਼ਨਾਂ ਮਨਾ-ਮਨੂਕੇ ਓਨੀ ਹੀ ਤੇਜ਼ੀ ਨਾਲ ਪੀੜਤਾਂ ਨੂੰ ਭੁੱਲ-ਭੁਲਾ ਜਾਂਦਾ ਹਾਂ। ਗਰੀਬਾਂ ਦੀ ਅਤੇ ਗ਼ੁਰਬਤ ਦੀ ਸਿਆਸਤ ਦੀ ਚਰਚਾ ਕਰਨ ਦੀ ਕੋਈ ਲੋੜ ਨਹੀਂ ਸਮਝੀ ਜਾਂਦੀ। ਸਿਆਸਤ ਨੇ ਇਹ ਮੰਗ ਕਦੇ ਮੰਗ ਨਹੀਂ ਕੀਤੀ ਕਿ ਕਰੋਨਾ ਮਹਾਂਮਾਰੀ ਖਿਲਾਫ ਉਠਾਏ ਜਾਣ ਵਾਲੇ ਕਦਮਾਂ ਅੰਦਰ ਪਹਿਲ ਪ੍ਰਿਥਮੇਂ ਕਮਜ਼ੋਰ ਤਬਕਿਆਂ ਨੂੰ ਆਉਣ ਵਾਲੀਆਂ ਔਕੜਾਂ ਨੂੰ ਸੰਬੋਧਿਤ ਹੁੰਦੀ ਕੋਈ ਢੁੱਕਵੀਂ ਨੀਤੀ ਲਈ ਵੀ ਕੋਈ ਥਾਂ ਹੋਣੀ ਚਾਹੀਦੀ ਹੈ। ਇਸ ਦਾ ਅਰਥ ਇਹ ਨਹੀਂ ਕਿ ਭਾਰਤੀ ਸਿਆਸਤ ਗਰੀਬਾਂ ਪ੍ਰਤੀ ਪਹਿਲਾਂ ਕਦੇ ਵੀ ਸੰਵੇਦਨਸ਼ੀਲ ਨਹੀਂ ਰਹੀ ਪ੍ਰੰਤੂ ਹੁਣ ਵੋਟ ਸਿਆਸਤ ਰਾਹੀਂ ਪੱਕੀ ਜਿੱਤ ਹਾਸਲ ਕਰਨ ਦੀ ਕੋਈ ਸੰਭਾਵਨਾ ਵੀ ਸਿਆਸੀ ਪਾਰਟੀਆਂ ਨੂੰ ਗਰੀਬਾਂ ਦੇ ਹੱਕਾਂ ਲਈ ਲੜਣ ਵੱਲ ਨੂੰ ਨਹੀਂ ਧੱਕਦੀ।

ਬਹੁ-ਗਿਣਤੀ ਭਾਈਚਾਰੇ ਤੇ ਘੱਟ-ਗਿਣਤੀ ਦਰਮਿਆਨ ਅਤੇ ਆਵਦੀ ਗੱਲ ਕਹਿਣ ਵਾਲੀਆਂ ਤੇ ਅਸਰ-ਰਸੂਖ ਵਾਲੀਆਂ ਜਮਾਤਾਂ ਅਤੇ ਗਰੀਬ ਜਨਸਮੂਹਾਂ ਦਰਮਿਆਨ ਮੌਜੂਦ ਦੋ-ਧਾਰੀ ਦੂਰੀਆਂ ਜਮਹੂਰੀਅਤ ਨੂੰ ਬੌਣਾ ਕਰਨ ਦੀਆਂ ਲੋੜਾਂ ਦੇ ਐਨ ਫਿੱਟ ਬੈਠਦੀਆਂ ਹਨ। ਬਹੁ-ਗਿਣਤੀ ਅਤੇ ਮੱਧ-ਵਰਗ ਆਧਾਰ ਵਾਲੇ ਸਮਾਜਕ ਵਾਤਾਵਰਣ ਅੰਦਰ ਜਮਹੂਰੀਅਤ ਦੀ ਥਾਂ ਹਮੇਸ਼ਾਂ ਹਾਸ਼ੀਏ ਉਪਰ ਹੀ ਰਹੇਗੀ ਭਾਂਵੇ ਕਿ ਉਹ ਨਾਮਨਿਹਾਦ ਦੀ ਹੱਦ ਤੱਕ ਨਾ ਵੀ ਧੱਕੀ ਜਾਵੇ। ਅਸੀਂ ਇਸ ਜੰਗ ਨੂੰ ਇਸ ਸੁਖਾਲੇ ਕਥਣ "ਜਾਨ ਹੈ ਤਾਂ ਜਹਾਨ ਹੈ" ਨਾਲ ਸ਼ੁਰੂ ਕੀਤਾ ਸੀ। ਪਰ ਬਾਦ ਚ ਅਸੀਂ ਇਸਨੂੰ "ਜਾਨ ਅਤੇ ਜਹਾਨ ਵਿੱਚ ਬਦਲਣ ਰਾਹੀਂ ਹੁਣ ਸਾਨੂੰ ਲੱਗਣ ਲੱਗ ਪਿਆ ਹੈ ਕਿ ਅਸੀਂ ਜਿੰਦਗੀ ਅਤੇ ਜੀਵਿਕਾ ਦੋਵਾਂ ਤੋਂ ਹੀ ਹੱਥ ਧੋਣ ਜਾ ਰਹੇ ਹਾਂ। ਇਸ ਹਕੀਕੀ ਸੰਭਾਵਨਾ ਦੇ ਐਨ ਵਿਚਕਾਰ ਇਹ ਤਿੰਨ ਹੋਕਰੇ ਸਾਨੂੰ ਲਗਾਤਾਰ ਸਤਾ ਰਹੇ ਹਨ: ਜਮਹੂਰੀਅਤ ਨੂੰ ਖੋਰਾ ਲਾਓ, ਧਾਰਮਿਕ ਆਸਥਾਵਾਂ ਦਰਮਿਆਨ ਪਾੜੇ ਵਧਾਓ ਅਤੇ ਗਰੀਬਾਂ ਤੋਂ ਕਿਨਾਰਾਕਸ਼ੀ ਕਰੋ। ਕੀ ਅਜਿਹੀ ਹੋਵੇਗੀ ਲਾਕਡਾਊਨ ਤੋਂ ਬਾਅਦ ਵਾਲੀ ਜ਼ਿੰਦਗੀ ਦੀ ਇਹ ਹਕੀਕੀ ਤਸਵੀਰ?

**(ਸੁਹਾਸ ਪਲਸ਼ੀਕਰ ਸਾਵਿੱਤਰੀਬਾਈ ਫੂਲੇ ਪੂਨਾ ਯੂਨੀਵਰਸਿਟੀ ਵਿਖੇ ਪੋਲਿਟੀਕਲ ਸਾਇੰਸ ਪੜ੍ਹਾਉਂਦਾ ਰਿਹਾ ਹੈ ਅਤੇ ਹੁਣ ਸਟੱਡੀਜ਼ ਇਨ ਇੰਡੀਅਨ ਪਾਲਿਟਿਕਸ ਦਾ ਚੀਫ਼-ਐਡੀਟਰ ਹੈ। ਉਸਦਾ ਇਹ ਲੇਖ ਇੰਡੀਅਨ ਐਕਸਪ੍ਰੇਸ ਦੇ 22 ਅਪ੍ਰੈਲ 2020 ਦੇ ਅੰਕ ਚ ਛਪਿਆ ਸੀ)**

**ਅਨੁਵਾਦ ਪ੍ਰਿਤਪਾਲ ਸਿੰਘ**

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

# "ਇਸ ਤੋਂ ਪਹਿਲਾਂ ਕਿ ਤੁਹਾਡੀ ਵਾਰੀ ਆ ਜਾਵੇ, ਤੁਸੀਂ ਜ਼ਰੂਰ ਬੋਲੋਗੇ"

## ਜੇਲ ਜਾਣ ਤੋਂ ਪਹਿਲਾਂ, ਦੋ ਉੱਘੇ ਬੁੱਧੀਜੀਵੀਆਂ ਵੱਲੋਂ ਭਾਰਤ ਦੇ ਲੋਕਾਂ ਦੇ ਨਾਮ ਲਿਖੀਆਂ ਖੁੱਲੀਆਂ ਚਿੱਠੀਆਂ ਦਾ ਪੈਗ਼ਾਮ

**ਪੇਸ਼ਕਸ਼: ਬੂਟਾ ਸਿੰਘ**





16 ਮਾਰਚ 2020 ਨੂੰ ਸੁਪਰੀਮ ਕੋਰਟ ਵੱਲੋਂ ਦੋ ਸਿਰਕੱਢ ਬੁੱਧੀਜੀਵੀਆਂ ਅਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਗੌਤਮ ਨਵਲੱਖਾ ਅਤੇ ਪ੍ਰੋਫੈਸਰ ਆਨੰਦ ਤੇਲਤੁੰਬੜੇ ਦੀ ਜ਼ਮਾਨਤ ਦੀ ਅਰਜ਼ੀ ਬਰਖ਼ਾਸਤ ਕਰ ਦਿੱਤੀ ਗਈ ਸੀ। ਉਹਨਾਂ ਨੂੰ ਭੀਮਾ ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਹੋਰ ਲੋਕਪੱਖੀ ਬੁੱਧੀਜੀਵੀਆਂ ਅਤੇ ਚਿੰਤਕਾਂ ਦੇ ਨਾਲ ਫਸਾਇਆ ਗਿਆ ਹੈ ਜੋ ਅਗਸਤ 2018 ਤੋਂ ਜੇਲ੍ਹ ਵਿਚ ਬੰਦ ਹਨ। ਜਮਹੂਰੀ ਹੱਕਾਂ ਦੀ ਇਕ ਮੋਹਰੀ ਜਥੇਬੰਦੀ, ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੇ ਇਕ ਬਾਨੀ ਮੈਂਬਰ ਗੌਤਮ ਨਵਲੱਖਾ ਜਮਹੂਰੀ ਹੱਕਾਂ ਦੀ ਲਹਿਰ ਦੇ ਪ੍ਰਮੁੱਖ ਘੁਲਾਟੀਏ ਹਨ ਜੋ ਕਸ਼ਮੀਰ ਸਮੇਤ ਕੌਮੀਅਤਾਂ ਲਹਿਰਾਂ ਦੇ ਨਾਲ ਨਾਲ ਮਾਓਵਾਦੀ ਇਲਾਕਿਆਂ ਵਿਚ ਮਨੁੱਖੀ ਹੱਕਾਂ ਦੇ ਘਾਣ ਦਾ ਪਰਦਾਫਾਸ਼ ਕਰਨ ਵਾਲੀ ਬੁਲੰਦ ਆਵਾਜ਼ ਵਜੋਂ ਸਦਾ ਮੋਹਰਲੀ ਕਤਾਰ ਵਿਚ ਰਹੇ ਹਨ। ਉਹ ਤਿੰਨ ਦਹਾਕੇ ਭਾਰਤ ਦੇ ਚੋਟੀ ਦੇ ਬੌਧਿਕ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦੇ ਸਲਾਹਕਾਰ ਸੰਪਾਦਕ ਵੀ ਰਹਿ ਚੁੱਕੇ ਹਨ। 30 ਦੇ ਕਰੀਬ ਖੋਜ ਭਰਪੂਰ ਕਿਤਾਬਾਂ ਦੇ ਰਚੇਤਾ ਪ੍ਰੋਫੈਸਰ ਆਨੰਦ ਤੇਲਤੁੰਬੜੇ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਦੇ ਪ੍ਰੋਫੈਸਰ, ਮਸ਼ਹੂਰ ਦਲਿਤ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਦੇ ਕਾਰਕੁੰਨ ਹਨ ਜੋ ਮੁਲਕ ਦੀਆਂ ਕਈ ਆਹਲਾ ਸਿੱਖਿਆ ਸੰਸਥਾਵਾਂ ਵਿਚ ਅਧਿਆਪਨ ਦੀਆਂ ਸੇਵਾਵਾਂ ਦੇ ਚੁੱਕੇ ਹਨ। ਪ੍ਰੋਫੈਸਰ ਵਰਾਵਰਾ ਰਾਓ, ਪ੍ਰੋਫੈਸਰ ਸ਼ੋਮਾ ਸੇਨ, ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ਼, ਐਡਵੋਕੇਟ ਸੁਧਾ ਭਾਰਦਵਾਜ, ਐਡਵੋਕੇਟ ਸੁਰਿੰਦਰ ਗੈਡਲਿੰਗ, ਐਡਵੋਕੇਟ ਅਰੁਣ ਫ਼ਰੇਰਾ, ਕਾਰਕੁੰਨ ਰੋਨਾ ਵਿਲਸਨ, ਕਾਰਕੁੰਨ ਮਹੇਸ਼ ਰਾਵਤ, ਪੱਤਰਕਾਰ ਸੁਧੀਰ ਧਾਵਲੇ ਨੂੰ ਜੂਨ ਅਤੇ ਅਗਸਤ 2018 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਉਸ ਵਕਤ ਚਾਰ ਚੋਟੀ ਦੇ ਬੁੱਧੀਜੀਵੀਆਂ ਵੱਲੋਂ ਕਾਨੂੰਨੀ ਪੈਰਵਾਈ ਕਰਨ ਦੇ ਨਤੀਜੇ ਵਜੋਂ ਸੁਪਰੀਮ ਕੋਰਟ ਵੱਲੋਂ ਕਾਨੂੰਨੀ ਮੋਹਲਤ ਦਿੱਤੇ ਜਾਣ ਕਾਰਨ ਨਵਲੱਖਾ ਅਤੇ ਆਨੰਦ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਣ ਵਿਚ ਮਹਾਂਰਾਸ਼ਟਰ ਪੁਲਿਸ ਕਾਮਯਾਬ ਨਹੀਂ ਸੀ ਹੋਈ। ਉਸ ਤੋਂ ਬਾਦ ਡਿਫੈਂਸ ਵਕੀਲਾਂ ਅਤੇ ਸੱਤਾ ਦੇ ਕਾਨੂੰਨੀ ਮਾਹਰਾਂ ਦਰਮਿਆਨ ਅਦਾਲਤਾਂ ਵਿਚ ਲਗਾਤਾਰ ਜ਼ੋਰ-ਆਜ਼ਮਾਈ ਚੱਲਦੀ ਰਹੀ। ਆਖ਼ਿਰ 16 ਮਾਰਚ ਨੂੰ ਸੁਪਰੀਮ ਕੋਰਟ ਨੇ ਦੋਨਾਂ ਬੁੱਧੀਜੀਵੀਆਂ ਦੀ ਜ਼ਮਾਨਤ ਦੀ ਮੋਹਲਤ ਖ਼ਤਮ ਕਰਕੇ ਉਹਨਾਂ ਨੂੰ ਕੌਮੀ ਜਾਂਚ ਏਜੰਸੀ ਅੱਗੇ ਆਤਮ-ਸਮਰਪਣ ਕਰਨ ਦਾ ਫ਼ਰਮਾਨ ਸੁਣਾ ਦਿੱਤਾ। ਯਾਦ ਰਹੇ ਕਿ ਇਕ ਪਾਸੇ ਸੁਪਰੀਮ ਕੋਰਟ ਨੇ ਕਰੋਨਾ ਮਹਾਂਮਾਰੀ ਦੇ ਖ਼ਤਰੇ ਦੇ ਮੱਦੇਨਜ਼ਰ ਜੇਲ੍ਹਾਂ ਵਿੱਚੋਂ ਕੈਦੀਆਂ ਨੂੰ ਅੰਤ੍ਰਿਮ ਜ਼ਮਾਨਤ ਅਤੇ ਪੈਰੋਲ ਉੱਪਰ ਰਿਹਾਅ ਕਰਨ ਦੀ ਹਦਾਇਤ ਕੀਤੀ ਹੈ ਜਿਸ ਤਹਿਤ ਬਹੁਤ ਸਾਰੇ ਇਖ਼ਲਾਕੀ ਕੈਦੀਆਂ ਅਤੇ ਕੁਛ ਕੁ ਸਿਆਸੀ ਕੈਦੀਆਂ ਨੂੰ ਉਹਨਾਂ ਦੇ ਘਰਾਂ ਵਿਚ ਭੇਜ ਦਿੱਤਾ ਗਿਆ ਹੈ। ਦੂਜੇ ਪਾਸੇ, ਇਹ ਪਤਾ ਹੋਣ ਦੇ ਬਾਵਜੂਦ ਵੀ ਕਿ ਇਹਨਾਂ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨ ਲਈ ਹੀ ਇਹਨਾਂ ਉੱਪਰ ਇਹ ਪੂਰੀ ਤਰ੍ਹਾਂ ਝੂਠਾ ਕੇਸ ਪਾਇਆ ਗਿਆ ਹੈ, ਗ੍ਰਿਫ਼ਤਾਰੀਆਂ ਨੂੰ ਸੁਪਰੀਮ ਕੋਰਟ ਨੇ ਲੌਕਡਾਊਨ ਦੇ ਘੇਰੇ ਵਿਚ ਨਹੀਂ ਲਿਆਂਦਾ। ਸੁਪਰੀਮ ਕੋਰਟ ਨੇ ਲੌਕਡਾਊਨ ਦੌਰਾਨ ਹੀ ਦੋਨਾਂ ਬੁੱਧੀਜੀਵੀਆਂ ਨੂੰ ਜਾਂਚ ਏਜੰਸੀਆਂ ਦੀ ਹਿਰਾਸਤ ਵਿਚ ਭੇਜ ਦਿੱਤਾ ਹੈ। ਜਿੱਥੇ ਕਿ ਪਹਿਲਾਂ ਹੀ ਭਾਰਤੀ ਜੇਲ੍ਹਾਂ ਵਿਚ ਸਮਰੱਥਾ ਤੋਂ ਕਿਤੇ ਜ਼ਿਆਦਾ ਕੈਦੀ ਅਤੇ ਹਵਾਲਾਤੀ ਡੱਕੇ ਹੋਏ ਹਨ ਅਤੇ ਉਹਨਾਂ ਦੇ ਭਿਆਨਕ ਮਹਾਂਮਾਰੀ ਦੀ ਲਪੇਟ ਵਿਚ ਆਉਣ ਦਾ ਖ਼ਤਰਾ ਬਣਿਆ ਹੋਇਆ ਹੈ। ਮਹਾਂਰਾਸ਼ਟਰ ਅਤੇ ਇਸ ਦਾ ਪੂਨੇ ਖੇਤਰ ਪਹਿਲਾਂ ਹੀ ਕਰੋਨਾ ਮਹਾਂਮਾਰੀ ਦੇ ਹੌਟਸਪੌਟ ਐਲਾਨੇ ਗਏ ਹਨ ਜਿੱਥੇ ਇਹਨਾਂ ਦੋਨਾਂ ਬੁੱਧੀਜੀਵੀਆਂ ਨੂੰ ਜੇਲ੍ਹ ਵਿਚ ਭੇਜਿਆ ਜਾਣਾ ਹੈ ਅਤੇ ਜਿੱਥੇ ਬਾਕੀ ਬੁੱਧੀਜੀਵੀਆਂ ਤੇ ਕਾਰਕੁੰਨਾਂ ਨੂੰ ਬੰਦ ਕੀਤਾ ਹੋਇਆ ਹੈ। ਇਸ ਅਦਾਲਤੀ ਫ਼ੈਸਲੇ ਮੁਤਾਬਿਕ 14 ਅਪਰੈਲ ਨੂੰ ਦੋਨੋਂ ਬੁੱਧੀਜੀਵੀ ਐੱਨ.ਆਈ.ਏ. ਅੱਗੇ ਪੇਸ਼ ਹੋ ਗਏ ਅਤੇ ਹੁਣ ਉਹ ਕੌਮੀ ਜਾਂਚ ਏਜੰਸੀ ਦੀ ਹਿਰਾਸਤ ਵਿਚ ਹਨ। ਐੱਨ.ਆਈ.ਏ. ਅੱਗੇ ਪੇਸ਼ ਹੋਣ ਤੋਂ ਪਹਿਲਾਂ ਆਨੰਦ ਤੇਲਤੁੰਬੜੇ ਅਤੇ ਗੌਤਮ ਨਵਲੱਖਾ ਨੇ ਮੁਲਕ ਵਾਸੀਆਂ ਦੇ ਨਾਮ ਸੰਦੇਸ਼ ਲਿਖੇ। ਇਹ ਸੰਦੇਸ਼ ਜਮਹੂਰੀ ਹੱਕਾਂ ਪ੍ਰਤੀ ਉਹਨਾਂ ਦੀ ਡੂੰਘੀ ਨਿਹਚਾ ਦੇ ਦਸਤਾਵੇਜ਼ੀ ਸਬੂਤ ਹਨ ਅਤੇ ਇਹ ਦੁਨੀਆ ਭਰ ਦੇ ਇਨਸਾਫ਼ਪਸੰਦ ਲੋਕਾਂ ਤੋਂ ਭਾਰਤੀ ਰਾਜ ਦੇ ਇਸ ਫਾਸ਼ੀਵਾਦੀ ਹਮਲੇ ਵਿਰੁੱਧ ਹੋਰ ਵੀ ਸ਼ਿੱਦਤ ਅਤੇ ਗੰਭੀਰਤਾ ਨਾਲ ਆਵਾਜ਼ ਉਠਾਉਣ ਦੀ ਆਸ ਕਰਦੇ ਹਨ। ਆਓ ਦੇਖੀਏ, ਇਹਨਾਂ ਚਿੱਠੀਆਂ ਵਿਚ ਦੋਨੋ ਸ਼ਖਸੀਅਤਾਂ ਨੇ ਕੀ ਲਿਖਿਆ ਹੈ:

### ਆਨੰਦ ਤੇਲਤੁੰਬੜੇ ਦੀ ਖੁੱਲ੍ਹੀ ਚਿੱਠੀ

ਮੈਂ ਇਸ ਗੱਲ ਤੋਂ ਭਲੀਭਾਂਤ ਵਾਕਫ਼ ਹਾਂ ਕਿ ਭਾਵੇਂ ਮੇਰੀ ਇਹ ਗੱਲ ਭਾਜਪਾ-ਆਰ.ਐੱਸ.ਐੱਸ. ਗੱਠਜੋੜ ਤੇ ਉਨ੍ਹਾਂ ਦੇ ਜੁੱਤੀਚੱਟ ਮੀਡੀਆ ਵੱਲੋਂ ਮਚਾਏ ਸ਼ੋਰ ਵਿਚ ਡੁੱਬ ਕੇ ਰਹਿ ਜਾਵੇਗੀ ਫਿਰ ਵੀ ਮੈਂ ਸੋਚਦਾ ਹਾਂ ਕਿ ਤੁਹਾਡੇ ਨਾਲ ਆਪਣੀ ਗੱਲ ਸਾਂਝੀ ਕਰਨਾ ਠੀਕ ਰਹੇਗਾ ਕਿਉਂਕਿ ਮੈਂ ਨਹੀਂ ਜਾਣਦਾ ਕਿ ਮੈਨੂੰ ਫੇਰ ਕਦੇ ਮੌਕਾ ਮਿਲੇਗਾ ਜਾਂ ਨਹੀਂ।

ਅਗਸਤ 2018 ਤੋਂ ਲੈ ਕੇ, ਜਦ ਗੋਆ ਇੰਸਚੀਚਿਊਟ ਆੱਫ ਮੈਨੇਜਮੈਂਟ ਦੇ ਫੈਕਲਟੀ ਹਾਊਸਿੰਗ ਕੰਪਲੈਕਸ ਵਿਖੇ ਮੇਰੇ ਘਰ ਵਿਚ ਛਾਪਾ ਮਾਰਿਆ ਗਿਆ, ਉਦੋਂ ਤੋਂ ਲੈ ਕੇ ਮੇਰੀ ਪੂਰੀ ਦੁਨੀਆ ਹੀ ਅਸਤ-ਵਿਅਸਤ ਹੋ ਗਈ ਹੈ। ਉਸ ਮਗਰੋਂ ਜੋ ਘਟਨਾਵਾਂ ਮੇਰੇ ਨਾਲ ਵਾਪਰਨ ਲੱਗੀਆਂ, ਮੈਂ ਕਦੇ ਸੁਪਨੇ ਵਿਚ ਵੀ ਉਹਨਾਂ ਦੀ ਕਲਪਨਾ ਨਹੀਂ ਕੀਤੀ ਸੀ। ਹਾਲਾਂ ਕਿ ਮੈਂ ਜਾਣਦਾ ਸੀ ਕਿ ਪੁਲਿਸ ਮੇਰੇ ਲੈਕਚਰ ਆਯੋਜਿਤ ਕਰਨ ਵਾਲਿਆਂ ਕੋਲ ਗੇੜੇ ਮਾਰਦੀ ਰਹਿੰਦੀ ਸੀ, ਜ਼ਿਆਦਾਤਰ ਯੂਨੀਵਰਸਿਟੀਆਂ ਵਾਲਿਆਂ ਕੋਲ ਅਤੇ ਮੇਰੇ ਬਾਰੇ ਪੁੱਛਗਿੱਛ ਕਰ ਕੇ ਉਹਨਾਂ ਨੂੰ ਡਰਾਉਂਦੀ ਰਹਿੰਦੀ ਸੀ। ਮੈਂ ਸੋਚਦਾ ਰਿਹਾ ਕਿ ਸ਼ਾਇਦ ਉਹਨਾਂ ਨੂੰ ਮੇਰੇ ਬਾਰੇ ਮੇਰੇ ਭਰਾ ਨੂੰ ਲੈ ਕੇ ਗ਼ਲਤਫ਼ਹਿਮੀ ਹੋਈ ਹੋ ਸਕਦੀ ਹੈ, ਜੋ ਕਈ ਸਾਲ ਪਹਿਲਾਂ ਸਾਡੇ ਪਰਿਵਾਰ ਨੂੰ ਛੱਡ ਕੇ ਚਲਾ ਗਿਆ ਸੀ।

ਜਦ ਮੈਂ ਆਈ.ਆਈ.ਟੀ. ਖੜਗਪੁਰ ਵਿਚ ਪੜ੍ਹਾ ਰਿਹਾ ਸੀ ਤਾਂ ਬੀ.ਐੱਸ.ਐੱਨ.ਐੱਲ. ਦੇ ਇਕ ਅਧਿਕਾਰੀ ਨੇ ਮੈਨੂੰ ਫ਼ੋਨ ਕੀਤਾ। ਉਸ ਨੇ ਆਪਣਾ ਤੁਆਰਫ਼ ਮੇਰੇ ਪ੍ਰਸ਼ੰਸਕ ਅਤੇ ਸ਼ੁਭਚਿੰਤਕ ਵਜੋਂ ਕਰਵਾ ਕੇ ਮੈਨੂੰ ਮੇਰਾ ਫ਼ੋਨ ਟੈਪ ਕੀਤੇ ਜਾਣ ਬਾਰੇ ਚੁਕੰਨਾ ਕੀਤਾ। ਮੈਂ ਉਸ ਦਾ ਧੰਨਵਾਦ ਕੀਤਾ ਲੇਕਿਨ ਇਸ ਨੂੰ ਲੈ ਕੇ ਕੋਈ ਚਾਰਾਜਾਈ ਨਹੀਂ ਕੀਤੀ, ਇੱਥੋਂ ਤਕ ਕਿ ਆਪਣਾ ਫ਼ੋਨ ਸਿੰਮ ਵੀ ਨਹੀਂ ਬਦਲਿਆ। ਇਹਨਾਂ ਕਾਰਵਾਈਆਂ ਨੇ ਮੈਨੂੰ ਪ੍ਰੇਸ਼ਾਨ ਤਾਂ ਕੀਤਾ, ਲੇਕਿਨ ਮੈਂ ਖ਼ੁਦ ਨੂੰ ਧਰਵਾਸ ਦੇ ਲਿਆ ਕਿ ਇਸ ਨਾਲ ਸ਼ਾਇਦ ਪੁਲਿਸ ਨੂੰ ਸਮਝ ਆ ਜਾਵੇ ਕਿ ਮੈਂ ਇਕ ਸਾਧਾਰਨ ਬੰਦਾ ਹੀ ਹਾਂ ਅਤੇ ਮੇਰੇ ਕਾਰ-ਵਿਹਾਰ ਵਿਚ ਰਤਾ ਵੀ ਗੈਰ-ਕਾਨੂੰਨੀ ਅੰਸ਼ ਨਹੀਂ ਹੈ।

ਪੁਲਿਸ ਆਮ ਹੀ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਨੂੰ ਨਾਪਸੰਦ ਕਰਦੀ ਹੈ ਕਿਉਂਕਿ ਉਹ ਪੁਲਿਸ ਨੂੰ ਸਵਾਲ ਕਰਦੇ ਹਨ। ਮੈਂ ਸੋਚਦਾ ਕਿ ਸ਼ਾਇਦ ਇਸ ਦੀ ਵਜ੍ਹਾ ਮੇਰਾ ਉਸ ਕਬੀਲੇ ਨਾਲ ਜੁੜੇ ਹੋਣਾ ਹੋਵੇ। ਲੇਕਿਨ ਫੇਰ ਮੈਂ ਖ਼ੁਦ ਨੂੰ ਦਿਲਾਸਾ ਦੇ ਲੈਂਦਾ ਕਿ ਸ਼ਾਇਦ ਉਹਨਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਇਹ ਭੂਮਿਕਾ ਨਿਭਾਉਣੀ ਵੀ ਮੇਰੇ ਵੱਸ ਦੀ ਗੱਲ ਨਹੀਂ ਹੈ ਕਿਉਂਕਿ ਮੈਂ ਪੂਰਾ ਸਮਾਂ ਆਪਣੀ ਨੌਕਰੀ ਨੂੰ ਦੇ ਰਿਹਾ ਹਾਂ।

ਪਰ ਇਕ ਦਿਨ ਜਦ ਸੁਵੱਖਤੇ ਹੀ ਮੈਨੂੰ ਸਾਡੀ ਸੰਸਥਾ ਦੇ ਡਾਇਰੈਕਟਰ ਨੇ ਫ਼ੋਨ ਕਰਕੇ ਦੱਸਿਆ ਕਿ ਪੁਲਿਸ ਨੇ ਸਾਡੇ ਕੈਂਪਸ ਵਿਚ ਛਾਪਾ ਮਾਰਿਆ ਹੈ ਅਤੇ ਉਹ ਮੇਰੀ ਭਾਲ ਕਰ ਰਹੇ ਸਨ, ਤਾਂ ਬਿੰਦ ਕੁ ਲਈ ਤਾਂ ਮੈਂ ਸੁੰਨ ਹੀ ਹੋ ਗਿਆ। ਮੈਂ ਕਿਸੇ ਦਫ਼ਤਰੀ ਕੰਮ ਸੰਬੰਧੀ ਥੋੜ੍ਹਾ ਚਿਰ ਪਹਿਲਾਂ ਹੀ ਮੁੰਬਈ ਆਇਆ ਸੀ ਤੇ ਮੇਰੀ ਪਤਨੀ ਮੇਰੇ ਤੋਂ ਥੋੜ੍ਹਾ ਪਹਿਲਾਂ ਹੀ ਆਈ ਸੀ। ਲੇਕਿਨ ਜਿਉਂ ਹੀ ਮੈਨੂੰ ਉਨ੍ਹਾਂ ਵਿਅਕਤੀਆਂ ਦੀਆਂ ਗ੍ਰਿਫ਼ਤਾਰੀਆਂ ਦੀ ਭਿਣਕ ਪਈ ਜਿਨ੍ਹਾਂ ਦੇ ਘਰਾਂ ਵਿਚ ਉਸ ਦਿਨ ਛਾਪੇ ਮਾਰੇ ਗਏ ਸਨ ਤਾਂ ਮੈਂ ਇਹ ਸੋਚ ਕੇ ਕੰਬ ਗਿਆ ਕਿ ਮੈਂ ਤਾਂ ਵੈਸੇ ਹੀ ਇਸ ਹਸ਼ਰ ਤੋਂ ਬਚ ਗਿਆ।

ਪੁਲਿਸ ਮੇਰਾ ਥਾਂ-ਟਿਕਾਣਾ ਜਾਣਦੀ ਸੀ ਅਤੇ ਮੈਨੂੰ ਗ੍ਰਿਫ਼ਤਾਰ ਵੀ ਕਰ ਸਕਦੀ ਸੀ ਲੇਕਿਨ ਫਿਰ ਵੀ ਪਤਾ ਨਹੀਂ ਉਹਨਾਂ ਨੇ ਮੈਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਕਾਰਨ ਤਾਂ ਉਹੀ ਜਾਣਦੇ ਹੋਣਗੇ। ਉਹਨਾਂ ਨੇ ਸਕਿਊਰਟੀ ਗਾਰਡ ਤੋਂ ਧੱਕੇ ਨਾਲ ਸਾਡੇ ਘਰ ਦੀ ਦੂਜੀ ਚਾਬੀ ਲੈ ਕੇ ਇਸ ਖੋਲ੍ਹਿਆ ਜ਼ਰੂਰ, ਲੇਕਿਨ ਸਿਰਫ਼ ਵੀਡੀਓ ਬਣਾ ਕੇ ਮੁੜ ਜੰਦਰਾ ਲਾ ਦਿੱਤਾ।

ਇੱਥੋਂ ਸਾਡੇ 'ਤੇ ਬਿਪਤਾ ਸ਼ੁਰੂ ਹੋ ਜਾਂਦੀ ਹੈ। ਆਪਣੇ ਵਕੀਲਾਂ ਦੀ ਸਲਾਹ ਲੈ ਕੇ ਮੇਰੀ ਪਤਨੀ ਨੇ ਗੋਆ ਨੂੰ ਜਾਣ ਵਾਲੀ ਅਗਲੀ ਫਲਾਈਟ ਲੈ ਲਈ ਅਤੇ ਉੱਥੇ ਪਹੁੰਚ ਕੇ ਬਿਚੋਲਿੰਮ ਪੁਲਿਸ ਥਾਣੇ ਵਿਚ ਇਸ ਬਾਰੇ ਸ਼ਿਕਾਇਤ ਦਰਜ ਕਰਵਾ ਦਿੱਤੀ ਕਿ ਪੁਲਿਸ ਨੇ ਸਾਡੀ ਗੈਰ-ਹਾਜ਼ਰੀ ਵਿਚ ਸਾਡੇ ਘਰ ਦੀ ਤਲਾਸ਼ੀ ਲਈ ਹੈ ਤੇ ਜੇ ਉਹਨਾਂ ਨੇ ਉੱਥੇ ਕੋਈ ਚੀਜ਼ ਰੱਖ ਦਿੱਤੀ ਹੋਈ ਤਾਂ ਅਸੀਂ ਉਸ ਦੇ ਬਿਲਕੁਲ ਜ਼ਿੰਮੇਵਾਰ ਨਹੀਂ ਹੋਵਾਂਗੇ। ਉਸ ਨੇ ਆਪ ਹੀ ਪੁਲਿਸ ਨੂੰ ਸਾਡੇ ਫ਼ੋਨ ਨੰਬਰ ਦੇ ਦਿੱਤੇ ਤਾਂ ਜੁ ਜੇ ਉਹ ਸਾਡੇ ਤੋਂ ਕੋਈ ਪੁੱਛਗਿੱਛ ਕਰਨੀ ਚਾਹੁਣ ਤਾਂ ਕਰ ਲੈਣ।

ਪੁਲਿਸ ਨੇ ਪ੍ਰੈੱਸ ਕਾਨਫਰੰਸਾਂ ਕਰਕੇ ਮਨਘੜਤ ਮਾਓਵਾਦੀ ਕਹਾਣੀ ਦੇ ਸਨਸਨੀਖੇਜ਼ ਖ਼ੁਲਾਸੇ ਕਰਨ ਦਾ ਅਜੀਬ ਸਿਲਸਿਲਾ ਵਿੱਢ ਦਿੱਤਾ। ਇਹ ਜ਼ਾਹਰਾ ਤੌਰ 'ਤੇ ਆਪਣੇ ਪਿੱਠੂ ਮੀਡੀਆ ਦੀ ਮਦਦ ਨਾਲ ਮੇਰੇ ਅਤੇ ਗ੍ਰਿਫ਼ਤਾਰ ਕੀਤੇ ਬਾਕੀਆਂ ਬਾਰੇ ਭਰਮ ਫੈਲਾ ਕੇ ਸਾਡਾ ਅਕਸ ਵਿਗਾੜਣ ਲਈ ਕੀਤਾ ਗਿਆ। 31 ਅਗਸਤ, 2018 ਨੂੰ ਐਸੀ ਇਕ ਪ੍ਰੈੱਸ ਕਾਨਫਰੰਸ ਵਿਚ ਇਕ ਪੁਲਿਸ ਅਧਿਕਾਰੀ ਨੇ ਮੇਰੇ ਖ਼ਿਲਾਫ਼ ਬਤੌਰ ਸਬੂਤ ਇਕ ਚਿੱਠੀ ਪੇਸ਼ ਕੀਤੀ ਜਿਸ ਬਾਰੇ ਕਿਹਾ ਗਿਆ ਕਿ ਇਹ ਉਹਨਾਂ ਨੂੰ ਪਹਿਲਾਂ ਗ੍ਰਿਫ਼ਤਾਰ ਕੀਤੇ ਇਕ ਵਿਅਕਤੀ ਦੇ ਕੰਪਿਊਟਰ ਵਿੱਚੋਂ ਮਿਲੀ ਸੀ। ਇਹ ਚਿੱਠੀ ਇਕ ਅਕਾਦਮਿਕ ਕਾਨਫਰੰਸ ਬਾਰੇ ਜਾਣਕਾਰੀ ਨੂੰ ਤੋੜ-ਮਰੋੜ ਕੇ ਬਣਾਈ ਗਈ ਸੀ ਜਿਸ ਵਿਚ ਮੈਂ ਹਿੱਸਾ ਲਿਆ ਸੀ, ਇਹ ਜਾਣਕਾਰੀ ਅਮਰੀਕਨ ਯੂਨੀਵਰਸਿਟੀ ਆੱਫ ਪੈਰਿਸ ਦੀ ਵੈੱਬਸਾਈਟ ਉੱਪਰ ਮੌਜੂਦ ਸੀ। ਪਹਿਲਾਂ ਤਾਂ ਮੈਂ ਇਸ ਨੂੰ ਹੱਸ ਕੇ ਹੋਊ ਪਰੇ ਕਰ ਦਿੱਤਾ, ਫਿਰ ਮੈਂ ਇਸ ਅਫ਼ਸਰ ਦੇ ਖ਼ਿਲਾਫ਼ ਸਿਵਲ ਅਤੇ ਫ਼ੌਜਦਾਰੀ ਮਾਣਹਾਨੀ ਦਾ ਮੁਕੱਦਮਾ ਕਰਨ ਦਾ ਫ਼ੈਸਲਾ ਕੀਤਾ ਅਤੇ 5 ਸਤੰਬਰ, 2018 ਨੂੰ ਕਾਨੂੰਨੀ ਪ੍ਰਕਿਰਿਆ ਦੇ ਮੁਤਾਬਿਕ ਇਸ ਬਾਬਤ ਕਾਰਵਾਈ ਕਰਨ ਲਈ ਮਹਾਂਰਾਸ਼ਟਰ ਸਰਕਾਰ ਨੂੰ ਚਿੱਠੀ ਲਿਖ ਦਿੱਤੀ। ਹੁਣ ਤਕ ਵੀ ਸਰਕਾਰ ਵੱਲੋਂ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਹਾਈ ਕੋਰਟ ਵੱਲੋਂ ਤਾੜਨਾ ਕੀਤੇ ਜਾਣ ਤੋਂ ਪੁਲਿਸ ਅਫ਼ਸਰਾਂ ਨੇ ਇਹ ਪ੍ਰੈੱਸ ਕਾਨਫਰੰਸਾਂ ਬੰਦ ਕਰ



**Punjabi Rang Radio**
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com



# ਗੌਤਮ ਨਵਲੱਖਾ ਦੀ ਚਿੱਠੀ

ਜਦ ਮੈਂ ਦਿੱਲੀ ਵਿਚਲੇ ਐੱਨਆਈਏ ਦੇ ਸਦਰ ਮੁਕਾਮ ਸਾਹਮਣੇ ਆਤਮਸਮਰਪਣ ਕਰਨ ਲਈ ਰਵਾਨਾ ਹੋਣ ਦੀ ਤਿਆਰੀ ਕਰ ਰਿਹਾ ਹਾਂ, ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਇੰਦਰਾ ਬੈਨਰਜੀ ਨੇ 8 ਅਪ੍ਰੈਲ 2020 ਨੂੰ ਆਦੇਸ਼ ਜਾਰੀ ਕਰਕੇ ਮੈਨੂੰ ਇਕ ਹੋਰ ਹਫ਼ਤੇ ਦੀ ਆਜ਼ਾਦੀ ਦੇ ਦਿੱਤੀ ਸੀ। ਆਜ਼ਾਦੀ ਦੇ ਉਸ ਇਕ ਹਫ਼ਤੇ ਦਾ ਮਤਲਬ ਇਸ ਲੌਕਡਾਊਨ ਦੇ ਦੌਰ ਵਿਚ ਮੇਰੇ ਲਈ ਬਹੁਤ ਕੁਛ ਹੈ। ਉਹਨਾਂ ਦੇ ਇਸ ਆਦੇਸ਼ ਨੇ ਸਰਵਉੱਚ ਅਦਾਲਤ ਦੇ 16 ਮਾਰਚ ਦੇ ਆਦੇਸ਼ ਦਾ ਪਾਲਣ ਕਰਨ ’ਚ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰ ਦਿੱਤਾ, ਜਿਸ ਦੇ ਮੁਤਾਬਿਕ ਮੈਨੂੰ ਐੱਨਆਈਏ ਮੁੰਬਈ ਅੱਗੇ 6 ਅਪ੍ਰੈਲ ਤਕ ਆਤਮ-ਸਮਰਪਣ ਕਰਨਾ ਪੈਣਾ ਸੀ। ਇਸ ਤੋਂ ਬਾਦ ਲਾਗੂ ਹੋਏ ਲੌਕਡਾਊਨ ਨੇ ਮੈਨੂੰ ਸਫ਼ਰ ਕਰਨ ਤੋਂ ਰੋਕ ਦਿੱਤਾ। ਇਸ ਤੋਂ ਇਲਾਵਾ ਐੱਨਆਈਏ (ਮੁੰਬਈ) ਵੱਲੋਂ ਕੋਈ ਨਿਰਦੇਸ਼ ਨਹੀਂ ਆਇਆ ਸੀ ਕਿ ਮੈਨੂੰ ਇਹਨਾਂ ਹਾਲਾਤ ਵਿਚ ਕੀ ਕਰਨਾ ਚਾਹੀਦਾ ਹੈ। ਹੁਣ ਮੈਨੂੰ ਪਤਾ ਹੈ ਕਿ ਹੁਣ ਮੈਂ ਦਿੱਲੀ ਵਿਚਲੇ ਐੱਨਆਈਏ ਸਦਰ-ਮੁਕਾਮ ਵਿਚ ਜਾ ਕੇ ਆਤਮ-ਸਮਰਪਣ ਕਰਨਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨੇ ਕੋਵਿਡ-19 ਮਹਾਂਮਾਰੀ ਨਾਲ ਪੈਦਾ ਹੋਈ ਇਸ ਚੁਣੌਤੀ ਦੀ ਤੁਲਨਾ “ਕੌਮੀ ਐਮਰਜੈਂਸੀ” ਦੀ ਹਾਲਤ ਨਾਲ ਕੀਤੀ ਹੈ। ਇਸ ਦਰਮਿਆਨ ਹਾਲ ਹੀ ਵਿਚ ਸਰਵਉੱਚ ਅਦਾਲਤ ਨੇ ਜੇਲ੍ਹਾਂ ਦੇ ਮੰਦੇ ਹਾਲਾਤ ਦੇ ਮਾਮਲੇ ’ਚ ਦਖ਼ਲ ਦਿੱਤਾ ਹੈ, ਅਤੇ ਜੇਲ੍ਹ ਦੇ ਕੈਦੀਆਂ ਦੇ ਭੀੜ-ਭੜੱਕੇ ਅਤੇ ਨਜ਼ਰਬੰਦ ਲੋਕਾਂ ਨੂੰ ਦਰਪੇਸ਼ ਖ਼ਤਰੇ ਦੇ ਨਾਲ ਜੇਲ੍ਹ ਦੀ ਡਿਊਟੀ ਦੇ ਰਹੇ ਜੇਲ੍ਹ ਮੁਲਾਜ਼ਮਾਂ ਅਤੇ ਹੋਰ ਮੁਲਾਜ਼ਮਾਂ ਬਾਬਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਸਨ। ਹਾਲਾਂਕਿ ਅਜੇ ਤਕ ਕਿਸੇ ਵੀ ਜੇਲ੍ਹ ਵਿਚ ਕੋਵਿਡ-19 ਇਨਫੈਕਸ਼ਨ ਦਾ ਕੋਈ ਮਾਮਲਾ ਉਜਾਗਰ ਨਹੀਂ ਹੋਇਆ ਹੈ, ਇਹ ਹਾਲਾਤ ਮੇਰੇ ਲਈ ਕੁਛ ਹੱਦ ਤਕ ਧਰਵਾਸ ਦੇਣ ਵਾਲੇ ਹਨ, ਲੇਕਿਨ ਇਹ ਫ਼ਿਕਰਮੰਦੀ ਫਿਰ ਵੀ ਬਣੀ ਹੋਈ ਹੈ। ਹਾਲਾਂਕਿ, ਮੇਰੇ ਉੱਪਰ ਉਸ ਡਰ ਦਾ ਅਸਰ ਜ਼ਰੂਰ ਹੈ ਜਿਸ ਨੂੰ ਲੈ ਕੇ ਕੋਵਿਡ-19 ਦਰਮਿਆਨ ਮੇਰੇ ਸੱਜਣ-ਮਿੱਤਰ ਅਤੇ ਹੋਰ ਪਿਆਰੇ ਮੇਰੀ ਕੈਦ ਨੂੰ ਲੈ ਕੇ ਪ੍ਰੇਸ਼ਾਨ ਹਨ। ਮੈਂ ਇਸ ਗੱਲੋਂ ਨਿਰਾਸ਼ ਹੋਣ ਤੋਂ ਸਿਵਾਏ ਹੋਰ ਕਰ ਵੀ ਕੀ ਸਕਦਾ ਹਾਂ ਕਿ ਸੁਪਰੀਮ ਕੋਰਟ ਦੇ 8 ਅਪ੍ਰੈਲ ਦੇ ਆਦੇਸ਼ ਵਿਚ ਉਸ ਕੋਵਿਡ-19 ਮਹਾਂਮਾਰੀ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦਾ ਕੋਈ ਹਵਾਲਾ ਨਹੀਂ ਸੀ, ਜਿਸ ਨੇ ਭਾਰਤ ਵਿਚ ਸਾਡੇ ਸਾਰੇ ਲੋਕਾਂ ਸਮੇਤ ਕੁਲ ਆਲਮ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ।

ਹਾਲਾਂਕਿ, ਮੈਂ ਹੁਣ ਉਸ ਹਕੀਕੀ ਕਾਨੂੰਨੀ ਅਮਲ ਦਾ ਸਾਹਮਣਾ ਕਰਨਾ ਸ਼ੁਰੂ ਕਰ ਸਕਦਾ ਹਾਂ, ਉਹਨਾਂ ਮਾਮਲਿਆਂ ਸਮੇਤ ਜਿਹਨਾਂ ਵਿਚ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂਏਪੀਏ) ਲਗਾਇਆ ਗਿਆ ਹੈ। ਐਸੇ ਕਾਨੂੰਨ ਆਮ ਨਿਆਂਸ਼ਾਸਤਰ ਦੇ ਤੌਰ-ਤਰੀਕੇ ਨੂੰ ਉਲਟ-ਪੁਲਟ ਕਰ ਦਿੰਦੇ ਹਨ। ਹੁਣ ਇਹ ਸਵੈਸਿੱਧ ਕਹਾਵਤ ਵੀ ਨਹੀਂ ਰਹਿ ਗਈ ਕਿ “ਕੋਈ ਵਿਅਕਤੀ ਉਦੋਂ ਤਕ ਨਿਰਦੋਸ਼ ਹੁੰਦਾ ਹੈ ਜਦ ਤਕ ਕਿ ਉਹ ਦੋਸ਼ੀ ਸਾਬਤ ਨਾ ਹੋ ਜਾਵੇ”। ਸਚਾਈ ਤਾਂ ਇਹੀ ਹੈ ਕਿ ਐਸੇ ਕਾਨੂੰਨਾਂ ਦੇ ਤਹਿਤ, “ਕੋਈ ਮੁਲਜ਼ਮ ਉਦੋਂ ਤਕ ਦੋਸ਼ੀ ਹੁੰਦਾ ਹੈ, ਜਦ ਤਕ ਕਿ ਉਹ ਖ਼ੁਦ ਨੂੰ ਨਿਰਦੋਸ਼ ਸਾਬਤ ਨਹੀਂ ਕਰ ਦਿੰਦਾ”।

ਯੂਏਪੀਏ ਦੀ ਕਠੋਰ ਵਿਵਸਥਾ ਤਹਿਤ ਦਿੱਤੀ ਜਾਣ ਵਾਲੀ ਸਖ਼ਤ ਸਜ਼ਾ ਨੂੰ ਦੇਖਦੇ ਹੋਏ ਸਬੂਤ, ਖ਼ਾਸ ਕਰਕੇ ਇਲੈਕਟ੍ਰਾਨਿਕ ਗਵਾਹੀ ਨੂੰ ਲੈ ਕੇ ਸਖ਼ਤ ਪ੍ਰਕਿਰਿਆਵਾਂ ਅਖ਼ਤਿਆਰ ਨਹੀਂ ਕੀਤੀਆਂ ਜਾਂਦੀਆਂ; ਉਹ ਪ੍ਰਕਿਰਿਆਵਾਂ, ਜੋ ਉਂਞ ਗਵਾਹੀ ਦੇ ਸਿਲਸਿਲੇ ਵਿਚ ਸਖ਼ਤ ਨੇਮਾਂ ਦੀ ਵਿਵਸਥਾ ਕਰਦੀਆਂ ਹਨ, ਇਸ ਦੀ ਬਜਾਏ ਇਸ ਮਾਮਲੇ ਵਿਚ ਨੇਮਾਂ ਦੀ ਵਿਵਸਥਾ ਨੂੰ ਲਚਕੀਲੀ ਬਣਾਇਆ ਜਾਂਦਾ ਹੈ। ਇਸ ਦੋਹਰੇ ਝਟਕੇ ਤਹਿਤ ਜੇਲ੍ਹ ਆਦਰਸ਼ ਬਣ ਜਾਂਦੀ ਹੈ, ਅਤੇ ਜ਼ਮਾਨਤ ਇਕ ਅੱਪਵਾਦ ਬਣ ਕੇ ਰਹਿ ਜਾਂਦੀ ਹੈ। ਕਾਫ਼ਕਾ ਦੀ ਕਾਲਪਨਿਕ ਦੁਨੀਆ ਦੀ ਤਰ੍ਹਾਂ ਇਸ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਂਦੀ ਹੈ।

ਮੇਰੇ ਆਪਣੇ ਅਤੇ ਮੇਰੇ ਸਹਿ-ਮੁਲਜ਼ਮਾਂ ਨੂੰ ਲੈ ਕੇ ਮੇਰੀ ਉਮੀਦ ਮੁਕੱਦਮੇ ਦੀ ਤੇਜ਼ ਅਤੇ ਨਿਰਪੱਖ ਸੁਣਵਾਈ ਉੱਪਰ ਟਿਕੀ ਹੋਈ ਹੈ। ਇਹੀ ਮੈਨੂੰ ਆਪਣੇ ਨਾਮ ਉੱਪਰ ਲੱਗਿਆ ਧੱਬਾ ਲਾਹੁਣ ਅਤੇ ਆਜ਼ਾਦ ਵਿਚਰਨ ਦੇ ਕਾਬਲ ਬਣਾਏਗਾ, ਨਾਲ ਹੀ ਇਹ ਮੈਨੂੰ ਆਪ ਸਹੇੜੀਆਂ ਆਦਤਾਂ ਤੋਂ ਛੁਟਕਾਰਾ ਪਾਉਣ ਦੇ ਲਈ ਜੇਲ੍ਹ ਦੇ ਸਮੇਂ ਦਾ ਸਹੀ ਇਸਤੇਮਾਲ ਕਰਨ ਦੇ ਸਮਰੱਥ ਵੀ ਬਣਾਏਗਾ। ਤਕ ਤਕ, “ਕੀ ਤੁਸੀਂ ਆਜ਼ਾਦੀ ਦੇ ਇਹਨਾਂ ਨਗਮਿਆਂ ਨੂੰ ਗਾਉਣ ਵਿਚ ਮੇਰੀ ਮਦਦ ਨਹੀਂ ਕਰੋਗੇ – ’ਕੌਜ ਆਲ ਆਈ ਐਵਰ ਹੈਵ ਏ ਰਿਡੈਂਪਸ਼ਨ ਸੌਂਗ – ਆਜ਼ਾਦੀ ਦੇ ਇਹ ਗੀਤ ...” (ਬੌਬ ਮਾਰਲੇ)

**ਗੌਤਮ ਨਵਲੱਖਾ, 14 ਅਪ੍ਰੈਲ 2020, ਨਵੀਂ ਦਿੱਲੀ।**

ਦਿੱਤੀਆਂ।

ਇਸ ਪੂਰੇ ਮਾਮਲੇ ਵਿਚ ਆਰਐੱਸਐੱਸ ਦਾ ਹੱਥ ਹੋਣ ਦੀ ਗੱਲ ਗੁੱਝੀ ਨਹੀਂ। ਮੇਰੇ ਮਰਾਠੀ ਮਿੱਤਰਾਂ ਨੇ ਮੈਨੂੰ ਦੱਸਿਆ ਕਿ ਸੰਘ ਦੇ ਇਕ ਕਾਰਿੰਦੇ, ਰਮੇਸ਼ ਪਤਾਂਗੇ ਨੇ ਅਪ੍ਰੈਲ 2015 ’ਚ ਸੰਘ ਦੇ ਤਰਜ਼ਮਾਨ ਰਸਾਲੇ ਪੰਚਜਨਯ ਵਿਚ ਮੈਨੂੰ ਨਿਸ਼ਾਨਾ ਬਣਾਉਂਦੇ ਹੋਏ ਇਕ ਲੇਖ ਲਿਖਿਆ ਸੀ। ਉਸ ਵਿਚ ਮੇਰੇ ਨਾਲ ਅਰੁੰਧਤੀ ਰਾਏ ਅਤੇ ਗੇਲ ਓਮਵੈੱਟ ਨੂੰ “ਮਾਯਾਵੀ ਅੰਬੇਡਕਰਵਾਦੀ” ਦੱਸਿਆ ਗਿਆ ਸੀ।ਹਿੰਦੂ ਮਿਥਿਹਾਸ ਵਿਚ “ਮਾਯਾਵੀ” ਸ਼ਬਦ ਐਸੇ ਬਦੀ ਦੇ ਚਿੰਨ੍ਹ ਰਾਖਸ਼ਾਂ ਲਈ ਵਰਤਿਆ ਜਾਂਦਾ ਹੈ ਜਿਹਨਾਂ ਨੂੰ ਖ਼ਤਮ ਕਰਨਾ ਜ਼ਰੂਰੀ ਹੈ।

ਸੁਪਰੀਮ ਕੋਰਟ ਤੋਂ ਸੁਰੱਖਿਆ ਮਿਲੀ ਹੋਣ ਦੇ ਬਾਵਜੂਦ ਵੀ ਜਦ ਪੂਨੇ ਪੁਲਿਸ ਨੇ ਮੈਨੂੰ ਗ਼ੈਰਕਾਨੂੰਨੀ ਤਰੀਕੇ ਨਾਲ ਗ੍ਰਿਫ਼ਤਾਰ ਕਰ ਲਿਆ ਉਦੋਂ ਵੀ ਹਿੰਦੂਤਵ ਦੇ ਸਾਈਬਰ ਗੈਂਗ ਵੱਲੋਂ ਮੇਰੇ ਬਾਰੇ ਵਿਕੀਪੀਡੀਆ ਪੇਜ ਨੂੰ ਨਿਸ਼ਾਨਾ ਬਣਾ ਕੇ ਉੱਥੇ ਪਾਈ ਗਈ ਜਾਣਕਾਰੀ ਤੋੜ-ਮਰੋੜ ਦਿੱਤੀ ਗਈ। ਇਹ ਆਨਲਾਈਨ ਪੇਜ ਇਕ ਜਨਤਕ ਪੇਜ ਹੈ ਤੇ ਕਈ ਸਾਲ ਤਾਂ ਮੈਨੂੰ ਖ਼ੁਦ ਨੂੰ ਵੀ ਇਸ ਦਾ ਕੋਈ ਇਲਮ ਨਹੀਂ ਸੀ। ਉਹਨਾਂ ਨੇ ਪਹਿਲਾਂ ਸਾਰੀ ਜਾਣਕਾਰੀ ਮਿਟਾ ਦਿੱਤੀ ਅਤੇ ਸਿਰਫ਼ ਐਸੀਆਂ ਗੱਲਾਂ ਲਿਖ ਦਿੱਤੀਆਂ ਕਿ “ਇਸਦਾ ਭਰਾ ਮਾਓਵਾਦੀ ਹੈ... ਇਸਦੇ ਘਰ ਛਾਪੇ ਮਾਰੇ ਗਏ ਹਨ... ਇਸ ਦੇ ਮਾਓਵਾਦੀਆਂ ਨਾਲ ਸੰਬੰਧ ਹਨ” ਵਗੈਰਾ-ਵਗੈਰਾ। ਕੁਝ ਵਿਦਿਆਰਥੀਆਂ ਨੇ ਬਾਦ ਵਿਚ ਮੈਨੂੰ ਦੱਸਿਆ ਕਿ ਜਦ ਵੀ ਉਹ ਇਸ ਪੇਜ ਦੇ ਡੇਟਾ ਨੂੰ ਪਹਿਲੀ ਹਾਲਤ ਵਿਚ ਮੁੜ ਬਹਾਲ ਕਰਨ ਦੀ ਕੋਸ਼ਿਸ਼ ਕਰਦੇ ਜਾਂ ਇਸਨੂੰ ਸੰਪਾਦਤ ਕਰਦੇ, ਸੰਘ ਦਾ ਆਨਲਾਈਨ ਗਿਰੋਹ ਤੁਰੰਤ ਆ ਝਪਟਦਾ ਅਤੇ ਸਭ ਕੁਛ ਮਿਟਾ ਕੇ ਅਪਮਾਨਜਨਕ ਜਾਣਕਾਰੀ ਮੁੜ ਉੱਥੇ ਘੁਸੇੜ ਦਿੰਦਾ। ਆਖ਼ਿਰਕਾਰ ਵਿਕੀਪੀਡੀਆ ਦੇ ਦਖ਼ਲ ਦੇਣ ਤੋਂ ਬਾਅਦ ਇਹ ਪੇਜ ਸਥਾਈ ਬਣਾ ਦਿੱਤਾ ਗਿਆ ਜਦਕਿ ਉਹਨਾਂ ਵੱਲੋਂ ਕੀਤੀਆਂ ਕਈ ਘਟੀਆ ਟਿੱਪਣੀਆਂ ਉੱਥੇ ਅਜੇ ਵੀ ਰਹਿਣ ਦਿੱਤੀਆਂ ਗਈਆਂ।

ਇੱਧਰ ਮੀਡੀਆ ਦੇ ਰਾਹੀਂ ਵੱਖਰਾ ਹਮਲਾ ਕੀਤਾ ਗਿਆ, ਆਰ.ਐੱਸ.ਐੱਸ. ਦੇ ਅਖੌਤੀ ਨਕਸਲ ਮਾਹਿਰਾਂ ਵੱਲੋਂ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਗਈਆਂ। ਇਨ੍ਹਾਂ ਚੈਨਲਾਂ ਵਿਰੁੱਧ ਮੈਂ ਜੋ ਸ਼ਿਕਾਇਤਾਂ ਕੀਤੀਆਂ, ਇੱਥੋਂ ਤੱਕ ਕਿ ਇੰਡੀਆ ਬਰਾਡਕਾਸਟਿੰਗ ਫਾਊਂਡੇਸ਼ਨ ਨੂੰ ਵੀ ਜੋ ਸ਼ਿਕਾਇਤ ਭੇਜੀ ਗਈ, ਉਹਨਾਂ ਦਾ ਅੱਜ ਤਕ ਕੋਈ ਜਵਾਬ ਨਹੀਂ ਦਿੱਤਾ ਗਿਆ। ਫਿਰ ਅਕਤੂਬਰ 2019 ਵਿਚ, ਪੈਗਾਸਸ ਜਾਸੂਸੀ ਦਾ ਖ਼ੁਲਾਸਾ ਹੋਇਆ ਕਿ ਸਰਕਾਰ ਵੱਲੋਂ ਮੇਰੇ ਸਮੇਤ ਕਈਆਂ ਦੇ ਫ਼ੋਨਾਂ ਵਿਚ ਖ਼ਤਰਨਾਕ ਇਜ਼ਰਾਇਲੀ ਸਪਾਈਵੇਅਰ ਪਾਇਆ ਗਿਆ ਸੀ। ਮੀਡੀਆ ਵਿਚ ਥੋੜ੍ਹਾ ਹੋ-ਹੱਲਾ ਮੱਚਿਆ ਫਿਰ ਇਹ ਗੰਭੀਰ ਮਾਮਲਾ ਵੀ ਦਫ਼ਨ ਹੋ ਗਿਆ।

ਮੈਂ ਇਕ ਸਧਾਰਨ ਮਨੁੱਖ ਹਾਂ ਅਤੇ ਈਮਾਨਦਾਰੀ ਨਾਲ ਰੋਟੀ-ਰੋਜ਼ੀ ਕਮਾ ਕੇ ਜ਼ਿੰਦਗੀ ਗੁਜ਼ਾਰ ਰਿਹਾ ਹਾਂ ਅਤੇ ਜਿੱਥੋਂ ਤਕ ਸੰਭਵ ਹੋਵੇ ਆਪਣੀਆਂ ਲਿਖਤਾਂ ਰਾਹੀਂ ਅਵਾਮ ਨੂੰ ਆਪਣੇ ਹਾਸਲ ਗਿਆਨ ਨਾਲ ਜਾਗਰੂਕ ਕਰਨ ’ਚ ਸਹਾਇਤਾ ਕਰਦਾ ਹਾਂ। ਮੇਰਾ ਕਾਰਪੋਰੇਟ ਜਗਤ ਵਿੱਚ ਵੱਖ ਵੱਖ ਭੂਮਿਕਾਵਾਂ ਨਿਭਾਉਂਦੇ ਹੋਏ, ਬਤੌਰ ਇਕ ਅਧਿਆਪਕ, ਬਤੌਰ ਇਕ ਨਾਗਰਿਕ ਅਧਿਕਾਰ ਕਾਰਕੁੰਨ ਅਤੇ ਬਤੌਰ ਇਕ ਅਵਾਮੀ ਬੁੱਧੀਜੀਵੀ ਇਸ ਮੁਲਕ ਦੀ ਖ਼ਿਦਮਤ ਵਿਚ ਪੰਜ ਦਹਾਕਿਆਂ ਦਾ ਬੇਦਾਗ਼ ਰਿਕਾਰਡ ਰਿਹਾ ਹੈ। ਮੇਰੀਆਂ ਲਿਖੀਆਂ ਲਿਖਤਾਂ ਵਿਚ 30 ਤੋਂ ਉੱਪਰ ਕਿਤਾਬਾਂ, ਬਹੁਤ ਸਾਰੇ ਪਰਚੇ, ਲੇਖ, ਟਿੱਪਣੀਆਂ, ਕਾਲਮ, ਇੰਟਰਵਿਊ ਹਨ ਜੋ ਅੰਤਰਰਾਸ਼ਟਰੀ ਪੱਧਰ ’ਤੇ ਛਪ ਚੁੱਕੀਆਂ ਹਨ, ਇਨ੍ਹਾਂ ਵਿਚ ਕਿਤੇ ਵੀ ਹਿੰਸਾ ਦੀ ਹਮਾਇਤ ਜਾਂ ਕਿਸੇ ਭੰਨਤੋੜਵਾਦੀ ਲਹਿਰ ਦੇ ਹੱਕ ਵਿਚ ਕੁਛ ਵੀ ਲਿਖਿਆ ਨਹੀਂ ਮਿਲੇਗਾ।

ਲੇਕਿਨ ਮੇਰੀ ਜ਼ਿੰਦਗੀ ਦੇ ਆਖ਼ਰੀ ਹਿੱਸੇ ਵਿਚ ਮੇਰੇ ਉੱਪਰ ਯੂ.ਏ.ਪੀ.ਏ. ਲਗਾ ਕੇ ਮੈਨੂੰ ਇਕ ਘਿਣਾਉਣੇ ਜੁਰਮ ਦਾ ਭਾਗੀ ਬਣਾ ਦਿੱਤਾ ਗਿਆ ਹੈ। ਮੇਰੇ ਵਰਗਾ ਇਕ ਸਧਾਰਨ ਬੰਦਾ ਸਰਕਾਰ ਅਤੇ ਉਸ ਦੇ ਹੱਥਠੋਕਾ ਮੀਡੀਆ ਦੇ ਧੂੰਆਂਧਾਰ ਕੂੜ ਪ੍ਰਚਾਰ ਦਾ ਮੁਕਾਬਲਾ ਨਹੀਂ ਕਰ ਸਕਦਾ। ਇਸ ਮਾਮਲੇ ਦੇ ਚੋਖੇ ਵੇਰਵੇ ਇੰਟਰਨੈੱਟ ਉੱਪਰ ਮਿਲ ਜਾਂਦੇ ਹਨ ਅਤੇ ਜੋ ਕਿਸੇ ਵੀ ਬੰਦੇ ਲਈ ਇਹ ਸਮਝਣ ਲਈ ਕਾਫ਼ੀ ਹਨ ਕਿ ਇਹ ਝੂਠਾ ਮਾਮਲਾ ਕਿੰਨਾ ਥੋਥਾ ਅਤੇ ਮੁਜਰਮਾਨਾ ਮਨਸ਼ਾ ਨਾਲ ਘੜਿਆ ਗਿਆ ਹੈ।

ਕੁਲ ਹਿੰਦ ਸਿੱਖਿਆ ਅਧਿਕਾਰ ਮੰਚ ਦੀ ਵੈੱਬਸਾਈਟ ਉੱਪਰ ਪਾਇਆ ਗਿਆ ਇਕ ਸੰਖੇਪ ਨੋਟ ਪੜ੍ਹਿਆ ਜਾ ਸਕਦਾ ਹੈ। ਤੁਹਾਡਾ ਸਹੂਲਤ ਲਈ ਮੈਂ ਉਸ ਦਾ ਨਿਚੋੜ ਇੱਥੇ ਦੇ ਰਿਹਾ ਹਾਂ: ਇਸ ਕੇਸ ਵਿੱਚ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਦੋ ਜਣਿਆਂ ਦੇ ਕੰਪਿਊਟਰਾਂ ਵਿੱਚੋਂ ਪੁਲਿਸ ਵੱਲੋਂ ਕਥਿਤ ਤੌਰ ’ਤੇ ਬਰਾਮਦ ਹੋਈਆਂ 13 ਚਿੱਠੀਆਂ ਵਿੱਚੋਂ 5 ਦੇ ਆਧਾਰ ’ਤੇ ਮੈਨੂੰ ਫਸਾਇਆ ਜਾ ਰਿਹਾ ਹੈ। ਮੇਰੇ ਕੋਲੋਂ ਕੁਝ ਵੀ ਬਰਾਮਦ ਨਹੀਂ ਕੀਤਾ ਗਿਆ ਹੈ। ਉਸ ਚਿੱਠੀ ਵਿਚ “ਆਨੰਦ” ਦਾ ਜ਼ਿਕਰ ਕੀਤਾ ਗਿਆ ਹੈ, ਜੋ ਕਿ ਭਾਰਤ ਵਿਚ ਇਕ ਆਮ ਨਾਮ ਹੈ, ਲੇਕਿਨ ਪੁਲਿਸ ਨੇ ਕੋਈ ਛਾਣਬੀਣ ਕੀਤੇ ਬਗ਼ੈਰ ਹੀ ਦਾਅਵਾ ਕਰ ਦਿੱਤਾ ਇਹ “ਆਨੰਦ” ਮੈਂ ਹਾਂ।

ਇਹਨਾਂ ਚਿੱਠੀਆਂ ਦੇ ਰੂਪ ਅਤੇ ਤੱਤ ਨੂੰ ਮਾਹਿਰਾਂ ਵੱਲੋਂ ਰੱਦ ਕਰ ਦਿੱਤੇ ਜਾਣ ਦੇ ਬਾਵਜੂਦ, ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਇਕ ਜੱਜ ਵੱਲੋਂ ਵੀ ਸਬੂਤਾਂ ਦੇ ਸੁਭਾਅ ਬਾਰੇ ਸਵਾਲ ਉਠਾਏ ਅਤੇ ਇੰਞ ਕਰਨ ਵਾਲਾ ਉਹ ਇਕੋਇਕ ਜੱਜ ਸੀ, ਉਸ ਸਮੱਗਰੀ ਵਿਚ ਕਿਤੇ ਵੀ ਐਸੀ ਗੱਲ ਨਹੀਂ ਲੱਭਦੀ ਜਿਸ ਨੂੰ ਆਧਾਰ ਬਣਾ ਕੇ ਕੋਈ ਮਾਮੂਲੀ ਜੁਰਮ ਵੀ ਸਾਬਤ ਕੀਤਾ ਜਾ ਸਕਦਾ ਹੋਵੇ। ਇਸ ਦੇ ਬਾਵਜੂਦ, ਯੂ.ਏ.ਪੀ.ਏ. ਦੀ ਕਠੋਰ ਕਾਨੂੰਨੀ ਵਿਵਸਥਾ ਦੀ ਓਟ ਲੈ ਕੇ ਮੈਨੂੰ ਜੇਲ ਭੇਜਿਆ ਜਾ ਰਿਹਾ ਹੈ ਕਿਉਂਕਿ ਯੂ.ਏ.ਪੀ.ਏ. ਤਹਿਤ ਮੁਲਜ਼ਮ ਬਣਾਇਆ ਵਿਅਕਤੀ ਆਪਣੀ ਕਾਨੂੰਨੀ ਰਾਖੀ ਕਰਨ ਤੋਂ ਬੇਵੱਸ ਹੋ ਜਾਂਦਾ ਹੈ।


ਸਮਝਣ ਦੀ ਖ਼ਾਤਰ ਮਾਮਲੇ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ: ਅਚਾਨਕ, ਪੁਲਿਸ ਦੀ ਇਕ ਟੋਲੀ ਤੁਹਾਡੇ ਘਰ ਆ ਧਮਕਦੀ ਹੈ ਅਤੇ ਤੁਹਾਨੂੰ ਬਿਨਾਂ ਕੋਈ ਵਾਰੰਟ ਦਿਖਾਏ ਘਰ ਦੇ ਸਮਾਨ ਦੀ ਫਰੋਲਾ ਫਰਾਲੀ ਕਰਨਾ ਸ਼ੁਰੂ ਕਰ ਦਿੰਦੀ ਹੈ। ਅਖ਼ੀਰ ਤੁਹਾਨੂੰ ਗਿਫ਼ਤਾਰ ਕਰ ਕੇ ਲੈ ਜਾਂਦੇ ਹਨ ਅਤੇ ਹਵਾਲਾਤ ਵਿਚ ਡੱਕ ਦਿੱਤਾ ਜਾਂਦਾ ਹੈ। ਅਦਾਲਤ ਵਿਚ ਪੁਲਿਸ ਕਹਿੰਦੀ ਹੈ ਕਿ ਇਕ ਚੋਰੀ ਦੇ ਮਾਮਲੇ ਦੀ (ਜਾਂ ਕਿਸੇ ਸ਼ਿਕਾਇਤ ਦੀ) ਤਫਤੀਸ਼ ਦੇ ਦੌਰਾਨ ਫਲਾਣੀ ਜਗ੍ਹਾ ਤੋਂ (ਇਹ ਜਗ੍ਹਾ ਭਾਰਤ ਵਿਚ ਕੋਈ ਵੀ ਹੋ ਸਕਦੀ ਹੈ) ਪੁਲਿਸ ਨੇ ਫਲਾਣੇ ਬੰਦੇ (ਇੱਥੇ ਕੋਈ ਵੀ ਨਾਮ ਭਰਿਆ ਜਾ ਸਕਦਾ ਹੈ) ਇਕ ਪੈੱਨ ਡਰਾਈਵ ਜਾਂ ਇਕ ਕੰਪਿਊਟਰ ਬਰਾਮਦ ਕੀਤਾ ਗਿਆ ਜਿਸ ਵਿੱਚੋਂ ਕਿਸੇ ਪਾਬੰਦੀਸ਼ੁਦਾ ਜੱਥੇਬੰਦੀ ਦੇ ਕਿਸੇ ਮੈਂਬਰ ਵੱਲੋਂ ਲਿਖੀਆਂ ਕੁਛ ਚਿੱਠੀਆਂ ਮਿਲੀਆਂ ਜਿਹਨਾਂ ਵਿਚ ਫਲਾਣੇ ਬੰਦੇ (ਇੱਥੇ ਕਿਸੇ ਦਾ ਵੀ ਨਾਮ ਦਿੱਤਾ ਜਾ ਸਕਦਾ ਹੈ) ਦਾ ਜ਼ਿਕਰ ਹੈ, ਪੁਲਿਸ ਮੁਤਾਬਕ ਇਹ ਬੰਦਾ ਕੋਈ ਹੋਰ ਨਹੀਂ ਸਗੋਂ ਤੁਸੀਂ ਹੀ ਹੋ। ਉਹ ਤੁਹਾਨੂੰ ਕਿਸੇ ਡੂੰਘੀ ਸਾਜਿਸ਼ ਦਾ ਹਿੱਸਾ ਬਣਾ ਕੇ ਪੇਸ਼ ਕਰਦੇ ਹਨ।

ਅਚਾਨਕ, ਤੁਸੀਂ ਮਹਿਸੂਸ ਕਰਦੇ ਹੋ ਕਿ ਇਸ ਨੇ ਤੁਹਾਡੀ ਪੂਰੀ ਦੁਨੀਆ ਹੀ ਉਲਟ-ਪੁਲਟ ਕਰ ਦਿੱਤੀ ਹੈ। ਤੁਹਾਡੀ ਨੌਕਰੀ ਖੋਹੀ ਜਾਂਦੀ ਹੈ, ਤੁਹਾਡਾ ਪਰਿਵਾਰ ਘਰੋਂ ਬੇਘਰ ਹੋ ਜਾਂਦਾ ਹੈ, ਮੀਡੀਆ ਤੁਹਾਨੂੰ ਲਗਾਤਾਰ ਬਦਨਾਮ ਕਰ ਰਿਹਾ ਹੈ, ਤੁਸੀਂ ਇਸ ਬਾਰੇ ਕੁਛ ਵੀ ਕਰਨ ਤੋਂ ਬੇਵੱਸ ਹੋ।

ਪੁਲਿਸ ਜੱਜਾਂ ਨੂੰ ਆਪਣੀ ਕਹਾਣੀ ਨਾਲ ਸਹਿਮਤ ਕਰਨ ਲਈ ਕੁਝ ਸੀਲਬੰਦ ਲਿਫਾਫੇ ਅਦਾਲਤ ਵਿਚ ਪੇਸ਼ ਕਰਦੀ ਹੈ ਕਿ ਤੁਹਾਡੇ ਖ਼ਿਲਾਫ਼ ਇਕ ਸਿੱਧਾ ਮਾਮਲਾ ਬਣਦਾ ਹੈ ਜਿਸ ਦੇ ਲਈ ਤੁਹਾਨੂੰ ਹਿਰਾਸਤ ਵਿਚ ਲੈ ਕੇ ਤਫ਼ਤੀਸ਼ ਕਰਨ ਲਈ ਰਿਮਾਂਡ ਜ਼ਰੂਰੀ ਹੈ। ਕੋਈ ਸਬੂਤ ਨਾ ਹੋਣ ਨੂੰ ਲੈ ਕੇ ਜੋ ਦਲੀਲਾਂ ਦਿੱਤੀਆਂ ਜਾਣਗੀਆਂ ਉਹਨਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਜਾਏਗੀ, ਜੱਜ ਇਹ ਘੜਿਆ-ਘੜਾਇਆ ਜਵਾਬ ਦੇ ਦੇਣਗੇ ਕਿ ਇਹ ਸਭ ਮੁਕੱਦਮੇ ਦੇ ਅਮਲ ਵਿਚ ਦੇਖਿਆ ਜਾਵੇਗਾ।

ਹਿਰਾਸਤੀ ਤਫ਼ਤੀਸ਼ ਤੋਂ ਬਾਦ ਤੁਹਾਨੂੰ ਜੇਲ ਵਿਚ ਭੇਜ ਦਿੱਤਾ ਜਾਵੇਗਾ। ਤੁਸੀਂ ਜ਼ਮਾਨਤ ਲਈ ਦਰਖ਼ਾਸਤ ਦਿਓਗੇ ਲੇਕਿਨ ਅਦਾਲਤਾਂ ਦਰਖ਼ਾਸਤਾਂ ਨੂੰ ਰੱਦ ਕਰ ਦੇਣਗੀਆਂ ਕਿਉਂਕਿ ਇਤਿਹਾਸਿਕ ਅੰਕੜੇ ਦੱਸਦੇ ਹਨ ਕਿ ਇਹਨਾਂ ਮਾਮਲਿਆਂ ਵਿਚ ਜ਼ਮਾਨਤ ਮਿਲਣ ਜਾਂ ਬਰੀ ਹੋਣ ਤੋਂ ਪਹਿਲਾਂ ਔਸਤਨ 4 ਤੋਂ 10 ਸਾਲ ਤਕ ਜੇਲ੍ਹ ਵਿਚ ਸੜਨਾ ਪੈਂਦਾ ਹੈ। ਅਤੇ ਹਕੀਕਤ ਇਹ ਹੈ ਕਿ ਇਹ ਸੱਚੀਓਂ ਕਿਸੇ ਨਾਲ ਵੀ ਵਾਪਰ ਸਕਦਾ ਹੈ। “ਰਾਸ਼ਟਰ” ਦੇ ਨਾਮ ਹੇਠ ਐਸੇ ਜ਼ਾਲਮ ਕਾਨੂੰਨਾਂ ਨੂੰ ਸੰਵਿਧਾਨਕ ਮਾਨਤਾ ਦਿੱਤੀ ਗਈ ਹੈ ਜੋ ਬੇਕਸੂਰ ਲੋਕਾਂ ਤੋਂ ਉਨ੍ਹਾਂ ਦੀਆਂ ਆਜ਼ਾਦੀਆਂ ਅਤੇ ਤਮਾਮ ਸੰਵਿਧਾਨਿਕ ਹੱਕ ਖੋਂਹਦੇ ਹਨ। ਰਾਜਸੀ ਜਮਾਤ ਨੇ ਅਸਹਿਮਤੀ ਨੂੰ ਖ਼ਤਮ ਕਰਨ ਅਤੇ ਲੋਕਾਂ ਦੀ ਪਾਲਾਬੰਦੀ ਕਰਨ ਲਈ ਜੰਗਬਾਜ਼ ਰਾਸ਼ਟਰ ਅਤੇ ਰਾਸ਼ਟਰਵਾਦ ਨੂੰ ਹਥਿਆਰ ਬਣਾ ਲਿਆ ਹੈ। ਜਨਤਕ ਪੈਮਾਨੇ ’ਤੇ ਫੈਲਾਏ ਇਸ ਜਨੂੰਨ ਨੇ ਸਮਾਜ ਨੂੰ ਪੂਰੀ ਤਰ੍ਹਾਂ ਤਰਕ ਵਿਹੂਣੇ ਕਰਨ ਦਾ ਗੇੜ ਪੂਰਾ ਕਰ ਲਿਆ ਹੈ ਅਤੇ ਇਸ ਨੇ ਅਰਥਾਂ ਦਾ ਅਨਰਥ ਕਰ ਦਿੱਤਾ ਹੈ। ਇਸ ਅਮਲ ਵਿਚ ਮੁਲਕ ਦਾ ਬੇੜਾ ਗ਼ਰਕ ਕਰਨ ਵਾਲੇ ਦੇਸ਼ ਭਗਤ ਬਣ ਬੈਠਦੇ ਹਨ ਅਤੇ ਲੋਕਾਂ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਦੇਸ਼ਧਰੋਹੀ ਬਣਾ ਦਿੱਤੇ ਜਾਂਦੇ ਹਨ।

ਇਸ ਆਲਮ ਵਿਚ ਜਦ ਮੈਂ ਆਪਣੇ ਭਾਰਤ ਨੂੰ ਬਰਬਾਦ ਹੁੰਦਾ ਦੇਖ ਰਿਹਾ ਹਾਂ ਤਾਂ ਮੈਂ ਬਹੁਤ ਹੀ ਘੱਟ ਉਮੀਦ ਨਾਲ ਇਸ ਗੰਭੀਰ ਹਾਲਤ ਵਿਚ ਤੁਹਾਨੂੰ ਇਹ ਗੱਲਾਂ ਲਿਖ ਰਿਹਾ ਹਾਂ। ਖ਼ੈਰ, ਮੈਂ ਐੱਨਆਈਏ ਦੀ ਹਿਰਾਸਤ ਵਿਚ ਜਾਣ ਲਈ ਰਵਾਨਾ ਹੋ ਰਿਹਾ ਹਾਂ ਅਤੇ ਮੈਂ ਇਹ ਨਹੀਂ ਜਾਣਦਾ ਕਿ ਦੁਬਾਰਾ ਕਦ ਮੈਂ ਤੁਹਾਡੇ ਨਾਲ ਆਪਣੀ ਗੱਲ ਸਾਂਝੀ ਕਰ ਸਕਾਂਗਾ। ਫਿਰ ਵੀ, ਮੈਂ ਤਹਿ-ਦਿਲੋਂ ਇਹ ਉਮੀਦ ਕਰਦਾ ਹਾਂ ਕਿ ਇਸ ਤੋਂ ਪਹਿਲਾਂ ਕਿ ਤੁਹਾਡੀ ਵਾਰ ਆ ਜਾਵੇ ਤੁਸੀਂ ਇਸ ਦੇ ਖ਼ਿਲਾਫ਼ ਬੋਲੋਗੇ। (ਆਨੰਦ ਤੇਲਤੁੰਬੜੇ, ਮੁੰਬਈ, 14 ਅਪ੍ਰੈਲ 2020)

# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-18



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**ਰੇਸ਼ਮੀ ਡੋਰੀ ਦੀ ਸ਼ਾਜਿਸ਼**

ਉੱਚੀਆਂ ਲੰਬੀਆਂ ਚੀਲਾਂ ਦੇ ਸੰਘਣੇ ਜੰਗਲ ਵਿਚ ਬੁੱਧ ਧਰਮ ਦਾ ਇੱਕ ਸ਼ਾਨਦਾਰ ਮੱਠ ਉਸਾਰਿਆ ਗਿਆ ਸੀ। ਪੁਰਾਤਨ ਸ਼ਹਿਰ ਤੋਂ ਇਹ ਇਕ ਦਿਨ ਦੇ ਸਫ਼ਰ ਜਿੰਨਾ ਦੂਰ ਸੀ। ਕਈ ਸਦੀਆਂ ਤੋਂ ਇਸ ਨੇ ਬੜੀ ਤਰੱਕੀ ਕੀਤੀ, ਪਰ ਆਖਰਕਾਰ ਮੱਠ ਦੇ ਬੁਰੇ ਦਿਨ ਆ ਗਏ। ਕਰਜ਼ਿਆਂ ਦਾ ਬੋਝ ਵੱਧ ਗਿਆ। ਨੌਬਤ ਇਹ ਆ ਗਈ ਕਿ ਇਥੋਂ ਦੀਆਂ ਵਸਨੀਕ ਵਿਧਵਾਵਾਂ ਨੂੰ, ਇਸ ਨੂੰ ਛੱਡ ਜਾਣ ਦੀ ਸਥਿਤੀ ਬਣ ਗਈ।

ਪਰ ਮੁੱਖ ਵਿਧਵਾ ਨਹੀਂ ਸੀ ਚਾਹੁੰਦੀ ਕਿ ਦੂਜੀ ਵਾਰ ਉਸ ਨੂੰ ਘਰੋਂ ਬੇਘਰ ਹੋਣਾ ਪਵੇ। ਉਹ ਬੜੀ ਸ਼ਾਤਰ ਸੀ। ਉਸਨੇ ਨੌਜਵਾਨ ਵਿਧਵਾਵਾਂ ਨੂੰ ਹੁਕਮ ਕੀਤਾ ਕਿ ਸਿਰ ਨਾ ਮੁਨਾਉਣ ਸਗੋਂ ਵਾਲ ਵਧਾਕੇ ਸਜਾਉਣ। ਵਧੀਆ ਰੇਸ਼ਮੀ ਸਜੀਲੇ ਵਸਤਰ ਪਹਿਨਣ ਅਤੇ ਆਏ ਗਿਆਂ ਨਾਲ ਗੱਲਬਾਤ ਕਰਨ ਦਾ ਸਲੀਕਾ ਸਿੱਖਣ। ਇਸ ਤਰਾਂ ਆਪਣੇ ਆਪ ਨੂੰ ਜਿਸ਼ਮ ਫਰੋਸ਼ੀ ਲਈ ਤਿਆਰ ਕਰਨ।

ਇਸ ਤਰ੍ਹਾਂ ਇਹਨਾਂ ਨੂੰ ਮੱਠ ਵਿੱਚ ਠਹਿਰਣ ਵਾਲੇ ਖ਼ਾਸ ਮਹਿਮਾਨਾਂ ਨੂੰ ਰਾਤਾਂ ਲਈ ਪੇਸ਼ ਕੀਤਾ ਜਾਣ ਲੱਗਿਆ ਕਿਉਂਕਿ ਖ਼ਾਸ ਮਹਿਮਾਨ ਹੀ ਮੱਠ ਲਈ ਮੋਟੀਆਂ ਰਕਮਾਂ ਦਾਨ ਕਰਦੇ ਸਨ। ਉੱਚ ਵਰਗ ਦੀਆਂ ਔਰਤਾਂ ਵੀ ਮੱਠ ਵਿੱਚ ਪੂਜਾ ਕਰਨ ਆਉਂਦੀਆਂ ਸਨ ਉਹ ਵੀ ਕਈ ਵਾਰ, ਕੁੱਝ ਕਮਾਈ ਕਰਨ ਵਾਸਤੇ ਇਸ ਧੰਧੇ ਵਿੱਚ ਸ਼ਾਮਲ ਹੋ ਜਾਂਦੀਆਂ ਸਨ। ਇਸ ਤਰਾਂ ਮੱਠ ਦੇ ਰੱਬ ਦੀ ਹਜ਼ੂਰੀ ਅਤੇ ਹਿੱਸੇਦਾਰੀ ਨਾਲ ਕੰਮ ਚੰਗਾ ਹੋ ਤੁਰਿਆ ਅਤੇ ਮੱਠ ਦਾ ਉਜਾੜਾ ਰੁਕ ਗਿਆ। ਵਿਧਵਾਵਾਂ ਦਾ ਘਰ ਵਸਿਆ ਰਹਿ ਗਿਆ।

**ਰੇਸ਼ਮੀ ਡੋਰੀ ਦਾ ਸਫ਼ਰ**

ਪਹੁ ਫੁਟਾਲੇ ਤੋਂ ਪਹਿਲਾਂ ਨਿੰਮੀ ਨਿੰਮੀ ਬਾਰਸ਼ ਹੋ ਚੁੱਕੀ ਸੀ। ਸੂ ਕੂ ਸ਼ਹਿਰ ਦਾ ਚਿਹਰਾ ਧੋਤਾ ਗਿਆ, ਹੀਰਿਆਂ ਵਾਂਗ ਦਮਕ ਰਿਹਾ ਸੀ। ਸਪਰਿੰਗ ਮੂਨ ਕੁਰਸੀ ਡੋਲੀ ਵਿੱਚ ਬੈਠ ਕੇ ਦਿਨ ਭਰ ਦੇ ਸਫ਼ਰ ਤੇ ਚੱਲ ਪਈ। ਘਰੋਂ ਨਿਕਲ ਕੁਹਾਰ ਖੱਬੇ ਹੱਥ ਉੱਤਰ ਪੱਛਮ ਵੱਲ ਜਾਂਦੇ ਰਸਤੇ ਤੇ ਪੈ ਗਏ। ਨਹਿਰਾਂ ਕੰਢੇ ਮਾਹੀਗੀਰ ਦੱਭ ਤੋਂ ਬਣੀਆਂ ਟੋਪੀਆਂ ਪਾਈ ਮੱਛੀਆਂ ਫ਼ੜ ਰਹੇ ਸਨ। ਫੁਲੇਰੇ, ਫੁੱਲਾਂ ਦੀਆਂ ਭਰੀਆਂ ਕਿਸ਼ਤੀਆਂ ਕੰਢਿਆਂ ਤੇ ਲਾਈ ਫੁੱਲਾਂ ਦੇ ਹੋਕੇ ਲਾ ਰਹੇ ਸਨ। ਚਿਣੇ ਪੱਥਰਾਂ ਦੀ ਡੰਡੀ ਤੇ ਕੁਹਾਰਾਂ ਦੇ ਸੈਂਡਲ ਖੜਕ ਰਹੇ ਸਨ। ਅਚਾਨਕ ਡੋਲੀ ਰੁਕ ਗਈ।

ਸਪਰਿੰਗ ਮੂਨ ਨੇ ਡਿੱਗਣ ਦੇ ਡਰੋਂ ਹੱਥੀਆਂ ਫੜ ਲਈਆਂ ਅਤੇ ਬੋਲਣ ਵਾਲੀ ਛੋਟੀ ਟਾਕੀ ਖੋਹਲ ਕੇ ਮੁੱਖ ਕੁਹਾਰ ਨੂੰ ਪੁੱਛਿਆ "ਕਿਉਂ ਕੀ ਹੋਇਆ ?" "ਮਾਲਕਣ ਅੱਗੇ ਰਸਤੇ ਤੇ ਅੱਗ ਲੱਗੀ ਹੋਈ ਆ। ਅਸੀਂ ਅੱਗੇ ਨਹੀਂ ਜਾ ਸਕਦੇ। ਜੇ ਆਖੋਂ ਤਾਂ ਪਿਛਾਂਹ ਭਉਂ ਚੱਲੀਏ।" "ਨਹੀਂ ਪਿੱਛੇ ਨਹੀਂ ਮੁੜਨਾ। ਕੋਈ ਹੋਰ ਰਸਤਾ ਵੀ ਹੋਊ"। "ਇਕ ਹੋਰ ਰਸਤਾ ਹੈ। ਪਰ ਹੈ ਬੜਾ ਭਿਆਨਕ ਅਤੇ ਖਤਰਨਾਕ।" "ਇਸ ਦੀ ਕੋਈ ਪਰਵਾਹ ਨਹੀਂ, ਚੱਲੋ।"

ਕੁਹਾਰ ਮੋਢੇ ਛੰਡਦਾ ਡੋਲੀ ਚੁੱਕਣ ਜਾ ਲੱਗਿਆ। ਉਹ ਤੰਗ ਗਲੀਆਂ ਵਿੱਚੋਂ ਹੁੰਦੇ ਹੋਏ ਖੱਬੇ ਮੋੜਾ ਕੱਟ ਗਏ ਜਿਸ ਤੇ ਰੇਸ਼ਮੀ ਸਾਮਾਨ ਦੀਆਂ ਦੁਕਾਨਾਂ ਸਨ। ਫਿਰ ਉਸ ਨੂੰ ਦੱਬਵੀਆਂ ਅਵਾਜ਼ਾਂ ਸੁਨਣ ਲੱਗੀਆਂ ਜਿਵੇਂ ਟਿੱਡੀ ਦਲ ਦੀ ਆਹਣ ਉਤਾਰਾ ਕਰਦੀ ਹੋਵੇ। ਫਿਰ ਜਿਵੇਂ ਹਜ਼ਾਰਾਂ ਵਿਧਵਾਵਾਂ ਦੇ ਵਿਰਲਾਪ ਵੈਣ ਪੈਂਦੇ ਹੋਣ ਅਤੇ ਵੱਡੇ ਘੜਿਆਲ ਪਾਣੀ ਵਿੱਚ ਫੁੰਕਾਰਦੇ ਹੋਣ। ਮਰੇ ਜਾਨਵਰਾਂ ਦੀਆਂ ਬਦਬੋ ਮਾਰਦੀਆਂ ਆਂਦਰਾਂ ਵਰਗਾ ਮੁਸਕ ਸੀ। ਉਸ ਨੇ ਡੋਲੀ ਦੇ ਪਰਦੇ ਖੋਲ੍ਹ ਦਿੱਤੇ। ਵੱਡਾ ਮੈਦਾਨ ਸੀ। ਇਥੇ ਰਾਜ ਭਰ ਦੇ ਮੁਜ਼ਰਮਾਂ ਨੂੰ ਸਜਾਵਾਂ ਦਿੱਤੀਆਂ ਜਾਂਦੀਆਂ ਸਨ। ਛਾਂਟੇ ਪੈ ਰਹੇ ਸਨ। ਕੁੜਿਕੀਆਂ ਦੀ ਸਜ਼ਾ ਦਿੱਤੀ ਜਾ ਰਹੀ ਸੀ। ਮੁਲਜ਼ਮ ਦਾਗੇ ਜਾ ਰਹੇ ਸਨ। ਫ਼ਾਂਸੀਆਂ ਤੇ ਲਟਕਾਏ ਜਾ ਰਹੇ ਸਨ। ਇੱਧਰ ਉਧਰ ਕੱਟੇ ਹੋਏ ਸਿਰ ਬਿਖਰੇ ਪਏ ਸਨ ਜਿਨ੍ਹਾਂ ਤੇ ਮੱਖੀਆਂ ਭਿਣਕ ਰਹੀਆਂ ਸਨ। ਇਕ ਨੌਜਵਾਨ ਚੋਰ ਮਿੱਟੀ ਵਿੱਚ ਰੁਲਿਆ ਪਿਆ ਤਰਸ ਦੀ ਭੀਖ ਮੰਗ ਰਿਹਾ ਸੀ ਕਿ ਮੱਖੀਆਂ ਉੱਡਾ ਦਿਉ, ਉਸ ਨੂੰ ਕੁੱਝ ਖਵਾ ਦਿਉ। ਕਿਉਂਕਿ ਕੁੜਿੱਕੀ ਵਿੱਚ ਗਰਦਨ ਜਕੜੀ ਕਰਕੇ ਉਸਦੇ ਹੱਥ ਮੂੰਹ ਤੱਕ ਨਹੀਂ ਜਾ ਸਕਦੇ ਸਨ। ਉਸ ਦੇ ਦੁਆਲੇ ਤਿੰਨ ਚਾਰ ਹੋਰ ਖੇਡ ਰਹੇ ਸਨ, ਉਹ ਨਾਟਕ ਇਉਂ ਕਰਦੇ ਜਿਵੇਂ ਉਸਦੀ ਸਹਾਇਤਾ ਕਰਦੇ ਹੋਣ ਪਰ ਨੇੜੇ ਜਾ ਕੇ ਖਿੜ ਖਿੜਾ ਕੇ ਹੱਸ, ਪਿੱਛੇ ਮੁੜ ਜਾਂਦੇ।

ਇਕ ਪਾਸੇ ਇਕ ਵਪਾਰੀ ਲੋਕਾਂ ਨਾਲ ਮਾਰੀਆਂ ਠੱਗੀਆਂ ਵਾਸਤੇ ਵਿਰਲਾਪ ਕਰ ਰਿਹਾ ਸੀ। ਟੱਲੀ ਦੀ ਟੁਣਕਾਰ ਨਾਲ ਉਸ ਦੇ ਇਕ ਛਾਂਟਾ ਪੈ ਜਾਂਦਾ ਸੀ। ਮੈਦਾਨ ਦੇ ਵਿਚਕਾਰ ਜਾ ਕੇ ਕੁਹਾਰ ਰੁੱਕ ਗਏ ਕਿਉਂਕਿ ਅੱਧ ਨੰਗੇ ਕੁਲੀਆਂ ਨੇ ਰਸਤਾ ਰੋਕਿਆ ਹੋਇਆ ਸੀ। ਕੁੱਝ ਮਿੱਟੀ ਵਿੱਚ ਬੈਠੇ ਬਚਿਆ ਖੁਚਿਆ ਖਾ ਰਹੇ ਸਨ। ਨੇੜੇ ਖੜ੍ਹਾ ਜ਼ਲਾਦ ਉਡੀਕ ਰਿਹਾ ਸੀ ਕਿ ਕਦੋਂ ਉਹ ਖਾ ਕੇ ਹੱਟਣ।


"ਰਸਤਾ ਦਿਉ ਰਸਤਾ ਦਿਉ" ਕੁਹਾਰ ਬੋਲੇ। ਜਦੋਂ ਅੱਗੇ ਵੱਧੇ ਤਾਂ ਇਕ ਕਬਰਾਂ ਵਿਚੋਂ ਚੋਰੀ ਕਰਨ ਵਾਲਾ ਚੋਰ ਉੱਚੇ ਲੋਹੇ ਦੇ ਪਿੰਜਰੇ ਵਿੱਚ ਜਕੜਿਆ ਸੀ। ਉਸਦਾ ਸਿਰ ਪਿੰਜਰੇ ਵਿਚੋਂ ਬਾਹਰ ਸੀ ਅਤੇ ਲੰਮਕਦੀਆਂ ਲੱਤਾਂ ਥੱਲੇ ਇੱਟਾਂ ਦਿੱਤੀਆਂ ਸਨ। ਉਹ ਗਿੜਗਿੜਾ ਰਿਹਾ ਸੀ ਕਿ ਜ਼ਲਾਦ ਸਾਰੀਆਂ ਇੱਟਾਂ ਇਕੋ ਵਾਰ ਨਾ ਹਟਾਵੇ। ਸ਼ਾਇਦ ਕੋਈ ਦੂਜਾ ਜਿਹੜਾ ਜ਼ਿੰਦਗੀ ਨੂੰ ਘੱਟ ਪਿਆਰ ਕਰਦਾ ਆਖ ਦਿੰਦਾ ਕਿ ਇਕੋ ਝੱਟਕੇ ਨਾਲ ਫਾਹਾ ਵੱਢ। ਕਬਰ ਚੋਰ ਦੀਆਂ ਨਜ਼ਰਾਂ ਸਪਰਿੰਗ ਮੂਨ ਨਾਲ ਮਿਲੀਆਂ ਤੇ ਡੋਲੀ ਅੱਗੇ ਲੰਘ ਗਈ।

**ਬੁੱਧ ਮੱਠ**

ਜਦੋਂ ਉਹ ਮੱਠ ਪਹੁੰਚੀ ਤਾਂ ਸੂਰਜ ਛਿਪ ਰਿਹਾ ਸੀ। ਮੱਠ ਦੇ ਸੁਨਿਹਰੀ ਅਤੇ ਭਗਵੇਂ ਕਲਸਾਂ ਦੇ ਅਕਸ਼ ਧਰਤੀ ਤੇ ਪੈ ਰਹੇ ਸਨ। ਪੰਛੀ ਰਾਤ ਪੈਣ ਦੇ ਗੀਤ ਗਾ ਰਹੇ ਸਨ। ਡੋਲੀ ਵਿੱਚੋਂ ਉੱਤਰ ਕੇ ਉਹ ਸਿੱਧੀ ਮੱਠ ਦੇ ਵਿਸ਼ਾਲ ਵਿਹੜੇ ਵਿੱਚ ਗਈ ਜਿਥੇਂ ਵੱਡਾ ਧੂੰਆਂ ਮੱਘ ਰਿਹਾ ਸੀ। ਉਸਨੇ ਮੱਠ ਦੀ ਭੇਟਾ ਅੱਗ ਵਿੱਚ ਸੁੱਟੀ ਅਤੇ ਜਲ਼ਦੇ ਨੋਟਾਂ ਨੂੰ ਦੇਖਣ ਲੱਗੀ। ਜਿਵੇਂ ਆਮ ਹੁੰਦਾ ਸੀ ਮੱਠ ਦੀ ਛੋਟੀ ਨੰਨ ਹਾਜ਼ਰ ਸੀ। ਉਸ ਦਾ ਮੂੰਹ ਮਾਤਾ ਦੇ ਦਾਗਾਂ ਨਾਲ ਭਰਿਆ ਸੀ। ਉਸ ਨੇ ਝੁਕ ਕੇ ਦੁਆ ਸਲਾਮ ਕੀਤੀ। ਉ ਮੱਠ ਦੀ ਮਿਹਰਵਾਨ ਸ਼ਰਧਾਲੂ ਕੀ ਮੈਂ ਤੈਨੂੰ, ਤੇਰੇ ਪ੍ਰਾਰਥਨਾ ਸਥੱਲ ਤੇ ਲੈ ਚੱਲਾਂ" ਉ ਅੱਜ ਨੀ ਅੱਜ ਮੈਂ ਜ਼ਰੂਰੀ ਕੰਮ ਲਈ ਵੱਡੀ ਮਾਲਕਣ ਨੂੰ ਮਿਲਣਾ" ਉ ਆਜਾ ਮੇਰੇ ਨਾਲ ਆ" ਸਪਰਿੰਗ ਮੂਨ ਉਸ ਨਾਲ ਤੁਰ ਪਈ। ਵੱਡੀ ਗੈਲਰੀ ਲੰਘ ਕੇ ਦੂਰ ਇਕ ਹਨੇਰੇ ਕਮਰੇ ਕੋਲ ਪਹੁੰਚ ਗਈਆਂ। ਕਮਰੇ ਵਿੱਚ ਸਿਰਫ਼ ਦੋ ਸਟੂਲ ਇਕ ਛੋਟਾ ਮੇਜ ਸੀ ਜਿਸ ਉਪਰ ਦੀਵਾ ਬਲ਼ ਰਿਹਾ ਸੀ। ਉ ਐਥੇ ਉਡੀਕ ਕਰ" ਆਖ ਕੇ ਨੰਨ ਨੇ ਦਰਵਾਜ਼ਾ ਬੰਦ ਕਰ ਦਿੱਤਾ। ਸਪਰਿੰਗ ਮੂਨ ਨੂੰ ਕੰਬਣੀ ਛਿੜ ਗਈ। ਉਹ ਪੱਥਰ ਦਾ ਬੁੱਤ ਬਣ ਬੈਠ ਗਈ। ਦੀਵੇ ਦੀ ਲਾਟ ਦੁਆਲੇ ਭੌਂਦਾ ਭਮੱਕੜ ਤੇਲ ਵਿੱਚ ਡਿੱਗ ਕੇ ਜਲ਼ ਗਿਆ। ਬਾਹਰੋਂ ਚੱਕੀ ਰਾਹਣਿਆਂ ਦੀਆਂ ਠੱਕ ਠੱਕ ਦੀਆਂ ਆਵਾਜ਼ਾਂ ਆ ਰਹੀਆਂ ਸਨ।

ਵੱਡੀ ਨੰਨ ਅਸੋਪਲੇ ਜਿਹੇ ਕਮਰੇ ਵਿੱਚ ਆ ਵੜੀ। ਉਸਨੇ ਵੱਡੀ ਰੇਸ਼ਮੀ ਕਰੀਮ ਰੰਗ ਦੀ ਘੱਗਰੀ ਚੋਲ਼ੀ ਪਾਈ ਸੀ। ਸਪਰਿੰਗ ਮੂਨ ਨੇ ਪਹਿਲਾਂ ਉਸ ਨੂੰ ਦੂਰੋਂ ਹੀ ਦੇਖਿਆ ਹੋਇਆ ਸੀ, ਮਿਲ਼ੀ ਕਦੇ ਨਹੀਂ ਸੀ ਕਿਉਂਕਿ ਉਹ ਖ਼ਾਸ ਕੰਮ ਤੋਂ ਬਿਨਾਂ ਕਿਸੇ ਨੂੰ ਮਿਲ਼ਦੀ ਨਹੀਂ ਸੀ। ਸਪਰਿੰਗ ਮੂੰਨ ਨੇ ਕੁਝ ਬੋਲਣ ਤੋਂ ਬਿਨਾਂ ਆਪਣੇ ਹੱਥੋਂ ਦੋ ਭਾਰੇ ਸੋਨੇ ਦੇ ਕੰਗਣ ਲਾਹ ਕੇ ਨੰਨ ਦੇ ਮੂਹਰੇ ਮੇਜ਼ ਤੇ ਰੱਖ ਦਿੱਤੇ। ਨੰਨ ਦੀਆਂ ਅੱਖਾਂ ਚੁੰਧਿਆ ਗਈਆਂ ਪਰ ਉਹ ਕੰਗਣਾਂ ਦੀ ਕੀਮਤ ਆਂਕਣ ਲੱਗੀ। ਉਸ ਨੇ ਗਿੱਲ੍ਹਝ ਵਾਂਗ ਲਪਕ ਕੇ ਉਹ ਚੁੱਕ ਕੇ ਬੁੱਕਲ਼ ਵਿੱਚ ਕਰ ਲਏ। ਉ ਅੱਜ ਕੱਲ ਮਹਿੰਗਾਈ ਬੜੀ ਐ" ਉਸ ਦੀ ਅਵਾਜ਼ ਇਉਂ ਸੀ ਜਿਵੇਂ ਹੱਡੀਆਂ ਚਬਾ ਰਹੀ ਹੋਵੇ। ਸਪਰਿੰਗ ਮੂਨ ਨੇ ਉਂਗਲ਼ ਵਿੱਚ ਪਾਈ ਮੁੰਦੀ ਉਤਾਰ ਕੇ ਉਸਦੇ ਮੂਹਰੇ ਰੱਖ ਦਿੱਤੀ।

"ਸੌਦਾ ਹੈ ਤਾਂ ਬੜਾ ਮਹਿੰਗਾ ਚਲੋ




ਮੰਨਜ਼ੂਰ ਆ" ਕਹਿੰਦੀ ਪਰਧਾਨ ਨੰਨ ਉੱਠ ਖੜੀ। "ਆ ਮੇਰੇ ਨਾਲ ਆ ਜਾ" ਸਪਰਿੰਗ ਸਾਹੋ ਸਾਹ ਹੋਈ ਉਸ ਨਾਲ ਮਸਾਂ ਰਲ਼ ਰਹੀ ਸੀ। ਇਉਂ ਲੱਗਦਾ ਸੀ ਜਿਵੇਂ ਉਹ ਮੰਦਰ ਤੋਂ ਬਾਹਰ ਜਾ ਰਹੀਆਂ ਹੋਣ। ਵੱਡੀ ਨੰਨ ਨੇ ਇਕ ਕਮਰੇ ਦਾ ਦਰਵਾਜ਼ਾ ਖੋਹਲਿਆ ਜਿਸ ਵਿੱਚ ਸਿਰਫ਼ ਇਕੋ ਖਿੜਕੀ ਸੀ। "ਐਥੇ ਤੈਨੂੰ ਜੋ ਚੀਜ਼ਾਂ ਚਾਹੀਦੀਆਂ ਹਨ, ਸਾਰੀਆਂ ਮਿਲਣਗੀਆਂ।" ਅਤੇ ਅੱਖ ਦੇ ਫੋਰ ਵਿੱਚ ਉਹ ਬਾਹਰ ਨਿਕਲ ਗਈ। ਕਮਰੇ ਵਿੱਚ ਮੱਧਮ ਦੀਵੇ ਦੀ ਲੌ ਸੀ। ਸਪਰਿੰਗ ਮੂਨ ਨੇ ਵੱਡਾ ਕਾਲ਼ਾ ਗਾਊਨ ਅਤੇ ਕਾਲ਼ੀ ਖੱਪਰ ਟੋਪੀ ਪਾ ਲਈ ਅਤੇ ਤੇਜ਼ੀ ਨਾਲ ਤੁਰ ਕੇ ਮੰਦਰ ਦੇ ਵੱਡੇ ਹਾਲ ਵਿੱਚ ਆ ਗਈ। ਬਾਹਰ ਹਨੇਰਾ ਹੋ ਰਿਹਾ ਸੀ। ਭਗਵੇਂ ਅਤੇ ਸੁਨਿਹਰੀ ਕਲਸ਼ ਗੁਆਚ ਰਹੇ ਸਨ। ਸਪਰਿੰਗ ਮੂਨ ਦਾ ਸਾਹ ਫ਼ੁਲ ਰਿਹਾ ਸੀ, ਰਤਾ ਸਾਹ ਲੈ ਕੇ ਉਹ ਮੰਦਰ ਦੇ ਪ੍ਰਾਰਥਨਾ ਹਾਲ ਵਿੱਚ ਆ ਗਈ।

ਅੱਜ ਮੰਦਰ ਦੇ ਵੱਡੇ ਬੁੱਤ ਉਸ ਨੂੰ ਵੰਗਾਰ ਰਹੇ ਸਨ। ਉਹ ਉਨ੍ਹਾਂ ਤੋਂ ਅੱਖਾਂ ਝੁਕਾ ਅੱਗੇ ਲੰਘ ਗਈ। ਉਸ ਦਾ ਦਿਲ ਧੱਕ ਧੱਕ ਕਰ ਰਿਹਾ ਸੀ, ਪਸੀਨਾ ਛੁੱਟ ਰਿਹਾ ਸੀ। ਮੰਦਰ ਵਿੱਚ ਬਲ਼ਦੀ ਧੂਫ ਵਿੱਚ ਸਾਹ ਚੜਦਾ ਸੀ। ਅੱਜ ਉਸ ਨੂੰ ਲੱਗਿਆ ਕਿ ਹਾਲ ਦੀ ਛੱਤ ਇਕ ਗੁਫ਼ਾ ਵਾਂਗ ਉੱਚੀ ਹੈ ਅਤੇ ਬੁੱਤਾਂ ਅੱਗੇ ਬੈਠੀਆਂ ਬੁੱਢੀਆਂ ਉਸ ਨੂੰ ਪ੍ਰੇਤਾਂ ਵਾਂਗ ਦਿਸੀਆਂ। ਪ੍ਰਾਰਥਨਾਵਾਂ ਇਉਂ ਜਿਵੇਂ ਕੀਰਨੇ ਪਾਉਂਦੀਆਂ ਹੋਣ। ਤੇਜ਼ੀ ਨਾਲ ਉਹ ਅੱਗੇ ਲੰਘ ਹਾਲ ਦੇ ਦੂਜੇ ਸਿਰੇ ਜਾ ਕੇ ਮੰਦਰ ਦੇ ਬੁੱਤਾਂ ਉਹਲੇ ਹੋ ਗਈ। ਇੱਧਰਲਾ ਮੰਜ਼ਰ ਡਰਾਵਣਾ ਸੀ। ਹਾਲ ਦੀਆਂ ਕੰਧਾਂ ਤੇ ਉੱਕਰੀਆਂ ਮੂਰਤੀਆਂ ਜਿਵੇਂ ਜਿਉਂ ਉੱਠੀਆਂ ਹੋਣ। ਦੈਂਤ ਕਬਰ ਚੋਰਾਂ, ਆਦਮਖੋਰੇ ਲੋਕਾਂ ਦੇ ਜ਼ੋਰ ਜ਼ੋਰ ਛਾਂਟੇ ਮਾਰ ਮਾਰ ਉਹਨਾਂ ਨੂੰ ਅੱਗ ਦੇ ਦਰਿਆ ਵਿੱਚ ਸੁੱਟ ਰਹੇ ਸਨ। ਉਹ ਅੱਗੇ ਵੱਧਦੀ ਰਹੀ ਅਤੇ ਬੁੱਧ ਦੇ ਤਿੰਨ ਬੁੱਤਾਂ ਉਹਲੇ ਜਾ ਖੜੀ। ਤਿੰਨੋਂ ਬੁੱਤ, ਭੂਤ, ਵਰਤਮਾਨ ਅਤੇ ਭਵਿੱਖ ਦੇ ਪ੍ਰਤੀਕ ਸਨ। ਉਹਨਾਂ ਅੱਗੇ ਪੂਜਾ ਸਮੱਗਰੀ ਪਈ ਸੀ। ਭਾਵੇਂ ਇੱਧਰ ਕੋਈ ਨਹੀਂ ਸੀ ਪਰ ਉਸ ਨੂੰ ਲੱਗਿਆ ਕਿ ਅੱਗ ਵਿੱਚ ਸੁੱਟੇ ਲੋਕਾਂ ਦੀਆਂ ਰੂਹਾਂ ਉਸ ਨੂੰ ਘੇਰ ਰਹੀਆਂ ਹਨ। ਉਹ ਸਹਿਮੀ ਹੋਈ ਉੱਧਰ ਵੱਧੀ ਜਿੱਥੇ ਬੋਲਡ ਟੇਲੈਂਟ ਨੇ ਉਸ ਦੀ ਉਡੀਕ ਕਰਨੀ ਸੀ। ਪਰ ਉਹ ਤਾਂ ਉਥੇ ਨਹੀਂ ਸੀ, ਘਬਰਾਕੇ ਉਸਨੇ ਚਾਰੇ ਪਾਸੇ ਦੇਖਿਆ ਪਰ ਉਹ ਨਾ ਮਿਲਿਆ। ਹਾਰ ਕੇ ਉਹ ਬੁੱਧ ਦੇ ਇਕ ਬੁੱਤ ਦੇ ਪੈਰਾਂ ਕੋਲ਼ ਖੜ ਕੇ ਸਾਹ ਲੈਣ ਲੱਗੀ ਉ ਆਖਰ ਗੜਬੜ ਕੀ ਹੋਈ ਆ। ਸ਼ਾਇਦ ਨਹਿੱਸ ਰਾਹ ਵਾਲੀ ਗੱਲ ਜੋ ਕੁਹਾਰਾਂ ਨੇ ਆਖੀ ਸੀ। ਜੇ ਨਾ ਆਉਂਦੀ ਤਾਂ ਕੀ ਕਰਦੀ। ਹੁਣ ਕੀ ਕਰੇ। ਇੰਤਜ਼ਾਰ ਕਰੇ।" "ਧੇੜ ਬੁਣ ਕਰਦੀ ਉਹ ਭੂਤਕਾਲ ਬੁੱਤ ਦੇ ਪੈਰਾਂ ਵਿੱਚ ਜਾ ਪ੍ਰਾਰਥਨਾ ਕਰਨ ਦੀ ਕੋਸ਼ਿਸ਼ ਕਰਨ ਲੱਗੀ ਉ ਹੇ ਮਹਿਰਬਾਨ ਬੁੱਧ........ ਪਰ ਅਸਫ਼ਲ, ਉਸਦੇ ਮਨੋਂ ਜੋ ਬੋਲ ਨਿਕਲਦੇ....."

"ਕਿੰਨਾ ਸਲਾਬਾ, ਕਿੰਨਾ ਨੇਰ੍ਹਾ
ਕਿੰਨਾ ਡਰਾਉਣਾ, ਕਿੰਨਾ ਰਹੱਸਮਈ
ਕਿੰਨਾ ਬਦਬੂ ਮਾਰਦਾ, ਕਿੰਨਾ ਮੁਰਦਾ"

ਉਸ ਨੂੰ ਲੱਗਿਆ ਜਿਵੇਂ ਇਥੇ ਘਿਰੀ ਉਹ ਯੁੱਗਾਂ ਤੋਂ ਬੋਲਡ ਟੇਲੈਂਟ ਨੂੰ ਉਡੀਕ ਰਹੀ ਹੈ।

ਅਚਾਨਕ ਸੁੰਨਸਾਨ ਹਾਲ ਵਿੱਚ ਉੱਚਾ ਸ਼ੋਰ ਮੱਚਿਆ ਉਸ ਨੂੰ ਲੱਗਿਆ ਜਿਵੇਂ ਇਸ ਨਾਲ ਹਾਲ ਫੱਟ ਜਾਏਗਾ। ਪਰਦੇ ਪਿੱਛੇ ਲੁਕੀ ਖੜੀ ਨੂੰ ਇਉਂ ਲੱਗਿਆ ਜਿਵੇਂ ਮਨੁੱਖੀ ਮਾਸ ਸੜ ਰਿਹਾ ਹੋਵੇ। ਉਹ ਡਰਦੀ ਕੰਧ ਨਾਲ ਜਾ ਲੱਗੀ। ਅੱਖਾਂ ਚੁੰਧਿਆਉਣ ਵਾਲ਼ੀ ਰੌਸ਼ਨੀ ਪਰਦੇ ਤੇ ਪੈ ਰਹੀ ਸੀ। ਹੌਲ਼ੀ ਹੌਲ਼ੀ ਰੌਸ਼ਨੀ ਪਰਦੇ ਅੱਗਿਉਂ ਲੰਘ ਹਾਲ ਵਿੱਚ ਆ ਗਈ। ਉਸਨੇ ਮੂੰਹ ਤੇ ਹੱਥ ਰੱਖ ਨਿਕਲ਼ਦੀ ਚੀਕ ਦਬਾ ਲਈ। ਫ਼ਿਰ ਸਾਹ ਰੋਕੀ ਉਸਨੇ ਦੇਖਿਆ ਕਿ ਭਿਕਸ਼ਣੀਆਂ ਦਾ ਜਲੂਸ ਹਾਲ ਵਿਚ ਆਇਆ ,ਉਹਨਾਂ ਦੇ ਪਿੱਛੇ ਮੁਰਗਿਆਂ ਦੀਆਂ ਗਰਦਨਾਂ ਮਰੋੜਦੇ ਭਿਕਸ਼ੂ, ਤਿੰਨ ਬੱਕਰੇ, ਦੋ ਖੱਚਰਾਂ, ਇਕ ਗਾਂ ਅਤੇ ਬਹੁਤ ਸਾਰੀਆਂ ਬਤਖਾਂ ਅਤੇ ਖਰਗੋਸ਼ ਵੀ ਆਏ। ਉਹਨਾਂ ਤੋਂ ਪਿੱਛੇ ਵਿਧਵਾਵਾਂ ਦਾ ਟੋਲਾ, ਹੱਸਦਾ ਟੱਪਦਾ ਅਤੇ ਇਕ ਦੂਜੇ ਨੂੰ ਧੱਕਦਾ ਤਾਂ ਕਿ ਸਾਰਾ ਚੜਾਵਾ ਚੰਗੀ ਤਰਾਂ ਦੇਖ ਲੈਣ। ਸਾਰੇ ਮੱਠ ਦਾ ਕੱਠ ਸੀ। ਪਰਦੇ ਪਿੱਛੇ ਖੜੀ ਉਹ ਸੱਭ ਦੇਖ ਰਹੀ ਸੀ। ਅਖੀਰ ਵਿੱਚ ਪਰਧਾਨ ਆਈ। ਉਸਦੇ ਸਿਰ ਦਾ ਗੰਜ ਰੌਸ਼ਨੀ ਵਿਚ ਲਿਸ਼ਕ ਰਿਹਾ ਸੀ। ਉਸ ਦੇ ਇਸ਼ਾਰੇ ਨਾਲ ਸਾਧਵੀਆਂ ਇਕ ਪਾਸੇ ਅਤੇ ਬਲੀ ਦੇ ਜਾਨਵਰਾਂ ਨੂੰ ਕੇਂਦਰ ਵਿਚ ਕਰਕੇ, ਮਹਿਮਾਨ ਵਾਸਤੇ ਰਾਹ ਬਣਾਇਆ। ਉਸ ਨੇ ਹਰੇ ਰੇਸ਼ਮ ਦਾ ਗਾਊਨ ਪਾਇਆ ਸੀ, ਨਿਗ੍ਹਾ ਝੁਕਾਕੇ ਹੱਥ ਪ੍ਰਾਰਥਨਾ ਵਿੱਚ ਜੋੜੇ ਸਨ। ਉਸ ਦੇ ਮਗਰ ਦਰਜਨਾਂ ਮਜਦੂਰਾਂ ਨੇ ਦੋ ਵੱਡੀਆਂ ਪੇਟੀਆਂ ਲਾਲ ਖੀਨਖਾਬ ਵਿੱਚ ਵਲੇਟੀਆਂ ਚੁਕੀਆਂ ਹੋਈਆਂ ਸਨ। ਮਹਿਮਾਨ ਨੇ ਧੂਫ਼ ਬੱਤੀ ਜਗਾਈ ਅਤੇ ਸ਼ਰਦਾ ਨਾਲ ਬੁੱਤ ਅੱਗੇ ਤਿੰਨ ਵਾਰ ਮੱਥਾ ਟੇਕਿਆ। ਵਿਧਵਾਵਾਂ ਉੱਚੀ ਅਸੀਸਾਂ ਦਿੱਤੀਆਂ ਅਤੇ ਜਾਨਵਰ ਵੀ ਉੱਤਸੁਕ ਹੋਏ ਜਿਵੇਂ ਵਿਧਵਾਵਾਂ ਦੇ ਮਗਰ ਉਹ ਵੀ ਅਸੀਸਾਂ ਦਿੰਦੇ ਹੋਣ।

ਜਦੋਂ ਮੁੱਖ ਸਾਧਣੀ ਨੇ ਟੱਲ ਖੜਕਾਇਆ ਤਾਂ ਮਹਿਮਾਨ ਉੱਠ ਖੜਾ ਹੋਇਆ। "ਅੱਜ ਮੈਂ ਤੁਹਾਨੂੰ ਇਸ ਦੁਨੀਆਂ ਤੋਂ ਰੁਖਸਤ ਕਰਦਾ ਹਾਂ ਤਾਂ ਕਿ ਤੁਸੀਂ ਅਗਲੇ ਜਹਾਨ ਵਿੱਚ ਗਈ ਮੇਰੀ ਮਾਂ ਦੀ ਸੇਵਾ ਵਿੱਚ ਹਾਜ਼ਰ ਹੋ ਜਾਵੋਂ।" ਟੱਲ ਫਿਰ ਖੜਕਿਆ। ਨੌਕਰਾਂ ਨੇ ਕੱਪੜਾ ਲਾਹ ਕੇ ਪਹਿਲੀ ਪੇਟੀ ਦਾ ਢੱਕਣ ਖੋਹਲਿਆ। ਉਸ ਵਿੱਚੋਂ ਸੌ ਦੁੱਧ ਚਿੱਟੀਆਂ ਕਬੂਤਰੀਆਂ ਉੱਡ ਕੇ ਹਾਲ ਵਿੱਚ ਖਿੰਡ ਗਈਆਂ। ਫਿਰ ਟੱਲ ਦੀ ਟੁਣਕਾਰ ਹੋਈ ਅਤੇ ਦੂਜੀ ਪੇਟੀ ਦਾ ਢੱਕਣ ਨੌਕਰਾਂ ਨੇ ਖੋਹਲ ਦਿੱਤਾ ਜਿਸ ਵਿੱਚੋਂ ਸੌ ਸੱਪ ਭੱਜ ਨਿਕਲ਼ੇ। "ਜਾਉ ਮੈਂ ਤੁਹਾਨੂੰ ਵੀ ਆਜ਼ਾਦ ਕਰਦਾ ਹਾਂ।" ਸੱਪ ਹਾਲ ਦੇ ਖੱਲਾਂ ਖੂੰਜਿਆਂ ਵਿੱਚ ਜਾ ਲੁਕੇ।

ਸਪਰਿੰਗ ਮੂਨ ਨੂੰ ਭਾਵੇਂ ਪਤਾ ਸੀ ਕਿ ਇਹ ਜ਼ਹਿਰੀ ਨਹੀਂ ਹਨ ਫਿਰ ਵੀ ਡਰ ਕੇ ਉਹ ਹੋਰ ਸੁੰਘੜ ਗਈ। ਘੁੱਗੀਆਂ ਨੂੰ ਬਾਹਰ ਨਿਕਲਣ ਵਿੱਚ ਮੁਸ਼ਕਲ ਸੀ ਉਹ ਛੱਤ ਤੇ ਕੰਧਾਂ ਵਿੱਚ ਵੱਜ ਡਿੱਗ ਰਹੀਆਂ ਸਨ।

ਮਹਿਮਾਨ ਨੇ ਤਿੰਨ ਵਾਰ ਮੋਈ ਮਾਂ ਨੂੰ ਪੁਕਾਰਿਆ "ਮਾਂ ਮਾਂ ਮਾਂ"। ਅਤੇ ਸਾਰਾ ਲਾਮ ਲਸ਼ਕਰ ਹਾਲ ਵਿੱਚੋਂ ਬਾਹਰ ਨਿਕਲ ਗਿਆ। ਇਕ ਵਾਰ ਫਿਰ ਸਪਰਿੰਗ ਮੂਨ ਇਕੱਲੀ ਸੀ। ਉਹ ਪੱਥਰ ਦੀ ਸਿੱਲ ਵਾਂਗ ਸੀ ਅਤੇ ਹਰਕਤ ਕਰਨਾ ਚਾਹੁੰਦੀ ਸੀ। ਉਸ ਦੀਆਂ ਲੱਤਾਂ ਸੁੱਕੀ ਲੱਕੜ ਵਾਂਗ ਸਨ। ਹੌਲ਼ੀ ਹੌਲ਼ੀ ਉਹ ਸਰਕ ਕੇ ਉਹ ਬੁੱਤ ਕੋਲ਼ ਆਈ ਧੂਫ਼ ਜਗਾਈ ਅਤੇ ਪ੍ਰਾਰਥਨਾ ਕਰਨ ਲੱਗੀ। ਉੱਡਦੀਆਂ ਘੁੱਗੀਆਂ ਦੇ ਖੰਭ ਫੜਫੜਾ ਰਹੇ ਸਨ। "ਹੇ ਮਹਿਰਬਾਨ ਬੁੱਧ ਘੁੱਗੀਆਂ ਵਿਚਾਰੀਆਂ ਨੂੰ ਸਹੀ ਸਲਾਮਤ ਬਾਹਰ ਜਾਣ ਦਾ ਰਸਤਾ ਦੇਹ"।

ਉਸ ਨੇ ਕਦਮਾਂ ਦੀ ਆਹਟ ਸੁਣੀ। ਇਹ ਬੋਲਡ ਟੇਲੈਂਟ ਹੀ ਸੀ। ਇਕ ਦਮ ਉਹ ਵੀ ਪ੍ਰਾਰਥਨਾ ਮੁਦਰਾ ਵਿੱਚ ਗੋਡਿਆਂ ਭਾਰ ਉਸ ਦੇ ਨਾਲ ਬੈਠ ਗਿਆ। "ਹੇ ਮਹਿਰਬਾਨ ਬੁੱਧ, ਮੈਂ ਉਸ ਨੂੰ ਦੇਖ ਲਿਆ। ਉਹ ਇਥੇ ਹੀ ਹੈ।" ਅਹਿਲ ਬੈਠੀ ਸਪਰਿੰਗ ਮੂਨ ਨੇ ਪੁੱਛਿਆ, "ਕੀ ਤੈਨੂੰ ਪਕਾ ਪਤਾ ?" "ਹਾਂ ਉਹ ਹੁਣੇ ਤਾਂ ਇਸ ਹਾਲ ਵਿੱਚੋਂ ਗਿਆ" ਮਿੰਨਤ ਆ ਪਰਿਵਾਰ ਦਾ ਬਚਾ ਰੱਖੀਂ। "ਪਰ ਜਾਨਵਰਾਂ ਦੀ ਰਿਹਾਈ ਕਰਨ ਤੋਂ ਬਾਅਦ ਇਥੇ ਤਾਂ ਕੋਈ ਆਇਆ ਹੀ ਨਹੀਂ।"

"ਉਹ ਮੰਚੂ, ਵੱਡੇ ਅਹਿਲਕਾਰ ਨੇ ਹੀ ਰਿਹਾਈ ਕੀਤੀ ਆ ਤਾਂ ਕਿ ਉਸ ਦੀ ਮੋਈ ਮਾਂ ਨੂੰ ਸਕੂਨ ਹੋਵੇ।" "ਇਹ ਸੱਚ ਨਹੀਂ ਲੱਗਦਾ" ਉਹ ਚਿਲਾ ਕੇ ਬੋਲੀ। "ਸਾਵਧਾਨ, ਹੁਸ਼ਿਆਰ" "ਐਨਾ ਭਗਤ ਬੰਦਾ, ਕਿਵੇਂ ਹੋ ਸਕਦਾ ਜੋ ਰਿਸ਼ਵਤ ਖੋਰ ਹੋਵੇ ?" ਘਰ ਵਾਸਤੇ ਸ਼ਰੀਫ਼ ਲੱਗਦਾ ਜਣਾ, ਰਾਜ ਵਾਸਤੇ ਬੇਈਮਾਨ ਹੋ ਸਕਦਾ। ਨਾਲੇ ਅੱਜ ਅਸੀਂ ਉਸਦੀ ਇਹ ਪਰਖ ਥੋੜ੍ਹੀ ਕਰਨੀ ਆ, ਕਹਿੰਦਾ ਬੋਲਡ ਟੇਲੈਂਟ ਜਾਣ ਵਾਸਤੇ ਉੱਠ ਖੜ੍ਹਾ ਹੋਇਆ।

"ਰੁਕੋ ਥੋੜੀ ਦੇਰ...." ਆਖਦੀ ਸਪਰਿੰਗ ਮੂਨ ਉਸਦਾ ਚਿਹਰਾ ਪੜ੍ਹਨ ਲੱਗੀ। ਕੀ ਉਸਨੂੰ ਅੱਜ ਕੋਈ ਬਦਸ਼ਗਨੀ ਨੀ ਲੱਗੀ, ਕੀ ਉਹ ਉਸ ਰਸਤੇ ਤੋਂ ਨੀ ਆਇਆ। ਉਸ ਦਾ ਚਿਹਰਾ ਇਕ ਦਮ ਸ਼ਾਂਤ ਚਿੱਤ ਸੀ। ਜਾਂ ਕੀ ਉਸ ਨੂੰ ਪਤਾ ਸੀ ਕਿ ਇਹ ਕੰਮ ਸਿਰਫ਼ ਅੱਜ ਹੀ ਕੀਤਾ ਜਾਣਾ ਹੈ ਤਾਂ ਕਿ ਪਰਿਵਾਰ ਬੱਚ ਜਾਵੇ। ਉ ਖ਼ਿਆਲ ਰੱਖੀਂ" ਕਹਿੰਦਾ ਉਹ ਚਲਾ ਗਿਆ।

ਮੰਦਰ ਦੇ ਘੜਿਆਲ ਨੇ ਰਾਤ ਦੀ ਆਮਦ ਦੀ ਟੱਲੀ ਖੜਕਾਈ। ਸਪਰਿੰਗ ਮੂਨ ਉਸਦੇ ਪਿੱਛੇ ਭੱਜਣਾ ਚਾਹੁੰਦੀ ਸੀ ਪਰ ਭੱਜ ਨਾ ਸਕੀ। ਬੋਲਡ ਟਲੈਂਟ ਨੇ ਛੇਤੀ ਖਾਣ ਕਮਰੇ ਵਿੱਚ ਪਹੁੰਚਣਾ ਸੀ, ਚੰਗ ਅਹਿਲਕਾਰ, ਪੂ ਸਿਆਓ ਨਾਲ ਨੇੜਤਾ ਕਰਨੀ ਸੀ। ਉਸ ਨੂੰ ਦਾਰੂ ਪਿਆ ਟੂੰਨ ਕਰਨਾ ਸੀ। ਉਸ ਵਿੱਚ ਜਿਸ਼ਮ ਫਰੋਸ਼ੀ ਦੀ ਉਕਸਾਹਟ ਕਰਨੀ ਸੀ। ਹੁਣ ਪਿੱਛੇ ਮੁੜਨ ਦਾ ਕੋਈ ਰਸਤਾ ਨਹੀਂ ਸੀ। ਸਪਰਿੰਗ ਮੂਨ ਬੁੱਧ ਅੱਗੇ ਦੁਬਾਰਾ ਅਰਦਾਸ ਕੀਤੀ "ਹੇ ਬੁੱਧ, ਪਰੀਵਾਰ ਦਾ ਬਚਾਆ ਕਰੀਂ" ਪਰ ਉਹ ਚਿੰਤਾਤਰ ਸੀ। ਉਸਨੇ ਉਠ ਕੇ ਇਕ ਦੀਵਾ ਰੌਸ਼ਨੀ ਵਾਸਤੇ ਚੁਕਿਆ ਅਤੇ ਆਪਣੇ ਕਮਰੇ ਨੂੰ ਜਾਣ ਲੱਗੀ। ਉਥੇ ਰਾਤ ਦਾ ਖਾਣਾ ਪਰੋਸਿਆ ਪਿਆ ਸੀ ਉਹ ਖਾਣਾ ਤਾਂ ਚਾਹੁੰਦੀ ਸੀ ਸੁੱਕੇ ਗਲ਼ੇ ਕਰਕੇ ਖਾ ਨਾ ਸਕੀ। ਚਾਹ ਉਸ ਨੇ ਪੀ ਲਈ, ਠੰਡ ਸੀ। ਉਸਨੇ ਖਾਣਾ ਬਾਹਰ ਰੱਖ ਦਿੱਤਾ ਅਤੇ ਬੈਡ ਤੇ ਪਈ ਕੰਮ ਨੂੰ ਅੰਜਾਮ ਤੱਕ ਪੂਰਾ ਕਰਨ ਵਾਸਤੇ ਸੋਚਣ ਲੱਗੀ। ਕੱਲੀ ਕੱਲੀ ਗੱਲ ਜਿਵੇਂ ਉਸਨੇ ਬੋਲਡ ਟੇਲੈਂਟ ਨਾਲ ਅਭਿਆਸ ਕੀਤਾ ਸੀ।

ਉਹ ਸਾਧਵੀ ਦੇ ਭੇਸ਼ ਵਿੱਚ ਉੱਠੀ ਅਤੇ ਅਰਦਾਸ ਹਾਲ ਵਿੱਚ ਪਹੁੰਚ ਗਈ। ਅਗਰ ਬੱਤੀਆਂ ਜਗਾਈਆਂ। ਹਾਲ ਵਿੱਚ ਪ੍ਰੇਤਾਂ ਦੇ ਸਾਏ ਮੰਡਰਾ ਰਹੇ ਸਨ। ਬੁੱਧ ਦੀਆਂ ਮੂਰਤੀਆਂ ਲਹੂ ਰੰਗ ਨਾਲ ਪੇਂਟ ਕੀਤੀਆਂ ਸਨ। ਉਹਨਾਂ ਦੀਆਂ ਅੰਗਿਆਰ ਅੱਖਾਂ ਉਸ ਦਾ ਪਿੱਛਾ ਕਰ ਰਹੀਆਂ ਸਨ। ਉਹ ਆਪਣੀ ਸਮਾਧੀ ਜਗ੍ਹਾ ਤੇ ਜਾ ਬੈਠੀ। ਦੂਰੋਂ ਸਲੋਕ ਉਚਾਰਨ ਦੀਆਂ ਅਵਾਜ਼ਾਂ ਆ ਰਹੀਆਂ ਸਨ। ਕਈ ਘੁੱਗੀਆਂ ਮਰੀਆਂ ਪਈਆਂ ਸਨ।

ਦੋ ਜਣੇ ਹਾਲ ਵਿੱਚ ਆ ਗਏ। "ਆਉ ਮੁੜ ਚੱਲੀਏ ਉਹ ਚਲੀ ਗਈ ਹੈ। ਆਉ ਹੋਰ ਦਾਰੂ ਪੀਏ" ਇਹ ਸ਼ਬਦ 'ਹਨ' ਜਣੇ ਦੇ ਸਨ। "ਮੇਰੇ ਨਵੇਂ ਮਿੱਤਰਾ ਕਾਹਲਾ ਨਾ ਪੈ, ਅਜੇ ਆਪਾਂ ਕਿਹੜਾ ਸਾਰੇ ਪਾਸੇ ਦੇਖਿਆ" ਇਹ ਸ਼ਬਦ 'ਮੰਚੂ' ਜਣੇ ਦੇ ਸਨ। "ਆ ਜਾ, ਆ ਜਾ ਇਥੇ ਕੋਈ ਨੀ" "ਠਹਿਰ ਤੈਨੂੰ ਪੱਕਾ ਕਿਵੇਂ ਪਤਾ, ਮੈਨੂੰ ਬਾਹਰ ਨਾ ਖਿੱਚ" ਆ ਜਾ, ਆ ਜਾ ਮੈਂ ਤੈਨੂੰ ਕੱਲ ਨੂੰ ਉਸ ਨੂੰ ਮਿਲਵਾ ਦੇਊਂ" "ਅੱਜ, ਹੁਣੇ ਕਿਉਂ ਨੀ ?" "ਠੀਕ ਆ" "ਮੈਂ ਤੇਰੇ ਤੇ ਗ਼ਿਲਾ ਨੀ ਕਰਦਾ" ਮੰਚੂ ਬੋਲਿਆ ਤੂੰ ਜਿੰਨੀ ਉਹਦੀ ਤਰੀਫ਼ ਕਰਦਾਂ ਮੈਨੂੰ ਸ਼ੱਕ ਆ ਉਸਨੂੰ ਤੂੰ ਆਪਣੇ ਜੋਗੀ ਰੱਖਣੀ ਚਾਹੁੰਨਾ"। ਦੋਵੇਂ ਜਣੇ ਸ਼ਰਾਬੀਆਂ ਵਾਂਗ ਧੱਕਾ-ਮੁੱਕੀ ਹੋ ਰਹੇ ਸਨ। ਮੰਚੂ ਛੁੱਟ ਕੇ ਇਕ ਪਾਸੇ ਦੌੜ ਪਿਆ ਜਿੱਥੇ ਸਾਧਵੀ ਬੈਠੀ ਮਾਲਾ ਫ਼ੇਰ ਰਹੀ ਸੀ। "ਹਾਂ ਤੂੰਈ ਏਂ ਉਹ ?" "ਨਹੀਂ ਇਹ ਉਹ ਨਹੀਂ" "ਮੇਰੇ ਮਿੱਤਰ ਚੰਗੀ ਤਰ੍ਹਾਂ ਦੇਖ ਕੇ ਦੱਸ।" "ਤਾਂ ਫਿਰ ਸ਼ਾਇਦ ਉਹੀ ਆ ਜਿਸ ਦੀ ਆਪਾਂ ਗੱਲ ਕਰਦੇ ਸੀ" "ਤਾਂ ਫਿਰ ਇਸ ਨਾਲ ਮੇਰਾ ਤੁਆਰਫ਼ ਕਰਵਾ, ਮੈਂ ਸੁਰਖਰੂ ਹੋਣਾ ਚਾਹੁੰਦਾ ਜੇ ਇਸ ਨੇ ਮੇਰਾ ਭਵਿੱਖ ਸੱਚ ਦੱਸ ਦਿੱਤਾ ਤਾਂ ਮੈਂ ਆਪਣਾ ਘੋੜਾ ਤੈਨੂੰ ਦੇ ਦਿਆਂਗਾ।" ਦੂਜਾ ਹੌਲ਼ੀ ਸਾਧਵੀ ਕੋਲ਼ ਗਿਆ "ਮੁਆਫ਼ ਕਰਨਾ ਮੈਂ ਤੁਹਾਡਾ ਪੁਰਾਣਾ ਗੁਆਂਢੀ ਆਂ। ਤੇਰਾ ਸੇਵਕ" "ਕੀ ਹੋਇਆ, ਪਹਿਰ ਗਈ ਰਾਤ" "ਤੁਹਾਡੀ ਅਰਦਾਸ ਵਿੱਚ ਵਿਘਨ ਪਾਉਣ ਤੇ ਮੁਆਫ਼ੀ ਮੰਗਦਾਂ। ਪਰ ਰਾਜ ਦੇ ਬਹੁਤ ਉੱਚ ਅਹਿਲਕਾਰ ਤੁਹਾਨੂੰ ਮਿਲਣਾ ਚਾਹੁੰਦੇ ਨੇ। ਆਖਦੇ ਨੇ ਨਾ। ਸਾਧਵੀਆਂ ਨੂੰ ਵੀ ਬਹੁੱਤ ਵਾਰ ਰਾਜ ਭਾਗ ਵਿਚਲੇ ਲੋਕਾਂ ਦੀ ਲੋੜ ਪੈ ਜਾਂਦੀ ਆ। ਕੀ ਮੈਂ ਪੂ ਸਿਆਓ ਨੂੰ ਪੇਸ਼ ਕਰ ਸਕਦਾਂ ?" ਉਹ ਉੱਠੀ ਤੇ ਅਰਦਾਸ ਵਾਂਗ ਹੱਥ ਜੋੜਦੀ ਬੋਲੀ "ਹਾਂ ਜੀ,

ਕੀ ਮੈਂ ਤੁਹਾਡੇ ਪਿੱਤਰਾਂ ਵਾਸਤੇ ਅਰਦਾਸ ਕਰਾਂ! "ਧੰਨਵਾਦ ਪਵਿੱਤਰ ਸਾਧਵੀ, ਮੇਰੇ ਮੋਏ ਪਿੱਤਰਾਂ ਦੀਆਂ ਮੈਂ ਸਾਰੀਆਂ ਭੇਟਾਵਾਂ ਦੇ ਚੁੱਕਿਆਂ ਹੋਰ ਲੋੜ ਨੀ। ਮੈਂ ਬੜਾ ਭਾਗਸ਼ਾਲੀ ਹੋਵਾਂਗਾ ਜੇ ਮੇਰੀ ਹੋਰ ਇੱਛਾ ਪੂਰੀ ਹੋ ਜਾਵੇ। ਮੇਰੇ ਨਵੇਂ ਮਿੱਤਰ ਨੇ ਇਸ ਪੱਖੋਂ ਤੁਹਾਡੀ ਬੜੀ ਸ਼ਕਤੀ ਦੱਸੀ ਆ"। "ਤੂੰ ਮੇਰੀ ਸ਼ਕਤੀ ਦਾ ਰਹੱਸ ਕਿਉਂ ਖੋਲਦਾਂ? ਮੈਂ ਦੁਨੀਆਂ ਦਾ ਤਿਆਗ ਕਰਕੇ ਤਾਂ ਸਾਧਵੀ ਹੋਈ ਆਂ। ਮੈਂ ਕਿਸੇ ਦੇ ਭਵਿੱਖਤ ਬਾਰੇ ਕੀ ਦੱਸਾਂ"। ਸਾਧਵੀ ਨੇ ਘਿਰਣਾ ਜਿਹੀ ਨਾਲ ਉਸ ਵੱਲ ਵੇਖਿਆ। "ਮੈਂ ਨਸ਼ਈ ਹੋ ਗਿਆਂ, ਮੈਂ ਐਵੇਂ ਫੜ ਮਾਰ ਬੈਠਾਂ"। "ਸ਼ਾਂਤ ਹੋਵੋ, ਗੁੱਸੇ ਨਾ ਹੋਵੋ" ਉਹ ਮਿੰਨਤ ਦਾਰੀ ਕਰਨ ਲੱਗਿਆ। ਉ ਤੈਨੂੰ ਸੱਭ ਪਤਾ, ਤੂੰ ਜਾਣੀ ਜਾਣ ਆਂ ਮੈਨੂੰ ਪਤਾ ਤੇਰੀ ਬੜੀ ਸ਼ਕਤੀ ਆ ਭਵਿੱਖ ਦੱਸਣ ਦੀ। ਦੇਖ ਆਪਾਂ ਇਥੇ ਤਿੰਨੋਂ ਈ ਆਂ ਕੀ ਤੂੰ ਮੈਨੂੰ ਇੰਨੀ ਵੀ ਮਿਹਰਵਾਨ ਨੀ ਹੋ ਸਕਦੀ। ਸਾਧਵੀ ਨੇ ਨੀਵੀਂ ਪਾਈ, ਫਿਰ 'ਹੁਨ' ਵੱਲ ਵੇਖਿਆ, "ਪਰ, ਮੇਰੇ ਗੁਆਂਢੀ ਤੂੰ ਇਸ ਗੱਲ ਬਾਤ ਵਿਚ ਨਹੀਂ ਆ ਸਕਦਾ ਤੈਨੂੰ ਚਲੇ ਜਾਣਾ ਚਾਹੀਦਾ।" ਉਹ ਸਿਰ ਝੁਕਾਉਂਦਾ ਉੱਠ ਕੇ ਚਲਾ ਗਿਆ। "ਹਾਂ ਹੁਣ ਤੂੰ ਦੱਸ ਕੀ ਪੁੱਛਣਾ। ਪੂ ਸਿਆਓ ਨੇ ਆਪਦੀ ਜਨਮ ਪੱਤਰੀ ਦਾ ਵੇਰਵਾ ਬੋਲ ਦਿੱਤਾ ਅਤੇ ਇਹ ਵੀ ਦੱਸਿਆ ਕਿ ਉਹ ਕਿਹੜੇ ਕਿਹੜੇ ਵੱਡੇ ਜੋਤਸ਼ੀਆਂ ਕੋਲ ਜਾ ਚੁੱਕਿਆ ਹੈ।

ਸਾਧਵੀ ਗਿਣਤੀਆਂ ਮਿਣਤੀਆਂ ਕਰਨ ਲੱਗੀ ਮਣਕੇ ਫੇਰਨ ਲੱਗੀ। ਦੱਸ ਨਛੱਤਰ, ਪੰਜ ਤੱਤ, ਬਾਰਾਂ ਸਾਖਾਵਾਂ ਅਤੇ ਸੂਰਜੀ ਜਾਨਵਰਾਂ ਦਾ ਧਿਆਨ ਕਰਨ ਲੱਗੀ ਜਿਹੜੇ ਉਸਦੇ ਭਵਿੱਖ ਤੇ ਅਸਰ ਪਾਉਂਦੇ ਸਨ। ਜਦੋਂ ਉਹ ਬੋਲੀ ਤਾਂ ਉਹ ਹੱਕਾ ਬੱਕਾ ਰਹਿ ਗਿਆ "ਤੂੰ ਸਭ ਕੁਝ ਸੱਚੋ ਸੱਚ ਆਖਿਆ ਹੇ ਭਿਕਸ਼ਣੀ" "ਕੀ ਤੂੰ ਆਪਣੇ ਭਵਿੱਖ ਬਾਰੇ ਹੋਰ ਕੁੱਝ ਪੁੱਛਣਾ, ਬੜੀ ਰਾਤ ਹੋ ਗਈ ਆ।" ਉਹ ਗਿੜ ਗਿੜਾਇਆ "ਮਿਹਰਬਾਨ ਮੈਨੂੰ ਇਹ ਦੱਸ ਦਿਉ ਮੇਰਾ ਹੋਰ ਕਿੰਨਾ ਸਮਾਂ ਬਾਕੀ ਆ" ਸਾਧਵੀ ਨੇ ਕੁੱਝ ਮੰਤਰ ਉਚਾਰੇ ਗਿਣਤੀਆਂ ਮਿਣਤੀਆਂ ਕੀਤੀਆਂ। "ਇਸ ਡੱਬੀ ਵਿੱਚੋਂ ਹਿਲਾ ਕੇ ਕੋਈ ਅਗਰਬੱਤੀ ਸੁੱਟ, ਮੈਨੂੰ ਹੋਰ ਚਿੰਨ ਪੜਨ ਦੀ ਲੋੜ ਆ" ਗੱਲ ਨੀ ਬਣੀ ਅਜੇ ਹੋਰ ਕੱਢ" ਇਕ ਹੋਰ ਬੱਤੀ ਡਿੱਗੀ। ਸਾਧਵੀ ਨੇ ਹੱਥਾਂ ਵਿੱਚ ਲੈ ਕੇ ਐਵੇਂ ਪੜਨ ਦਾ ਨਾਟਕ ਕਰਿਆ ਅਤੇ ਚੁੱਪ ਹੋ ਗਈ। ਫਿਰ ਬੋਲੀ ਉ ਅੱਛਾ ਦੂਜੇ ਜੋਤਸ਼ੀਆਂ ਨੇ ਕੀ ਦੱਸਿਆ ਤੈਨੂੰ" "ਉਹ ਕਹਿੰਦੇ ਆ ਮੈਂ ਪੋਤੇ ਪੜਪੋਤਿਆਂ ਵਾਲਾ ਹੋ ਕੇ ਮਰਨਾ" "ਹਾਂ ਹਾਂ ਸ਼ਾਇਦ ਸੱਚ ਕਹਿੰਦੇ ਹੋਣ" "ਪਵਿੱਤਰ ਸਾਧਵੀ ਤੂੰ ਮੈਨੂੰ ਸੱਚੋ ਸੱਚ ਕਿਉਂ ਨੀ ਦੱਸ ਰਹੀ" "ਤੈਨੂੰ ਗ਼ਲਤ ਫ਼ਹਿਮੀ ਆ ਐਵੇਂ" "ਫਿਰ ਸੱਚ ਦੱਸੋ" "ਕਈ ਵਾਰੀ ਬਹੁਤੀ ਜਾਣਕਾਰੀ ਠੀਕ ਨਹੀਂ ਹੁੰਦੀ" "ਮੈਨੂੰ ਪਤਾ ਤਾਂ ਲੱਗੇ" ਸਾਧਵੀ ਗੰਭੀਰ ਮੁਦਰਾ ਵਿੱਚ ਚੁੱਪ ਹੋ ਗਈ ਅਤੇ ਮਾਲਾ ਫੇਰਨ ਲੱਗੀ ਅਤੇ ਬੋਲੀ "ਮੈਂ ਕਾਹਲੀ ਵਿਚ ਕੁੱਝ ਬੋਲਣਾ ਨਹੀਂ ਚਾਹੁੰਦੀ, ਮੈਨੂੰ ਅਜੇ ਹੋਰ ਡੂੰਘਾ ਧਿਆਨ ਕਰਨ ਦੀ ਲੋੜ ਆ"। ਉਹ ਮੰਨ ਗਿਆ ਅਤੇ ਇਕ ਪਾਸੇ ਹੋ ਕੇ ਬੈਠ ਗਿਆ। ਉਹ ਮਾਨਸਿਕ ਜਕੜ ਵਿੱਚ ਸੀ। ਸਾਧਵੀ ਨੇ ਹੋਰ ਧੂਫ ਜਗਾਈ ਅਤੇ ਚਿਰ ਬਾਅਦ ਬੋਲੀ "ਗੰਜਾ ਚੀਤਾ, ਗੰਜਾ ਚੀਤਾ" ਜਿਵੇਂ ਉਸ ਦੀ ਮਾਂ ਉਸ ਨੂੰ ਛੋਟੇ ਹੁੰਦੇ ਨੂੰ ਪੁਕਾਰਦੀ ਹੁੰਦੀ ਸੀ। "ਹੈਂ ਹੈਂ ਇਹ ਤਾਂ ਮੇਰਾ ਦੁੱਧ ਚੁੰਘਦੇ ਦਾ ਨਾਂ ਆ। ਕੀ ਮੇਰੀ ਮਾਂ ਆ ਤੇਰੇ ਵਿੱਚ ਜੋ ਮੈਨੂੰ ਪੁਕਾਰ ਰਹੀ ਹੈ।" ਸਾਧਵੀ ਨੇ ਕੋਈ ਜਵਾਬ ਨਾ ਦਿੱਤਾ ਬੱਸ ਪੁਕਾਰੀ ਗਈ ਗੰਜਾ ਚੀਤਾ, ਗੰਜਾ ਚੀਤਾ। ਉਸ ਨੂੰ ਤ੍ਰੇਲੀਆਂ ਆਉਣ ਲੱਗੀਆਂ ਅਤੇ ਘਬਰਾ ਗਿਆ। ਸਾਧਵੀ ਚੁੱਪ ਹੋ ਗਈ ਧੂਫ ਧੁਖਾਉਣ ਲੱਗੀ ਫਿਰ ਬੋਲੀ, "ਕੀ ਮੈਂ ਕੁੱਝ ਬੋਲੀ ਆ" ਉਹ ਘਬਰਾਇਆ ਬੋਲਿਆ ਤੈਨੂੰ ਪਤਾ ਸੀ ਤੂੰ ਕੀ ਆਖਿਆ ਭਿਕਸ਼ਣੀ "ਨਹੀਂ ਮੈਨੂੰ ਕੋਈ ਪਤਾ ਨੀ" ਉਸ ਨੇ ਜੇਬ ਵਿਚੋਂ ਰੁਮਾਲ ਕੱਢ ਕੇ ਮੱਥੇ ਤੋਂ ਮੁੜਕਾ ਪੂੰਜਿਆ ਅਤੇ ਪੁੱਛਿਆ "ਮੇਰੇ ਭਵਿੱਖ ਬਾਰੇ ਤੂੰ ਕੀ ਜਾਣਿਆ। ਕੀ ਮੈਂ ਲੰਬੀ ਉਮਰ ਭੋਗਾਂਗਾ। ਸਾਧਵੀ ਨੇ ਸਹਿਜ ਨਾਲ ਸਿਰ ਮਾਰਿਆ" ਜੇ ਉਹ ਜੋਤਸ਼ੀ ਠੀਕ ਆਖਦੇ ਆ ਮੈਨੂੰ ਸਮਝ ਨੀ ਆਉਂਦੀ ਮੈਂ ਇੰਨੀ ਉਲਝ ਕਿਉਂ ਗਈ। ਉਸ ਨੇ ਉਸਦੀ ਬਾਂਹ ਫੜ ਲਈ ਫਿਰ ਛੱਡ ਦਿੱਤੀ" "ਤੂੰ ਝੂਠ ਬੋਲਦੀ ਆਂ ਮੈਨੂੰ ਤੇਰੇ ਤੇ ਯਕੀਨ ਨਹੀਂ" "ਮੇਰੀ ਸਾਰੀ ਤਾਕਤ ਖਰਚ ਹੋ ਗਈ ਆ ਕੁਵੇਲ਼ਾ ਵੀ ਬੜਾ ਹੋ ਗਿਆ, ਚਲੋ ਹੁਣ ਬੰਦ ਕਰੋ।" ਉ ਤੂੰ ਮੈਨੂੰ ਸੱਚ ਨੀ ਦੱਸਿਆ" "ਚੰਗਾ ਫਿਰ ਮੈਨੂੰ ਮੁਆਫ਼ ਕਰਦੇ ਉਹ ਉਠ ਕੇ ਜਾਣ ਲੱਗੀ ਤਾਂ ਉਸ ਨੇ ਮਗਰੋਂ ਰੋਕ ਲਿਆ" "ਤੂੰ ਉਨਾਂ ਚਿਰ ਇਥੋਂ ਜਾ ਨੀ ਸਕਦੀ ਜਿਨਾਂ ਚਿਰ ਮੈਨੂੰ ਸੱਚ ਨਾ ਦੱਸੇਂ" "ਇਸ ਦਾ ਕੋਈ ਫ਼ਾਇਦਾ ਨੀ" "ਮੈਂ ਆਪੇ ਸੋਚੂੰ" "ਮੈਨੂੰ ਡਰ ਲੱਗਦਾ" "ਕਿਹੜੀ ਗਲੋਂ ਡਰ ਆ" "ਤੇਰੀ ਸਰਕਾਰੀ ਸ਼ਕਤੀ ਤੋਂ" "ਮੈਂ ਗੁੱਸੇ ਨੀ ਹੁੰਦਾ ਸੱਚ ਦਸੋ" "ਮੇਰੀ ਭਵਿੱਖਬਾਣੀ ਇਹ ਕਹਿੰਦੀ ਆ ਤੂੰ ਆਪ ਈ ਆਪਣੀ ਮੌਤ ਦਾ ਸਮਾਂ ਤਹਿ ਕਰਨਾ।" "ਇਹ ਕਦੋਂ ਆ" "ਅੱਜ ਰਾਤ, ਅੱਜ ਰਾਤ ਤੇਰੇ ਜੀਵਨ ਦਾ ਅੰਤ ਆ" "ਕੀ ਮਤਲਬ ਆ ਤੇਰਾ" "ਤਾਂ ਹੀ ਤਾਂ ਮੈਂ ਕਹਿਨੀਆਂ ਕਿ ਮੈਂ ਗਲਤ ਹੋਵਾਂ" ਉਸ ਦੇ ਹੋਸ਼ ਉੱਡ ਗਏ। ਮੈਂ ਇਕ ਬੁੱਢੀ ਔਰਤ ਦੇਖੀ ਆ ਜੋ ਅੱਗ ਦੇ ਦਰਿਆ ਵਿੱਚ ਸੜਦੀ ਪਈ ਆ। ਪ੍ਰੇਤ ਜੂਨ ਆ। ਭੁੱਖੀ ਪਿਆਸੀ। ਚਾਂਦੀ ਰੰਗੇ ਚਿੱਟੇ ਵਾਲ਼ ਨੇ। ਸ਼ਾਇਦ ਉਹ ਤੇਰੀ ਅੰਗ ਸਾਕ ਆ ਜਾਂ ਤੇਰੀ ਦਾਦੀ ਆ ਤੈਨੂੰ ਹਾਕਾਂ ਮਾਰਦੀ ਆ ਕਿ ਆਵੇਂ ਤੇ ਉਸਦਾ ਉਧਾਰ ਕਰੇਂ" "ਦਾਦੀ ਜਾਂ ਰਿਸ਼ਤੇਦਾਰ ਨਹੀਂ ਉਹ ਮੇਰੀ ਮਾਂ ਆ" ਡਰ ਨਾਲ ਉਹ ਕੰਬ ਰਿਹਾ ਸੀ।" "ਪਰ ਮੇਰੀ ਮਾਂ ਦੀ ਮੁਕਤੀ ਵਾਸਤੇ ਤਾਂ ਮੈਂ ਸੱਭੋ ਕੁੱਝ ਕੀਤਾ ਦਾਨ ਦਕਸ਼ਣਾ ਅਤੇ ਚੜਾਵੇ ਫਿਰ ਉਹ ਕਿਉਂ ਪ੍ਰੇਤ ਜੂਨ ਆ" "ਬੱਸ ਇਕੋ ਪੁਕਾਰ ਆ ਉਸਦੀ ਗੰਜਾ ਚੀਤਾ, ਗੰਜਾ ਚੀਤਾ ਤੇਰੀ ਮਾਂ ਸੜ ਰਹੀ ਆਖ ਰਹੀ ਆ ਜਿਨਾਂ ਚਿਰ ਤੂੰ ਨਰਾਜ਼ ਆਦਮੀਆਂ ਨੂੰ ਖੁਸ਼ ਨਹੀਂ ਕਰਦਾ ਉਹ ਨਰਕ ਦੀ ਕੁੰਭੀ ਵਿਚ ਸੜੇਗੀ ਅਤੇ ਉਹ ਆਦਮੀ ਉਸਦੀ ਕਬਰ ਪੁੱਟਣਗੇ ਅਤੇ ਹੱਡੀਆਂ ਰੋਲਣਗੇ"। ਉਬਚਾਅ ਵਾਸਤੇ ਮੈਂ ਕੀ ਕਰ ਸਕਦਾਂ" "ਬੱਸ ਉਹਨਾਂ ਨੂੰ ਖੁਸ਼ ਕਰ" "ਉਹ ਕੌਣ ਨੇ ਅਤੇ ਕਿੱਥੇ ਨੇ। ਇਥੇ ਹੀ ਨੇ ਨੇੜੇ ਤੇੜੇ"? "ਇਸ ਗੱਲ ਦਾ ਮੈਨੂੰ ਕੋਈ ਇਲਮ ਨਹੀਂ, ਸ਼ਾਇਦ ਮੈਂ ਗਲਤ ਵੀ ਹੋਵਾਂ" ਉਹ ਡਰ ਨਾਲ ਕੰਬਣ ਲੱਗਿਆ ਅਤੇ ਬੱਚਿਆਂ ਵਾਂਗ ਹੱਥ ਮਲਦਾ ਰੋਣ ਲੱਗ ਪਿਆ "ਮਾਂ, ਮਾਂ ਮੈਂ ਕੀ ਕਰਾਂ ਤੈਨੂੰ ਕਿਵੇਂ ਬਚਾਵਾਂ"।

ਅੱਧੀ ਰਾਤ ਤੋਂ ਬਾਅਦ ਅਹਿਲਕਾਰ ਆਪਣੇ ਕਮਰੇ ਵਿੱਚ ਪਹੁੰਚਿਆ। ਸੰਤਰੀ ਸੌਂ ਚੁੱਕਿਆ ਸੀ। ਉਹ ਨੇੜੇ ਦੀ ਕੁਰਸੀ ਵਿੱਚ ਡਿੱਗ ਪਿਆ। ਉਹ ਕੰਬ ਰਿਹਾ ਸੀ। ਉਸ ਦੇ ਕਪੜੇ ਇਉਂ ਭਿਜੇ ਸਨ ਜਿਵੇਂ ਮੀਂਹ ਵਿਚੋਂ ਆਇਆ ਹੋਵੇ। ਉਸ ਨੇ ਨੇੜੇ ਪਈ ਦਾਰੂ ਦੀ ਬੋਤਲ ਖੋਲ੍ਹ ਲਈ ਪਾਗਲਾਂ ਵਾਂਗ ਹੱਸਿਆ "ਮੈਂ ਅੱਜ ਬੱਚ ਗਿਆ ਪਾਪ ਤੋਂ ਜਿਹੜੀ ਔਰਤ ਨੇ ਆਉਣਾ ਸੀ ਆਈ ਹੋਊ ਤੇ ਮੁੜ ਗਈ"। ਉਸਨੇ ਦੇਖਿਆ ਬੈਡ ਉੱਪਰ ਸਿਰ੍ਹਾਣੇ ਤੇ ਇਕ ਪੈਕਟ ਪਿਆ ਸੀ। ਪੀਲ਼ੇ ਰੰਗ ਦਾ ਪੈਕਟ ਸੀ। ਪੀਲਾ ਰੰਗ ਸਿਰਫ਼ ਮੰਚੂ ਰਾਜ ਦਰਬਾਰ ਹੀ ਵਰਤ ਸਕਦਾ ਸੀ। ਇਸ ਤੇ ਧੂੜ ਜੰਮੀਂ ਹੋਈ ਸੀ। ਉਸਦਾ ਲਿਖਿਆ ਨਾਂਓ ਮਸਾਂ ਹੀ ਪੜ ਹੰਦਾ ਸੀ।

ਕੰਬਦੇ ਹੱਥਾਂ ਨਾਲ ਉਸਨੇ ਰੇਸ਼ਮੀਂ ਲਿਫਾਫਾ ਲਾਹ ਕੇ ਹਾਥੀ ਦੰਦ ਦੀ ਬਣੀ ਡੱਬੀ ਖੋਹਲੀ ਅਤੇ ਉਸ ਵਿੱਚੋਂ "ਰੇਸ਼ਮੀ ਡੋਰੀ" ਕੱਢੀ। ਪਹਿਲਾਂ ਤਾਂ ਸਮਝ ਨਾ ਲੱਗੀ ਕਿ ਇਹ ਕਿਸ ਵਾਸਤੇ ਹੈ। ਪਰ ਜਦੋਂ ਗੱਲ ਅਕਲ ਵਿੱਚ ਆਈ ਤਾਂ ਸੋਚਣ ਲੱਗਿਆ। ਕੌਣ ਹੋ ਸਕਦਾ ਹੈ ਜਿਸਨੇ ਉਸ ਦੇ ਭੇਦ ਰਾਜ ਦਰਬਾਰ ਨੂੰ ਦੱਸੇ ਹਨ। ਕੀ ਉਸ ਦੀ ਤੀਜੀ ਘਰ ਵਾਲੀ ਨੇ ਚੁਗਲੀਆਂ ਕੀਤੀਆਂ ਹਨ। ਜਾਂ ਕੀ ਇਹ ਕੰਮ ਘਰੇਲੂ ਖੁਸਰੇ ਦਾ ਹੈ। ਕਿਹੜਾ ਹੈ ਜਿਸਨੇ ਉਸਨੂੰ ਫਸਾਇਆ ਹੈ। ਪਰ ਕੁਝ ਵੀ ਹੋਵੇ ਹੁਣ ਕੀ ਹੋ ਸਕਦਾ। ਬੱਸ ਹੁਣ ਤਾਂ ਆਖਰ ਘੜੀ ਆ ਲੱਗੀ ਹੈ।

ਜਿਵੇਂ ਉਸਨੇ ਪਹਿਲਾਂ ਕਈ ਵਾਰ ਕੀਤਾ ਸੀ ਉਹ ਉੱਠਿਆ ਅਤੇ ਤਿਆਰੀ ਕਰਨ ਲੱਗਿਆ। ਰੇਸ਼ਮੀਂ ਡੋਰ ਉਸਨੇ ਕਮਰੇ ਦੇ ਬਾਰ ਨੇੜੇ ਇਕ ਸ਼ਤੀਰ ਨਾਲ ਕੱਸ ਕੇ ਬੰਨ ਦਿੱਤੀ। ਰੱਸੀ ਦੇ ਦੂਜੇ ਸਿਰੇ ਗਲ ਫਾਹਾ ਧਿਆਨ ਨਾਲ ਕੱਸਿਆ ਅਤੇ ਹੇਠਾਂ ਇਕ ਸਟੂਲ ਖਿੱਚ ਕੇ ਕਰ ਦਿੱਤਾ। ਕੁਰਸੀ ਤੇ ਆ ਬੈਠਾ ਅਤੇ ਇਕੋ ਸਾਹ ਦਾਰੂ ਦੀ ਬੋਤਲ ਚੜ੍ਹਾ ਗਿਆ। ਦਾਰੂ ਪੀਂਦਾ ਉਹ ਰੇਸ਼ਮੀ ਡੋਰੀ ਨੂੰ ਹੀ ਨਿਹਾਰਦਾ ਰਿਹਾ ਸੀ। ਉਹ ਕਿੰਨੀ ਮਾਸੂਮ ਲੱਗ ਰਹੀ ਸੀ ਜਿਵੇਂ ਉਸਦੇ ਪਤੰਗ ਦੀ ਡੋਰ ਹੋਵੇ, ਜਿਹੜੀ ਉਸਦੀ ਮਾਂ ਨਿੱਕੇ ਹੁੰਦੇ ਨੂੰ ਦਿੰਦੀ ਹੁੰਦੀ ਸੀ। ਉਸ ਦੀ ਗੁੱਡੀ ਇਕ ਵਾਰ ਘਰ ਦੇ ਇਕ ਉੱਚੇ ਦਰਖ਼ਤ ਵਿਚ ਫਸ ਗਈ ਸੀ ਅਤੇ ਪਾਟੀ ਹੋਈ ਹਵਾ ਵਿਚ ਫੜ ਫੜਾਉਂਦੀ ਰਹੀ ਸੀ। ਸਹਿਜ਼ ਸਹਿਜ਼ ਉਸ ਨੂੰ ਨਸ਼ਾ ਚੜ ਗਿਆ। ਉਸ ਦਾ ਸ਼ਰੀਰ ਇਉਂ ਜਿਵੇਂ ਬੇਗਾਨਾ ਹੋਵੇ। ਮੂੰਹ ਤੇ ਹੱਥ ਫੇਰਿਆ ਪਰ ਕੁਝ ਮਹਿਸੂਸ ਨਾ ਹੋਇਆ। ਲੜਖੜਾ ਕੇ ਉਹ ਉੱਠਿਆ ਪਰ ਸੋਚਿਆ ਜੇ ਇਉਂ ਸਟੂਲ ਡਿੱਗ ਪਿਆ ਤਾਂ ਖੜਕਾ ਸੁਣ ਕੇ ਬਾਹਰ ਸੁੱਤਾ ਪਿਆ ਸੰਤਰੀ ਜਾਗ ਪਊ ਅਤੇ ਮੇਰਾ ਕੰਮ ਹੋਣ ਤੋਂ ਪਹਿਲਾਂ ਅੰਦਰ ਆ ਵੜੂ। ਉਹ ਜਾਨਵਰ ਵਾਂਗ ਗੋਡੇ ਅਤੇ ਹੱਥਾਂ ਸਹਾਰੇ ਸਟੂਲ ਵੱਲ ਵੱਧਿਆ ਅਤੇ ਸਹਿਜ ਨਾਲ ਉਪਰ ਚੜ੍ਹਿਆ ਰੱਸੀ ਦਾ ਫਾਹਾ ਗਲ਼ ਵਿੱਚ ਪਾਇਆ ਹੁਣ ਉਸਦਾ ਹੌਸਲਾ ਨਹੀਂ ਸੀ ਪੈਂਦਾ ਕਿ ਪੈਰਾਂ ਹੇਠੋਂ ਸਟੂਲ ਕੱਢ ਦੇਵੇ। ਔਖ ਨਾਲ ਬੋਲਿਆ "ਸੰਤਰੀ"। ਜਦੋਂ ਸੰਤਰੀ ਨੇ ਬੂਹਾ ਖੋਲਿਆ ਨਾਲ ਹੀ ਸਟੂਲ ਉਸਦੇ ਪੈਰਾਂ ਹੇਠੋਂ ਨਿਕਲ ਕੇ ਦੂਰ ਜਾ ਡਿੱਗਿਆ। ਇਸ ਤੋਂ ਪਹਿਲਾਂ ਕਿ ਸੰਤਰੀ ਕੁੱਝ ਕਰ ਸਕਦਾ ਮੰਚੂ ਅਹਿਲਕਾਰ ਦਾ ਕੰਮ ਤਮਾਮ ਹੋ ਚੁੱਕਿਆ ਸੀ।

# ਹਾਕਮਾਂ ਦੀਆਂ ਅੱਖਾਂ ਦਾ ਰੋੜ-ਨਾਗਰਿਕਤਾ ਹੱਕਾਂ ਲਈ ਸੰਘਰਸ਼ ਕੋਰੋਨਾ ਦੀ ਓਟ 'ਚ ਕੀਤਾ ਖੇਰੂੰ-ਖੇਰੂੰ

**- ਛਿੰਦਰਪਾਲ**

ਭਾਜਪਾ ਹਕੂਮਤ ਵੱਲੋਂ ਵਿੱਢੇ ਨਾਗਰਿਕਤਾ ਸੋਧ ਕਨੂੰਨ, ਕੌਮੀ ਨਾਗਰਿਕਤਾ ਰਜਿਸਟਰ ਤੇ ਕੌਮੀ ਅਬਾਦੀ ਰਜਿਸਟਰ ਜਿਹੇ ਫਿਰਕੂ ਫਾਸੀਵਾਦੀ ਬਹੁਧਾਰੀ ਹੱਲੇ ਤੋਂ ਮਗਰੋਂ ਦੇਸ਼ ਦੀ ਲੋਕਾਈ ਨੇ ਸੰਘਰਸਾਂ ਦੇ ਪਿੜ ਮੱਲ ਲਏ। ਨਾਗਰਿਕਤਾ ਹੱਕਾਂ ਤੇ ਹੱਲੇ ਰਾਹੀਂ ਦੇਸ਼ ਦੇ ਫਾਸੀਵਾਦੀ ਹਾਕਮਾਂ ਨੇ ਮੁਲਕ ਨੂੰ ਹਿੰਦੂ ਰਾਜ ਬਨਾਉਣ ਦੇ ਰਾਹ ਤੇ ਅਗਲੀ ਪੁਲਾਂਘ ਭਰੀ ਸੀ। ਇਸ ਫਿਰਕੂ ਤੇ ਗੈਰ ਜਮਹੂਰੀ ਫੈਸਲਿਆਂ ਦੇ ਬੇਲੋੜੇ ਅਮਲ ਜਰੀਏ ਭਾਜਪਾ ਹਕੂਮਤ ਦੇਸ਼ ਵਿੱਚ ਰਹਿਣ ਵਾਲ਼ੇ ਲੋਕਾਂ ਨੂੰ ਆਵਦੇ ਮੁਲਖ ਵਿੱਚ ਬੇਗਾਨਾ ਕਰਨ, ਉਹਨਾਂ ਨੂੰ ਬਾਹਰੋਂ ਆਏ ਐਲਾਨ ਕੇ ਦੂਜੇ ਦਰਜੇ ਦੇ ਸ਼ਹਿਰੀ ਬਨਾਉਣ ਅਤੇ ਨਾਗਰਿਕਤਾ ਦੇ ਹੱਕ ਜਿਹੇ ਜਮਹੂਰੀ ਹੱਕ ਨੂੰ ਹਾਕਮਾਂ ਦੇ ਹੱਥਾਂ ਵਿੱਚ ਕੇਂਦਰਿਤ ਕਰਨ ਦੀ ਖੋਟੀ ਨੀਤ ਸਾਫ ਝਲਕਦੀ ਹੈ। ਪਰ ਦੇਸ਼ ਦੀ ਲੋਕਾਈ ਨੇ ਹਾਕਮਾਂ ਦੇ ਫੈਸਲੇ ਨੂੰ ਜਬਰਦਸਤ ਟੱਕਰ ਦਿੱਤੀ। ਇਸਦੇ ਵਿਰੁੱਧ ਪੂਰੇ ਦੇਸ਼ ਵਿੱਚ ਲੋਕਰੋਹ ਦੀ ਧੁਖਦੀ ਅੱਗ ਭਾਂਬੜ ਬਣਦੀ ਜਾ ਰਹੀ ਸੀ। ਮੁਸਲਮਾਨ ਭਾਈਚਾਰੇ ਸਮੇਤ ਦੇਸ਼ ਦੇ ਹੋਰ ਜਮਹੂਰੀ ਤੇ ਅਗਾਂਹਵਧੂ ਹਿੱਸੇ ਵੀ ਨਾਗਰਿਕਤਾ ਹੱਕਾਂ ਦੀ ਰਾਖੀ ਲਈ ਰਣਭੂਮੀਂ ਵਿੱਚ ਜੂਝ ਰਹੇ ਸਨ। ਇਹੀ ਕਾਰਨ ਸੀ ਕਿ ਇਹ ਸੰਘਰਸ਼ ਦੇਸ਼ ਦੀ ਅਜ਼ਾਦੀ ਮਗਰੋਂ ਉੱਠੇ ਵੱਡੇ ਸੰਘਰਸ਼ਾਂ ਵਿੱਚ ਆਵਦਾ ਨਾਂ ਲਿਖਵਾ ਸਕਿਆ।

ਪਰ ਲੋਕ ਰੋਹ ਦਾ ਉੱਸਰਿਆ ਕਿਲਾ ਜੋ ਦੇਸ਼ ਦੀ ਫਿਰਕੂ ਫਾਸੀਵਾਦੀ ਮੋਦੀ-ਸ਼ਾਹ ਹਕੂਮਤ ਨੂੰ ਟੱਕਰ ਦੇ ਰਿਹਾ ਸੀ- ਦੇਸ਼ ਦੇ ਹਾਕਮਾਂ ਭਾਜਪਾ ਤੇ ਉਹਦੀ ਮਾਂ ਜਥੇਬੰਦੀ ਕੌਮੀ ਸਵੈਸੇਵਕ ਸੰਘ ਲਈ ਜਰਨਾ ਬਹੁਤ ਔਖਾ ਹੋਇਆ ਪਿਆ ਸੀ। ਕਿਉਂਕਿ ਇਹਨਾਂ ਫੈਸਲਿਆਂ ਜਰੀਏ ਉਹ ਹਿੰਦੂ ਰਾਜ ਦੀ ਉਸਾਰੀ ਦਾ ਸਦੀ ਪੁਰਾਣਾ ਸੁਪਨਾ ਪੂਰਾ ਹੁੰਦਾ ਵੇਖ ਰਹੇ ਸਨ। ਇਸ ਕਰਕੇ ਸੰਘਰਸ਼ ਨੂੰ ਹਾਕਮਾਂ ਨੇ ਤਰਾਂ-ਤਰਾਂ ਦੀਆਂ ਤੁਹਮਤਾਂ ਤੇ ਚਾਲਬਾਜ਼ੀਆਂ ਨਾਲ਼ ਤਾਰਪੀਡੋ ਕਰਨ ਦੀ ਪੂਰੀ ਵਾਹ ਲਾਈ। ਸੰਘਰਸ਼ ਨੂੰ ਫਿਰਕੂ ਰੰਗਤ ਦੇਣ ਲਈ ਮਿੰਨੀ ਪਾਕਿਸਤਾਨ ਜਿਹੇ ਲਕਬਾਂ ਨਾਲ਼ ਬਦਨਾਮ ਕੀਤਾ ਗਿਆ। ਗੋਲ਼ੀਆਂ ਚਲਾਕੇ, ਦੰਗੇ ਕਰਵਾਕੇ ਜਾਂ ਪੁਲਸੀਆ ਜੋਰ ਦੇ ਦਮ ਸੰਘਰਸ਼ ਨੂੰ ਖਿੰਡਾਉਣ ਲਈ ਹਾਕਮਾਂ ਨੇ ਪੂਰਾ ਟਿੱਲ ਲਾਇਆ। ਪਰ ਇਸ ਸੰਘਰਸ਼ ਦੀ ਅਗਵਾਈ ਕਰਦੇ ਹਿੱਸਿਆਂ ਦੀ ਸੂਝ ਅਤੇ ਮਸਲੇ ਦੀ ਤਿੱਖ ਏਨੀ ਜ਼ਬਰਦਸਤ ਰਹੀ ਕਿ ਹਾਕਮਾਂ ਦੀਆਂ ਕੋਝੀਆਂ ਚਾਲਾਂ ਇਸ ਸੰਘਰਸ਼ ਨੂੰ ਆਵਦੇ ਨਿਸ਼ਾਨੇ ਤੋਂ ਥਿੜਕਾ ਨਾ ਸਕੀਆਂ। ਇਸ ਸੰਘਰਸ਼ ਜਰੀਏ ਦੇਸ਼ ਵਿੱਚ ਸਾਰੇ ਧਰਮਾਂ, ਜਾਤਾਂ, ਫਿਰਕਿਆਂ, ਜਥੇਬੰਦੀਆਂ ਦੀ ਭਾਈਚਾਰਕ ਸਾਂਝ ਦਾ ਕਿਲਾ ਏਨਾ ਮਜ਼ਬੂਤ ਉੱਸਰਿਆ ਕਿ ਫਾਸੀਵਾਦੀ ਤਾਕਤਾਂ ਲਈ ਇਸਨੂੰ ਸਰ ਕਰਨਾ ਦਿਨੋਂ-ਦਿਨ ਔਖਾ ਹੁੰਦਾ ਜਾ ਰਿਹਾ ਸੀ।

ਜਦੋਂ ਫਾਸੀਵਾਦੀ ਮੋਦੀ ਹਕੂਮਤ ਤੇ ਸੰਘੀ ਲਾਣੇ ਦਾ ਪੂਰਾ ਟਿੱਲ ਨਾਗਰਿਕਤਾ ਹੱਕਾਂ ਦੀ ਰਾਖੀ ਲਈ ਸੰਘਰਸ਼ ਨੂੰ ਖੇਰੂੰ-ਖੇਰੂੰ ਕਰਨ, ਉਸਨੂੰ ਰਾਹ ਤੋਂ ਤਿਲਕਾਉਣ ਤੇ ਪੂਰਾ ਜੋਰ ਲੱਗਿਆ ਹੋਇਆ ਸੀ, ਉਸੇ ਮੌਕੇ ਕੋਰੋਨਾਵਾਇਰਸ ਦੀ ਸੰਸਾਰ ਵਿਆਪੀ ਮਹਾਂਮਾਰੀ ਭਾਰਤੀ ਹਾਕਮਾਂ ਲਈ ਨਿਆਮਤ ਬਣਕੇ ਬਹੁੜੀ ਹੈ। ਭਾਰਤ ਦੀ ਭਾਜਪਾ ਹਕੂਮਤ ਨੇ ਇਸ ਗੰਭੀਰ ਹਾਲਤ ਨੂੰ ਲਾਹੇਵੰਦੀ ਹਾਲਤ ਵਜੋਂ ਲੈਂਦਿਆਂ, ਇਸਨੂੰ ਨਾਗਰਿਕਤਾ ਹੱਕਾਂ ਲਈ ਚੱਲ਼ ਰਹੇ ਸੰਘਰਸ਼ਾਂ ਨੂੰ ਤਾਰਪੀਡੋ ਕਰਨ ਦਾ ਹੱਥਾ ਬਣਾਇਆ। ਸੰਘਰਸ਼ ਕਰ ਰਹੇ ਲੋਕਾਂ ਨੂੰ ਇਹ ਕਹਿਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਕਿ ਨਾਗਰਿਕਤਾ ਹੱਕਾਂ ਲਈ ਸੰਘਰਸ਼ ਕਰ ਰਹੇ ਇਹ ਲੋਕੀਂ ਜਾਣ ਬੁੱਝਕੇ ਬਾਕੀ ਵਸੋਂ ਵਿੱਚ ਕੋਰੋਨਾਵਾਇਰਸ ਫੈਲਾਉਣ ਲਈ ਬੈਠੇ ਹਨ, ਇਸਨੂੰ ਮੁਲਸਨਮਾਨ ਭਾਈਚਾਰੇ ਦੀ ਸਾਜਸ਼ ਵਜੋਂ ਪ੍ਰਚਾਰਿਆ ਗਿਆ।

ਸ਼ਾਹੀਨ ਬਾਗ ਅਤੇ ਇਸਦੀ ਤਰਜ ਉੱਤੇ ਪੂਰੇ ਮੁਲਕ ਵਿੱਚ ਸੰਘਰਸ਼ ਕਰ ਰਹੇ ਲੋਕਾਂ ਬਰਖਲਾਫ ਭੰਡੀ ਪ੍ਰਚਾਰ ਕਰਕੇ ਸੰਘੀ ਲਾਣੇ ਨੇ ਬਾਕੀ ਅਬਾਦੀ ਵਿੱਚ ਸੰਘਰਸ਼ ਪ੍ਰਤੀ ਇੱਕ ਭੈਅ ਦਾ ਮਹੌਲ ਬਨਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਇਸ ਤਰਾਂ ਵੀ ਹਾਕਮਾਂ ਪੱਲੇ ਕਾਮਯਾਬੀ ਨਾ ਪੈਂਦੀ ਦੇਖ, ਅਖੀਰ ਕੋਰੋਨਾਵਾਇਰਸ ਦੀ ਓਟ ਲੈਕੇ ਸਰਕਾਰ ਨੇ ਸ਼ਾਹੀਨ ਬਾਗ ਅਤੇ ਹੋਰਾਂ ਥਾਵਾਂ ਉੱਤੇ ਧਰਨੇ 'ਤੇ ਬੈਠੇ ਲੋਕਾਂ ਨੂੰ ਪੁਲਸੀਆ ਜਬਰ ਨਾਲ਼ ਉਠਾ ਦਿੱਤਾ, ਟੈਂਟ ਪੱਟ ਦਿੱਤੇ, ਸਾਜੋਸਮਾਨ ਜਬਤ ਕਰ ਲਿਆ ਅਤੇ ਕਈ ਥਾਈਂ ਸੰਘਰਸ਼ ਕਰ ਰਹੇ ਕਾਰਕੁੰਨਾਂ ਨੂੰ ਗਿਰਫਤਾਰ ਕਰ ਲਿਆ। ਭਾਵੇਂ ਕਿ ਸੰਘਰਸ਼ ਕਰ ਰਹੇ ਲੋਕਾਂ ਨੇ ਕੋਰੋਨਾਵਾਇਰਸ ਤੋਂ ਬਚਾਅ ਦੇ ਸਭ ਉਪਰਾਲੇ ਆਪਮੁਹਾਰੇ ਤੌਰ 'ਤੇ ਪਹਿਲਾਂ ਹੀ ਕਰ ਰੱਖੇ ਸਨ। ਸ਼ਾਹੀਨ ਬਾਗ ਵਿੱਚ ਬੈਠੀਆਂ ਔਰਤਾਂ ਨੇ ਆਪਸੀ ਦੂਰੀ ਦਾ ਜਾਬਤਾ ਰੱਖਦਿਆਂ, ਜਗ੍ਹਾ ਨੂੰ ਵਾਇਰਸ ਮੁਕਤ ਕਰਨ ਲਈ ਸਮੇਂ-ਸਮੇਂ ਤੇ ਸੈਨੇਟਾਈਜ ਕਰਨ ਦਾ ਢੁੱਕਵਾਂ ਬੰਦੋਬਸਤ ਕਰ ਲਿਆ ਸੀ, ਆਵਦੀ ਗਿਣਤੀ ਨੂੰ ਸੀਮਤ ਕਰ ਲਿਆ ਸੀ, ਸੰਘਰਸ਼ ਵਿੱਚ ਆਉਣ-ਜਾਣ ਵਾਲ਼ੇ ਲੋਕਾਂ ਨੂੰ ਖਾਸ ਹਦਾਇਤਾਂ ਜਰੀਏ ਬਚਾਅ ਕੀਤਾ ਜਾ ਰਿਹਾ ਸੀ। ਪਰ ਇਹਦੇ ਬਾਵਜੂਦ ਵੀ ਭਾਜਪਾ ਹਕੂਮਤ ਨੇ ਕੋਰੋਨਾਵਾਇਰਸ ਨੂੰ ਨਾਗਰਿਕਤਾ ਸੋਧ ਕਨੂੰਨ, ਕੌਮੀ ਅਬਾਦੀ ਤੇ ਨਾਗਰਿਕਤਾ ਰਜਿਸਟਰ ਵਿਰੁੱਧ ਉੱਠੇ ਸੰਘਰਸ਼ ਨੂੰ ਖਿੰਡਾਉਣ ਲਈ ਵਰਤਿਆ, ਜਮਹੂਰੀ ਤਕਾਜਿਆਂ ਨੂੰ ਛਿੱਕੇ ਟੰਗ ਸੰਘਰਸ਼ ਨੂੰ ਜਬਰੀ ਖਿੰਡਾ ਦਿੱਤਾ। ਭਾਵੇਂ ਕਈ ਥਾਈਂ ਸੰਘਰਸ਼ਸ਼ੀਲ ਲੋਕਾਂ ਨੇ ਕੋਰੋਨਾ ਵਾਇਰਸ ਦੀ ਮਹਾਂਮਾਰੀ ਨੂੰ ਗੰਭੀਰਤਾ ਨਾਲ਼ ਲੈਂਦਿਆਂ, ਲੋਕਾਂ ਪ੍ਰਤੀ ਆਵਦੀ ਚਿੰਤਾ 'ਚੋਂ ਸੰਘਰਸ਼ ਨੂੰ ਖੁਦ ਮੁਲਤਵੀ ਕਰ ਦਿੱਤਾ। ਪਰ ਇਹਦੇ ਲਈ ਵੀ ਮੁੱਖ ਕਾਰਕ ਲਾਜ਼ਮੀ ਹੀ ਸੰਘੀ ਟੋਲੇ ਸਮੇਤ, ਮੀਡੀਆ ਤੇ ਸਰਕਾਰ-ਪ੍ਰਸ਼ਾਸ਼ਨ ਵੱਲੋਂ ਕੋਰੋਨਾਵਾਇਰਸ ਪ੍ਰਤੀ ਲੋਕ ਮਨਾਂ 'ਚ ਬਣਾਇਆ ਜਾ ਰਿਹਾ ਦਹਿਸ਼ਤ ਦਾ ਮਾਹੌਲ ਅਤੇ ਪ੍ਰਸ਼ਾਸ਼ਕੀ ਦਬਾਅ ਹੀ ਜ਼ਿੰਮੇਵਾਰ ਰਿਹਾ ਹੈ। ਸਗੋਂ ਜਮਹੂਰੀ ਅਮਲ ਤਾਂ ਇਹ ਮੰਗ ਕਰਦਾ ਹੈ ਕਿ ਸਰਕਾਰ ਨਾਗਰਿਕਤਾ ਹੱਕਾਂ ਦੀ ਰਾਖੀ ਲਈ ਜਾਂ ਕਿਸੇ ਕਿਸਮ ਦਾ ਸੰਘਰਸ਼ ਕਰ ਰਹੇ ਲੋਕਾਂ ਦੀ ਕੋਰੋਨਾਵਾਇਰਸ ਜਾਂ ਕਿਸੇ ਹੋਰ ਮਹਾਂਮਾਰੀ ਤੋਂ ਸੁਰੱਖਿਆ ਦੀ ਗਰੰਟੀ ਕਰਦਿਆਂ ਉੱਥੇ ਡਾਕਟਰੀ ਅਮਲਾ ਤੈਨਾਤ ਕਰਦੀ ਤੇ ਹੋਰ ਢੁੱਕਵੇਂ ਇੰਤਜਾਮ ਕਰਦੀ। ਪਰ ਹਾਕਮਾਂ ਦੇ ਮਨ ਦੀ ਖੋਟ ਤੇ ਤਾਨਾਸ਼ਾਹ ਰਵੱਈਏ ਕਰਕੇ ਕੋਰੋਨਾਵਾਇਰਸ ਦੀਆਂ ਬਣੀਆਂ ਇਹਨਾਂ ਹਾਲਤਾਂ ਨੂੰ ਢੁੱਕਵੇਂ ਤੇ ਜਮਹੂਰੀ ਢੰਗ ਨਾਲ਼ ਨਜਿੱਠਣ ਦੀ ਬਜਾਏ ਭਾਜਪਾ-ਰਸਸ ਜੁੰਡੀ ਦੀਆਂ ਅੱਖਾਂ ਦਾ ਰੋੜ ਬਣੇ ਨਾਗਰਿਕਤਾ ਹੱਕਾਂ ਦੇ ਸੰਘਰਸ਼ ਨੂੰ ਇਹਦੀ ਓਟ ਵਿੱਚ ਜਬਰ ਨਾਲ਼ ਖੇਰੂੰ-ਖੇਰੂੰ ਕਰਨ ਦਾ ਰਾਹ ਅਖਤਿਆਰ ਕੀਤਾ ਤੇ ਕੋਰੋਨਾ ਨੂੰ ਫਾਸੀਵਾਦੀ ਹੱਥੇ ਵਜੋਂ ਵਰਤਿਆ। ਇਸ ਮੌਕੇ ਸ਼ਾਹੀਨ ਬਾਗ ਦੇ ਧਰਨੇ ਵਿੱਚ ਹਾਜ਼ਰੀ ਦੇ ਰਹੀ ਕਾਰਕੁੰਨ ਬੀਬੀ ਰਾਬੀਆ ਦਾ ਕਹਿਣਾ ਸੀ ਕਿ 'ਕੋਰੋਨਾ ਵਾਇਰਸ ਦੇ ਖਤਰੇ ਨਾਲੋਂ ਸਾਡੇ ਲਈ ਨਾਗਰਿਕਤਾ ਹੱਕਾਂ 'ਤੇ ਵਿੱਢਿਆ ਹੱਲਾ ਕਿਤੇ ਜ਼ਿਆਦਾ ਵੱਡਾ ਤੇ ਮਾਰੂ ਹੈ।'

ਹੁਣ ਕੋਰੋਨਾਵਾਇਰਸ ਕਰਕੇ ਦੇਸ਼ਬੰਦੀ ਦੀ ਹਾਲਤ ਵਿੱਚ ਵੀ ਖਾਸ ਤੌਰ 'ਤੇ ਨਾਗਰਿਕਤਾ ਹੱਕਾਂ ਲਈ ਸੰਘਰਸ਼ ਕਰਨ ਵਾਲ਼ੇ ਕਾਰਕੁੰਨਾਂ ਆਗੂਆਂ ਨੂੰ ਟਿੱਕਕੇ ਉਹਨਾਂ ਦੀਆਂ ਗਿਰਫਤਾਰੀਆਂ ਕਰਨ, ਠਿੱਠ ਕਰਨ ਦੀਆਂ ਕੋਝੀਆਂ ਕਰਤੂਤਾਂ ਕੀਤੀਆਂ ਜਾ ਰਹੀਆਂ ਹਨ।

ਜਾਮੀਆਂ ਯੂਨੀਵਰਸਿਟੀ ਦੇ ਵਿਦਿਆਰਥੀ ਮੀਰਾਨ ਹੈਦਰ, ਸੈਫ਼ੂਰਾ ਜ਼ਰਗਰ ਨੂੰ ਦਿੱਲੀ ਹਿੰਸਾ ਦਾ ਸਾਜਸ਼ੀ ਕਹਿਕੇ ਇਹਨਾਂ ਦਿਨਾਂ ਵਿੱਚ ਗਿਰਫਤਾਰ ਕੀਤਾ ਗਿਆ ਹੈ, ਉਸਤੇ 50 ਜਣਿਆਂ ਦੀ ਮੌਤ ਦੀ ਜ਼ਿੰਮੇਵਾਰ ਹੋਣ ਦਾ ਦੋਸ਼ ਲਾਇਆ ਗਿਆ ਹੈ। ਅਜਿਹੀਆਂ ਹੋਰ ਕਈ ਵਾਰਦਾਤਾਂ ਦਿੱਲੀ ਸਮੇਤ ਪੂਰੇ ਦੇਸ਼ ਦੇ ਅੱਢ-ਅੱਢ ਸੂਬਿਆਂ ਵਿੱਚ ਸਾਹਮਣੇ ਆਈਆਂ ਹਨ, ਜਿਸ ਵਿੱਚ ਦੇਸ਼ ਬੰਦੀ ਦੌਰਾਨ ਨਾਗਰਿਕਤਾ ਹੱਕਾਂ ਲਈ ਜੂਝਦੇ ਕਾਰਕੁੰਨਾਂ ਨੂੰ ਟਿੱਕਿਆ ਜਾ ਰਿਹਾ ਹੈ। ਕੋਰੋਨਾਵਾਇਰਸ ਦੀ ਮਹਾਂਮਾਰੀ ਦੇ ਦੌਰ ਵਿੱਚ ਫਿਰਕੂ ਫਾਸੀਵਾਦੀ ਹਕੂਮਤ ਦੀਆਂ ਖੋਟੀਆਂ ਨੀਤਾਂ ਦਾ ਇੱਥੋਂ ਵੀ ਪਤਾ ਲੱਗਦਾ ਹੈ ਕਿ ਇਸੇ ਦੌਰਾਨ ਹਾਕਮਾਂ ਨੇ ਕਈ ਹੋਰ ਵੀ ਲੋਕਦੋਖੀ ਫੈਸਲੇ ਕਰਕੇ ਕੋਰੋਨਾ ਨੂੰ ਆਵਦੇ ਸਿਆਸੀ ਲਾਹੇ ਦਾ ਸੰਦ ਬਣਾਇਆ ਹੈ। ਇਹੀ ਗੱਲ ਨਾਗਰਿਕਤਾ ਹੱਕਾਂ ਲਈ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਕਰਤੂਤ ਵਿੱਚ ਵੀ ਸੱਚੀ ਸਾਬਤ ਹੁੰਦੀ ਹੈ।

ਪਰ ਇਸ ਸਭ ਦੇ ਬਾਵਜੂਦ ਵੀ ਫਾਸੀਵਾਦੀ ਹਕੂਮਤ ਸੰਘਰਸ਼ ਕਰਦੇ ਲੋਕਾਂ ਦਾ ਹੌਂਸਲਾ ਨਹੀਂ ਤੋੜ ਸਕੀ ਹੈ। ਸਗੋਂ ਸੰਘਰਸ਼ਸ਼ੀਲ ਲੋਕਾਂ ਨੇ ਵਧੇਰੇ ਜੋਰ ਨਾਲ਼ ਇਹ ਗੱਲ਼ ਉਭਾਰੀ ਹੈ ਕਿ 'ਅਸੀਂ ਫਿਰ ਆਵਾਂਗੇ'। ਲਖਨਊ ਘੰਟਾ ਘਰ ਵਿਖੇ ਸ਼ਾਹੀਨ ਬਾਗ ਦੀ ਤਰਜ ਉੱਤੇ ਸੰਘਰਸ਼ ਕਰ ਰਹੀਆਂ ਔਰਤਾਂ ਨੇ ਕਿਹਾ ਹੈ ਕਿ ਭਾਵੇਂ ਇਸ ਸੰਘਰਸ਼ 'ਤੇ ਪਈ ਕੋਰੋਨਾ ਤੇ ਪੁਲਸੀਆ ਜਬਰ ਦੀ ਦੂਹਰੀ ਮਾਰ ਕਰਕੇ ਇਸਨੂੰ ਅੱਜ ਦੀ ਘੜੀ ਹਾਕਮਾਂ ਨੇ ਖਿੰਡਾ ਦਿੱਤਾ ਹੈ। ਪਰ ਇਸ ਸੰਘਰਸ਼ ਨੂੰ ਰੱਦ ਨਾ ਮੰਨਿਆ ਜਾਵੇ, ਸਗੋਂ ਮੁਲਤਵੀ ਮੰਨਿਆ ਜਾਵੇ। ਕਿਉਂਕਿ ਨਾਗਰਿਕਤਾ ਹੱਕਾਂ 'ਤੇ ਹਮਲੇ ਵਜੋਂ ਮੁੱਢਲੇ ਪੜਾਅ ਦੇ ਤੌਰ 'ਤੇ ਕੀਤਾ ਜਾਣ ਵਾਲ਼ਾ ਕੌਮੀ ਅਬਾਦੀ ਰਜਿਸਟਰ ਦਾ ਅਮਲ ਸਰਕਾਰਾਂ ਨੇ ਭਾਵੇਂ ਕੋਰੋਨਾ ਕਰਕੇ ਕੁਝ ਸਮੇਂ ਲਈ ਟਾਲ ਦਿੱਤਾ ਹੈ, ਪਰ ਉਹ ਸਿਰਫ ਟਾਲਿਆ ਹੀ ਹੈ। ਮੋਦੀ-ਸ਼ਾਹ ਦੀ ਜੁੰਡੀ ਵਾਲ਼ੀ ਫਿਰਕੂ ਫਾਸੀਵਾਦੀ ਸਰਕਾਰ ਉਸਨੂੰ ਹਰ ਹੀਲੇ ਪੂਰਾ ਕਰਵਾਉਣ ਲਈ ਬਜਿੱਦ ਹੈ। ਇਸ ਕਰਕੇ ਜਦੋਂ ਤੱਕ ਭਾਜਪਾ ਹਕੂਮਤ ਆਵਦੇ ਇਹਨਾਂ ਲੋਕਦੋਖੀ ਫੈਸਲਿਆਂ ਨੂੰ ਵਾਪਸ ਨਹੀਂ ਲੈਂਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ ਅਤੇ ਸੰਘਰਸ਼ਾਂ ਦੇ ਮੈਦਾਨ ਵਿੱਚ 'ਅਸੀਂ ਫਿਰ ਆਵਾਂਗੇ'। ਅੱਜ ਦੀ ਘੜੀ ਨਾਗਰਿਕਤਾ ਹੱਕਾਂ ਦੀ ਰਾਖੀ ਲਈ ਜੂਝ ਰਹੀਆਂ ਜਥੇਬੰਦੀਆਂ ਲਈ ਵੀ ਇਹ ਕਾਜ ਦਰਪੇਸ਼ ਖੜ੍ਹੇ ਹਨ ਕਿ ਭਾਵੇਂ ਅੱਜ ਨਾਗਰਿਕਤਾ ਹੱਕਾਂ ਦੀ ਰਾਖੀ ਲਈ ਭਖੇ ਸੰਘਰਸ਼ ਦੇ ਮੈਦਾਨ ਵਿੱਚ ਇੱਕ ਵਾਰ ਫਿਲਹਾਲ ਠੰਢ ਪਸਰ ਗਈ ਹੈ, ਪਰ ਦੇਸ਼ਬੰਦੀ ਅਤੇ ਕਰਫਿਊ ਵਰਗੀਆਂ ਹਾਲਤਾਂ ਵਿੱਚ ਅਤੇ ਉਸਤੋਂ ਮਗਰੋਂ ਸੰਘਰਸ਼ ਨੂੰ ਪਿਛਲੇ ਪੜਾਅ ਤੋਂ ਅੱਗੇ ਤੋਰਨਾ ਹੈ। ਕੋਰੋਨਾਵਾਇਰਸ ਦੇ ਦੌਰਾਨ ਅਤੇ ਉਸਤੋਂ ਮਗਰੋਂ ਨਾਗਰਿਕਤਾ ਹੱਕਾਂ ਦੀ ਰਾਖੀ ਦੇ ਸੰਘਰਸ਼ ਦੇ ਦੂਜੇ ਪੜਾਅ ਵਿੱਚ ਪੈਰ ਧਰਦਿਆਂ, ਭਿੰਨ-ਭਿੰਨ ਘੋਲ਼ ਸ਼ਕਲਾਂ ਵਿੱਚ ਇਸ ਸੰਘਰਸ਼ ਨੂੰ ਫਿਰ ਤੋਂ ਮਘਾਉਣਾ ਤੇ ਨੇਪਰੇ ਚਾੜਨਾ ਹੈ। ਕੋਰੋਨਾਵਾਇਰਸ ਦਾ ਫਿਰਕੂ ਫਾਸੀਵਾਦੀ ਹਾਕਮਾਂ ਵੱਲੋਂ ਵਿਰੋਧ ਦੀਆਂ ਅਵਾਜਾਂ ਕੁਚਲਣ ਦੇ ਹੱਥੇ ਵਜੋਂ ਵਰਤਣ ਦੇ ਕੋਝੇ ਹੱਥਕੰਡੇ ਦਾ ਲੋਕਾਈ ਵਿੱਚ ਪਾਜ ਉਘਾੜਾ ਕਰਨਾ ਹੈ ਤੇ ਵਿਰੋਧ ਕਰਨਾ ਹੈ ਅਤੇ ਦੇਸ਼ ਉੱਤੇ ਹਕੂਮਤ ਕਰ ਰਹੀਆਂ ਫਿਰਕੂ ਫਾਸੀਵਾਦੀ ਤਾਕਤਾਂ ਅਤੇ ਉਹਨਾਂ ਦੇ ਲੋਕਦੋਖੀ ਮਨਸੂਬਿਆਂ ਦਾ ਮੂਹਰੋਂ ਹੋਕੇ ਰਾਹ ਰੋਕਣਾ ਹੈ ਤੇ ਉਹਨਾਂ ਉੱਤੇ ਪਾਣੀ ਫੇਰਨਾ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ

## ਨੀਰੋ ਨੂੰ ਮਾਤ ਪਾਉਂਦਾ ਹਾਕਮ

ਕਦੇ ਥਾਲੀ ਖੜਕਾਉਂਦਾ ਏ
ਕਦੇ ਮੋਮਬੱਤੀ ਜਗਾਉਂਦਾ ਏ
ਕਿੰਨਾ ਮਕਾਰ ਹੈ ਹਾਕਮ
ਮੌਤਾਂ ਦੇ ਜਸ਼ਨ ਮਨਾਉਂਦਾ ਏ।

ਹੈਵਾਨੀਅਤ ਦੀ ਹੱਦ ਏ ਯਾਰੋ
ਇਨਸਾਨੀਅਤ ਨਹੀਂ ਉਸ ਪੱਲੇ
ਜਦੋਂ ਉਹ ਹੁਕਮ ਦਿੰਦਾ ਹੈ
ਹਜ਼ੂਮ ਤ੍ਰਿਸ਼ੂਲ ਲਹਿਰਾਉਂਦਾ ਏ।

ਕੋਈ ਸੁਖ ਮੰਗਦਾ ਸੱਭ ਦੀ
ਕੋਈ ਅਰਦਾਸ ਕਰਦਾ ਏ,
ਇਹ ਸ਼ੈਤਾਨ ਐਸਾ ਹੈ
ਗਿਣਤੀ ਲਾਸ਼ਾਂ ਦੀ ਕਰਾਉਂਦਾ ਏ।

ਕਿਤੇ ਖੰਜ਼ਰ ਵੰਡਦਾ ਏ,
ਕਿਤੇ ਨਫਰਤ ਦੀਆਂ ਪੁੜੀਆਂ
ਦਸਤੂਰ ਏਸ ਦਾ ਵੇਖੋ
ਕਰ ਕਤਲ ਪਟਾਕ ਚਲਾਉਂਦਾ ਹੈ।

ਥਾਂ ਥਾਂ ਕਾਤਲਾਂ ਦੇ ਟੋਲੇ,
ਇਹਨੇ ਪਾਲ ਰੱਖੇ ਨੇ,
ਉਦਾ ਸਿਰ ਨੱਪ ਦਿੰਦੇ
ਜੋ ਆਵਾਜ਼ ਉਠਾਉਂਦਾ ਏ।

ਨਿਕਲੇ ਭੁੱਖਣ-ਭਾਂ ਜਿਹੜੇ
ਲਹੂ ਲੁਹਾਣ ਪੈਰ ਲੈ ਕੇ
ਰੋਟੀ ਦੇਣ ਦੀ ਥਾਂ ਇਹ
ਗੋਲੀਆਂ ਡਾਂਗਾਂ ਵਰਾਉਂਦਾ ਏ।

ਸ਼ਹਿਰ ਬਦਰ ਹੋ ਕੇ ਜੋ,
ਘਰਾਂ ਦੀ ਭਾਲ ਨੂੰ ਤੁਰ ਪਏ
ਕਰੋਨਾ ਫੈਲਾਉਣ ਦੇ ਉਨਾਂ ਉੱਤੇ
ਇਲਜ਼ਾਮ ਲਵਾਉਂਦਾ ਏ।

ਵਿਛੇ ਨੇ ਸੱਥਰ ਮੌਤਾਂ ਦੇ,
ਛਾਇਆ ਪਸਮੰਜ਼ਿਰ ਚੁਫੇਰੇ
ਕੋਈ ਦਵਾ ਬੂਟੀ ਦੀ ਥਾਂ,
ਟੂਣੇ ਮੰਤਰ ਦੁਹਰਾਉਂਦਾ ਏ।

ਕਿਧਰੇ ਘਰ ਉੱਜੜੇ ਨੇ
ਕਿਧਰੇ ਪ੍ਰੀਵਾਰ ਖਿੰਡੇ ਨੇ
ਦੇਸ਼ ਹਾਹਾਕਾਰ ਕਰਦਾ ਹੈ
ਇਹ ਬੁੱਲ੍ਹੀ ਮੁਸਕਰਾਉਂਦਾ ਹੈ।

ਨੀਰੋ ਬੰਸਰੀ ਵਜਾਈ ਸੀ
ਐਵੇਂ ਹੀ ਬਦਨਾਮ ਹੋਇਆ
ਮਾਤ ਪਾ ਗਿਆ ਉਹਨੂੰ
ਖੁਦ ਅੱਗਾਂ ਲਵਾਉਂਦਾ ਏ।

ਖੁਦਕੁਸ਼ੀਆਂ ਲੋਕ ਕਰਦੇ ਨੇ
ਭੁੱਖ ਹੁਣ ਸਹਿਣ ਨਹੀਂ ਹੁੰਦੀ
ਸ਼ਰਮਹਯਾ ਨਹੀਂ ਨੇੜੇ
ਫਿਰਦਾ ਦਨਦਨਾਉਂਦਾ ਏ।

ਨਾ ਇਹ ਕਮਲਾ ਹੈ ਨਾ ਹੈ ਸੈਦਾਈ
ਨਾ ਹੀ ਸਿਰ ਫਿਰਿਆ ਸਮਝੋ
ਬੜਾ ਸ਼ੈਤਾਨ ਹੈ ਮਸਤਿਕ
ਬੁੱਧੂ ਲੋਕ ਬਨਾਉਂਦਾ ਏ।

ਬਹੁਤ ਬਦਨਸੀਬ ਹੈ ਮੌਸਮ
ਹਨ੍ਹੇਰਾ ਪਸਰਿਆ ਚੁਫੇਰੇ
ਅਜੇ ਵੀ ਫਿਜ਼ਾ ਵਿੱਚ ਕੋਈ
ਜੁਗਨੂੰ ਟਿਮਟਮਾਉਂਦਾ ਏ।

ਕਰੋ ਮਿਲ ਕੇ ਸਾਰੇ ਹੀਲਾ
ਜ਼ਹਿਰੀ ਇਸ ਨਾਗ ਫਨੀਅਰ ਦਾ
ਸਿਰੀ ਜਦ ਤੱਕ ਨਾ ਨੱਪੀ
ਰਹੂ ਫੂੰਕਾਰੇ ਲਾਉਂਦਾ ਇਹ।

ਨਾ ਇਹ ਵਕਤ ਸਰਦ ਰਹਿਣੇ
ਨਾ ਹੀ ਦਿਨ ਕਿਆਮਤ ਦੇ
ਚੜੀ ਜਦ ਕਾਂਗ ਕਿਰਤਾਂ ਦੀ
ਮਰੂ ਲੁੱਕਦਾ ਲੁਕੌਂਦਾ ਇਹ।

**- ਨਰਭਿੰਦਰ**

## ਹਾਂ ਅਜੇ ਲਾਕਡਾਊਨ ਹੈ

ਹਾਂ ਲਾਕਡਾਊਨ ਹੈ
ਆਪਣੇ ਘਰਾਂ ਵਿੱਚ ਬੰਦ ਹਾਂ
ਤੁਸੀਂ ਹੀ ਕਿਹਾ ਸੀ
ਘਰਾਂ ਵਿੱਚ ਰਹੋਗੇ ਤਾਂ ਬਚੋਗੇ
ਸਾਨੂੰ ਉਦੋਂ ਵੀ ਪਤਾ ਸੀ
ਘਰਾਂ ਵਿੱਚ ਰਹਿਣ ਲਈ ਕਹਿਣਾ
ਤੁਹਾਡੀ ਮਜ਼ਬੂਰੀ ਹੈ

ਕਿਉਂਕਿ ਤੁਹਾਡੇ ਲਈ
ਜ਼ਰੂਰੀ ਸੀ
ਹਸਪਤਾਲਾਂ
ਦਵਾਈਆਂ ਤੋਂ ਵੱਧ ਕੇ
ਉਸ ਸ਼ਹਿਨਸ਼ਾਹ ਦਾ
ਸ਼ਾਹੀ ਸੁਆਗਤ

ਲਾਕਡਾਊਨ ਹੈ
ਘਰਾਂ ਵਿੱਚ ਬੰਦ ਹਾਂ
ਤਾਲੇ ਦਰਵਾਜ਼ਿਆਂ ਨੂੰ ਲੱਗੇ ਨੇ
ਸਾਡੀ ਅਕਲ ਨੂੰ ਨਹੀਂ
ਤੁਸੀਂ
ਤਾੜੀਆਂ,
ਥਾਲੀਆਂ ,
ਮੋਮਬੱਤੀਆਂ ,
ਨਾਅਰਿਆਂ ਜੈਕਾਰਿਆਂ ਦੇ ਸ਼ੋਰ ਵਿੱਚ
ਦਬਾ ਦੇਣਾ ਚਾਹੁੰਦੇ ਹੋ
ਭੁੱਖ ਨਾਲ ਵਿਲਕਦੇ ਲੋਕਾਂ ਦੀਆਂ ਆਵਾਜ਼ਾਂ
ਸਾਨੂੰ ਪਤਾ ਹੈ
ਕਿ ਤੁਹਾਡੇ ਕੋਲ ਲੋਕਾਂ ਲਈ ਕੁਝ ਨਹੀਂ
ਨਹੀਂ ਨਹੀਂ ਗ਼ਲਤ ਕਹਿ ਰਿਹਾ ਹਾਂ
ਤੁਹਾਡੇ ਕੋਲ ਲੋਕਾਂ ਲਈ
ਹਿੰਦੂ ਮੁਸਲਮਾਨ
ਪੁਲਸ ਦੀਆਂ ਲਾਠੀਆਂ
ਧੱਕਿਆਂ ਧੋੜਿਆਂ
ਜ਼ਿੱਲਤ ਰੁਸਵਾਈ ਤੋਂ ਬਿਨਾਂ ਹੋਰ ਕੁਝ ਨਹੀਂ

ਲਾਕਡਾਊਨ ਹੈ
ਘਰਾਂ ਵਿੱਚ ਬੰਦ ਹਾਂ
ਇਹ ਵਕਤ ਤੁਹਾਡੇ ਲਈ ਸੰਜੀਵਨੀ ਹੈ
ਤੁਸੀਂ ਵਰਤ ਰਹੇ ਹੋ ਇਸ ਵਕਤ ਨੂੰ
ਆਪਣੇ ਮੋਰਚੇ ਪੱਕੇ ਕਰਨ ਲਈ
ਆਪਣੀਆਂ ਕੁਰਸੀਆਂ ਨੂੰ
ਮਜ਼ਬੂਤ ਕਰਨ ਲਈ


ਤੁਸੀਂ ਭੁੱਲ ਗਏ ਹੋ
ਅਸੀਂ ਸਦਾ ਲਈ ਘਰਾਂ ਵਿੱਚ
ਕੈਦ ਨਹੀਂ ਰਹਿਣਾ
ਜਦੋਂ ਬਾਹਰ ਆਵਾਂਗੇ
ਤੁਹਾਡੀਆਂ ਅੱਖਾਂ ਚ ਅੱਖਾਂ ਪਾ ਕੇ
ਤੁਹਾਨੂੰ ਪੁੱਛਾਂਗੇ
ਉਹ ਸਵਾਲ
ਜੋ ਤੁਹਾਨੂੰ ਚੰਗੇ ਨਹੀਂ ਲੱਗਦੇ
ਉਹ ਸਵਾਲ
ਜੋ ਤੁਹਾਡੇ ਸੀਨਿਆਂ ਵਿੱਚ ਤੀਰ ਬਣ ਚੁਭਣਗੇ
ਅਸੀਂ ਵੀ ਖ਼ੁਦ ਨੂੰ ਮੁੜ ਵਿਉਂਤ ਰਹੇ ਹਾਂ
ਬਿਖਰੇ ਆਪੇ ਨੂੰ ਤਰਤੀਬ ਦੇ ਰਹੇ ਹਾਂ

ਤੁਸੀਂ ਸਾਨੂੰ ਉਡਿਕਿਓ
ਅਸੀਂ ਆਵਾਂਗੇ
ਤੁਹਾਡੇ ਚਿਹਰਿਆਂ ਦੇ ਮਾਸਕ ਨੋਚ ਲਵਾਂਗੇ
ਬੇਪਰਦ ਕਰ ਦਿਆਂਗੇ
ਤੁਹਾਡੇ ਦਿਲਾਂ ਵਿਚਲੀ ਕਾਲਖ

ਹਾਂ ਅਜੇ ਲਾਕਡਾਊਨ ਹੈ
ਅਸੀਂ ਆਪਣੇ ਘਰਾਂ ਵਿੱਚ ਬੰਦ ਹਾਂ।

**-ਹਰਮੀਤ ਵਿਦਿਆਰਥੀ**

## ਮੈਂ ਨਰਸ ਹਾਂ



ਮੈਂ ਨਰਸ ਹਾਂ
ਜੰਗੇ ਮੈਦਾਨ ਦਾ ਸਿਪਾਹੀ ਨਹੀਂ
ਮੈਂ ਸੇਵਾ ਚੁਣੀ ਹੈ, ਮੌਤ ਨਹੀਂ
ਮੈਂ ਕਸਮ ਖਾਧੀ ਹੈ
ਮਨੁੱਖਤਾ ਦੀਆਂ ਜਾਨਾਂ ਬਚਾਉਣਾ
ਹੱਦਾਂ, ਸਰਹੱਦਾਂ, ਧਰਮਾਂ,
ਜਾਤਾਂ ਨੂੰ ਉਲੰਘ ਕੇ

ਮੈਂ ਜੰਗੇ ਮੈਦਾਨ ਦਾ ਸਿਪਾਹੀ ਨਹੀਂ
ਜਿਸਨੂੰ ਸਰਹੱਦ ਦੇ ਪਾਰ
ਦਿਸਦਾ ਹੈ ਦੁਸ਼ਮਣ
ਜੋ ਤਾਕ ਵਿੱਚ ਤਿਆਰ-ਬਰ-ਤਿਆਰ
ਰਹਿੰਦਾ ਹੈ ਦੁਸ਼ਮਣ ਨੂੰ ਫੁੰਡਣ ਲਈ।

ਆਪਣੇ ਲਾਲਚ, ਸ਼ੋਹਰਤਾਂ, ਬੇਸ਼ਰਮੀਆਂ,
ਨਾਕਾਮੀਆਂ ਨੂੰ ਢਕਣ ਲਈ
ਮੈਨੂੰ ਜੰਗ ਦਾ ਔਜਾਰ ਨਾ ਬਣਾਓ
ਦੇਸ਼ ਭਗਤੀ ਦਾ ਹਥਿਆਰ ਨਾ ਬਣਾਓ
ਇਹ ਜੰਗ ਦਾ ਮੈਦਾਨ ਨਹੀਂ
ਪ੍ਰਕੋਪ ਹੈ ਮਹਾਂਮਾਰੀ ਦਾ।

ਮੈਨੂੰ ਤਾਂ ਮੇਰੇ ਲਈ ਤੇ
ਮੇਰੇ ਸਾਥੀਆਂ ਲਈ
ਚਾਹੀਦੇ ਹਨ ਸੁਰੱਖਿਆ ਕੱਵਚ
ਮਾਸਕ, ਦਸਤਾਨੇ, ਵਰਦੀਆਂ ਤੇ
ਸੇਫ਼ਟੀ-ਕਿੱਟਾਂ

ਮੈਂ ਨਹੀਂ ਚਾਹੁੰਦੀ
ਝੁਕੇ ਸਿਰ, ਜੋੜੇ ਹੋਏ ਹੱਥ
ਫੋਕੀ ਸ਼ਾਵਾਸ਼ੇ, ਤਾਲ਼ੀਆਂ,
ਥਾਲੀਆਂ, ਮੋਮਬੱਤੀਆਂ ਤੇ
ਤੁਹਾਡੇ ਝੰਡੇ ਦਾ ਕੱਫਣ
ਮੈਂ ਤਾਂ ਚਾਹੁੰਦੀ ਹਾਂ ਪੁੱਖਤਾ ਇੰਤਜਾਮ
ਜੋ ਅਗਾਂਊ ਕਰ ਸਕਣ
ਮਹਾਂਮਾਰੀ ਦਾ ਟਾਕਰਾ।

ਮੈਂ ਨਰਸ ਹਾਂ
ਜੰਗੇ ਮੈਦਾਨ ਦਾ ਸਿਪਾਹੀ ਨਹੀਂ
ਮੈਂ ਸੇਵਾ ਚੁਣੀ ਹੈ, ਮੌਤ ਨਹੀਂ
ਮੇਰੇ ਫਰਜ਼ਾਂ ਦੀ ਪੂਰਤੀ ਲਈ
ਹਥਿਆਰਾਂ ਦੀ ਨਹੀਂ
ਲੋੜ ਹੈ ਮਨੁੱਖਤਾਵਾਦੀ ਹੋਣ ਦੀ
ਆਪਣੇ ਆਪਣੇ ਫਰਜ਼ਾਂ ਨੂੰ
ਪਛਾਣਨ ਦੀ।

**-ਪਰਮਿੰਦਰ ਕੌਰ ਸਵੈਚ**

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

## ਕੋਰੋਨਾ-ਕਾਲ ਦਾ ਜਾਦੂਗਰ

ਤੱਕੇ ਨੇ ਕਦੇ ਹੱਥ ਕਿਰਤੀ ਦੇ
ਇਹਨਾਂ ਵਿਚ ਕਰਤਾਰ ਦੀ ਕੁਦਰਤ
ਸਗਲ ਸ੍ਰਿਸ਼ਟੀ ਦੇ ਇਹ ਸਿਰਜਕ
ਉਂਗਲਾਂ ਹੇਠ ਜੋ ਉੱਚੀ ਥਾਂ ਹੈ
ਉਹ ਵਿਸ਼ਕਰਮਾ ਜੀ ਦਾ ਘਰ ਹੈ
ਇਹ ਜੋ ਡੂੰਘੀਆਂ ਲੀਕਾਂ ਦਿੱਸਣ
ਇਹ ਗੰਗਾ ਤੇ ਜਮਨਾ ਨਦੀਆਂ!

ਅਕਥ ਇਹਨਾਂ ਹੱਥਾਂ ਦੀ ਮਹਿਮਾ
ਇਹਨਾਂ ਦੀ ਬਰਕਤ ਕੀ ਕਹੀਏ
ਛੁਹ ਇਹਨਾਂ ਦੀ ਪਾਰਸ ਵਰਗੀ
ਮਿੱਟੀ ਤੋਂ ਇਹ ਮਹਿਲ ਉਸਾਰਨ
ਇਕ ਦਾਣੇ ਤੋਂ ਸੈਅ ਉਗਾਉਂਦੇ
ਇਕ ਇਕ ਧਾਗਾ ਥਾਨ ਬਣਾਉਂਦੇ
ਕੁੱਲੀ, ਗੁੱਲੀ, ਜੁੱਲੀ ਬਖ਼ਸ਼ਣ
ਇਹਨਾਂ ਸਦਕਾ ਸਭ ਸੁਖ ਭੋਗਣ
ਹਰ ਲੋੜੀਂਦੀ ਚੀਜ਼ ਨੇ ਦਿੰਦੇ
ਵਿਸ਼ਕਰਮਾ ਦਾ ਵਰ ਇਹਨਾਂ ਨੂੰ
ਇਹਨਾਂ ਵਿਚ ਕਰਤਾਰ ਦਾ ਵਾਸਾ!

ਕੇਹੀ ਤਾਲਾਬੰਦੀ ਹੋਈ
ਧੰਦੇ ਸਾਰੇ ਬੰਦ ਹੋ ਗਏ
ਰੋਟੀ-ਟੁੱਕ ਦੀ ਚਿੰਤਾ ਲੱਗੀ
ਕੌਣ ਹੈ ਜਿਸ ਨੂੰ ਆਪਣਾ ਕਹੀਏ
ਮਨ ਦੀ ਵਿਥਿਆ ਆਖ ਸੁਣਾਈਏ
ਦੇਸ ਬਿਗਾਨਾ ਕੋਈ ਨਾ ਸੁਣਦਾ
ਚਹੁੰ ਘੰਟਿਆਂ ਦੀ ਮਿਲੀ ਹੈ ਮੁਹਲਤ
ਚਹੁੰ ਘੰਟਿਆਂ ਵਿਚ ਕਿਥੇ ਜਾਈਏ
ਉਰਹਿਨਾ ਨਹੀਂ ਦੇਸ ਬਿਰਾਨਾ ਹੈ!
ਬਿਰਾਨਾ ਹੈ ਰੇ ਬੇਗਾਨਾ ਹੈ!"
ਹੁਣ ਤਾਂ ਬੱਸ ਆਪਣਿਆਂ ਵਿਚ ਹੋਈਏ
ਜਿਉਂਦੇ ਰਹੇ ਤਾਂ ਘਰ ਵਿਚ ਜਿਉਂਈਏ
ਚੱਪਾ ਰੋਟੀ ਵੰਡ ਕੇ ਖਾਈਏ
ਮਰਨਾ ਹੈ ਆਪਣੇ ਘਰ ਮਰੀਏ
ਆਪਣੇ ਚਹੁੰ ਮੋਢਿਆਂ 'ਤੇ ਜਾਈਏ!

ਦੂਰ ਦੇਸ ਨੂੰ ਕਿਰਤੀ ਜਾਣੇ
ਨਾ ਬਸ-ਗੱਡੀ, ਨਾ ਕੋਈ ਠੇਲ੍ਹਾ
ਬਿਨਾਂ ਸਹਾਰੇ ਜੀਅ-ਭਿਆਣੇ
ਸੈਅ ਕੋਹਾਂ ਦਾ ਪੈਦਲ ਪੈਂਡਾ
ਕੁੱਛੜ ਬਾਲਕ, ਸਿਰ 'ਤੇ ਗੱਠੜ
ਬਾਲ ਨਿਆਣੇ ਸਹਿਮੇ ਸਹਿਮੇ

ਬੁੱਢੇ ਆਪਣੇ ਪਿੰਜਰ ਢੋਂਦੇ
ਰੋਂਦਿਆਂ ਰੋਂਦਿਆਂ ਹੰਝੂ ਮੁੱਕੇ
ਸੁੱਕੀਅੱਖੀਏਂ ਰੋਣ ਲੁਗਾਈਆਂ
ਵਿਚੇ ਰੋਗ, ਥਕੇਵਾਂ ਵਿਚੇ
ਪੈਰੀਂ ਛਾਲੇ ਬਣਦੇ ਫੁਟਦੇ!

ਔਧਰ ਕਿਧਰੇ ਆਪਣੀ ਨਗਰੀ
ਕਈ ਸੌ ਕੋਹਾਂ ਦੂਰ ਹੈ ਭਾਵੇਂ
ਪਰ ਉਸ ਨਗਰੀ ਆਪਣੇ ਵਸਦੇ
ਉਥੋਂ ਦੀ ਮਿੱਟੀ ਮੋਹਖੋਰੀ
ਉਥੋਂ ਦਾ ਜਲ ਠੰਢਾ ਮਿੱਠਾ
ਪੌਣ 'ਚ ਘੁਲ਼ਦੀ ਫ਼ਸਲ-ਸੁਗੰਧੀ
ਤੁਰਨਾ ਤੇ ਬੱਸ ਤੁਰਦੇ ਜਾਣਾ
ਕਦਮ ਕਦਮ ਕਰ ਕੋਸ ਮੁਕਾਉਣੇ।

ਆਓ ਹੱਥ ਕੁਝ ਹੋਰ ਦਿਖਾਵਾਂ
ਕੋਤਵਾਲ ਨੇ ਘੇਰ ਲਿਆਂਦੇ
ਡੰਗਰਾਂ ਵਾਂਗਰ ਵਾੜਿਆਂ ਦੇ ਵਿਚ
ਧੱਕੇ, ਤੂਸੇ ਬੰਦੇ ਅਣਗਿਣ
ਕੈਂਚੀ ਫਾਟਕ ਜਿੰਦਾ ਜੜਿਆ
ਵਿਰਲਾਂ ਵਿਚੋਂ ਹੱਥ ਨਿੱਕਲੇ ਨੇ
ਬੇਵੱਸ ਹੱਥ, ਇਹ ਹੱਥ ਨਿਤਾਣੇ
ਤਰਸ ਦੇ ਪਾਤਰ, ਹੱਥ ਫ਼ਰਿਆਦੀ
ਝਾਕ ਰਹੇ ਕੋਈ ਦਾਨੀ ਆਵੇ
ਪੇਟ ਦਾ ਬਾਲਣ ਭਿੱਖਿਆ ਪਾਵੇ!

ਜਾਦੂਗਰ ਨੇ ਮੰਤਰ ਮਾਰੇ
ਤਾਲ਼ੀ ਤੇ ਥਾਲ਼ੀ ਖੜਕਾਈ
ਦੀਵਾ ਬਾਲ਼ਿਆ, ਧੂਫ਼ ਧੁਖਾਈ
ਕੱਲ੍ਹ ਤੱਕ ਸਨ ਜੋ ਮਾਣਾਂ-ਮੱਤੇ
ਜਿਨ੍ਹਾਂ ਵਿਚ ਕਰਤਾਰ ਸੀ ਵਸਦਾ
ਝੋਲ਼ੀ ਭਰ-ਭਰ ਦਾਤਾਂ ਵੰਡਦੇ
ਉਹਨਾਂ ਹੱਥਾਂ ਭੀਖ ਮੰਗਾਈ!

ਕੈਂਚੀ ਫਾਟਕ ਵਾਲ਼ੇ ਹੱਥ ਇਹ
ਅੱਖਾਂ ਬਣ ਜੋ ਭੀਖ ਉਡੀਕਣ
ਉਹੋ ਹੱਥ ਨੇ, ਗਹੁ ਨਾਲ ਦੇਖੋ
ਜਿਥੇ ਸੀ ਕਰਤਾਰ ਦੀ ਕੁਦਰਤ
ਜਿਥੇ ਸਨ ਵਿਸ਼ਕਰਮਾ ਰਹਿੰਦੇ
ਵਹਿੰਦੀਆਂ ਸਨ ਗੰਗਾ ਤੇ ਜਮਨਾ!

**ਗੁਰਬਚਨ ਸਿੰਘ ਭੁੱਲਰ**
(**ਸੰਪਰਕ:** 011-42502364)

## ਖ਼ੂਨੀ ਸਵੇਰਾਂ/-ਅੰਮ੍ਰਿਤਾ ਪ੍ਰੀਤਮ

ਜੀਵਨ ਦੀਆਂ ਦੁਸ਼ਵਾਰੀਆਂ
ਮਜਬੂਰੀਆਂ ਲਾਚਾਰੀਆਂ
ਇਹ ਜ਼ਿੱਲਤਾਂ ਇਹ ਖੁਆਰੀਆਂ
ਮਿੱਟੀ 'ਚ ਰੀਂਗਣ ਹਸਰਤਾਂ

ਗ਼ੁਲਾਮੀ ਦੀਆਂ ਇਹ ਲਾਹਨਤਾਂ, ਗ਼ੁਲਾਮਾਂ ਦੀਆਂ ਇਹ ਕਿਸਮਤਾਂ
ਇਕ ਕਹਿਰ ਸੀ ਜੋ ਜਰ ਲਿਆ, ਇਕ ਸਬਰ ਸੀ ਜੋ ਕਰ ਲਿਆ
ਇਕ ਜ਼ਹਿਰ ਸੀ ਜੋ ਪੀ ਲਿਆ, ਇਕ ਮੌਤ ਨੂੰ ਅਸੀਂ ਜੀਅ ਲਿਆ
ਛਾਤੀ 'ਚ ਅੱਗ ਬਲਦੀ ਪਈ, ਅੱਖਾਂ 'ਚੋਂ ਪਾਣੀ ਵਹਿ ਰਿਹਾ
ਸੁਣੋ, ਸੁਣੋ, ਸੁਣੋ-ਇਹ ਵਕਤ ਕੀ ਕੁਝ ਕਹਿ ਰਿਹਾ
'ਮੈਂ ਵਕਤ ਇਕ ਸਵਾਲ ਹਾਂ-

ਕੰਧਾਂ ਤੇ ਖੂਹਾਂ 'ਚੋਂ ਉੱਠਿਆ ਸਵਾਲ,
ਲੱਖਾਂ ਹੀ ਰੂਹਾਂ 'ਚੋਂ ਉਠਿਆ ਸਵਾਲ,
ਤੇ ਇਹਨਾਂ ਦੇ ਮੂੰਹਾਂ 'ਚੋਂ ਉੱਠਿਆ ਸਵਾਲ."
ਇਹ ਜ਼ਰਦ ਚਿਹਰੇ ਇਹ ਸਰਦ ਲਾਸ਼ਾਂ-
ਹਨੇਰਾ..ਹਨੇਰਾ..ਤੇ ਹੋਠਾਂ ਦੇ ਉਤੇ ਸੰਗੀਨਾਂ ਦਾ ਪਹਿਰਾ
ਇਹ ਘਾਇਲ ਉਮੀਦਾਂ, ਇਹ ਜ਼ਖ਼ਮੀ ਆਵਾਜ਼ਾਂ-
ਇਹ ਖ਼ੂਨੀ ਸਵੇਰਾਂ, ਇਹ ਕਾਲੀਆਂ ਦੁਪਹਿਰਾਂ
ਆਵੋ..ਕਿ ਆਵੋ..ਇਹ ਹਨੇਰਾ ਜਲਾਵੋ

ਬਾਦਸ਼ਾਹੀਆਂ ਦੇ ਅੱਗੇ, ਸ਼ਹਿਨਸ਼ਾਹੀਆਂ ਦੇ ਅੱਗੇ,
ਇਹ ਸਿਰ ਨਹੀਂ ਝੁਕੇਗਾ..ਨਹੀਂ ਝੁਕੇਗਾ
ਇਹ ਜਵਾਨੀ ਦਾ ਦਾਅਵਾ, ਇਹ ਛਾਤੀ ਦਾ ਲਾਵਾ,
ਇਹ ਹੁਣ ਨਹੀਂ ਰੁਕੇਗਾ-ਨਹੀਂ ਰੁਕੇਗਾ
ਇਹ ਕੰਧਾਂ, ਇਹ ਕੂਚੇ, ਇਹ ਬਰਬਾਦ ਗਲੀਆਂ
ਇਹ ਕੱਖਾਂ 'ਚ ਰੁਲੀਆਂ ਤੇ ਦੁੱਖਾਂ 'ਚ ਪਲੀਆਂ
ਤੇ ਵੇਖੋ ਇਹ ਗਲੀਆਂ-
ਗ਼ੁਲਾਮੀ ਦੀ ਦੁਨੀਆਂ ਨੂੰ ਅੱਗ ਲਾਣ ਚੱਲੀਆਂ..
ਇਹ ਤਖ਼ਤ ਢਾਵੋ, ਇਹ ਤਾਜ ਲਾਵ੍ਹੋ-
ਆਵੋ..ਕਿ ਆਵੋ, ਇਹ ਹਨ੍ਹਰਾ ਜਲਾਵੋ..

-1919 ਸਾਕਾ ਜਲ੍ਹਿਆਂ ਵਾਲਾ ਬਾਗ




*ਮਾਨਸਾ ਦੇ ਪਿੰਡ ਠੂਠਿਆਂਵਾਲੀ ਤੋਂ ਅਮਨਦੀਪ ਹਾਂਸ ਦੀ ਵਿਸ਼ੇਸ਼ ਰਿਪੋਰਟ*

# ਮੁਲਜ਼ਮਾਂ ਨਾਲ ਪਿਸਦੇ ਮਜ਼ਲੂਮ ਤੇ ਹਕੂਮਤੀ ਡੰਡੇ ਦੇ ਮੂਹਰੇ ਬੌਣੀ ਹੋਈ ਕਲਮ

**ਬਾਬਾ ਨਜ਼ਮੀ ਸਾਹਿਬ ਆਂਹਦੇ ਨੇ..**
**ਸੱਚਿਆ ਸੱਚ ਸੁਣਾਉਂਦਾ ਕਿਉਂ ਨਹੀਂ**
**ਪਾਇਆ ਢੋਲ ਵਜਾਉਂਦਾ ਕਿਉਂ ਨਹੀਂ**
**ਆਪਣਾ ਫਰਜ਼ ਨਿਭਾਉਂਦਾ ਕਿਉਂ ਨਹੀਂ**
**ਲਿਖਦਾ ਕਿਉਂ ਨਈਂ ਸੱਚੇ ਅੱਖਰ ?**

ਕੋਈ ਸੱਚੇ ਅੱਖਰ ਲਿਖੇ ਨਾ ਲਿਖੇ, ਪਰ ਸੱਚ ਕਹਿਣ ਸੁਣਨ ਦੀ ਜੁਰੱਅਤ ਵਾਲੇ ਸਾਥੀਆਂ ਦੇ ਸਾਥ ਨੇ ਸਾਡੀ ਟੀਮ ਨੂੰ ਸੱਚੇ ਅੱਖਰ ਲਿਖਣ ਦੀ ਹਿੰਮਤ ਬਖਸ਼ੀ ਹੈ . . .

ਆਓ, ਇਹਨਾਂ ਅੱਖਰਾਂ ਦੀ ਉਂਗਲ ਫੜ ਮਾਨਸਾ ਜ਼ਿਲੇ ਦੇ ਪਿੰਡ ਠੂਠਿਆਂਵਾਲੀ ਚੱਲਦੇ ਹਾਂ, ਜਿੱਥੇ ਲੌਕਡਾਊਨ ਦੇ ਨਿਯਮ ਸਮਝਾਉਣ ਗਈ ਪੁਲਸ ਨੇ ਮੁਲਜ਼ਮਾਂ ਦੇ ਨਾਲ ਮਜ਼ਲੂਮਾਂ ਨੂੰ ਵੀ ਛੱਲੀਆਂ ਵਾਂਗ ਉਧੇੜ ਸੁੱਟਿਆ, ਕੀ ਬੁੜ੍ਹੀਆਂ, ਕੀ ਕੁੜੀਆਂ, ਕੀ ਜਵਾਕ, ਜੋ ਵੀ ਮੂਹਰੇ ਆਇਆ, ਸਭ ਦੇ ਪੁਲਸੀਆ ਡਾਂਗ ਐਸੀ ਵਰਾਈ ਕਿ ਨੀਲ, ਨਿਸ਼ਾਨ ਇਸ ਤਸ਼ੱਦਦ ਦੀ ਗਵਾਹੀ ਭਰਦੇ ਨੇ। ਸਾਰਾ ਕਹਿਰ ਰੰਘਰੇਟੇ ਗੁਰੂ ਦੇ ਬੇਟਿਆਂ ਦੇ ਟੱਬਰਾਂ ਤੇ ਵਰਪਿਆ।

ਪਿੰਡ ਦੇ ਸਰਪੰਚ ਸ. ਬਿੱਕਰ ਸਿੰਘ ਅਤੇ ਪੀੜਤ ਪਰਿਵਾਰਾਂ ਦੀਆਂ ਔਰਤਾਂ ਨਾਲ ਕੁਝ ਜਾਣਕਾਰਾਂ ਜ਼ਰੀਏ ਟੈਲੀਫੋਨ ਤੇ ਸਾਰੀ ਘਟਨਾ ਦਾ ਵੇਰਵਾ ਲਿਆ, ਗੱਲਬਾਤ ਦੇ ਸਾਰੇ ਸਬੂਤ, ਘਟਨਾ ਦੇ ਵੇਰਵਿਆਂ ਦੇ ਆਡੀਓ ਤੇ ਵੀਡੀਓ ਸਬੂਤ ਵੀ ਸਾਡੇ ਕੋਲ ਮੌਜੂਦ ਹਨ।

11 ਅਪ੍ਰੈਲ ਦੀ ਰਾਤ ਨੂੰ ਖਾਓ ਪੀਓ ਵੇਲੇ ਦਲਿਤਾਂ ਦੇ ਵਿਹੜੇ ਚੌਕੀਂਦਾਰਾਂ ਵਾਲੀ ਗਲੀ ਚ ਕੁਝ ਮੁੰਡੇ ਇਕ ਜਗਾ ਖੜ੍ਹੇ ਸਨ, ਲੌਕਡਾਊਨ ਚ ਕੋਈ ਘਰੋਂ ਬਾਹਰ ਨਾ ਆਵੇ, ਇਹ ਪੁਖਤਾ ਕਰਨ ਲਈ ਗਸ਼ਤ ਕਰਦੀ ਪੁਲਸ ਦੀ ਗੱਡੀ ਆਈ, ਤਾਂ ਮੁੰਡੇ ਦੌੜ ਕੇ ਆਪੋ ਆਪਣੇ ਘਰ ਚਲੇ ਗਏ, ਪੁਲਸ ਮੁਲਾਜ਼ਮ ਮਗਰੇ ਦੌੜੇ ਤੇ ਘਰਾਂ ਦੇ ਅੰਦਰ ਜਾ ਕੇ ਕੁੱਟ ਕੁਟਾਪਾ ਸ਼ੁਰੂ ਕਰ ਦਿੱਤਾ, ਹਰਪ੍ਰੀਤ ਸਿੰਘ ਨਾਮ ਦੇ ਸਾਢੇ ਪੰਦਰਾਂ ਸਾਲਾ ਬੱਚੇ ਦਾ ਪੁਲਸ ਦੀ ਮਾਰ ਨਾਲ ਸਿਰ ਪਾਟ ਗਿਆ, ਪਲਾਂ 'ਚ ਹੀ ਹੱਲਾ ਗੁੱਲਾ ਹੋ ਗਿਆ ਕਿ ਪੁਲਸ ਘਰਾਂ ਤੋਂ ਬਾਹਰ ਕੁਝ ਵੀ ਕਰੇ, ਪਰ ਘਰਾਂ ਦੇ ਅੰਦਰ ਵੜ ਕੇ ਕੁੱਟ ਕੁਟਾਪਾ ਅਸੀਂ ਨਹੀਂ ਜਰਾਂਗੇ, ਲੋਕ ਵੀ ਪੁਲਸ ਦੇ ਮਗਰ ਪੈ ਗਏ, ਜੁਆਬੀ ਹਮਲਾ ਬੋਲਿਆ, ਇਕ ਵਿਅਕਤੀ ਨੇ ਏ ਐਸ ਆਈ ਦੇ ਫੌਹੜਾ ਮਾਰ ਕੇ ਉਸ ਨੂੰ ਜ਼ਖਮੀ ਕਰ ਦਿਤਾ, ਲੋਕ ਰੋਹ ਤਿੱਖਾ ਸੀ ਤੇ ਮੁਲਾਜ਼ਮਾਂ ਦੀ ਗਿਣਤੀ ਘਟ ਅਤੇ ਏ ਐਸ ਆਈ ਜ਼ਖਮੀ ਹੋਣ ਕਾਰਨ ਪੁਲਸ ਮੁਲਾਜ਼ਮ ਵਾਪਸ ਚਲੇ ਗਏ। ਗੁੱਸੇ ਚ ਆਏ ਲੋਕਾਂ ਨੇ ਲਲਕਾਰੇ ਮਾਰਦਿਆਂ ਖਾਕੀ ਨੂੰ ਲਲਕਾਰਿਆ, ਪਿੰਡ 'ਚ ਪੁਲਸ ਚੌਕੀ ਫੂਕਣ ਤੱਕ ਦੀ ਧਮਕੀ ਦੇ ਦਿੱਤੀ, ਪਿੰਡ ਦੀ ਫਿਰਨੀ ਤੇ ਲੱਗੇ ਨਾਕੇ ਕੋਲ ਖੜ੍ਹੀ ਟਰਾਲੀ ਪਲਟ ਦਿੱਤੀ। ਕੁਝ ਚਿਰ ਦੇ ਲਲਕਾਰੇ, ਲਹੂ ਲੁਹਾਣ ਹੋਏ ਜੁਆਕ ਤੇ ਔਰਤਾਂ ਮਰਦ, ਡਾਂਗਾਂ ਲੈ ਕੇ ਪੁਲਸ ਤੇ ਖਿੱਝ ਕਢਦੇ ਘਰਾਂ ਨੂੰ ਪਰਤ ਗਏ। ਕਰੀਬ ਰਾਤ 11 ਵਜੇ ਪੁਲਸ ਦੁਬਾਰਾ ਪਿੰਡ 'ਚ ਆਈ, ਆਪਣੇ ਹੀ ਵਿਭਾਗ ਦੇ ਲਾਂਗਰੀ ਦਰਸ਼ਨ ਸਿੰਘ ਨੂੰ ਘਰੋਂ ਇਹ ਕਹਿ ਕੇ ਲੈ ਗਈ ਕਿ ਡਿਊਟੀ ਦੇਣੀ ਹੈ। ਦਰਸ਼ਨ ਸਿੰਘ ਦੀ ਪਤਨੀ ਨੇ ਇਹ ਦਸਿਆ। ਰਾਤ ਗਈ, ਸਵੇਰ ਹੋਈ, ਪਹੁ ਫੁਟਣ ਤੋਂ ਪਹਿਲਾਂ ਛੇ ਵਜੇ ਦੇ ਆਸ ਪਾਸ ਪੁਲਿਸ ਦੀਆਂ 30-35 ਗੱਡੀਆਂ ਪਿੰਡ ਠੂਠਿਆਂਵਾਲੀ ਪੁੱਜੀਆਂ, ਘੇਰਾ ਪਾ ਲਿਆ, ਦਲਿਤਾਂ ਦੇ ਚੌਕੀਦਾਰਾਂ ਵਾਲੀ ਗਲੀ ਤੇ ਮੰਦਰ ਵਾਲੇ ਪਾਸੇ, ਸੁੱਤੇ ਪਏ ਲੋਕਾਂ ਨੂੰ ਜਾ ਨੱਪਿਆ, ਬਾਰ ਖੁੱਲਵਾਏ ਗਏ, ਭੰਨੇ ਗਏ, ਜਿਵੇਂ ਵੀ ਕਿਸੇ ਦੇ ਅੰਦਰ ਵੜਿਆ ਗਿਆ, ਪੁਲਸ ਵੜ ਗਈ ਤੇ ਜੋ ਵੀ ਮੂਹਰੇ ਆਇਆ, ਡਾਂਗ ਫੇਰੀ ਗਏ, ਸੁੱਤੇ ਪਏ ਮੁੰਡਿਆਂ ਨੂੰ, ਵੱਡੀ ਉਮਰ ਦੇ ਮਰਦਾਂ ਨੂੰ ਧੂਹ ਘੜੀਸ ਕਰਕੇ ਨਾਲ ਲੈ ਕੇ ਗਏ, ਮਾਂਵਾਂ ਭੈਣਾਂ ਬਚਾਉਣ ਲਈ ਮੂਹਰੇ ਆਉਂਦੀਆਂ ਤਾਂ ਉਹਨਾਂ ਦੀ ਵੀ ਕੁੱਟਮਾਰ ਹੋਈ, ਸਭ ਦੇ ਸਰੀਰ ਤੇ ਪੁਲਸੀਆ ਡਾਂਗ ਦੇ ਨਿਸ਼ਾਨ ਨੇ, ਇਕ ਔਰਤ ਦੇ ਪੈਰ ਤੇ ਸੱਟ ਵੱਜੀ, ਉਹ ਤੁਰ ਨਹੀ ਪਾ ਰਹੀ, ਉਸ ਨੂੰ ਲਗਦਾ ਹੈ ਸ਼ਾਇਦ ਪੈਰ ਦੀ ਹੱਡੀ ਟੁੱਟ ਗਈ, ਕੁਝ ਘਰਾਂ ਦੀਆਂ ਔਰਤਾਂ ਨੇ ਦੱਸਿਆ ਕਿ ਉਹਨਾਂ ਨਾਲ ਪੁਲਸ ਨੇ ਕੁਟਮਾਰ ਨਹੀ ਕੀਤੀ ਪਰ ਉਹਨਾਂ ਦੇ ਘਰੋਂ ਮਰਦ ਮੈਂਬਰਾਂ ਨੂ ਫੜ ਕੇ ਲੈ ਗਈ, ਇਕ ਔਰਤ ਨੇ ਦੱਸਿਆ ਕਿ ਸਿਆਣੀ ਉਮਰ ਦੇ ਪੁਲਸ ਮੁਲਾਜ਼ਮ ਨੇ ਨਾਲ ਦੇ ਸਾਥੀ ਨੂੰ ਕੁੱਟਮਾਰ ਕਰਨ ਤੋਂ ਵਰਜਿਆ। ਇਕ ਗਰਭਵਤੀ ਆਪਣੇ ਪਤੀ ਨੂੰ ਪੁਲਸ ਦੀ ਕੁਟ ਤੋਂ ਬਚਾਉਣ ਲਈ ਮੂਹਰੇ ਹੋਈ ਤਾਂ ਪੁਲਸੀਆ ਦਾਬਾ ਪਿਆ ਕਿ ਪਰਾਂ ਹੋ ਜਾਹ ਨਹੀਂ ਤਾਂ ਤੇਰੇ ਵੀ ਡਾਂਗ ਫੇਰਾਂਗੇ।

ਪੁਲਸ ਨਾਲ ਟਕਰਾਅ ਚੌਕੀਦਾਰਾਂ ਵਾਲੀ ਗਲੀ ਚ ਹੋਇਆ ਸੀ, ਫੇਰ ਮੰਦਰ ਵਾਲੀ ਗਲੀ ਚ ਪੁਲਸ ਨੇ ਲੋਕਾਂ ਦੇ ਘਰਾਂ ਚ ਵੜ ਕੇ ਹਮਲਾ ਕਿਉਂ ਕੀਤਾ ?

ਇਹ ਸਵਾਲ ਪੀੜਤ ਲੋਕਾਂ ਦੇ ਨਾਲ ਨਾਲ ਸਰਪੰਚ ਨੇ ਵੀ ਕੀਤਾ ਹੈ।

12 ਅਪ੍ਰੈਲ ਨੂੰ ਹੋਏ ਇਸ ਪੁਲਸੀਆ ਹਮਲੇ ਦੌਰਾਨ ਪਿੰਡ ਦੇ ਹਾਸ਼ੀਆਗਤ ਪਰਿਵਾਰਾਂ 'ਚੋਂ ਪੰਜਾਹ ਤੋਂ ਵੱਧ ਅਧਖੜ, ਨੌਜਵਾਨ ਤੇ ਨਬਾਲਗਾਂ ਨੂੰ ਲੈ ਗਈ। ਜਿਸ ਮੁੰਡੇ ਦਾ ਰਾਤ ਦੀ ਕੁੱਟ ਨਾਲ ਸਿਰ ਪਾਟਿਆ ਸੀ, ਉਹਦੇ ਪੱਟੀ ਵੀ ਪਿੰਡ ਦੇ ਡਾਕਟਰ ਤੋਂ ਟੈਂਪਰੇਰੀ ਹੀ ਕਰਵਾਈ ਸੀ, ਕਿਉਂਕਿ ਮਾਨਸਾ ਤੱਕ ਕਿਸੇ ਨੂੰ ਲੌਕਡਾਊਨ ਦੇ ਨਿਯਮ ਦੱਸ ਕੇ ਜਾਣ ਨਹੀਂ ਸੀ ਦਿੱਤਾ ਗਿਆ। 12 ਤਰੀਕ ਨੂੰ ਜਦ ਘਰਾਂ 'ਚੋਂ ਤਕਰੀਬਨ ਸਾਰੇ ਹੀ ਮਰਦ ਮੈਂਬਰ ਫੜੇ ਗਏ, ਪਿੱਛੇ ਸੱਟਾਂ ਨਾਲ ਭੰਨੀਆਂ ਔਰਤਾਂ, ਕੁੜੀਆਂ ਰਹਿ ਗਈਆਂ, ਦਰਦ ਬਿਆਨਦਿਆਂ ਇਕ ਬਜ਼ੁਰਗ ਮਹਿਲਾ ਨੇ ਕਿਹਾ ਕਿ ਪੁੱਤ ਸਾਡੇ ਤਾਂ ਸਾਨ ਮਾਰੇ ਗਏ, ਜਦ ਏਨਾ ਹੱਲਾ ਗੁੱਲਾ ਹੋਇਆ ਤਾਂ ਪਿੰਡ ਦਾ ਕੋਈ ਮੋਹਤਬਰ, ਕੋਈ ਪੰਚ ਸਰਪੰਚ ਨਹੀਂ ਆਇਆ, ਦਰਵਾਜ਼ੇ ਭੰਨੇ, ਸਮਾਨ ਖਿਲਾਰਿਆ, ਮੌਕਾ ਦੇਖ ਕੇ ਜਾਂਦੇ ਤਾਂ ਪਤਾ ਲਗਦਾ ਕਿ ਚਿੜੀਆਂ ਨੂੰ ਬਾਜ਼ ਕਿਵੇਂ ਪੈ ਗਏ।





ਪੁਲਸੀਆ ਕੁੱਟ ਦੀਆਂ ਝੰਬੀਆਂ ਦਰਦਾਂ ਤੇ ਮਰਹਮ ਲਈ ਸਰਪੰਚ ਕੋਲ ਗਈਆਂ, ਪਰ ਸਰਪੰਚ ਨੇ ਕੋਈ ਗੱਲ ਨਹੀਂ ਸੁਣੀ।

ਨਮੋਸ਼ ਹੋਈਆਂ, ਸਿਰਫ ਗੋਹਾ ਕੂੜਾ, ਦਿਹਾੜੀ ਦੱਪਾ ਕਰਕੇ ਰੋਟੀ ਦਾ ਆਹਰ ਕਰਨ ਵਾਲੀਆਂ ਅੱਖਰ ਗਿਆਨ ਵਿਹੂਣੀਆਂ ਇਹ ਔਰਤਾਂ ਕਿਸੇ ਫਰਿਸ਼ਤੇ ਦੇ ਆਉਣ ਲਈ ਆਸ ਚ ਘਰੀਂ ਦੜ ਗਈਆਂ। ਸੱਟਾਂ ਦੀ ਦਾ ਦਾਰੂ ਕਰਵਾਉਣ ਲਈ ਨਜ਼ਦੀਕੀ ਪਿੰਡ ਕੈਂਚੀਆਂ ਤੋਂ ਇਕ ਡਾਕਟਰ ਨੂੰ ਬੁਲਾਇਆ, ਆਪ ਕਿਤੇ ਜਾਣ ਜੋਗੀਆਂ ਨਹੀਂ। ਨਾ ਕੋਈ ਕੋਰਟ ਕਚਹਿਰੀ ਦਾ ਪਤਾ, ਨਾ ਜੇਬ ਚ ਕੋਈ ਪੈਸਾ, ਨਾ ਕੋਈ ਹਮਦਰਦ. . ਇਕ ਦੂਜੇ ਵੱਲ ਦੇਖਦੀਆਂ ਇਹਨਾਂ ਔਰਤਾਂ ਨੂੰ ਕਈ ਸੰਸੇ ਨੇ . .

ਪੁਲਸ ਦੀ ਕੁੱਟ ਦੇ ਝੰਬੇ ਪਤੀ, ਪੁੱਤ, ਭਰਾ ਨੂੰ ਕੀਹਨੇ ਦਵਾ ਦਾਰੂ ਕਰਾਈ ਹੋਣੀ ਆ . . . . ?

ਕਮਾਈ ਦਾ ਸੀਜ਼ਨ ਹੈ, ਚਾਰ ਦਾਣੇ ਵਾਢੀ ਕਰਕੇ ਕੱਠੇ ਕਰਨੇ ਸੀ, ਹੁਣ ਕੀ ਬਣੂ ?

ਕੁੱਟ ਤੇ ਦੁੱਖ ਚ ਪਿਸਦੀਆਂ ਇਹ ਔਰਤਾਂ ਧਰਵਾਸ ਦੇ ਦੋ ਬੋਲਾਂ ਨੂੰ ਨਿਆਂਪਾਲਕਾ ਦੇ ਵਿਹੜੇ ਚੋਂ ਇਨਸਾਫ ਦੀ ਲੀਕ ਸਮਝ ਰਹੀਆਂ ਨੇ।

ਦੋ ਦਰਜਨ ਤੋਂ ਵਧ ਲੋਕ ਪੁਲਸ ਦੀ ਗ੍ਰਿਫਤ 'ਚ ਨੇ, ਇਕ ਘਰ ਦੇ ਪੰਜ ਜੀਅ ਪੁਲਸ ਚੁੱਕ ਕੇ ਲੈ ਗਈ, ਕਿਸੇ ਦਾ ਨਬਾਲਗ ਪੁੱਤ ਪੁਲਸ ਦੀ ਗਿਰਫਤ ਚ ਹੈ, ਮਾਵਾਂ ਨੂੰ ਸੰਸਾ ਹੈ ਕਿ ਪੁਲਸ ਦੀ ਕੁਟ ਦੀਆਂ ਝਰੀਟਾਂ ਜ਼ਿਹਨ ਚ ਲੈ ਕੇ ਇਹ ਜੁਆਕ ਭਵਿੱਖ ਚ ਕੀ ਬਣਨਗੇ ? ਹਰ ਔਰਤ ਦਾ ਆਪਣਾ ਦਰਦ ਹੈ, ਫਿਸ ਫਿਸ ਪੈਂਦੀਆਂ ਨੇ।

ਵਿਧਵਾ ਜਸਬੀਰ ਕੌਰ ਦਾ ਦਰਦ ਸੁਣ ਕੇ ਤੁਸੀਂ ਬੇਚੈਨ ਹੋ ਜਾਓਂਗੇ, ਚਾਲੀ ਕੁ ਸਾਲ ਦੀ ਹੈ, ਇਹਦੇ 19 ਸਾਲ ਦੇ ਪੁੱਤ ਨੈਬ ਨੂੰ ਪੁਲਸ ਸੁੱਤੇ ਪਏ ਨੂੰ ਕੁੱਟ ਕੇ ਧੂਹ ਕੇ ਲੈ ਗਈ, ਨੈਬ ਫਰਨੀਚਰ ਦਾ ਕੰਮ ਸਿੱਖਦਾ ਹੈ, ਜਸਬੀਰ ਕੌਰ ਦੇ ਪਤੀ ਦੀ ਮੌਤ ਹੋਈ ਨੂੰ ਸੋਲਾਂ ਸਤਾਰਾਂ ਸਾਲ ਹੋ ਗਏ, ਗੋਹਾ ਕੂੜਾ ਸੁੱਟ ਕੇ ਉਸ ਨੇ ਆਪਣੇ ਬੱਚੇ ਪਾਲੇ, ਤੇ ਅੱਜ ਕਮਾਊ ਹੋ ਰਹੇ ਪੁੱਤ ਦੇ ਕੋਰੇ ਜਿਸਮ ਤੇ ਜ਼ਿਹਨ ਤੇ ਪੁਲਸੀਆ ਡਾਂਗ ਵਰ ਗਈ ਹੈ, ਤਾਂ ਉਹ ਕੱਲ ਕੀ ਕਰਨ ਜੋਗਾ ਰਹੂ, ਮਾਂ ਫਿਕਰ ਚ ਮੁੱਕ ਰਹੀ ਹੈ, ਦੋ ਸਾਲਾਂ ਦਾ ਤੇ ਛੇ ਮਹੀਨੇ ਦਾ, ਦੋ ਜੁਆਕ ਸਨ ਜਦ ਉਹ ਵਿਧਵਾ ਹੋ ਗਈ, ਜਿਗਰਾ ਕਰੜਾ ਕਰਕੇ ਸੱਚੀ ਸੁੱਚੀ ਕਿਰਤ ਲਈ ਗੋਹੇ ਦੀ ਟੋਕਰੀ ਸਿਰ ਤੇ ਧਰ ਲਈ ਸੀ, ਹੌਸਲਾ ਨਹੀ ਸੀ ਹਾਰਿਆ, ਪਰ ਅੱਜ ਸਿਸਟਮ ਦੀ ਬਦਇੰਤਜ਼ਾਮੀ ਤੇ ਖਾਕੀ ਦੀ ਧੱਕੇਸ਼ਾਹੀ ਨੇ ਉਸ ਦਾ ਹੌਸਲਾ ਪਟਕਾਅ ਮਾਰਿਆ। ਉਸ ਦਾ ਗੱਲ ਕਰਦੀ ਦਾ ਹਲਕ ਸੁੱਕਦਾ ਹੈ।

ਵੀਹ ਸਾਲਾ ਰਾਜਕੁਮਾਰ ਦੀ ਮਾਂ ਰਣਜੀਤ ਕੌਰ ਦਾ ਵੀ ਇਹੋ ਜਿਹਾ ਦਰਦ ਹੈ, ਉਹਦਾ ਉਸਾਰੀ ਦਾ ਕੰਮ ਕਰਦਾ ਪਤੀ ਜਗਦੀਸ਼ ਸਿੰਘ ਤਿੰਨ ਕੁ ਸਾਲ ਪਹਿਲਾਂ ਕੰਧ ਉੱਤੇ ਡਿਗਣ ਨਾਲ ਸਦੀਵੀ ਅਪਾਹਜ ਹੋ ਗਿਆ, ਜਦ 12 ਤਰੀਕ ਨੂੰ ਚਿੜੀਆਂ ਦੇ ਆਲਣਿਆਂ ਚ ਬਾਜ਼ਾਂ ਦੀ ਧਾੜ ਆ ਪਈ ਸੀ ਤਾਂ ਰਣਜੀਤ ਕੌਰ ਦੇ ਵੀਹ ਸਾਲਾ ਪੁੱਤ ਨੂ ਧੂਹ ਕੇ ਲਿਜਾ ਰਹੀ ਸੀ ਤਾਂ ਰਣਜੀਤ ਕੌਰ ਦੀ ਬਜ਼ੁਰਗ ਸੱਸ ਨੂੰ ਦੰਦਲ ਪੈ ਗਈ, ਉਹ ਇਕ ਪਾਸੇ ਪੁੱਤ ਵੱਲ ਅਹੁਲਦੀ, ਦੂਜੇ ਪਾਸੇ ਸੱਸ ਹੱਥਾਂ ਚ ਆ ਗਈ ਤੇ ਤੀਜਾ ਅਪਾਹਜ ਪਤੀ ਦੀਆਂ ਹੂੰਗਰਾਂ ..

ਚੌਥਾ ਪਾਸਾ ਖਾਲੀ ਰਿਹਾ .. ਕਿਸੇ ਹਮਦਰਦ ਲਈ ਸ਼ਾਇਦ ..

ਕੁਝ ਹਮਦਰਦ ਪੱਤਰਕਾਰ ਪਿੰਡ ਚ ਗਏ ਸਨ, ਪੀੜਤ ਔਰਤਾਂ ਦੀਆਂ ਤਸਵੀਰਾਂ ਵੀ ਲੈ ਕੇ ਗਏ, ਪਰ ਐਸ ਐਸ ਪੀ ਮਾਨਸਾ ਡਾ. ਨਰਿੰਦਰ ਭਾਰਗਵ ਜੀ ਨੇ ਕਿਹਾ ਕਿ ਤੁਹਾਨੂੰ ਦੂਰ ਬੈਠਿਆਂ ਨੂੰ ਪਤਾ ਲੱਗ ਗਿਆ ਕਿ ਔਰਤਾਂ ਨੂੰ ਕੁੱਟਿਆ, ਸਾਡਾ ਮਾਨਸਾ ਦਾ ਮੀਡੀਆ ਤਾਂ ਫੇਰ ਸੁੱਤਾ ਹੋਇਆ, ਜੀਹਨੇ ਮੇਰੇ ਧਿਆਨ ਚ ਇਹ ਮਾਮਲਾ ਨਹੀਂ ਲਿਆਂਦਾ।

ਕੀ ਵਾਕਿਆ ਹੀ ਹਕੂਮਤੀ ਡੰਡੇ ਮੂਹਰੇ ਮੀਡੀਆਈ ਕਲਮ ਅੱਜ ਬੌਣੀ ਹੋ ਗਈ ਹੈ, ਜੋ ਪੀੜਾਂ ਪਰੁੰਨੇ ਲੋਕਾਂ ਲਈ ਸੱਚੇ ਬੋਲ ਨਹੀਂ ਲਿਖ ਰਹੀ ? ਵੈਸੇ ਅਜਿਹਾ ਹੋ ਨਹੀਂ ਸਕਦਾ, ਅਫਰਸਸ਼ਾਹੀ ਭੁੱਲ ਰਹੀ ਹੈ ਕਿ ਪੰਜਾਬ 'ਚ ਗੈਰਤ ਵਾਲੀ ਚਿਣਗ ਬੁਝੀ ਨਹੀ।

ਡੀ ਐਸ ਪੀ ਮਾਨਸਾ ਹਰਜਿੰਦਰ ਸਿੰਘ ਨੇ ਕਿਹਾ ਕਿ ਸਾਡੇ ਮੁਲਾਜ਼ਮਾਂ ਤੇ ਹਮਲਾ ਹੋਇਆ, ਅਸੀਂ ਸਿਰਫ ਜੁਆਬੀ ਕਾਰਵਾਈ ਕੀਤੀ, ਔਰਤਾਂ ਨੂੰ ਘਰ ਵੜ ਕੇ ਕੁਟਣ ਵਾਲੀ ਖਬਰ ਫੇਕ ਹੈ, ਅਸੀਂ ਵੇਰੀਫਾਈ ਕਰਕੇ ਕੁਝ ਬੰਦੇ ਛੱਡੇ ਵੀ ਨੇ।

ਪਿੰਡ ਚ ਲਾਕਡਾਊਨ ਕਾਰਨ ਰੋਜ਼ੀ ਰੋਟੀ ਤੋਂ ਅਵਾਜਾਰ ਪਰਿਵਾਰਾਂ ਲਈ ਡੇਰਾ ਖੂਹੀ ਵਾਲਾ ਦੇ ਬਾਬੇ ਨੇ ਸਕੂਲ 'ਚ ਲੰਗਰ ਚਲਾਇਆ ਹੋਇਆ ਸੀ, ਜੋ 12 ਅਪਰੈਲ ਦੇ ਹੱਲੇ ਗੁੱਲੇ ਮਗਰੋਂ ਪੁਲਸ ਨੇ ਬੰਦ ਕਰਵਾ ਦਿਤਾ, ਪਰ ਡੀ ਐਸ ਪੀ ਹਰਜਿੰਦਰ ਸਿੰਘ ਨੇ ਕਿਹਾ ਕਿ ਸੋਸ਼ਲ ਡਿਸਟੈਂਸਿੰਗ ਦੇ ਨਿਯਮ ਨਾ ਮੰਨਣ ਕਰਕੇ ਇਹ ਲੰਗਰ ਸਿਵਲ ਪਰਸ਼ਾਸਨ ਨੇ ਬੰਦ ਕਰਵਾਇਆ ਹੈ, ਸਾਡੀ ਇਹਦੇ ਚ ਕੋਈ ਭੂਮਿਕਾ ਨਹੀਂ ਹੈ, ਪਰ ਇਹ ਲੰਗਰ ਤਾਂ ਕਈ ਦਿਨਾਂ ਤੋਂ ਚੱਲ ਰਿਹਾ ਸੀ, ਪਰਸ਼ਾਸਨ ਦੀ ਟੀਰੀ ਅੱਖ ਨੇ ਉਦੋਂ ਸੋਸ਼ਲ ਡਿਸਟੈਂਸਿੰਗ ਦੀ ਉਲੰਘਣਾ ਨਹੀਂ ਦੇਖੀ ?

ਸਵਾਲ ਹੈ, ਜੁਆਬ ਨਹੀਂ ਮਿਲਣਾ।

ਆਪਕਿਆਂ ਤੋਂ ਕਾਂਗਰਸੀ ਹੋ ਗਏ ਇਲਾਕੇ ਦੇ ਐਮ ਐਲ ਏ ਨਾਜ਼ਰ ਸਿੰਘ ਮਾਨਸ਼ਾਹੀਆ ਨਾਲ ਇਸ ਮਸਲੇ ਤੇ ਗੱਲ ਹੋਈ ਤਾਂ ਉਹਨਾਂ ਨੇ ਹਾਕਮੀ ਧਿਰ ਦਾ ਨੁਮਾਇੰਦਾ ਹੋਣ ਦੇ ਨਾਤੇ ਪੁਲਸ ਦਾ ਪੱਖ ਪੂਰਿਆ, ਪਰ ਕਿਹਾ ਕਿ ਮੈਂ ਪੁਲਸ ਪਰਸ਼ਾਸਨ ਨੂੰ ਕਿਹਾ ਹੈ ਕਿ ਬੇਕਸੂਰਾਂ ਨੂੰ ਮਾਮਲੇ 'ਚੋਂ ਬਾਹਰ ਕਰੋ, ਇਹਦੇ 'ਚ ਸਮਾਂ ਲੱਗੇਗਾ। ਔਰਤਾਂ, ਬੱਚੇ ਬੱਚੀਆਂ ਨੂੰ ਘਰੀਂ ਵੜ ਕੇ ਕੁੱਟਣ ਬਾਰੇ ਐਮ ਐਲ ਏ ਸਾਹਿਬ ਨੇ ਕਿਹਾ ਕਿ ਜਿਹਨਾਂ ਪਰਿਵਾਰਾਂ ਨੇ ਵਧੀਕੀ ਬਾਬਤ ਤੁਹਾਨੂੰ ਦੱਸਿਆ ਹੈ, ਉਹਨਾਂ ਬਾਰੇ ਦੱਸੋ ਮੈਂ ਪਤਾ ਕਰਦਾਂ। ਸਾਡੀ ਟੀਮ ਨੇ ਇਨਕਾਰ ਕਰ ਦਿੱਤਾ ਕਿ ਤੁਹਾਡਾ ਹਲਕਾ ਹੈ, ਪਤਾ ਕਰੋ, ਲੰਗਰ ਰਸਦ ਤੋਂ ਥੁੜੇ ਬੈਠਿਆਂ ਦੀ ਮਦਦ ਕਰਨ ਲਈ ਵੀ ਐਮ ਐਲ ਏ ਸਾਹੇਬ ਨੇ ਨੱਪਵੀਂ ਜਿਹੀ ਹਾਮੀ ਭਰੀ ਹੈ।



ਸਥਾਨਕ ਖੱਬੇਪੱਖੀ ਜਨਤਕ ਜਥੇਬੰਦੀਆਂ ਦੇ ਆਗੂਆਂ ਨਾਲ ਇਸ ਵਿਸ਼ੇ ਤੇ ਗੱਲ ਹੋਈ ਤਾਂ ਉਹਨਾਂ ਕਿਹਾ ਲੌਕਡਾਊਨ ਕਰਕੇ ਅਸੀਂ ਜਾ ਨਹੀਂ ਸਕਦੇ, ਪਰ ਘਟਨਾ ਦੀ ਸਖਤ ਨਿੰਦਾ ਕਰਦਿਆਂ ਉਚਪੱਧਰੀ ਜਾਂਚ ਕਰਵਾਉਣ ਦੀ ਮੰਗ ਕਰਦੇ ਹਾਂ।

ਪ੍ਰਗਤੀਸ਼ੀਲ ਇਸਤਰੀ ਸਭਾ ਦੀ ਕੇਂਦਰੀ ਕਮੇਟੀ ਦੀ ਮੈਂਬਰ ਜਸਬੀਰ ਕੌਰ ਨੱਤ ਨੇ ਕਿਹਾ ਕਿ ਮੁਲਜ਼ਮਾਂ ਦੀ ਆੜ ਚ ਮਜ਼ਲੂਮਾਂ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਹੋ ਸਕਦੀ, ਮਜ਼ਦੂਰ ਵਰਗ ਤਾਂ ਪਹਿਲਾਂ ਹੀ ਦੁੱਖਾਂ ਭੁੱਖਾਂ ਕਾਰਨ ਤਪਿਆ ਪਿਆ ਹੈ, ਅਸੀਂ ਆਪਣੀ ਜਥੇਬੰਦੀ ਵਲੋਂ ਪੀੜਤ ਔਰਤਾਂ ਨੂੰ ਇਨਸਾਫ ਦਿਵਾਉਣ ਲਈ ਜੋ ਵੀ ਹੋ ਸਕਦਾ ਹੋਇਆ ਕਰਾਂਗੇ ਤੇ ਲੌਕਡਾਊਨ ਚ ਰਸਦ ਦਾ ਵੀ ਇੰਤਜ਼ਾਮ ਕਰਕੇ ਦੇਣ ਦੀ ਕੋਸ਼ਿਸ਼ ਕਰਾਂਗੇ।

ਪਿੰਡ ਦੇ ਲੋਕ ਸਮੇਤ ਸਰਪੰਚ ਦੇ, ਸ਼ਰੇਆਮ ਕਹਿੰਦੇ ਨੇ ਕਿ ਜਿਹਨਾਂ ਨੇ ਪੁਲਸ ਨਾਲ ਕੋਈ ਵਧੀਕੀ ਕੀਤੀ ਪਰਸ਼ਾਸਨ ਉਹਨਾਂ ਨਾਲ ਬਣਦੀ ਕਾਰਵਾਈ ਕਰੇ, ਬੇਕਸੂਰਾਂ ਨੂੰ ਤਾਂ ਛੱਡੇ, ਤੇ ਲੱਤਾਂ ਬਾਹਵਾਂ ਭੰਨਵਾ ਬੈਠੀਆਂ ਔਰਤਾਂ ਇਥੋਂ ਤੱਕ ਦਰਿਆਦਿਲੀ ਦਿਖਾ ਗਈਆਂ ਨੇ ਕਿ ਸਾਡੀ ਜੋ ਕੁੱਟਮਾਰ ਕੀਤੀ, ਅਸੀਂ ਉਹਦੀ ਵੀ ਕੋਈ ਗੱਲ ਨਹੀਂ ਕਰਦੀਆਂ, ਬੱਸ ਸਾਡੇ ਬੇਕਸੂਰ ਬੱਚੇ ਛੱਡ ਦਿਓ ।

ਅਸਲ ਚ ਇਹਨਾਂ ਗੁਰਬਤ ਮਾਰੀਆਂ ਨੂੰ ਸਿਰਫ ਢਿੱਡ ਦੀ ਚਿੰਤਾ ਹੈ, ਤੇ ਹਾਕਮ.. ਹਾਕਮ ਭਲੀਭਾਂਤ ਜਾਣਦਾ ਹੈ ਕਿ ਰੋਟੀ ਜਿੱਡੇ ਢਿੱਡ ਉੱਤੇ ਸਿਰ ਨਹੀਂ ਹੁੰਦਾ,

ਪਰ ਹਾਕਮ ਇਹ ਨਹੀਂ ਜਾਣਦਾ ਕਿ ਜਦ ਰੋਟੀ ਜਿੱਡੇ ਢਿੱਡ ਉੱਤੇ ਸਿਰ ਉਗਦੇ ਨੇ ਤਾਂ ਤਖਤ ਮੂਧੇ ਵੱਜ ਜਾਂਦੇ ਨੇ-

**ਹਨੇਰੀਆਂ ਨੂੰ ਜੇ ਭੁਲੇਖਾ ਹੈ ਹਨੇਰਾ ਪਾਉਣ ਦਾ**
**ਹਨੇਰੀਆਂ ਨੂੰ ਰੋਕ ਵੀ ਪਾਉਂਦੇ ਰਹੇ ਨੇ ਲੋਕ**
**ਜ਼ਿੰਦਗੀ ਦਾ ਜਦ ਕਦੇ ਅਪਮਾਨ ਕੀਤਾ ਹੈ ਕਿਸੇ**
**ਮੌਤ ਬਣ ਕੇ ਮੌਤ ਦੀ ਆਉਂਦੇ ਰਹੇ ਨੇ ਲੋਕ**
**ਤੋੜ ਕੇ ਮਜਬੂਰੀਆਂ ਦੇ ਸੰਗਲਾਂ ਨੂੰ ਆਦਿ ਤੋਂ**
**ਜੁਲਮ ਦੇ ਗਲ਼ ਸੰਗਲ਼ੀ ਪਾਉਂਦੇ ਰਹੇ ਨੇ ਲੋਕ..**

ਇਹ ਸੀ ਮੁਲਜਮਾਂ ਨਾਲ ਪਿਸਦੇ ਮਜ਼ਲੂਮਾਂ ਦੀ ਦਾਸਤਾਂ.. ਕੀ ਕੋਈ ਜਮਹੂਰੀ ਧਿਰ ਇਨਸਾਫ ਲਈ ਅੱਗੇ ਆਵੇਗੀ ?

ਸਮਾਜਿਕ ਕਾਰਜਕਰਤਾ ਆਨੰਦ ਤੇਲਤੁੰਬੜੇ ਵੱਲੋਂ ਸੁਪਰੀਮ ਕੋਰਟ ਵੱਲੋਂ ਆਤਮਸਮਰਪਣ ਕਰਨ ਦੀ ਆਖਰੀ ਸਮਾਂ ਸੀਮਾਂ ਤੋਂ ਪਹਿਲਾਂ ਭਾਰਤ ਦੇ ਲੋਕਾਂ ਦੇ ਨਾਂ ਇੱਕ ਖੁੱਲ੍ਹਾ ਖਤ ਲਿਖਿਆ ਹੈ ਜਿਸ ਦਾ ਪੰਜਾਬੀ ਅਨੁਵਾਦ ਹੇਠ ਦਿੱਤਾ ਜਾ ਰਿਹਾ ਹੈ:

# ਭਾਰਤ ਦੇ ਲੋਕਾਂ ਦੇ ਨਾਂ ਖੁੱਲ੍ਹਾ ਖਤ

ਮੈਂ ਇਸ ਗੱਲੋਂ ਜਾਣੂ ਹਾਂ ਕਿ ਇਹ ਬੀ ਜੇ ਪੀ –ਆਰ ਐਸ ਐਸ ਜੁੰਡੀ ਅਤੇ ਗੋਦੀ ਮੀਡੀਆ ਵੱਲੋਂ ਪ੍ਰੇਰਿਤ ਕਾਵਾਂਰੌਲੀ ਵਿੱਚ ਪੂਰੀ ਤਰਾਂ ਗੁਆਚ ਸਕਦਾ ਹੈ ਪਰੰਤੂ ਫਿਰ ਵੀ ਮੈਂ ਤੁਹਾਡੇ ਨਾਲ ਗੱਲ ਕਰਨੀ ਠੀਕ ਸਮਝਦਾ ਹਾਂ ਕਿਉਂਕਿ ਮੈਨੂੰ ਨਹੀਂ ਪਤਾ ਕਿ ਮੈਨੂੰ ਇੱਕ ਹੋਰ ਢੁਕਵਾਂ ਮੌਕਾ ਮਿਲੇਗਾ।

ਅਗਸਤ 2018 ਤੋਂ, ਜਦੋਂ ਪੁਲਿਸ ਨੇ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਫੈਕਲਟੀ ਰਿਹਾਇਸ਼ੀ ਅਹਾਤੇ ਅੰਦਰ ਮੇਰੇ ਘਰ ਤੇ ਪਲਿਸ ਵੱਲੋਂ ਧਾਵਾ ਬੋਲਿਆ ਗਿਆ ਸੀ,ਮੇਰੀ ਦੁਨੀਆਂ ਪੂਰੀ ਤਰਾਂ ਉਲਟ ਪੁਲਟ ਹੋ ਗਈ। ਜੋ ਗੱਲਾਂ ਮੇਰੇ ਨਾਲ ਵਾਪਰਨੀਆਂ ਸ਼ੁਰੂ ਹੋਈਆਂ ਮੈਂ ਉਨ੍ਹਾਂ ਦੀ ਕਦੇ ਆਪਣੇ ਸਭ ਤੋਂ ਭੈੜੇ ਸੁਪਨੇ ਵਿੱਚ ਵੀ ਕਲਪਨਾ ਨਹੀਂ ਕਰ ਸਕਦਾ ਸੀ।

ਭਾਵੇਂ ਮੈਨੂੰ ਪਤਾ ਸੀ ਕਿ ਪੁਲਿਸ ਮੇਰੇ ਭਾਸ਼ਣਾ ਦੇ ਆਯੋਜਕਾਂ ਪਾਸ ਜਾਇਆ ਕਰਦੀ ਸੀ, ਜ਼ਿਆਦਾ ਕਰਕੇ ਯੂਨੀਵਰਸਿਟੀਆਂ ਦੇ ਅਤੇ ਉਨ੍ਹਾਂ ਨੂੰ ਮੇਰੇ ਬਾਰੇ ਪੁੱਛ ਪੜਤਾਲ ਕਰਕੇ ਡਰਾਇਆ ਕਰਦੀ ਸੀ, ਮੈਂ ਸਮਝਦਾ ਸੀ ਕਿ ਉਹ ਗਲਤੀ ਨਾਲ ਮੈਨੂੰ ਮੇਰਾ ਭਰਾ ਸਮਝਦੇ ਹੋ ਸਕਦੇ ਹਨ ਜੋ ਸਾਲਾਂ ਪਹਿਲਾਂ ਪਰਿਵਾਰ ਨੂੰ ਛੱਡ ਗਿਆ ਸੀ। ਜਦੋਂ ਮੈਂ ਆਈ ਆਈ ਟੀ ਖੜਗਪੁਰ ਵਿਖੇ ਪੜ੍ਹਾ ਰਿਹਾ ਸੀ ਤਾਂ ਬੀ ਐਸ ਐਨ ਐਲ ਦੇ ਇੱਕ ਅਫਸਰ ਨੇ, ਆਪਣੀ ਮੇਰੇ ਪ੍ਰਸ਼ੰਸਕ ਅਤੇ ਸ਼ੁਭਚਿੰਤਕ ਦੇ ਤੌਰ ’ਤੇ ਪਹਿਚਾਣ ਦੱਸਦਿਆਂ, ਮੈਨੂੰ ਸੂਚਿਤ ਕੀਤਾ ਕਿ ਮੇਰਾ ਫੋਨ ਟੈਪ ਕੀਤਾ ਜਾ ਰਿਹਾ ਹੈ। ਮੈਂ ਉਸ ਦਾ ਧੰਨਵਾਦ ਕੀਤਾ ਪਰੰਤੂ ਕੀਤਾ ਕੁੱਝ ਨਾ, ਆਪਣਾ ਸਿਮ ਬਦਲਣ ਲਈ ਵੀ। ਮੈਂ ਅਜਿਹੀਆਂ ਘੁਸਪੈਂਠਾਂ ਤੋਂ ਪ੍ਰੇਸ਼ਾਨ ਸੀ ਪਰੰਤੂ ਆਪਣੇ ਆਪ ਨੂੰ ਦਿਲਾਸਾ ਦਿੱਤਾ ਕਿ ਇਹ ਗੱਲ ਸਗੋਂ ਪੁਲਿਸ ਨੂੰ ਜਚਾ ਸਕਦੀ ਹੈ ਕਿ ਮੈਂ ਇੱਕ ਸਧਾਰਨ ਵਿਅਕਤੀ ਹਾਂ ਅਤੇ ਮੇਰੇ ਵਿਵਹਾਰ ਵਿੱਚ ਗੈਰਕਾਨੂੰਨੀਪੁਣੇ ਦਾ ਕੋਈ ਤੱਤ ਨਹੀਂ। ਪੁਲਿਸ ਸ਼ਹਿਰੀ ਹੱਕਾਂ ਬਾਰੇ ਕਾਰਜਕਰਤਾਵਾਂ ਨੂੰ ਆਮ ਤੌਰ ਤੇ ਨਾਪਸੰਦ ਕਰਦੀ ਸੀ ਕਿਉਂਕਿ ਉਹ ਪੁਲਿਸ ਨੂੰ ਸੁਆਲ ਕਰਦੇ ਸਨ। ਮੈਂ ਕਲਪਨਾ ਕੀਤੀ ਕਿ ਇਹ ਇਸ ਤੱਥ ਕਰਕੇ ਹੋ ਸਕਦਾ ਹੈ ਕਿ ਮੈਂ ਉਸ ਕਬੀਲੇ ਨਾਲ ਸੰਬੰਧਿਤ ਹਾਂ। ਪਰੰਤੂ ਮੁੜ ਮੈਂ ਆਪਣੇ ਆਪ ਨੂੰ ਦਿਲਾਸਾ ਦਿੱਤਾ ਕਿ ਉਨ੍ਹਾਂ ਨੂੰ ਲੱਗੇਗਾ ਕਿ ਮੈਂ ਆਪਣੇ ਕਿੱਤੇ ਦੇ ਕੁਲਵਕਤੀ ਰੁਝੇਵੇਂ ਕਾਰਨ ਇਹ ਭੂਮਿਕਾ ਵੀ ਨਹੀਂ ਨਿਭਾਅ ਸਕਦਾ।

ਪਰੰਤੂ ਜਦੋਂ ਮੈਨੂੰ ਸਵੇਰੇ ਸਵੱਖਤੇ ਹੀ ਮੇਰੀ ਸੰਸਥਾ ਦੇ ਨਿਰਦੇਸ਼ਕ ਦਾ ਫੋਨ ਆਇਆ, ਮੈਨੂੰ ਸੂਚਿਤ ਕਰਦਿਆਂ ਕਿ ਪੁਲਿਸ ਨੇ ਕੈਂਪਸ ਤੇ ਧਾਵਾ ਬੋਲਿਆ ਹੈ ਅਤੇ ਮੇਰੀ ਤਲਾਸ਼ ਕਰ ਰਹੇ ਹਨ, ਤਾਂ ਮੈਂ ਕੁੱਝ ਸਕਿੰਟਾਂ ਲਈ ਸੁੰਨ ਹੋ ਗਿਆ। ਮੈਂ ਕੁੱਝ ਘੰਟੇ ਪਹਿਲਾਂ ਹੀ ਸਰਕਾਰੀ ਕੰਮ ਤੇ ਮੁੰਬਈ ਆਇਆ ਸੀ ਅਤੇ ਮੇਰੀ ਪਤਨੀ ਪਹਿਲਾਂ ਆ ਚੁੱਕੀ ਸੀ ਜਦੋਂ ਮੈਨੂੰ ਉਨ੍ਹਾਂ ਵਿਅਕਤੀਆਂ ਦੀਆਂ ਗ੍ਰਿਫਤਾਰੀਆਂ ਬਾਰੇ ਪਤਾ ਲੱਗਿਆ ਜਿਨ੍ਹਾਂ ਦੇ ਘਰਾਂ ਤੇ ਉਸ ਦਿਨ ਧਾਵਾ ਬੋਲਿਆ ਗਿਆ ਸੀ, ਤਾਂ ਮੈਂ ਇਸ ਅਹਿਸਾਸ ਨਾਲ ਹਿੱਲ ਗਿਆ ਕਿ ਮੈ ਇਸ ਹੋਣੀ ਤੋਂ ਵਾਲ ਵਾਲ ਬਚਿਆ ਹਾਂ। ਪੁਲਿਸ ਮੇਰਾ ਥਾਂ ਠਿਕਾਣਾ ਜਾਣਦੀ ਸੀ ਅਤੇ ਤਦ ਵੀ ਮੈਨੂੰ ਗ੍ਰਿਫਤਾਰ ਕਰ ਸਕਦੀ ਸੀ ਪਰੰਤੂ ਅਜਿਹਾ ਨਹੀਂ ਕੀਤਾ ਇਸ ਦੇ ਕਾਰਨਾਂ ਦਾ ਸਿਰਫ ਉਨ੍ਹਾਂ ਨੂੰ ਹੀ ਪਤਾ ਹੈ। ਉਨ੍ਹਾਂ ਨੇ ਸੁਰੱਖਿਆ ਗਾਰਡ ਤੋਂ ਜਬਰਦਸਤੀ ਦੂਸਰੀ ਚਾਬੀ ਪ੍ਰਾਪਤ ਕਰਕੇ ਸਾਡਾ ਘਰ ਵੀ ਖੋਲਿਆ, ਪਰੰਤੂ ਸਿਰਫ ਵੀਡੀਓਗ੍ਰਾਫੀ ਕੀਤੀ ਅਤੇ ਦੁਬਾਰਾ ਤਾਲਾ ਲਗਾ ਦਿੱਤਾ। ਸਾਡੀ ਅਗਨੀ ਪ੍ਰੀਖਿਆ ਇੱਥੇ ਹੀ ਸ਼ੁਰੂ ਹੋਈ। ਸਾਡੇ ਵਕੀਲਾਂ ਦੀ ਸਲਾਹ ਨਾਲ ਮੇਰੀ ਪਤਨੀ ਨੇ ਗੋਆ ਨੂੰ ਜਾਣ ਵਾਲੀ ਅਗਲੀ ਉਪਲਬਧ ਉਡਾਣ ਲੈ ਲਈ ਅਤੇ ਬਿਚੋਲਿਮ ਪੁਲਿਸ ਸਟੇਸ਼ਨ ਵਿਖੇ ਸ਼ਿਕਾਇਤ ਦਰਜ ਕਰਵਾ ਦਿੱਤੀ ਕਿ ਪਲਿਸ ਨੇ ਸਾਡੀ ਗੈਰਹਾਜ਼ਰੀ ਵਿੱਚ ਸਾਡਾ ਘਰ ਖੋਲਿਆ ਹੈ ਅਤੇ ਜੇਕਰ ਉਨ੍ਹਾਂ ਨੇ ਕੁਝ ਛੁਪਾ ਦਿੱਤਾ ਹੋਵੇ ਉਸ ਦੇ ਅਸੀਂ ਜ਼ਿੰਮੇਵਾਰ ਨਹੀਂ ਹੋਵਾਂਗੇ। ਉਸ ਨੇ ਸਵੈਇੱਛਾ ਨਾਲ ਸਾਡੇ ਫੋਨ ਨੰਬਰ ਦੇ ਦਿੱਤੇ ਕਿ ਜੇਕਰ ਪੁਲਿਸ ਸਾਡੇ ਕੋਲੋਂ ਕੋਈ ਪੁੱਛਗਿੱਛ ਕਰਨਾ ਚਹੁੰਦੀ ਹੈ ।

ਹੈਰਾਨੀ ਦੀ ਗੱਲ ਹੈ ਕਿ ਮਾਓਵਾਦੀ ਕਹਾਣੀ ਤੇ ਚੱਲਣ ਤੋਂ ਫੌਰੀ ਬਾਅਦ ਪੁਲਿਸ ਨੇ ਪ੍ਰੈੱਸ ਕਾਨ ਫਰੰਸਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਦਾ ਸਪੱਸ਼ਟ ਮਤਲਬ ਮੇਰੇ ਅਤੇ ਅਹਿਸਾਨਮੰਦ ਮੀਡੀਆ ਦੀ ਮਦਦ ਨਾਲ ਗ੍ਰਿਫਤਾਰ ਕੀਤੇ ਗਏ ਦੂਸਰਿਆਂ ਖਿਲਾਫ ਜਨਤਾ ’ਚ ਤੁਅਸਬ ਖੜ੍ਹਾ ਕਰਨਾ ਸੀ। 31 ਅਗਸਤ 2018 ਨੂੰ, ਅਜਿਹੀ ਹੀ ਇੱਕ ਕਾਨਫਰੰਸ ਵਿੱਚ ਇੱਕ ਪੁਲਿਸ ਅਫਸਰ ਨੇ, ਮੇਰੇ ਖਿਲਾਫ ਸਬੂਤ ਦੇ ਤੌਰ ’ਤੇ, ਪਿਛਲੇ ਗ੍ਰਿਫਤਾਰ ਕੀਤੇ ਵਿਅਕਤੀਆਂ ਤੋਂ ਬਰਾਮਦ ਕੀਤਾ ਗਿਆ ਦੱਸਿਆ ਜਾਂਦਾ ਇੱਕ ਪੱਤਰ ਪੜ੍ਹ ਕੇ ਸੁਣਾਇਆ। ਪੱਤਰ ਮੇਰੀ ਸ਼ਮੂਲੀਅਤ ਵਾਲੀ ਵਿਦਿਅਕ ਕਾਨਫਰੰਸ ਦੀ ਸੂਚਨਾ ਨਾਲ ਬੇਢਵੇ ਢੰਗ ਨਾਲ ਤਿਆਰ ਕੀਤਾ ਗਿਆ ਸੀ ਜਿਹੜੀ ਕਿ ਪੈਰਿਸ ਦੀ ਅਮਰੀਕਨ ਯੂਨੀਵਰਸਿਟੀ ਦੀ ਵੈਬਸਾਇਟ ਤੇ ਅਸਾਨੀ ਨਾਲ ਉਪਲਬਧ ਸੀ। ਸ਼ੁਰੂ ’ਚ ਤਾਂ ਮੈਂ ਇਸ ਨੂੰ ਹਾਸੇ ’ਚ ਲਿਆ ਪਰ ਫਿਰ, ਇਸ ਅਫਸਰ ਖਿਲਾਫ ਇੱਕ ਦਿਵਾਨੀ ਅਤੇ ਫੌਜਦਾਰੀ ਮਾਨਹਾਨੀ ਦਾ ਕੇਸ ਦਾਇਰ ਕਰਨ ਦਾ ਫੈਸਲਾ ਕੀਤਾ ਅਤੇ ਪ੍ਰਕਿਰਿਆ ਅਨੁਸਾਰ ਮਨਜੂਰੀ ਲੈਣ ਲਈ 5 ਸਤੰਬਰ 2018 ਨੂੰ ਮਹਾਰਾਸ਼ਟਰ ਸਰਕਾਰ ਇੱਕ ਪੱਤਰ ਭੇਜਿਆ। ਅੱਜ ਤੱਕ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਮਗਰ ਜਦੋਂ ਹਾਈਕੋਰਟ ਨੇ ਉਨ੍ਹਾਂ ਦੀ ਝਾੜਝੰਬ ਕੀਤੀ ਤਾਂ ਪੁਲਿਸ ਦੀਆਂ ਕਾਨਫਰੰਸਾਂ ਰੋਕ ਦਿੱਤੀਆਂ ਗਈਆਂ।

ਸਮੁੱਚੇ ਮਾਮਲੇ ਵਿੱਚ ਆਰ ਐਸ ਐਸ ਦਾ ਹੱਥ ਛੁਪਿਆ ਹੋਇਆ ਨਹੀਂ ਸੀ। ਮੇਰੇ ਮਰਾਠੀ ਮਿੱਤਰਾਂ ਨੇ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਕਾਰਜਕਰਤਾਵਾਂ ਵਿੱਚੋਂ ਇੱਕ ਰਾਮੇਸ਼ ਪਤਾਪਤਾਂਜੇ ਨੇ ਮੈਨੂੰ ਨਿਸ਼ਾਨਾ ਬਣਾਉਂਦਿਆਂ ਆਪਣੇ ਪਰਚੇ ਪੰਚਜਨਯਾ ਵਿੱਚ ਇੱਕ ਲੇਖ ਲਿਖਿਆ ਸੀ। ਮੇਰੀ ਅਰੁਨਧਤੀ ਰਾਇ ਅਤੇ ਗੇਲ ਓਮਵੇਦਤ ਸਮੇਤ ਮਯਾਵੀ ਅੰਬੇਦਕਰਵਾਦੀ ਦੇ ਤੌਰ ’ਤੇ ਸ਼ਨਾਖਤ ਕੀਤੀ ਗਈ ਸੀ। ਹਿੰਦੂ ਮਿਥਿਹਾਸ ਵਿੱਚ ਮਯਾਵੀ ਇੱਕ ਦੈਂਤ ਨੂੰ ਦਰਸਾਉਂਦਾ ਹੈ ਜਿਸ ਨੂੰ ਤਬਾਹ ਕਰਨਾ ਹੁੰਦਾ ਹੈ। ਜਦੋਂ ਮੈਨੂੰ ਪੂਨੇ ਪੁਲਿਸ ਵੱਲੋਂ ਗੈਰਕਾਨੂੰਨੀ ਢੰਗ ਨਾਲ ਗ੍ਰਿਫਤਾਰ ਕੀਤਾ ਗਿਆ ਜਦੋਂਕਿ ਮੈਂ ਅਜੇ ਸੁਪਰੀਮ ਕੋਰਟ ਦੀ ਸੁਰੱਖਿਆ ਹੇਠ ਸੀ, ਇੱਕ ਹਿੰਦੂਤਵਾ ਦੇ ਸਾਇਬਰ ਗਰੋਹ ਨੇ ਮੇਰੇ ਵਿਕੀਮੀਡੀਆ ਪੰਨੇ ਨਾਲ ਬੁਰਛਾਗਰਦੀ ਕੀਤੀ। ਇਹ ਪੰਨਾ ਇੱਕ ਜਨਤਕ ਪੰਨਾ ਹੈ ਅਤੇ ਸਾਲਾਂਬੱਧੀ ਮੈਂ ਇਸ ਗੱਲ ਤੋਂ ਜਾਣੂ ਵੀ ਨਹੀਂ ਸੀ। ਪਹਿਲਾਂ ਤਾਂ ਉਨ੍ਹਾਂ ਨੇ ਸਾਰੀ ਸੂਚਨਾ ਮਿਟਾ ਦਿੱਤੀ ਅਤੇ ਮਹਿਜ ਲਿਖ ਦਿੱਤਾ “ਇਸ ਦਾ ਇੱਕ ਮਾਓਵਾਦੀ ਭਰਾ ਹੈ’ ਇਸ ਦੇ ਘਰ ਤੇ ਛਾਪਾ ਪਿਆ ਸੀ...ਇਸ ਨੂੰ ਮਾਓਵਾਦੀਆਂ ਨਾਲ ਸੰਬੰਧ ਹੋਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ” ਆਦਿ। ਕੁੱਝ ਵਿਦਿਆਰਥੀਆਂ ਨੇ ਮੈਨੂੰ ਬਾਅਦ ਵਿੱਚ ਦੱਸਿਆ ਕਿ ਜਦੋਂ ਵੀ ਉਨ੍ਹਾਂ ਨੇ ਉਸ ਪੰਨੇ ਨੂੰ ਬਹਾਲ ਕਰਨ ਦੀ ਜਾਂ ਠੀਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਹ ਗਰੋਹ ਝਪਟ ਪੈਂਦਾ ਅਤੇ ਹਰੇਕ ਚੀਜ ਮਿਟਾ ਦਿੰਦਾ ਸੀ ਅਤੇ ਅਪਮਾਨਜਨਕ ਸਮੱਗਰੀ ਪਾ ਦਿੰਦਾ ਸੀ। ਆਖਰਕਾਰ ਵਿਕੀਮੀਡੀਆ ਨੇ ਦਖਲਅੰਦਾਜ਼ੀ ਕੀਤੀ ਅਤੇ ਉਨ੍ਹਾਂ ਦੀ ਕੁੱਝ ਨਾਂਹਪੱਖੀ ਸਮੱਗਰੀ ਸਮੇਤ ਪੰਨਾ ਸਥਿਰ ਕਰ ਦਿੱਤਾ।

ਮੀਡੀਆ ਨੇ ਆਰ. ਐਸ. ਐਸ. ਦੇ ਅਖੌਤੀ ਨਕਸਲੀ ਮਾਹਿਰਾਂ ਰਾਹੀਂ ਹਰ ਕਿਸਮ ਦਾ ਛਲ ਫਰੇਬ ਉਗਲਦਿਆਂ ਤੂਫਾਨੀ ਹੱਲਾ ਬੋਲ ਦਿੱਤਾ। ਚੈਨਲਾਂ ਅਤੇ ਇੱਥੋਂ ਤੱਕ ਕਿ ਇੰਡੀਆਂ ਬਰਾਡਕਾਸਟਿੰਗ ਫਾਉਂਡੇਸ਼ਨ ਖਿਲਾਫ ਮੇਰੀਆਂ ਸ਼ਿਕਾਇਤਾਂ ਨੂੰ ਸਧਾਰਨ ਹੁੰਗਾਰਾ ਵੀ ਨਾ ਮਿਲਿਆ। ਫਿਰ ਅਕਤੂਬਰ 2019 ਵਿੱਚ ਦੂਸਰੀਆਂ ਸਮੇਤ ਪੈਗਾਸਸ ਕਹਾਣੀ ਬਾਹਰ ਆਈ ਕਿ ਸਰਕਾਰ ਨੇ ਮੇਰੇ ਫੋਨ ’ਤੇ ਬਹੁਤ ਹੀ ਘਾਤਕ ਇਸਰਾਈਲੀ ਸਪਾਈਵੇਅਰ ਲਗਾ ਦਿੱਤਾ ਹੈ। ਮੀਡੀਆ ਵਿੱਚ ਵਕਤੀ ਹੋ ਹੱਲਾ ਹੋਇਆ ਪਰੰਤੂ ਇਸ ਗੰਭੀਰ ਮਸਲੇ ਦੀ ਵੀ ਖਾਮੋਸ਼ ਮੌਤ ਹੋ ਗਈ ਹੈ। ਮੈ ਇੱਕ ਸਧਾਰਨ ਵਿਅਕਤੀ ਰਿਹਾ ਹਾਂ ਜੋ ਇਮਾਨਦਾਰੀ ਨਾਲ ਅਪਣੀ ਰੋਟੀ ਰੋਜ਼ੀ ਕਮਾਉਂਦਾ ਰਿਹਾ ਹਾਂ ਅਤੇ ਆਪਣੇ ਗਿਆਨ ਨਾਲ ਲਿਖਤਾਂ ਰਾਹੀਂ ਸੰਭਵ ਹੱਦ ਤੱਕ ਲੋਕਾਂ ਦੀ ਮਦਦ ਕਰਦਾ ਰਿਹਾ ਹਾਂ। ਮੇਰਾ ਕਾਰਪੋਰੇਟ ਜਗਤ ਵਿੱਚ ਵੱਖ ਵੱਖ ਭੂਮਿਕਾਵਾਂ ਵਿੱਚ ਇਸ ਦੇਸ਼ ਲਈ ਲਗਭਗ ਪੰਜ ਦਹਾਕੇ ਸੇਵਾ ਕਰਨ ਬੇਦਾਗ ਰਿਕਾਰਡ ਹੈ, ਇੱਕ ਅਧਿਆਪਕ ਦੇ ਤੌਰ ’ਤੇ, ਸ਼ਹਿਰੀ ਹੱਕਾਂ ਬਾਰੇ ਕਾਰਕੁੰਨ ਦੇ ਤੌਰ ’ਤੇ ਅਤੇ ਜਨਤਕ ਬੁੱਧੀਜੀਵੀ ਦੇ ਤੌਰ ’ਤੇ। ਕੌਮਾਂਤਰੀ ਪੱਧਰ ’ਤੇ ਛਪੀਆਂ ਮੇਰੀਆਂ ਵਿਸਤ੍ਰਿਤ ਲਿਖਤਾਂ, ਜਿਨ੍ਹਾਂ ਵਿੱਚ 30 ਤੋਂ ਵੱਧ ਕਿਤਾਬਾਂ ਅਤੇ ਕਿੰਨੇ ਹੀ ਪੇਪਰ/ਨਿਬੰਧ/ਟਿੱਪਣੀਆਂ/ਕਾਲਮ/ ਮੁਲਾਕਾਤਾਂ ਸ਼ਾਮਲ ਹਨ, ਵਿੱਚ ਹਿੰਸਾ ਜਾਂ ਕਿਸੇ ਭੰਨਤੋੜਵਾਦੀ ਲਹਿਰ ਦੀ ਹਮਾਇਤ ਦਾ ਕੋਈ ਇਸ਼ਾਰਾ ਵੀ ਨਹੀਂ ਲੱਭਿਆ ਜਾ ਸਕਦਾ।

ਪਰੰਤੂ ਮੇਰੀ ਜ਼ਿੰਦਗੀ ਦੇ ਆਖਰੀ ਵਕਤ ਤੇ ਕਠੋਰ ਯੂ ਏ ਪੀ ਏ ਤਹਿਤ ਮੈਨੂੰ ਘਿਨਾਉਣੇ ਜੁਰਮ ਦਾ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਮੇਰੇ ਵਰਗਾ ਕੋਈ ਵਿਅਕਤੀ ਪ੍ਰਤੱਖ ਤੌਰ ’ਤੇ ਸਰਕਾਰ ਅਤੇ ਇਸ ਦੇ ਹੱਥਠੋਕੇ ਮੀਡੀਏ ਦੇ ਜੋਸ਼ੀਲੇ ਪ੍ਰਾਪੇਗੰਡੇ ਦਾ ਟਾਕਰਾ ਨਹੀਂ ਕਰ ਸਕਦਾ। ਇਸ ਮਾਮਲੇ ਦੇ ਵੇਰਵੇ ਨੈੱਟ ਤੇ ਬਿੱਖਰੇ ਪਏ ਹਨ ਅਤੇ ਕਿਸੇ ਵੀ ਵਿਅਕਤੀ ਲਈ ਇਹ ਦੇਖਣ ਲਈ ਕਾਫੀ ਹਨ ਕਿ ਇਹ ਇੱਕ ਭੱਦੀ ਅਤੇ ਮੁਜਰਮਾਨਾ ਜਾਅਲਸਾਜ਼ੀ ਹੈ। ਇੱਕ ਸੰਖੇਪ ਨੋਟ ਏ. ਆਈ. ਐਫ. ਆਰ. ਟੀ. ਈ. ਦੀ ਵੈਬਸਾਈਟ ਤੇ ਪੜ੍ਹਿਆ ਜਾ ਸਕਦਾ ਹੈ।

ਤੁਹਾਡੇ ਫਾਇਦੇ ਲਈ ਮੈਂ ਤੁਹਾਨੂੰ ਇਸਦਾ ਸਾਰਾਂਸ਼ ਦੇਵਾਂਗਾ: ਮੈਨੂੰ 13 ਵਿੱਚੋਂ ਪੰਜ ਪੱਤਰਾਂ ਦੇ ਅਧਾਰ ਤੇ ਫਸਾਇਆ ਗਿਆ ਹੈ ਜਿਹੜੇ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਦੋ ਵਿਅਕਤੀਆਂ ਦੇ ਕੰਪਿਊਟਰਾਂ ’ਚੋਂ ਬਰਾਮਦ ਕੀਤੇ ਦੱਸੇ ਗਏ ਹਨ। ਮੇਰੇ ਕੋਲੋਂ ਕੁੱਝ ਵੀ ਬਰਾਮਦ ਨਹੀਂ ਕੀਤਾ ਗਿਆ। ਪੱਤਰ “ਆਨੰਦ”, ਭਾਰਤ ਵਿੱਚ ਇੱਕ ਆਮ ਨਾਂ, ਦਾ ਹਵਾਲਾ ਦਿੰਦਾ ਹੈ, ਪਰੰਤੂ ਪੁਲਿਸ ਨੇ ਨਿਰਵਿਵਾਦ ਰੂਪ ਵਿੱਚ ਇਸ ਨੂੰ ਮੇਰੇ ਨਾਲ ਜੋੜ ਦਿੱਤਾ ਹੈ। ਬਾਵਜੂਦ ਇਨ੍ਹਾਂ ਪੱਤਰਾਂ ਦੇ ਰੂਪ ਅਤੇ ਸਮੱਗਰੀ ਦੇ, ਜਿਸ ਦੀ ਮਾਹਿਰਾਂ ਦੁਆਰਾ ਕਾਂਟ ਛਾਂਟ ਕੀਤੀ ਗਈ ਸੀ ਅਤੇ ਸਪਰੀਮ ਕੋਰਟ ਦੇ ਇੱਕ ਜੱਜ ਦੁਆਰਾ ਵੀ ਜੋ ਸਮੁੱਚੀ ਨਿਆਂਪਾਲਿਕਾ ’ਚੋਂ ਇਕਲੌਤਾ ਜੱਜ ਸੀ ਜੋ ਸਬੂਤ ਦੀ ਪ੍ਰਕਿਰਤੀ ਦੇ ਅੰਦਰ ਤੱਕ ਗਿਆ, ਸਮੱਗਰੀ ਕਿਸੇ ਵੀ ਅਜਿਹੀ ਚੀਜ਼ ਵੱਲ ਇਸ਼ਾਰਾ ਨਹੀਂ ਕਰਦੀ ਜਿਸ ਨੂੰ ਦੂਰ ਤੋਂ ਵੀ ਮਹਿਜ ਇੱਕ ਸਧਾਰਨ ਜੁਰਮ ਸਮਝਿਆ ਜਾ ਸਕਦਾ ਹੋਵੇ। ਪਰੰਤੂ ਯੂ. ਏ. ਪੀ. ਏ. ਐਕਟ ਦੀਆਂ ਕਠੋਰ ਧਾਰਾਵਾਂ ਹੇਠ ਪਨਾਹ ਲੈਂਦਿਆਂ, ਜਿਹੜੀਆਂ ਕਿਸੇ ਵਿਅਕਤੀ ਨੂੰ ਰੱਖਿਆਹੀਣਾ ਬਣਾ ਦਿੰਦੀਆਂ ਹਨ, ਮੈਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ।

ਇਸ ਮਾਮਲੇ ਨੂੰ ਤੁਹਾਡੀ ਸਮਝ ਲਈ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ: ਅਚਾਨਕ ਇੱਕ ਪੁਲਿਸ ਦਾ ਦਸਤਾ ਤੁਹਾਡੀ ਰਿਹਾਇਸ਼ ’ਤੇ ਆ ਝਪਟਦਾ ਹੈ ਅਤੇ ਕੋਈ ਵਾਰੰਟ ਦਿਖਾਏ ਤੁਹਾਡੇ ਘਰ ਨੂੰ ਛਾਣ ਮਾਰਦਾ ਹੈ। ਆਖਰ ’ਚ ਉਹ ਤੁਹਾਨੂੰ ਗ੍ਰਿਫਤਾਰ ਕਰ ਲੈਂਦੇ ਹਨ ਅਤੇ ਤੁਹਾਨੂੰ ਪੁਲਿਸ ਹਵਾਲਾਤ ਵਿੱਚ ਤਾੜ ਦਿੰਦੇ ਹਨ। ਅਦਾਲਤ ਵਿੱਚ ਉਹ ਕਹਿਣਗੇ ਕਿ ਇੱਕ ਚੋਰੀ (ਜਾਂ ਕੋਈ ਹੋਰ ਸ਼ਿਕਾਇਤ) ਦੇ ਮਾਮਲੇ ਦੀ ਜਾਂਚ ਕਰਦਿਆਂ ਫਲਾਣੀ ਥਾਂ (ਭਾਰਤ ਅੰਦਰ ਕੋਈ ਵੀ ਥਾਂ ਭਰ ਦਿਓ) ਤੋਂ ਪੁਲਿਸ ਨੇ ਧਿਮਕੇ (ਕੋਈ ਵੀ ਨਾਂ ਭਰ ਦਿਓ) ਤੋਂ ਇੱਕ ਪੈੱਨ ਡਰਾਈਵ ਜਾਂ ਇੱਕ ਕੰਪਿਊਟਰ ਬਰਾਮਦ ਕੀਤਾ ਜਿਸ ਵਿੱਚੋਂ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦੇ ਇੱਕ ਕਥਿਤ ਮੈਂਬਰ ਦੁਆਰਾ ਲਿਖੇ ਹੋਏ ਪੱਤਰ ਬਰਾਮਦ ਕੀਤੇ ਗਏ ਜਿਨ੍ਹਾਂ ਵਿੱਚ ਇਮਕੇ ਦਾ ਜ਼ਿਕਰ ਹੈ ਜਿਹੜਾ ਪੁਲਿਸ ਅਨੁਸਾਰ ਤੁਹਾਡੇ ਤੋਂ ਬਿਨਾ ਹੋਰ ਕੋਈ ਨਹੀਂ। ਉਹ ਤੁਹਾਨੂੰ ਡੂੰਘੀ ਸਾਜ਼ਿਸ਼ ਦੇ ਹਿੱਸੇ ਵਜੋਂ ਪੇਸ਼ ਕਰਦੇ ਹਨ। ਅਚਾਨਕ ਤੁਸੀਂ ਆਪਣੀ ਦੁਨੀਆਂ ਉਲਟੀ ਪੁਲਟੀ ਹੋਈ ਪਾਉਂਦੇ ਹੋ। ਤੁਹਾਡੀ ਨੌਕਰੀ ਚਲੀ ਗਈ, ਪਰਿਵਾਰ ਘਰ ਗੁਆ ਬਹਿੰਦਾ ਹੈ, ਮੀਡੀਆ ਤੁਹਾਨੂੰ ਬਦਨਾਮ ਕਰ ਰਿਹਾ ਹੈ ਜਿਸ ਦੇ ਬਾਰੇ ਤੁਸੀਂ ਕੁੱਝ ਨਹੀਂ ਕਰ ਸਕਦੇ। ਜੱਜਾਂ ਨੂੰ ਜਚਾਉਣ ਲਈ ਪੁਲਿਸ “ਸੀਲਬੰਦ ਲਿਫਾਫੇ” ਪੇਸ਼ ਕਰੇਗੀ ਕਿ ਤੁਹਾਡੇ ਖਿਲਾਫ ਜਾਹਰਾ ਮਾਮਲਾ ਹੈ ਜਿਸ ਵਾਸਤੇ ਹਿਰਾਸਤੀ ਪੁੱਛਗਿਛ ਦੀ ਜ਼ਰੂਰਤ ਹੈ। ਕੋਈ ਸਬੂਤ ਨਾ ਹੋਣ ਬਾਰੇ ਕੋਈ ਦਲੀਲ ਨਹੀਂ ਸੁਣੀ ਜਾਵੇਗੀ ਕਿਉਂਕਿ ਜੱਜਾਂ ਦਾ ਉੱਤਰ ਹੋਵੇਗਾ ਕਿ ਇਹ ਮੁਕੱਦਮੇ ਦੁਰਾਨ ਦੇਖਿਆ ਜਾਵੇਗਾ। ਹਿਰਾਸਤੀ ਪੁੱਛਗਿਛ ਪਿੱਛੋਂ ਤੁਹਾਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਤੁਸੀਂ ਜ਼ਮਾਨਤ ਲਈ ਬੇਨਤੀ ਕਰਦੇ ਹੋ ਅਤੇ ਅਦਾਲਤ ਉਸ ਨੂੰ ਰੱਦ ਕਰ ਦੇਵੇਗੀ ਕਿਉਂਕਿ ਇਤਿਹਾਸਕ ਅੰਕੜੇ ਦਿਖਾਉਂਦੇ ਹਨ ਕਿ ਜ਼ਮਾਨਤ ਹੋਣ ਜਾਂ ਬਰੀ ਹੋਣ ਤੋਂ ਪਹਿਲਾਂ ਕੈਦ ਦਾ ਔਸਤ ਸਮਾਂ 4 ਤੋਂ 10 ਸਾਲ ਦਾ ਰਿਹਾ ਹੈ ਅਤੇ ਇਹ ਸੱਚੀਂ ਮੁੱਚੀਂ ਕਿਸੇ ਨਾਲ ਵੀ ਵਾਪਰ ਸਕਦਾ ਹੈ। ‘ਕੌਮ’ ਦੇ ਨਾਂ ਤੇ ਅਜਿਹੇ ਕਠੋਰ ਕਾਨੂੰਨਾਂ, ਜਿਹੜੇ ਭੋਲੇਭਾਲੇ ਲੋਕਾਂ ਨੂੰ ਉਨ੍ਹਾਂ ਦੀਆਂ ਅਜ਼ਾਦੀਆਂ ਅਤੇ ਸਾਰੇ ਸੰਵਿਧਾਨਕ ਹੱਕਾਂ ਤੋਂ ਮਹਿਰੂਮ ਕਰਦੇ ਹਨ, ਨੂੰ ਸੰਵਿਧਾਨਕ ਤੌਰ ’ਤੇ ਪ੍ਰਮਾਣਿਤ ਕੀਤਾ ਜਾਂਦਾ ਹੈ।

ਮੱਤਭੇਦ ਨੂੰ ਖਤਮ ਕਰਨ ਅਤੇ ਲੋਕਾਂ ਦਾ ਧਰੁੱਵੀਕਰਨ ਕਰਨ ਲਈ ਰਾਜਨੀਤਕ ਜਮਾਤ ਵੱਲੋਂ ਕੱਟੜ ਦੇਸ਼ਭਗਤ ਰਾਸ਼ਟਰ ਅਤੇ ਰਾਸ਼ਟਰਵਾਦ ਨੂੰ ਹਥਿਆਰਬੰਦ ਕਰਵਾਇਆ ਗਿਆ ਹੈ। ਜਨਤਕ ਪਾਗਲਪਣ ਨੇ ਪੂਰੀ ਤਰਕਹੀਣਤਾ ਅਤੇ ਅਰਥਾਂ ਦੇ ਅਨਰਥ ਕਰਨ ਨੂੰ ਪੂਰਾ ਕਰ ਦਿੱਤਾ ਹੈ ਜਿੱਥੇ ਰਾਸ਼ਟਰ ਨੂੰ ਤਬਾਹ ਕਰਨ ਵਾਲੇ ਦੇਸ਼ ਭਗਤ ਬਣ ਜਾਂਦੇ ਹਨ ਅਤੇ ਲੋਕਾਂ ਦੇ ਬੇਗਰਜ਼ ਸੇਵਕ ਦੇਸ਼ਧਰੋਹੀ ਬਣ ਜਾਂਦੇ ਹਨ। ਜਿਵੇਂਕਿ ਮੈਂ ਆਪਣੇ ਭਾਰਤ ਨੂੰ ਤਬਾਹ ਹੁੰਦਿਆਂ ਦੇਖਦਾ ਹਾਂ, ਇਹ ਇੱਕ ਨਿਤਾਣੀ ਜਿਹੀ ਆਸ ਨਾਲ ਹੀ ਹੈ ਕਿ ਮੈਂ ਤੁਹਾਨੂੰ ਅਜਿਹੇ ਭਿਆਨਕ ਪਲ ਲਿਖ ਰਿਹਾ ਹਾਂ।

ਠੀਕ ਹੈ, ਮੈਂ ਐਨ. ਆਈ. ਏ. ਦੀ ਹਿਰਾਸਤ ਵਿੱਚ ਜਾਣ ਲੱਗਿਆਂ ਅਤੇ ਮੈਂ ਨਹੀਂ ਜਾਣਦਾ ਕਿ ਮੈਂ ਕਦੋਂ ਤੁਹਾਡੇ ਨਾਲ ਮੁੜ ਗੱਲ ਕਰਨ ਦੇ ਸਮਰੱਥ ਹੋਵਾਂਗਾ। ਫਿਰ ਵੀ ਮੈਂ ਸੰਜੀਦਗੀ ਨਾਲ ਆਸ ਕਰਦਾ ਹਾਂ ਕਿ ਤੁਸੀਂ ਆਪਣੀ ਵਾਰੀ ਆਉਣ ਤੋਂ ਪਹਿਲਾਂ ਬੋਲੋਂਗੇ।

**ਆਨੰਦ ਤੇਲਤੁੰਬੜੇ**



# GILL
## Truck & Trailer Repair and Mobile Service

"Hiring Full and Part Time mechanics"
Open 7 days a week and, make it nice



Cell: 416.312.4707
Tel: 905.458.3455
Fax: 905.458.3456

04 Blair Dr.
Brampton, ON
L6P 2X5
gilltruckandtrailer@yahoo.com

**Inderjit Gill**
*Heavy Duty Truck & Trailer Mechanic*


ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ।







| | | | |
|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) |
| 416-817-7142 | 416 902 9372 | 403-455-4220 | 604 760 4794 |


Westwinds PHARMACY

# ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

# Open 7 Days A Week

New Hours Mon To Fri 9am to 9 pm and 10 am to 6 pm Weekends



10% Discount on OTC Products with this coupon
EXP : Dec 31, 2020 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm

Satvachan Lal
B.Sc.Pharm

#1150, 4818 Westwindus Drive NE. Calgary
403-293-9360





'The name people trust and recommend' Over 30 years of experience in Immigration Matters

# HAYER LAW OFFICE

Immigration Law

- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases

**DALWINDER HAYER**
M.A. (Eco.) LL.B., LL.M
Barrister, Solicitor and Notary Public

**SITAL (TINA)**
B.A., LL.B. (Hons.) L.L.M.
Tel : 78377-00046 | Chandigarh (India)

**AMANDEEP HAYER**
B.A., J.D. (Canada) J.D. (U.S.)
Barrister, Solicitor, Notary Public

**BALJINDER HAYER**
Immigration Consultant & Public Notary

T0 SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca



# Trips Booker
## TRAVEL AGENCY

Airline Tickets/Hotel/Tours/Supers Visa Insurance

TRAVEL NOW AND PAY LETER
We Can Finance For 03 to 12 Months *

LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN

We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)



ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)

Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

Call us now @
403-668-4800
www.Tripsbooker.ca

3650 Westwinds Drive NE,
Suite #105, Calgary AB T3J 0W9
Email:reservation@Tripsbooker.ca


# ਕੋਵਿਡ-19 ਦਾ ਰਾਜਨੀਤਕ ਅਰਥਸ਼ਾਸਤਰ

ਮਨੀਸ਼ ਆਜ਼ਾਦ

*(ਮਨੀਸ਼ ਆਜ਼ਾਦ ਇੱਕ ਰਾਜਨੀਤਕ ਕਾਰਕੁੰਨ ਹਨ। ਇਸ ਲਈ ਸੱਤਾ ਦੇ ਜ਼ਬਰ ਦਾ ਸ਼ਿਕਾਰ ਵੀ ਹੋ ਚੁੱਕੇ ਹਨ। 29 ਫਰਵਰੀ ਨੂੰ 8 ਮਹੀਨੇ ਬਾਅਦ ਉਹ ਜੇਲ੍ਹ ਤੋਂ ਰਿਹਾਅ ਹੋ ਕੇ ਪਰਤੇ ਹਨ। ਇਸ ਤੋਂ ਪਹਿਲਾਂ ਵੀ ਉਹ 'ਦਸਤਕ' ਲਈ ਲਿਖਦੇ ਰਹੇ ਹਨ। ਉਹਨਾਂ ਦਾ ਇਹ ਲੇਖ ਕੋਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਜੁੜੇ ਤਮਾਮ ਪਹਿਲੂਆਂ ਦੀ ਨਜ਼ਰਸਾਨੀ ਕਰਦਾ ਹੈ। ਇਹ ਲੇਖ ਇਸ ਮਾਅਨੇ ਵਿੱਚ ਬਹੁਤ ਮਹੱਤਵਪੂਰਨ ਹੈ ਕਿ ਜਿੱਥੇ ਅਮਰੀਕੀ ਸਾਮਰਾਜਵਾਦ ਚੀਨ ਨੂੰ ਇਸਦੇ ਲਈ ਦੋਸ਼ੀ ਗਰਦਾਨ ਰਿਹਾ ਹੈ, ਉੱਥੇ ਹੀ ਭਾਰਤ ਇਸਦਾ ਸਾਰਾ ਠੀਕਰਾ ਮੁਸਲਮਾਨਾਂ ਸਿਰ ਭੰਨ ਰਿਹਾ ਹੈ। ਇਹ ਲੇਖ ਇਸ ਮਹਾਂਮਾਰੀ ਦੇ ਕਾਰਨਾਂ ਉੱਪਰ ਵਿਗਿਆਨਕ ਰੂਪ ਵਿੱਚ ਚਾਨਣਾ ਪਾਉਂਦਾ ਹੈ, ਤਾਂ ਕਿ ਭਵਿੱਖ ਵਿੱਚ ਅਸੀਂ ਆਪਣੀ ਤਰੱਕੀ ਦਾ ਰਾਹ ਸਾਫ ਸਾਫ ਦੇਖ ਸਕੀਏ।)*

ਨਾਜ਼ੀ ਜਰਮਨੀ ਵਿੱਚ ਜਦੋਂ 'ਸੋਫੀ' ਨਾਮ ਦੀ ਇੱਕ ਔਰਤ ਨੂੰ ਉਸਦੇ ਦੋ ਬੱਚਿਆਂ ਸਮੇਤ ਨਾਜ਼ੀ ਸਿਪਾਹੀ ਗੈਸ ਚੈਂਬਰ ਵਿੱਚ ਲੈ ਕੇ ਆਏ ਤਾਂ ਉਹਨਾਂ ਨੇ ਸੋਫੀ ਦੇ ਰੋਣ-ਕੁਰਲਾਉਣ ਤੋਂ ਮਗਰੋਂ ਉਸਦੇ ਦੋ ਬੱਚਿਆਂ ਵਿੱਚੋਂ ਇੱਕ ਨੂੰ ਜ਼ਿੰਦਾ ਛੱਡਣ ਦਾ ਵਾਅਦਾ ਕੀਤਾ, ਪਰ ਕੌਣ ਜ਼ਿੰਦਾ ਰਹੇਗਾ ਅਤੇ ਕੌਣ ਗੈਸ ਚੈਂਬਰ ਵਿੱਚ ਜਾਵੇਗਾ, ਇਸਦਾ ਫੈਸਲਾ ਉਹਨਾਂ ਨੇ ਸੋਫੀ 'ਤੇ ਹੀ ਛੱਡ ਦਿੱਤਾ। 1979 ਵਿੱਚ ਇਸੇ ਕਹਾਣੀ 'ਤੇ ਆਧਾਰਿਤ ਸੋਫੀਜ਼ ਚੁਆਇਸ ਨਾਮ ਦੇ ਨਾਵਲ ਦੀ ਸਫਲਤਾ ਤੋਂ ਬਾਅਦ ਅੰਗਰੇਜ਼ੀ ਵਿੱਚ 'ਸੋਫੀਜ਼ ਚੁਆਇਸ' (Sophie's choice) ਇੱਕ ਮੁਹਾਵਰਾ ਹੀ ਚੱਲ ਪਿਆ। ਅੱਜ ਜਦੋਂ ਮੈਂ ਕੋਰੋਨਾ ਵਾਇਰਸ ਨਾਲ ਭਿਆਨਕ ਲੌਕਡਾਊਨ ਝੱਲ ਰਹੀ ਦੁਨੀਆ ਨੂੰ ਦੇਖਦਾ ਹਾਂ ਤਾਂ ਮੈਨੂੰ ਅੰਗਰੇਜ਼ੀ ਦਾ ਇਹ ਮੁਹਾਵਰਾ ਯਾਦ ਆਉਂਦਾ ਹੈ। ਜੇ ਲੌਕਡਾਊਨ ਵੱਧਦਾ ਹੈ ਤਾਂ ਦੁਨੀਆ ਦੀ ਅਰਥ ਵਿਵਸਥਾ ਇੱਕ ਡੂੰਘੇ ਟੋਏ ਵਿੱਚ ਡਿੱਗ ਪਵੇਗੀ, ਕਰੋੜਾਂ ਲੋਕਾਂ ਅੱਗੇ ਆਪਣੀ ਹੋਂਦ ਬਚਾਉਣ ਦਾ ਸੰਕਟ ਖੜ੍ਹਾ ਹੋ ਜਾਵੇਗਾ ਅਤੇ ਜੇਕਰ ਲੌਕਡਾਊਨ ਖੋਲਦੇ ਹਨ ਤਾਂ ਕੋਰੋਨਾ ਮਹਾਂਮਾਰੀ ਲੱਖਾਂ ਕਰੋੜਾਂ ਲੋਕਾਂ ਨੂੰ ਨਿਗਲ ਸਕਦੀ ਹੈ। ਲਗਭਗ ਹਰ ਦੇਸ਼ ਵਿੱਚ ਇਹ ਦੁਬਿਧਾ ਮੂੰਹ ਅੱਡੀ ਖੜ੍ਹੀ ਹੈ। ਪਰ ਅਸਲ ਸਵਾਲ ਤਾਂ ਇਹ ਹੈ ਕਿ ਅਸੀਂ ਇੱਥੇ ਤੱਕ ਪਹੁੰਚੇ ਕਿਵੇਂ? ਕੀ ਇਹ ਹੋਣਾ ਹੀ ਸੀ? ਕੋਰੋਨਾ ਨੇ ਆਉਣਾ ਹੀ ਸੀ? ਜਾਂ ਇਸ ਪਿੱਛੇ ਚੀਨ ਦੀ ਸਾਜਿਸ਼ ਹੈ ਜਿਸਨੇ ਵਿਸ਼ਵ-ਜੇਤੂ ਬਣਨ ਲਈ ਕੋਰੋਨਾ ਨਾਲ ਪਹਿਲਾਂ ਆਪਣੇ ਲੋਕਾਂ ਨੂੰ ਮਾਰਿਆ ਅਤੇ ਫਿਰ ਪੂਰੀ ਦੁਨੀਆ ਨੂੰ ਮਾਰ ਰਿਹਾ ਹੈ। ਜਾਂ ਫਿਰ ਚੀਨ ਦੀ ਗੱਲ ਸਹੀ ਹੈ ਜੋ ਕਹਿ ਰਿਹਾ ਹੈ ਕਿ ਅਮਰੀਕਾ ਨੇ ਉਲੰਪਿਕ ਖੇਡਾਂ ਦੌਰਾਨ ਇਹ ਵਾਇਰਸ ਚੀਨ ਵਿੱਚ ਛੱਡਿਆ ਸੀ, ਤਾਂ ਕਿ ਚੀਨ ਨੂੰ ਕਮਜ਼ੋਰ ਕੀਤਾ ਜਾ ਸਕੇ। ਜਾਂ ਫਿਰ ਕੋਈ ਹੋਰ ਗੱਲ ਹੈ। ਆਓ ਕੁੱਝ ਜਾਂਚ ਕਰਦੇ ਹਾਂ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ Scripps Research Institute ਸਮੇਤ ਹੋਰ ਅਨੇਕਾਂ ਪ੍ਰਯੋਗਸ਼ਾਲਾਵਾਂ ਨੇ ਕੋਵਿਡ-19 ਦੀ ਜੀਨ ਬਣਤਰ ਦਾ ਅਧਿਐਨ ਕਰਕੇ ਇਹ ਸਾਬਿਤ ਕੀਤਾ ਹੈ ਕਿ ਇਸਨੂੰ ਪ੍ਰਯੋਗਸ਼ਾਲਾਵਾਂ ਵਿੱਚ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਆਪਣੇ ਆਪ ਵਿਕਸਤ (ਮਿਊਟੇਸ਼ਨ) ਹੋਇਆ ਹੈ। ਅਰਥਾਤ ਇਸ ਪਿੱਛੇ ਕਿਸੇ ਕਿਸੇ ਦੇਸ਼ ਦਾ ਹੱਥ ਨਹੀਂ ਹੈ। ਇਹ ਕੋਰੋਨਾ ਪਰਿਵਾਰ ਦਾ ਹੀ ਨਵਾਂ ਵਾਇਰਸ ਹੈ। ਇਸ ਪਰਿਵਾਰ ਦੇ ਹੀ ਸਾਰਸ ਨੇ ਵੀ 2003-04 ਵਿੱਚ ਦੁਨੀਆ ਦੇ ਕਈ ਦੇਸ਼ਾਂ ਵਿੱਚ ਤਬਾਹੀ ਮਚਾਈ ਸੀ। ਇਹ ਕੋਵਿਡ-19 ਸਾਰਸ-2 ਹੈ।



ਇਹ ਚੀਨ ਦੇ ਵੂਹਾਨ ਸ਼ਹਿਰ ਵਿੱਚ ਪੈਦਾ ਹੋਇਆ ਦੱਸਿਆ ਜਾਂਦਾ ਹੈ (ਹਾਲਾਂਕਿ ਨਾਮਵਰ ਮੈਡੀਕਲ ਜਰਨਲ 'ਲੈਂਸੈੱਟ' ਅਨੁਸਾਰ ਸ਼ੁਰੂਆਤੀ 43 ਕੋਰੋਨਾ ਦੇ ਮਰੀਜ਼ਾਂ ਵਿੱਚੋਂ 13 ਮਰੀਜ਼ ਵੂਹਾਨ ਤੋਂ ਬਾਹਰ ਦੇ ਸਨ ਅਤੇ ਉਹਨਾਂ ਦਾ ਵੂਹਾਨ ਦੇ ਕੋਰੋਨਾ ਮਰੀਜ਼ਾਂ ਜਾਂ ਉੱਥੋਂ ਦੀ 'ਵੈੱਟ ਮਾਰਕਿਟ' ਨਾਲ ਕੋਈ ਸੰਪਰਕ ਨਹੀਂ ਸੀ)। ਦੂਜੀ ਕਹਾਣੀ ਮੀਡੀਆ ਵਿੱਚ ਇਹ ਹੈ ਕਿ ਇਹ ਵਾਇਰਸ ਉੱਥੋਂ ਦੇ 'ਵੈੱਟ ਬਾਜ਼ਾਰ' (ਮੱਛੀ ਅਤੇ ਤਰ੍ਹਾਂ ਤਰ੍ਹਾਂ ਦਾ ਮਾਸ ਵੇਚਣ ਵਾਲੇ ਛੋਟੇ ਬਾਜ਼ਾਰ ਜਿਵੇਂ ਆਪਣੇ ਇੱਥੋਂ ਦੀ ਕੋਈ ਮੱਛੀ ਮਾਰਕਿਟ) ਤੋਂ ਪੂਰੀ ਦੁਨੀਆ ਵਿੱਚ ਫੈਲਿਆ ਹੈ। Scripps Research Institute ਨੇ ਆਪਣੇ ਅਧਿਐਨ ਵਿੱਚ ਇਸ ਤੋਂ ਇਨਕਾਰ ਕੀਤਾ ਹੈ। ਉਸਦੇ ਅਨੁਸਾਰ ਕੋਵਿਡ-19 ਜਿਸ ਤਰ੍ਹਾਂ ਵਿਕਸਿਤ (ਮਿਊਟੇਸ਼ਨ) ਹੋਇਆ ਹੈ ਅਤੇ ਜਿਸ ਤਰ੍ਹਾਂ ਦੀ ਉਸਦੀ ਜੀਨ ਬਣਤਰ ਹੈ, ਉਸਦੇ ਲਈ ਜਾਨਵਰਾਂ ਦੀ ਉੱਚ ਆਬਾਦੀ ਘਣਤਾ (high population density) ਜ਼ਰੂਰੀ ਹੈ। ਅਤੇ ਇਹ ਜਾਨਵਰਾਂ ਦੇ ਉਦਯੋਗਿਕ ਉਤਪਾਦਨ ਵਾਲੀਆਂ ਥਾਵਾਂ 'ਤੇ ਹੀ ਸੰਭਵ ਹੈ। ਜਿੱਥੇ ਉਹਨਾਂ ਨੂੰ ਤੁੰਨ ਕੇ ਰੱਖਿਆ ਜਾਂਦਾ ਹੈ। ਚਿਕਨ ਅਤੇ ਸੂਰ ਦਾ ਉਤਪਾਦਨ ਵਿਸ਼ੇਸ਼ ਤੌਰ 'ਤੇ ਇਹੋ ਜਿਹੀਆਂ ਹਾਲਤਾਂ ਵਿੱਚ ਹੀ ਹੁੰਦਾ ਹੈ। ਖੋਜ ਵਿੱਚ ਇਹ ਕਿਹਾ ਗਿਆ ਹੈ ਕਿ ਕਿਉਂਕਿ ਸੂਰ ਦਾ 'ਇਮਿਊਨ ਸਿਸਟਮ' ਤੁਲਨਾਤਮਕ ਤੌਰ 'ਤੇ ਮਨੁੱਖ ਨਾਲ ਜ਼ਿਆਦਾ ਮੇਲ ਖਾਂਦਾ ਹੈ, ਇਸ ਲਈ ਇਹ ਕੋਵਿਡ-19 ਸੂਰਾਂ ਦੇ ਮਾਧਿਅਮ ਰਾਹੀਂ ਮਨੁੱਖ ਵਿੱਚ ਆਇਆ ਹੈ। ਇਸ ਖੇਤਰ ਵਿੱਚ ਕੰਮ ਕਰਨ ਵਾਲੀ ਮਸ਼ਹੂਰ ਵੈੱਬਸਾਈਟ grain.org ਦਾ ਇਹ ਦਾਅਵਾ ਵੀ ਸਹੀ ਲੱਗਦਾ ਹੈ ਕਿ ਕੋਰੋਨਾ ਦੇ ਬਹਾਨੇ ਵੂਹਾਨ ਦੀ 'ਵੈੱਟ ਮਾਰਕਿਟ' ਨੂੰ ਬੰਦ ਕਰਨ ਦੀ ਸਾਜਿਸ਼ ਦੇ ਤਹਿਤ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ, ਕਿਉਂਕਿ ਇਸ ਬਾਜ਼ਾਰ ਦੇ ਮਾਧਿਅਮ ਨਾਲ ਲੱਖਾਂ ਛੋਟੇ ਲੋਕਾਂ ਦਾ ਜੀਵਨ ਚੱਲਦਾ ਹੈ ਅਤੇ ਗਰੀਬ ਲੋਕਾਂ ਨੂੰ ਸਸਤਾ ਮੀਟ ਉਪਲਬਧ ਹੁੰਦਾ ਹੈ (ਇਹ ਛੋਟੇ ਅਤੇ ਗਰੀਬ ਲੋਕ ਆਮ ਤੌਰ 'ਤੇ ਉਹ ਹੀ ਹਨ ਜਿਹਨਾਂ ਪਾਸੋਂ ਸਮਾਜਵਾਦ ਤੋਂ ਬਾਅਦ ਦੇ ਦੌਰ ਵਿੱਚ ਉੱਥੋਂ ਦੇ 'ਕੱਪਰੇਟਿਵ' ਅਤੇ 'ਕਮਿਊਨਾਂ' ਨੂੰ ਤੋੜ ਕੇ ਉਹਨਾਂ ਦੀ ਜ਼ਮੀਨ ਖੋਹ ਲਈ ਗਈ ਅਤੇ ਉਹਨਾਂ ਉੱਪਰ ਹੀ ਅਨੇਕਾਂ ਪ੍ਰਕਾਰ ਦੇ ਵੱਡੇ ਵੱਡੇ ਉਦਯੋਗ, ਜਿਹਨਾਂ ਵਿੱਚ ਮੀਟ ਉਦਯੋਗ ਵੀ ਸ਼ਾਮਿਲ ਹੈ, ਅਤੇ ਵੱਡੇ ਵੱਡੇ ਖੇਤੀ ਉਦਯੋਗਿਕ ਫਾਰਮਾਂ ਦੀ ਸਥਾਪਨਾ ਕੀਤੀ ਗਈ)। ਜ਼ਾਹਿਰ ਹੈ ਕਿ ਵੱਡੇ ਮੀਟ ਉਦਯੋਗਾਂ ਦਾ ਹਿੱਤ ਇਸ ਵਿੱਚ ਹੀ ਹੈ ਕਿ ਇਹ 'ਵੈੱਟ ਮਾਰਕਿਟ' ਬੰਦ ਹੋ ਜਾਵੇ ਅਤੇ ਉਹਨਾਂ ਦੇ ਆਪਣਾ ਬਾਜ਼ਾਰ ਦਾ ਹੋਰ ਵਧੇਰੇ ਵਿਸਤਾਰ ਹੋ ਜਾਵੇ।

BAINS VISION CENTRE

Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।


Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP

Preet Virk 416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal 416-671-1919

GALAXY Freightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਇਸ ਤੋਂ ਪਹਿਲਾਂ ਕੋਰੋਨਾ ਪਰਿਵਾਰ ਦੇ ਸਾਰਸ ਕੋਰੋਨਾ ਨੇ ਵੀ 2003-04 ਵਿੱਚ ਕਾਫੀ ਲੋਕਾਂ ਦੀ ਜਾਨ ਲਈ ਸੀ। ਇਹ ਵਾਇਰਸ ਸਿਰਫ ਜਾਨਵਰਾਂ ਤੋਂ ਹੀ ਮਨੁੱਖਾਂ ਵਿੱਚ ਆਉਂਦਾ ਹੈ। ਇਸ ਤੋਂ ਪਹਿਲਾਂ ਸਵਾਈਨ ਫਲੂ (H1N1) ਨੇ ਵੀ ਪੂਰੀ ਦੁਨੀਆ ਵਿੱਚ ਲੱਖਾਂ ਲੋਕਾਂ ਦੀ ਜਾਨ ਲਈ ਸੀ (ਇਕੱਲੇ ਅਮਰੀਕਾ ਵਿੱਚ ਹੀ ਇਸ ਨਾਲ 1200 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ)। ਇਹ ਮੈਕਸੀਕੋ ਤੋਂ ਸ਼ੁਰੂ ਹੋਇਆ ਸੀ ਅਤੇ ਸ਼ੁਰੂ ਵਿੱਚ ਇਸ ਨੂੰ ਵੀ 'ਮੈਕਸੀਕਨ ਫਲੂ' ਦਾ ਨਾਮ ਦਿੱਤਾ ਗਿਆ ਜਿਵੇਂ ਅੱਜ ਕੋਰੋਨਾ ਨੂੰ 'ਚਾਇਨੀਜ਼ ਕੋਰੋਨਾ' ਕਿਹਾ ਜਾ ਰਿਹਾ ਹੈ। ਪਰ ਹੁਣ 'ਸਵਾਈਨ ਫਲੂ' ਬਾਰੇ ਕਾਫੀ ਜਾਣਕਾਰੀ ਮਿਲ ਗਈ ਹੈ। ਇਹ ਉਦਯੋਗਿਕ ਉਤਪਾਦਨ ਵਾਲੇ ਸੂਰਾਂ ਤੋਂ ਮਨੁੱਖ ਵਿੱਚ ਆਇਆ। ਮੈਕਸੀਕੋ ਦੇ ਇੱਕ ਸੂਰ ਮੀਟ ਉਦਯੋਗ ਤੋਂ ਇਸਦੀ ਸ਼ੁਰੂਆਤ ਹੋਈ। ਇਸ ਸੂਰ ਮੀਟ ਉਦਯੋਗ ਦਾ ਨਾਮ ਸੀ - 'ਸਮਿੱਥਫੀਲਡ ਫੂਡ ਕੰਪਨੀ'। ਇਹ ਅਮਰੀਕੀ ਕੰਪਨੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਸੂਰ ਦਾ ਉਤਪਾਦਨ ਅਤੇ ਉਸਦੀ ਪ੍ਰੋਸੈਸਿੰਗ ਕਰਨ ਵਾਲੀ ਕੰਪਨੀ ਹੈ। ਇਸਦੇ ਵੱਖ ਵੱਖ ਕਾਰਖਾਨਿਆਂ ਵਿੱਚ ਹਰ ਸਾਲ 28 ਮਿਲੀਅਨ ਸੂਰਾਂ ਨੂੰ ਕੱਟਿਆ ਜਾਂਦਾ ਹੈ ਅਤੇ ਪੂਰੇ ਦੁਨੀਆ ਵਿੱਚ ਅਨੇਕ ਰੂਪਾਂ (ਹਾਮ, ਸਾਸੇਸ ਬੇਕਨ, ਆਦਿ) ਵਿੱਚ ਉਸਦੀ ਸਪਲਾਈ ਹੁੰਦੀ ਹੈ। ਇਸਦੀਆਂ ਪ੍ਰਮੁੱਖ ਖਰੀਦਦਾਰ ਕੰਪਨੀਆਂ ਮੈਕਡਾਨਲਡ, ਕੇਐੱਫਸੀ, ਆਦਿ ਹਨ। ਇਹ ਵੀ ਅਮਰੀਕੀ ਕੰਪਨੀਆਂ ਹੀ ਹਨ। ਜਿਸ ਤਰ੍ਹਾਂ ਸਾਰੀਆਂ ਅਮਰੀਕੀ ਕੰਪਨੀਆਂ ਜਿਵੇਂ ਐਪਲ, ਪੈਪਸੀ, ਨਾਇਕ, ਜਨਰਲ ਮੋਟਰਜ਼, ਆਦਿ ਨੇ ਚੀਨ ਦੀ ਸਸਤੀ ਕਿਰਤ ਨੂੰ ਨਿਚੋੜਨ ਲਈ ਆਪਣੇ ਕਾਰਖਾਨੇ ਚੀਨ ਵਿੱਚ ਸਥਾਪਤ ਕੀਤੇ ਹਨ, ਇਸੇ ਤਰ੍ਹਾਂ ਇਸ ਕੰਪਨੀ ਦਾ ਇੱਕ ਵੱਡਾ ਕਾਰਖਾਨਾ ਚੀਨ ਵਿੱਚ ਵੀ ਹੈ। ਦੁਨੀਆ ਦੀ ਪੰਜਵੀਂ ਸੂਰ ਦਾ ਮਾਸ ਤਿਆਰ ਕਰਨ ਵਾਲੀ ਡੈਨਮਾਰਕ ਦੀ ਕੰਪਨੀ 'ਡੈਨਿਸ ਕ੍ਰਾਊਨ', ਸੂਰ ਮੀਟ ਉਤਪਾਦਨ ਵਿੱਚ ਦੁਨੀਆ ਦੀ ਸੱਤਵੀਂ ਵੱਡੀ ਕੰਪਨੀ ਜਰਮਨੀ ਦੀ 'ਟੋਨੀ', ਇਹਨਾਂ ਸਾਰਿਆਂ ਦੇ ਚੀਨ ਵਿੱਚ ਮੀਟ ਉਤਪਾਦਨ ਅਤੇ ਉਸਦੀ ਪ੍ਰੋਸੈਸਿੰਗ ਦੇ ਵੱਡੇ ਕਾਰਖਾਨੇ ਹਨ। ਇਹ ਮੀਟ ਇੱਥੋਂ ਚੀਨ ਸਮੇਤ ਦੁਨੀਆ ਭਰ ਦੇ ਬਾਜ਼ਾਰਾਂ ਵਿੱਚ ਸਪਲਾਈ ਕੀਤਾ ਜਾਂਦਾ ਹੈ। 'ਮੈਕਡਾਨਲਡ' ਅਤੇ 'ਕੇਐੱਫਸੀ' ਵਰਗੀਆਂ ਕੰਪਨੀਆਂ ਇਸਦੀਆਂ ਪ੍ਰਮੁੱਖ ਖਰੀਦਦਾਰ ਹਨ। ਇਹ ਵੀ ਸਪੱਸ਼ਟ ਹੈ ਕਿ ਚੀਨੀ ਕੰਪਨੀਆਂ ਵੀ ਇਸ ਦੌੜ ਵਿੱਚ ਸ਼ਾਮਲ ਹਨ। 2008 ਦੀ ਮੰਦੀ ਤੋਂ ਬਾਅਦ ਦੁਨੀਆ ਦੀ ਸਭ ਤੋਂ ਵੱਡੀ ਨਿਵੇਸ਼ਕ ਕੰਪਨੀ 'ਗੋਲਡਮੈਨ ਸੈਸ਼' ਨੇ ਆਪਣੇ ਨਿਵੇਸ਼ ਨੂੰ ਵਿਭਿੰਨ ਕਰਨ ਦੀ ਕੋਸ਼ਿਸ਼ ਵਿੱਚ 300 ਮਿਲੀਅਨ ਡਾਲਰ ਦਾ ਨਿਵੇਸ਼ ਕਰਦੇ ਹੋਏ ਚੀਨ ਦੇ 10 ਵੱਡੇ ਪੋਲਟਰੀ ਫਾਰਮਾਂ 'ਤੇ ਕਬਜ਼ਾ ਕਰ ਲਿਆ। ਇਸ ਤੋਂ ਇਲਾਵਾ ਚੀਨ ਦੇ ਸੂਰ ਉਤਪਾਦਨ ਵਿੱਚ ਵੀ ਇਸਦਾ ਲਗਭਗ 200 ਮਿਲੀਅਨ ਡਾਲਰ ਦਾ ਨਿਵੇਸ਼ ਹੈ। ਇਸ ਤੋਂ ਇਲਾਵਾ ਦੂਜੀ ਵੱਡੀ ਅਮਰੀਕੀ ਕੰਪਨੀ 'ਓਐੱਸਆਈ' ਨਾਲ ਜੁੜਿਆ ਇੱਕ ਮਾਮਲਾ ਪਿਛਲੇ ਦਿਨੀਂ ਕਾਫੀ ਚਰਚਾ ਵਿੱਚ ਰਿਹਾ। ਇਹ ਕੰਪਨੀ ਚਿਕਨ ਮੀਟ ਨੂੰ ਪ੍ਰੋਸੈਸ ਕਰਦੀ ਹੈ ਅਤੇ ਇਸਦੇ ਵੀ ਚੀਨ ਵਿੱਚ 10 ਵੱਡੇ ਕਾਰਖਾਨੇ ਹਨ। ਇਹ ਵੀ ਮੈਕਡਾਨਲਡ ਅਤੇ ਕੇਐੱਫਸੀ ਵਰਗੀਆਂ ਅਮਰੀਕੀ ਕੰਪਨੀਆਂ ਦੇ ਮਾਧਿਅਮ ਨਾਲ ਹੀ ਚੀਨ ਸਮੇਤ ਪੂਰੀ ਦੁਨੀਆ ਦੇ ਬਾਜ਼ਾਰਾਂ ਵਿੱਚ ਮੀਟ ਦੇ ਵਿਭਿੰਨ ਰੂਪਾਂ ਦੀ ਸਪਲਾਈ ਕਰਦੀ ਹੈ। ਇਸਨੇ ਸੜੇ ਹੋਏ ਮਾਸ ਨੂੰ ਪ੍ਰੋਸੈਸ ਕਰਕੇ ਚੀਨ ਦੇ ਬਾਜ਼ਾਰਾਂ ਵਿੱਚ ਇਸਦੀ ਸਪਲਾਈ ਕਰ ਦਿੱਤੀ ਸੀ। ਜਿਸ ਕਾਰਨ ਚੀਨ ਵਿੱਚ ਇਸ 'ਤੇ ਭਾਰੀ ਜੁਰਮਾਨਾ ਲਗਾਇਆ ਗਿਆ ਅਤੇ 10 ਕਰਮਚਾਰੀਆਂ ਨੂੰ ਜੇਲ੍ਹ ਭੇਜ ਦਿੱਤਾ।

ਇਹ ਵਿਸਥਾਰ ਇਸ ਲਈ ਜ਼ਰੂਰੀ ਹੈ ਤਾਂ ਕਿ ਅਸੀਂ ਦੇਖ ਸਕੀਏ ਕਿ ਦੁਨੀਆ ਦੇ ਲਗਭਗ 945 ਮਿਲੀਅਨ ਡਾਲਰ ਦੇ ਮੀਟ ਵਪਾਰ ਵਿੱਚ ਅਮਰੀਕਾ ਅਤੇ ਹੋਰ ਯੂਰਪੀ ਦੇਸ਼ਾਂ ਦੀ ਹਿੱਸੇਦਾਰੀ ਕੀ ਹੈ ਅਤੇ ਚੀਨ ਨਾਲ ਇਸਦਾ ਕੀ ਸੰਬੰਧ ਹੈ।

ਆਓ ਨਜ਼ਰ ਮਾਰਦੇ ਹਾਂ ਕਿ ਇੱਥੇ ਉਤਪਾਦਨ ਕਿਵੇਂ ਕੀਤਾ ਜਾਂਦਾ ਹੈ। 1906 ਵਿੱਚ ਅਪਟਨ ਸਿੰਕਲੇਅਰ ਦਾ ਪ੍ਰਸਿੱਧ ਨਾਵਲ 'ਜੰਗਲ' ਆਇਆ ਸੀ। ਇਸ ਵਿੱਚ ਅਮਰੀਕੀ ਮੀਟ ਉਦਯੋਗ ਦਾ ਬਹੁਤ ਹੀ ਗ੍ਰਾਫਿਕ ਵੇਰਵਾ ਮਿਲਦਾ ਹੈ। ਉਸਦੀ ਇੱਕ ਪੰਕਤੀ ਅੱਜ ਵੀ ਮੈਨੂੰ ਯਾਦ ਹੈ। ਲੇਖਕ ਕਹਿੰਦਾ ਹੈ ਕਿ ਇੱਥੇ ਸੂਰਾਂ ਦੀ ਚੀਖ ਤੋਂ ਬਿਨਾਂ ਸਭ ਕੁੱਝ ਵੇਚ ਦਿੱਤਾ ਜਾਂਦਾ ਹੈ। ਪਰ ਅੱਜ ਮਾਮਲਾ 'ਜੰਗਲ' ਤੋਂ ਵੀ ਕਿਤੇ ਅੱਗੇ ਨਿਕਲ ਚੁੱਕਾ ਹੈ। ਅੱਜ ਉਦਯੋਗਾਂ ਵਿੱਚ ਜਿਸ ਤਰ੍ਹਾਂ ਜੁੱਤੇ ਜਾਂ ਕੱਪੜੇ ਬਣਾਏ ਜਾਂਦੇ ਹਨ, ਠੀਕ ਉਸੇ ਤਰ੍ਹਾਂ ਹੀ ਇੱਥੇ ਜੀਵਤ ਜਾਨਵਰਾਂ ਜਿਵੇਂ ਸੂਰ, ਚਿਕਨ, ਆਦਿ ਦਾ ਮੀਟ ਤਿਆਰ ਕੀਤਾ ਜਾਂਦਾ ਹੈ। ਵੱਖ ਵੱਖ ਤਰ੍ਹਾਂ ਦੀਆਂ ਐਂਟੀਬਾਇਓਟਿਕ ਦਵਾਈਆਂ, ਹਾਰਮੋਨਜ਼ ਅਤੇ ਜੈਨੇਟਿਕ ਇੰਜੀਨੀਅਰਿੰਗ ਦੇ ਸਹਾਰੇ ਇਸ ਨੂੰ ਤਿਆਰ ਕੀਤਾ ਜਾਂਦਾ ਹੈ (ਇਸ ਲਈ ਹੁਣ ਤਾਂ ਉਹਨਾਂ ਨੂੰ ਚੀਖਣ ਦੀ ਵੀ ਇਜਾਜ਼ਤ ਨਹੀਂ ਹੈ ਜਾਂ ਇਹ ਕਹੋ ਕਿ ਚੀਖਣਾ ਇਹਨਾਂ ਦੇ ਜੀਵਨ ਵਿੱਚ ਹੈ ਹੀ ਨਹੀਂ)। ਜਲਦੀ ਵੱਡਾ ਕਰਨ ਲਈ ਤਮਾਮ ਕਿਸਮ ਦੀਆਂ ਦਵਾਈਆਂ ਉਹਨਾਂ ਨੂੰ ਦਿੱਤੀਆਂ ਜਾਂਦੀਆਂ ਹਨ। ਕਿਉਂਕਿ ਉਹ ਜਿੰਨਾ ਦੇਰੀ ਨਾਲ ਵੱਡੇ ਹੋਣਗੇ, ਓਨਾ ਹੀ ਵਧੇਰੇ ਖਰਚਾ ਹੋਵੇਗਾ। ਖਰਚਾ ਘਟਾਉਣ ਲਈ ਹੀ ਉਹਨਾਂ ਨੂੰ ਝੁੰਡ ਵਿੱਚ ਰੱਖਿਆ ਜਾਂਦਾ ਹੈ ਜਿੱਥੇ ਉਹਨਾਂ ਦਾ ਹਿੱਲਣਾ-ਜੁਲਣਾ ਵੀ ਮੁਸ਼ਕਿਲ ਹੁੰਦਾ ਹੈ। ਪੂੰਜੀਵਾਦੀ ਤਰਕ ਅਨੁਸਾਰ ਉਤਪਾਦਨ ਦੀ ਲਾਗਤ ਨੂੰ ਘਟਾਉਣ ਲਈ ਉਹ ਨਿਰੰਤਰ ਉਹਨਾਂ ਦੀ ਜੀਨ ਬਣਤਰ ਵਿੱਚ ਬਦਲਾਵ ਕਰਦੇ ਰਹਿੰਦੇ ਹਨ। ਉਦਾਹਰਣ ਦੇ ਤੌਰ 'ਤੇ ਮੁਰਗੇ ਦੇ ਖੰਭ ਨੂੰ ਹਟਾਉਣਾ ਇੱਕ ਵਾਧੂ ਕੰਮ ਹੁੰਦਾ ਹੈ। ਜਿਸ ਵਿੱਚ ਕਿਰਤ ਅਤੇ ਸਮਾਂ ਦੋਵੇਂ ਲੱਗਦੇ ਹਨ। ਇਸ ਲਈ ਉਹਨਾਂ ਦੇ ਜੀਨਾਂ ਵਿੱਚ ਅਜਿਹੀ ਤਬਦੀਲੀ ਕੀਤੀ ਜਾਂਦੀ ਹੈ ਕਿ ਖੰਭ ਘੱਟ ਤੋਂ ਘੱਟ ਹੋਣ। ਇਸ ਤਰ੍ਹਾਂ ਚਿਕਨ, ਸੂਰ ਅਤੇ ਹੋਰ ਜਾਨਵਰਾਂ ਦੇ ਵੱਖ ਵੱਖ ਅੰਗ ਵੀ ਪੈਕ ਕਰਕੇ ਵੇਚੇ ਜਾਂਦੇ ਹਨ, ਜਿਵੇਂ ਮੁਰਗੇ ਦਾ 'ਲੈਗ ਪੀਸ'। ਇਸ ਲਈ ਇਹਨਾਂ ਜਾਨਵਰਾਂ ਵਿੱਚ ਅਜਿਹੀਆਂ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ ਕਿ ਸਾਰੇ ਜਾਨਵਰਾਂ ਦਾ ਆਕਾਰ (ਅਤੇ ਉਹਨਾਂ ਦੇ ਖਾਸ ਅੰਗਾਂ ਦਾ ਆਕਾਰ) ਲਗਭਗ ਇੱਕ ਬਰਾਬਰ ਹੋਵੇ, ਭਾਵ ਉਹਨਾਂ ਵਿੱਚ ਇਕਸਾਰਤਾ ਰਹੇ, ਨਹੀਂ ਤਾਂ ਉਹਨਾਂ ਨੂੰ ਤੋਲਣ ਦਾ ਇੱਕ ਵਾਧੂ ਕੰਮ ਜੁੜ ਜਾਵੇਗਾ।

ਉਦਯੋਗਾਂ ਦੇ ਪੱਧਰ 'ਤੇ ਪੈਦਾ ਹੋਣ ਵਾਲੇ ਇਹ ਜਾਨਵਰ ਕੁਦਰਤੀ ਵਾਤਾਵਰਣ ਵਿੱਚ ਨਹੀਂ ਜੀਅ ਸਕਦੇ। ਇਹਨਾਂ ਲਈ ਇੱਕ ਬਣਾਉਟੀ ਵਾਤਾਵਰਣ ਬਣਾਉਣਾ ਪੈਂਦਾ ਹੈ। ਜਿਵੇਂ ਬਿਨਾਂ ਖੰਭ ਵਾਲੇ ਮੁਰਗੇ ਇੱਕ ਵਿਸ਼ੇਸ਼ ਤਾਪਮਾਨ 'ਤੇ ਹੀ ਜੀਵਤ ਰਹਿ ਸਕਦੇ ਹਨ। ਯਾਨੀ ਇੱਥੇ ਨਾ ਸਿਰਫ ਬਣਾਉਟੀ ਤਰੀਕੇ ਨਾਲ ਜਾਨਵਰਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਬਲਕਿ ਉਹਨਾਂ ਦੇ ਰਹਿਣ ਲਈ ਬਣਾਉਟੀ ਵਾਤਾਵਰਣ ਦਾ ਵੀ ਨਿਰਮਾਣ ਕੀਤਾ ਜਾਂਦਾ ਹੈ। ਪਰ ਇਸ ਪ੍ਰਕਿਰਿਆ ਵਿੱਚ ਹੁੰਦਾ ਇਹ ਹੈ ਕਿ ਇਹਨਾਂ ਜਾਨਵਰਾਂ ਦੀ ਪ੍ਰਤਿਰੋਧ ਸ਼ਕਤੀ ਲਗਭਗ ਖਤਮ ਹੋ ਜਾਂਦੀ ਹੈ। ਡਾਰਵਿਨ ਦਾ 'ਕੁਦਰਤੀ ਚੋਣ' ਦਾ ਨਿਯਮ ਇੱਥੇ ਕੰਮ ਨਹੀਂ ਕਰਦਾ। ਇਸ ਦੀ ਜਗ੍ਹਾ 'ਪੂੰਜੀਵਾਦੀ ਚੋਣ' ਲੈ ਲੈਂਦਾ ਹੈ। ਇਸ ਸਥਿਤੀ ਵਿੱਚ ਕੋਰੋਨਾ ਵਰਗੇ ਵਾਇਰਸ ਜਦੋਂ ਇਹਨਾਂ ਜਾਨਵਰਾਂ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਉਹਨਾਂ ਦੇ ਵਧਣ-ਫੁਲਣ ਦਾ (ਯਾਨੀ ਮਿਊਟੇਟ ਕਰਨ ਦਾ) ਅਤੇ ਹਜ਼ਾਰਾਂ ਲੱਖਾਂ ਜਾਨਵਰਾਂ ਦੇ ਇੱਕ ਝੁੰਡ ਵਿੱਚ ਹੋਣ ਕਰਕੇ ਤੇਜ਼ ਰਫਤਾਰ ਨਾਲ ਫੈਲਣਾ ਸੌਖਾ ਹੋ ਜਾਂਦਾ ਹੈ। ਜਦੋਂ ਇਹ ਜਾਨਵਰ ਆਪਣੇ ਕੁਦਰਤੀ ਵਾਤਾਵਰਣ ਵਿੱਚ ਕੁਦਰਤੀ ਢੰਗ ਨਾਲ ਮੁਕਾਬਲਤਨ ਦੂਰ ਦੂਰ ਪਲਦੇ ਹਨ ਤਾਂ ਉਹਨਾਂ ਦੀ ਪ੍ਰਤਿਰੋਧ ਸ਼ਕਤੀ ਮਜ਼ਬੂਤ ਹੁੰਦੀ ਹੈ ਅਤੇ ਵੱਖ ਵੱਖ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਜਦੋਂ ਕੋਈ ਵਾਇਰਸ ਉਹਨਾਂ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਉਸ ਅੱਗੇ ਵਧਣ ਅਤੇ ਫੈਲਣ ਦਾ ਰਾਹ ਬਹੁਤ ਮੁਸ਼ਕਲ ਹੁੰਦਾ ਹੈ। ਇੱਕ ਤਰ੍ਹਾਂ ਨਾਲ ਵਾਇਰਸ ਦੇ ਸਾਹਮਣੇ ਕਈ ਅੜਚਨਾਂ ਖੜ੍ਹੀਆਂ ਹੁੰਦੀਆਂ ਹਨ। ਅਤੇ ਕੁਦਰਤੀ ਚੋਣ ਦੁਆਰਾ ਵਾਇਰਸ ਨਾਲ ਬਿਹਤਰ ਤਰੀਕੇ ਨਾਲ ਲੜ ਸਕਣ ਵਾਲੇ ਜਾਨਵਰਾਂ ਦੀ ਚੋਣ ਹੁੰਦੀ ਰਹਿੰਦੀ ਹੈ। ਪਰ ਜਦੋਂ ਇਹਨਾਂ ਨੂੰ ਬਾਜ਼ਾਰ ਦੇ ਦਬਾਅ ਹੇਠ ਉਦਯੋਗਾਂ ਦੀ ਤਰਜ਼ 'ਤੇ ਪੈਦਾ ਕੀਤਾ ਜਾਂਦਾ ਹੈ ਤਾਂ ਇੱਕ ਤਰ੍ਹਾਂ ਨਾਲ ਵਾਇਰਸ ਨੂੰ ਤੇਜ਼ੀ ਨਾਲ ਫੈਲਣ ਅਤੇ ਵਿਕਸਤ (ਮਿਊਟੇਟ) ਹੋਣ ਲਈ ਖੁੱਲ੍ਹਾ ਰਾਹ ਮਿਲ ਜਾਂਦਾ ਹੈ। ਇਸ ਉਦਯੋਗ ਵਿੱਚ ਕੰਮ ਕਰਨ ਵਾਲੇ ਲੋਕਾਂ ਨਾਲ ਇਹ ਫਿਰ ਪੂਰੇ ਸਮਾਜ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪੂਰੀ ਦੁਨੀਆ ਵਿੱਚ ਫੈਲ ਜਾਂਦਾ ਹੈ। ਉਦਯੋਗਿਕ ਪੱਧਰ 'ਤੇ ਉਤਪਾਦਨ ਦੇ ਕਾਰਨ ਲੱਖਾਂ ਲੋਕ, ਖਾਸਕਰ ਇਹਨਾਂ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ, 12-14 ਘੰਟੇ ਲਗਾਤਾਰ ਇਹਨਾਂ ਜਾਨਵਰਾਂ ਅਤੇ ਹੋਰ ਕਿਸਮਾਂ ਰਾਹੀਂ ਇਹਨਾਂ ਵਾਇਰਸਾਂ ਦੇ ਸੰਪਰਕ ਵਿੱਚ ਰਹਿੰਦੇ ਹਨ। ਇੰਨੇ ਲੰਮੇ ਸਮੇਂ ਤੱਕ ਬਹੁਤ ਸਾਰੇ ਲੋਕਾਂ ਵਿੱਚ ਰਹਿਣ ਕਾਰਨ ਇਹਨਾਂ ਦੇ ਅੰਦਰ ਵੀ ਵਾਇਰਸ ਦੇ 'ਮਿਊਟੇਟ' ਕਰਨ ਦੀ ਪੂਰੀ ਸੰਭਾਵਨਾ ਰਹਿੰਦੀ ਹੈ। ਕੋਵਿਡ-19 ਵਾਇਰਸ ਅਤੇ ਇਸ ਤੋਂ ਪਹਿਲਾਂ ਆਉਣ ਵਾਲੇ ਅਨੇਕਾਂ ਵਾਇਰਸ ਜਿਵੇਂ ਸਾਰਸ, ਇਬੋਲਾ, ਸਵਾਈਨ ਫਲੂ, ਜ਼ੀਕਾ, ਮਰਸ ਦਾ ਇਸ ਤਰ੍ਹਾਂ ਦੇ ਉਦਯੋਗਿਕ ਮੀਟ ਉਤਪਾਦਨ ਨਾਲ ਰਿਸ਼ਤਾ ਹੁਣ ਸਪੱਸ਼ਟ ਹੋ ਚੁੱਕਾ ਹੈ। 'ਬਿੱਗ ਫਾਰਮਜ਼ ਮੇਕ ਬਿੱਗ ਫਲੂ' (Big Farms Make Big Flu) ਜਿਹੀ ਚਰਚਿਤ ਕਿਤਾਬ ਲਿਖਣ ਵਾਲੇ ਜੀਵ ਵਿਗਿਆਨੀ 'ਰਾਬ ਵਾਲਸ' (Rob Wallace) ਕਹਿੰਦੇ ਹਨ, ਜਿਹੜਾ ਵੀ ਇਹ ਸਮਝਣਾ ਚਾਹੁੰਦਾ ਹੈ ਕਿ ਵਾਇਰਸ ਨਿਰੰਤਰ ਇੰਨੇ ਘਾਤਕ ਕਿਉਂ ਹੋ ਰਹੇ ਹਨ, ਉਹਨਾਂ ਨੂੰ ਖੇਤੀ ਦੇ ਉਦਯੋਗਿਕ ਮਾਡਲ ਅਤੇ ਖਾਸਕਰ ਪਸ਼ੂ ਉਤਪਾਦਨ ਦੇ ਉਦਯੋਗਿਕ ਮਾਡਲ ਦੀ ਜਾਂਚ ਕਰਨੀ ਹੋਵੇਗੀ। ਇੱਕ ਸ਼ਬਦ ਵਿੱਚ ਕਹੀਏ ਤਾਂ ਪੂੰਜੀਵਾਦ ਨੂੰ ਸਮਝਣਾ ਹੋਵੇਗਾ।

ਰਾਬ ਵਾਲਸ ਹੀ ਇੱਕ ਹੋਰ ਜਗ੍ਹਾ ਕਹਿੰਦੇ ਹਨ ਕਿ ਇਹ ਕੰਪਨੀਆਂ ਨਾ ਸਿਰਫ ਮੀਟ ਪੈਦਾ ਕਰਦੀਆਂ ਹਨ ਬਲਕਿ ਇਸਦੇ ਨਾਲ ਨਾਲ ਹੀ ਗੰਭੀਰ ਬਿਮਾਰੀ ਪੈਦਾ ਕਰਨ ਵਾਲੇ ਵਾਇਰਸ ਦੀ ਵੀ ਖੇਤੀ ਕਰਦੀ ਹੈ। ਲਗਭਗ ਇਹੀ ਸਥਿਤੀ ਖੇਤੀਬਾੜੀ ਦੀ ਹੈ। ਬਲਕਿ ਇੱਥੇ ਪੌਦਿਆਂ ਦੀ ਜੀਨ ਬਣਤਰ ਸਧਾਰਣ ਹੋਣ ਕਾਰਨ ਜੀਨ ਤਕਨਾਲੋਜੀ ਦੀ ਵੱਡੇ ਪੱਧਰ 'ਤੇ ਵਰਤੋਂ ਹੋ ਰਹੀ ਹੈ। ਇਸਦੇ ਨਾਲ ਹੀ ਜਿਸ ਤਰੀਕੇ ਨਾਲ 'ਕੀਟਨਾਸ਼ਕਾਂ' ਅਤੇ 'ਹਰਬੀਸਾਈਡਜ਼' ਨੂੰ ਖੇਤੀਬਾੜੀ ਵਿੱਚ ਵੱਡੇ ਪੱਧਰ 'ਤੇ ਵਰਤਿਆ ਜਾ ਰਿਹਾ ਹੈ, ਉਸਨੇ ਗਲੋਬਲ ਵਾਰਮਿੰਗ (Global Warming) ਵਿੱਚ ਤਾਂ ਆਪਣਾ ਯੋਗਦਾਨ ਪਾਇਆ ਹੀ ਹੈ, ਇਸਨੇ ਧਰਤੀ ਦੇ ਵਾਯੂਮੰਡਲ ਵਿੱਚ ਇੱਕ ਫੈਸਲਾਕੁੰਨ ਤਬਦੀਲੀ ਲਿਆਂਦੀ ਹੈ। ਸੂਰ ਨੂੰ ਚਰਾਉਣ ਲਈ ਸੋਇਆਬੀਨ ਦਾ ਆਟਾ ਦਿੱਤਾ ਜਾਂਦਾ ਹੈ, ਇਸ ਸੋਇਆਬੀਨ ਦੀ ਕਾਸ਼ਤ ਲਈ ਬ੍ਰਾਜ਼ੀਲ ਵਿੱਚ ਐਮਾਜ਼ਾਨ ਦੇ ਜੰਗਲ ਨੂੰ ਸਾਫ ਕੀਤਾ ਗਿਆ। ਨਤੀਜੇ ਵਜੋਂ ਨਾ ਸਿਰਫ ਵਾਤਾਵਰਣ ਦਾ ਸੰਤੁਲਨ ਪ੍ਰਭਾਵਿਤ ਹੋਇਆ ਹੈ, ਬਲਕਿ ਮਨੁੱਖ ਅਜਿਹੇ ਵਾਇਰਸਾਂ ਦੇ ਸੰਪਰਕ ਵਿੱਚ ਵੀ ਆ ਗਿਆ ਜੋ ਪਹਿਲਾਂ ਅਛੂਤ ਜੰਗਲਾਂ ਵਿੱਚ ਸਥਾਨਕ ਤੌਰ 'ਤੇ ਬਣੇ ਹੋਏ ਸਨ। ਕੁਦਰਤ ਦੀ ਗੁੰਝਲਦਾਰ ਬਣਤਰ ਬਹੁਤ ਸਾਰੇ ਖਤਰਨਾਕ ਵਾਇਰਸਾਂ ਨੂੰ ਉਹਨਾਂ ਦੇ ਸਥਾਨਕ 'ਘਰਾਂ' ਵਿੱਚ ਕੈਦ ਰੱਖਦੀ ਹੈ। ਇੱਕ ਵਿਗਿਆਨਕ ਖੋਜ ਅਨੁਸਾਰ ਜਿਸ ਤਰੀਕੇ ਨਾਲ ਐਮਾਜ਼ਾਨ ਦੇ ਜੰਗਲਾਂ ਨੂੰ ਸਾਫ ਕੀਤਾ ਜਾ ਰਿਹਾ ਹੈ, ਇਸ ਨਾਲ ਅਗਲੇ 15 ਸਾਲਾਂ ਵਿੱਚ ਐਮਾਜ਼ਾਨ ਕਾਰਬਨ ਜਜ਼ਬ ਕਰਨ ਵਾਲਾ ਖੇਤਰ ਨਾ ਰਹਿ ਕੇ ਕਾਰਬਨ ਨਿਕਾਸੀ ਵਾਲਾ ਖੇਤਰ ਬਣ ਜਾਵੇਗਾ। ਜਦੋਂ ਪੂੰਜੀਵਾਦੀ ਲਾਲਚ ਵਿੱਚ ਅਸੀਂ ਇਸ ਗੁੰਝਲਦਾਰ ਕੁਦਰਤੀ ਬਣਤਰ ਵਿੱਚ ਦਖ਼ਲਅੰਦਾਜ਼ੀ ਕਰਕੇ ਉਸਨੂੰ ਇਕਸਾਰ ਬਣਾਉਂਦੇ ਹਾਂ ਤਾਂ ਇੱਕ ਤਰ੍ਹਾਂ ਨਾਲ ਅਸੀਂ ਇਹਨਾਂ ਵਾਇਰਸਾਂ ਲਈ ਖੁੱਲ੍ਹਾ ਰਾਹ ਤਿਆਰ ਕਰ ਦਿੰਦੇ ਹਾਂ। ਇਸ ਪ੍ਰਕਿਰਿਆ ਵਿੱਚ ਪੂੰਜੀਵਾਦੀ ਉਸਯੋਗਿਕ ਖੇਤੀ ਨੇ ਦੁਨੀਆ ਭਰ ਦੇ ਕਰੋੜਾਂ ਲੋਕਾਂ ਨੂੰ ਉਹਨਾਂ ਦੇ ਖੇਤਾਂ ਤੋਂ ਬੇਦਖਲ ਕਰ ਦਿੱਤਾ ਹੈ, ਉਹਨਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਦਿੱਤਾ (ਜਿਸਦੇ ਨਤੀਜੇ ਵਜੋਂ ਕਿਸਾਨ ਖੁਦਕੁਸ਼ੀਆਂ ਲਈ ਮਜਬੂਰ ਹੋਇਆ ਹੈ) ਅਤੇ ਸਾਰੇ ਵਾਤਾਵਰਣ ਵਿੱਚ ਜ਼ਹਿਰ ਘੋਲ ਦਿੱਤਾ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਅੱਜ ਜੋ ਕੰਪਨੀਆਂ ਬੀਜ ਅਤੇ ਕੀਟਨਾਸ਼ਕ ਖੇਤਰਾਂ ਵਿੱਚ ਹਨ, ਉਹਨਾਂ ਵਿੱਚੋਂ ਜ਼ਿਆਦਾਤਰ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਅਤੇ ਵੀਅਤਨਾਮ ਯੁੱਧ ਵਿੱਚ ਵਰਤੀਆਂ ਗਈਆਂ ਜ਼ਹਿਰੀਲੀਆਂ ਗੈਸਾਂ ਦੇ ਉਤਪਾਦਨ ਵਿੱਚ ਲੱਗੀਆਂ ਹੋਈਆਂ ਸਨ। DuPont, Monsanto, Dow Chemical ਆਦਿ ਕੰਪਨੀਆਂ ਜਿੱਥੇ ਅਮਰੀਕਾ ਅਤੇ ਇਸ ਦੇ ਸਹਿਯੋਗੀ ਦੇਸ਼ਾਂ ਨੂੰ ਜ਼ਹਿਰੀਲੀਆਂ ਗੈਸਾਂ ਦੀ ਸਪਲਾਈ ਕਰਦੀਆਂ ਸਨ, ਉੱਥੇ ਹੀ ਅੱਜ ਦੀ 2 ਵਰਗੀ ਕੀਟਨਾਸ਼ਕ ਖੇਤਰ ਦੀ ਪ੍ਰਮੁੱਖ ਕੰਪਨੀ ਹਿਟਲਰ ਨੂੰ ਜ਼ਹਿਰੀਲੀ ਗੈਸ ਦੀ ਸਪਲਾਈ ਕਰਦੀ ਰਹੀ ਹੈ। Dow Chemical ਅਤੇ Monsanto ਨੇ ਵੀਅਤਨਾਮ ਯੁੱਧ ਦੌਰਾਨ ਅਮਰੀਕੀ ਫੌਜ


ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜ਼ਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜ਼ਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਿਸ਼ਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜ਼ਾ
15. ਵਿਜਿਟਰ, ਵਰਕ, ਸਟੂਡੈਂਟ ਵੀਜ਼ਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜ਼ਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6

HOMELIFE SILVERCITY REALTY INC., BROKERAGE
HIGHER STANDARDS
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com



11775 Bramalea Rd., Unit #201, Brampton ON L6R3S9

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

ਨੂੰ ਬਦਨਾਮ 'ਏਜੰਟ ਓਰੇਂਜ' ਗੈਸ ਅਤੇ 'ਨੇਪਾਮ ਬੰਬ' ਦੀ ਸਪਲਾਈ ਕੀਤੀ ਸੀ। ਸ਼ਾਂਤੀਕਾਲ ਵਿੱਚ ਹੁਣ ਇਹੀ ਕੰਪਨੀਆਂ ਉਹਨਾਂ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਇਸ ਵਾਤਾਵਰਣ ਦੇ ਖਿਲਾਫ ਕੀਟਨਾਸ਼ਕਾਂ ਦੇ ਰੂਪ ਵਿੱਚ ਕਰ ਰਹੀਆਂ ਹਨ। ਮਸ਼ਹੂਰ ਖੇਤੀਬਾੜੀ ਵਿਗਿਆਨੀ ਦਵੇਂਦਰ ਸ਼ਰਮਾ ਨੇ ਇੱਕ ਨਾਮਵਰ ਰਸਾਲੇ ਵਿੱਚ ਪ੍ਰਕਾਸ਼ਤ ਕੀਤੇ ਇੱਕ ਖੋਜ ਪੱਤਰ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਕੀਟਨਾਸ਼ਕਾਂ ਦਾ 99.9% ਸਿੱਧਾ ਵਾਤਾਵਰਣ ਵਿੱਚ ਚਲ ਜਾਂਦਾ ਹੈ ਅਤੇ ਸਿਰਫ 0.1% ਹੀ ਆਪਣੇ ਨਿਸ਼ਾਨੇ 'ਤੇ ਵਾਰ ਕਰਦਾ ਹੈ। ਇਸ 99.9% ਕਾਰਨ ਕਿੰਨੇ ਹੀ ਦੋਸਤ ਬੈਕਟੀਰੀਆ ਅਤੇ ਹੋਰ ਫਾਇਦੇਮੰਦ ਜਾਨਵਰ ਜਿਵੇਂ ਕੀੜੇ ਖਤਮ ਹੋ ਗਏ ਹਨ। ਆਪਣੇ ਦੇਸ਼ ਦੇ ਪੰਜਾਬ ਸੂਬੇ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਵਧ ਰਹੀ ਗਿਣਤੀ ਅਤੇ ਖੇਤਾਂ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਵਿਚਾਲੇ ਸੰਬੰਧ ਹੁਣ ਕਿਸੇ ਤੋਂ ਲੁਕੇ ਨਹੀਂ ਹਨ। ਪੰਜਾਬ ਦੇ ਬਠਿੰਡੇ ਤੋਂ ਬੀਕਾਨੇਰ ਦੇ ਟੀਬੀ ਹਸਪਤਾਲ ਤੱਕ ਚੱਲਣ ਵਾਲੀ ਟਰੇਨ ਦਾ ਨਾਮ ਹੀ 'ਕੈਂਸਰ ਐਕਸਪ੍ਰੈਸ' ਪੈ ਗਿਆ ਹੈ। ਇਸਦੇ ਨਾਲ ਹੀ ਜੇਕਰ 'ਜੀਓ ਇੰਜੀਨੀਅਰਿੰਗ' ਅਤੇ 'ਯੁੱਧ ਉਦਯੋਗ' ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਸਥਿਤੀ ਹੋਰ ਵੀ ਭਿਆਨਕ ਬਣ ਜਾਂਦੀ ਹੈ।

ਇਹ ਸਾਲ ਏਂਗਲਜ਼ ਦੇ ਜਨਮ ਦਾ 200ਵਾਂ ਸਾਲ ਹੈ। ਮਾਰਕਸ ਏਂਗਲਜ਼ ਨੇ ਪੂੰਜੀਵਾਦ ਦੇ ਇਸ ਰੁਝਾਨ ਨੂੰ ਆਪਣੇ ਸਮੇਂ ਵਿੱਚ ਹੀ ਸਮਝ ਲਿਆ ਸੀ ਅਤੇ ਆਪਣੇ ਪੂੰਜੀਵਾਦ ਦੇ ਅਧਿਐਨ ਵਿੱਚ ਇਸਨੂੰ ਸ਼ਾਮਲ ਕੀਤਾ ਸੀ। ਏਂਗਲਜ਼ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਹੈ- ਸਾਨੂੰ ਹਮੇਸ਼ਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਕਿਸੇ ਵਿਦੇਸ਼ੀ ਹਮਲਾਵਰ ਦੀ ਤਰ੍ਹਾਂ ਕੁਦਰਤ 'ਤੇ ਰਾਜ ਨਹੀਂ ਕਰਦੇ, ਪਰ ਅਸੀਂ ਆਪਣੇ ਹੱਡ-ਮਾਸ ਅਤੇ ਦਿਮਾਗ ਨਾਲ ਕੁਦਰਤ ਦਾ ਹਿੱਸਾ ਹਾਂ ਅਤੇ ਇਸ ਕੁਦਰਤ ਨਾਲ ਹੀ ਸਾਡੀ ਹੋਂਦ ਬਰਕਰਾਰ ਹੈ। ਕੁਦਰਤ ਉੱਤੇ ਸਾਡਾ ਨਿਯੰਤਰਣ ਇਸ ਤੱਥ ਵਿੱਚ ਹੈ ਕਿ ਅਸੀਂ ਕੁਦਰਤੀ ਨਿਯਮਾਂ ਨੂੰ ਹੋਰ ਜੀਵ-ਜੰਤੂਆਂ ਦੇ ਮੁਕਾਬਲੇ ਬਿਹਤਰ ਜਾਣਦੇ ਹਾਂ ਅਤੇ ਸਹੀ ਤਰੀਕੇ ਨਾਲ ਲਾਗੂ ਕਰਦੇ ਹਾਂ।

ਪੂੰਜੀਵਾਦ ਤੋਂ ਪਹਿਲਾਂ ਜੋ ਵੀ ਜਮਾਤੀ ਪ੍ਰਣਾਲੀ ਸੀ, ਉਹ ਸਿਰਫ ਕਿਰਤ ਦਾ ਸ਼ੋਸ਼ਣ ਕਰਦੀ ਸੀ। ਪੂੰਜੀਵਾਦ ਅਜਿਹੀ ਪਹਿਲੀ ਜਮਾਤੀ ਪ੍ਰਣਾਲੀ ਹੈ ਜੋ ਕਿਰਤ ਦੇ ਨਾਲ ਨਾਲ ਕੁਦਰਤ ਨੂੰ ਵੀ ਨਿਚੋੜ ਰਹੀ ਹੈ ਅਤੇ ਸਾਰੀ ਮਨੁੱਖ ਜਾਤੀ ਨੂੰ ਇਸਦੇ ਨਤੀਜੇ ਭੁਗਤਣੇ ਪੈਂਦੇ ਹਨ।

2011 ਤੋਂ 2018 ਤੱਕ ਡਬਲਿਊ.ਐੱਚ.ਓ. ਨੇ 172 ਦੇਸ਼ਾਂ ਵਿੱਚ ਕੁੱਲ 1483 ਮਹਾਂਮਾਰੀਆਂ ਦੀ ਪਹਿਚਾਣ ਕੀਤੀ ਹੈ। ਇਹਨਾਂ ਵਾਇਰਸਾਂ (ਮੁੱਖ ਤੌਰ 'ਤੇ ਇਨਫਲੂਐਂਜ਼ਾ, ਸਾਰਸ, ਐਮਈਆਰਐੱਸ, ਈਬੋਲਾ, ਜ਼ੀਕਾ, ਪਲੇਗ, ਪੀਲਾ ਬੁਖਾਰ, ਆਦਿ) ਦੇ ਅਧਿਐਨ ਦੇ ਆਧਾਰ 'ਤੇ ਜੀਪੀਐੱਮਬੀ (Global Preparedness Monitoring Board) ਨੇ ਅੱਜ ਦੀ ਕੋਰੋਨਾ ਵਰਗੀ ਮਹਾਂਮਾਰੀ ਫੈਲਣ ਦੀ ਸਹੀ ਚੇਤਾਵਨੀ ਸਤੰਬਰ 2019 ਵਿੱਚ ਹੀ ਦੇ ਦਿੱਤੀ ਸੀ। ਰਿਪੋਰਟ ਦਾ ਨਾਮ ਹੀ ਸੀ- 'A world at risk' ਪਰ ਇਸ ਰਿਪੋਰਟ ਵੱਲ ਧਿਆਨ ਦੇਣ ਵਾਲਾ ਕੋਈ ਵੀ ਨਹੀਂ ਸੀ। ਇਸ ਤੋਂ ਪਹਿਲਾਂ ਵੀ 2003-04 ਵਿੱਚ ਸਾਰਸ ਮਹਾਂਮਾਰੀ ਆਉਣ ਮਗਰੋਂ ਵੀ ਵਿਗਿਆਨੀਆਂ ਨੇ ਇਹ ਚਿਤਾਵਨੀ ਜਾਰੀ ਕੀਤੀ ਸੀ ਕਿ ਕੋਰੋਨਾ ਪਰਿਵਾਰ ਦਾ ਵਾਇਰਸ ਭਵਿੱਖ ਵਿੱਚ ਹੋਰ ਖ਼ਤਰਨਾਕ ਰੂਪ ਲੈ ਸਕਦਾ ਹੈ। ਇੱਥੋਂ ਤੱਕ ਕਿ ਵਿਸ਼ਵ ਸਿਹਤ ਸੰਗਠਨ ਨੇ ਤਿੰਨ ਸਾਲ ਪਹਿਲਾਂ ਸਾਰੇ ਦੇਸ਼ਾਂ ਦੀਆਂ ਜਨਤਕ ਸਿਹਤ ਸੰਸਥਾਵਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਕਿਸੇ ਖਾਸ ਵਾਇਰਸ ਦੇ ਕਾਰਨ ਭਿਆਨਕ ਮਹਾਂਮਾਰੀ ਫੈਲ ਸਕਦੀ ਹੈ ਅਤੇ ਸਾਰੀਆਂ ਸਰਕਾਰਾਂ ਨੂੰ ਇਸਦੇ ਲਈ ਹੁਣ ਤੋਂ ਹੀ ਤਿਆਰੀ ਕਰਨੀ ਪਵੇਗੀ। ਇਹਨਾਂ ਚਿਤਾਵਨੀਆਂ ਨੂੰ ਸੁਣਨ ਦਾ ਅਰਥ ਹੈ ਕਿ ਇਸ ਦੀ ਖੋਜ ਕਰਨਾ ਅਤੇ ਭਵਿੱਖ ਦੀ ਤਿਆਰੀ ਲਈ ਜਨਤਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨਾ।

ਪਰ ਜਦੋਂ ਇਹ ਸਾਮਰਾਜਵਾਦੀ-ਪੂੰਜੀਵਾਦੀ ਪ੍ਰਣਾਲੀ, ਵਿਸ਼ੇਸ਼ ਤੌਰ 'ਤੇ 2007-08 ਦੀ ਮੰਦੀ ਤੋਂ ਬਾਅਦ ਖੁਦ 'ਆਈਸੀਯੂ' ਵਿੱਚ ਹੈ ਤਾਂ ਫਿਰ ਭਵਿੱਖ ਦੀ ਤਿਆਰੀ ਕੌਣ ਕਰੇ? 90 ਟ੍ਰਿਲੀਅਨ ਡਾਲਰ ਵਾਲਾ ਵਿਸ਼ਵ ਪੂੰਜੀਵਾਦ 270 ਟ੍ਰਿਲੀਅਨ ਡਾਲਰ ਦੇ ਕਰਜ਼ੇ ਹੇਠਾਂ ਕਲਪ ਰਿਹਾ ਹੈ। ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਨਿੱਜੀਕਰਨ ਦੇ ਤੂਫ਼ਾਨ ਵਿੱਚ ਜੋ ਕੁੱਝ ਵੀ ਜਨਤਕ ਸੀ, ਉਹ ਸਭ ਤਬਾਹ ਹੋ ਚੁੱਕਾ ਹੈ। ਸਭ ਕੁੱਝ ਨਿੱਜੀ ਹੱਥਾਂ ਵਿੱਚ ਜਾ ਚੁੱਕਾ ਹੈ। ਬਹੁਤੇ ਦੇਸ਼ਾਂ ਨੇ ਆਪਣੀਆਂ ਸਰਕਾਰੀ ਸਿਹਤ ਸੇਵਾਵਾਂ ਨੂੰ ਤਬਾਹ ਕਰ ਲਿਆ ਹੈ। ਅਮਰੀਕਾ ਅਤੇ ਬ੍ਰਿਟੇਨ ਨੇ ਕਿਵੇਂ ਆਪਣੀਆਂ ਸਰਕਾਰੀ ਸਿਹਤ ਸੇਵਾਵਾਂ ਨੂੰ ਤਬਾਹ ਕਰ ਦਿੱਤਾ ਹੈ, ਇਹ ਜਾਣਨ ਲਈ 'ਮਾਈਕਲ ਮੂਰ' ਅਤੇ 'ਜੋਨ ਪਿਲਜ਼ਰ' ਦੀ ਦਸਤਾਵੇਜ਼ੀ ਫਿਲਮ ਨੂੰ ਦੇਖਿਆ ਜਾ ਸਕਦਾ ਹੈ। ਦੂਜੇ ਪਾਸੇ, ਨਿੱਜੀ ਕੰਪਨੀਆਂ ਇਸ ਉੱਪਰ ਖੋਜ ਕਿਉਂ ਕਰਨ ਜਿਸ ਵਿੱਚ ਕੋਈ ਫੌਰੀ ਲਾਭ ਨਹੀਂ ਹੈ। ਇਸਨੂੰ ਇੱਕ ਉਦਾਹਰਣ ਨਾਲ ਸਪੱਸ਼ਟ ਤੌਰ 'ਤੇ ਸਮਝਿਆ ਜਾ ਸਕਦਾ ਹੈ। 'ਜੀਨ ਥੈਰੇਪੀ' ਉੱਪਰ ਰਿਸਰਚ ਕਰ ਰਹੀ ਇੱਕ ਕੰਪਨੀ ਨੂੰ ਉਸਦੇ ਫੰਡ ਕਰਨ ਵਾਲੇ 'ਗੋਲਡਮੈਨ ਸਾਕਸ਼' ਨੇ ਇੱਕ ਲੀਕ ਹੋਈ ਈ-ਮੇਲ ਵਿੱਚ ਕਿਹਾ ਕਿ ਜੀਨ ਵਿੱਚ ਬਦਲਾਅ ਕਰਕੇ ਬਿਮਾਰੀ ਨੂੰ ਸਦਾ ਲਈ ਖਤਮ ਕਰਨਾ 'ਟਿਕਾਊ ਵਪਾਰਕ ਮਾਡਲ' ਨਹੀਂ ਹੈ। ਕਿਉਂਕਿ ਇਸ ਨਾਲ ਨਿਰੰਤਰ ਲਾਭ ਹੋਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ। ਸੱਚਾਈ ਤਾਂ ਇਹ ਹੈ ਕਿ 2020 ਦੀ ਸ਼ੁਰੂਆਤ ਵਿੱਚ ਜਿਸ ਦੁਨੀਆ 'ਤੇ ਕੋਰੋਨਾ ਨੇ ਕਹਿਰ ਬਰਸਾਇਆ ਹੈ ਉਸਨੂੰ ਪਿਛਲੇ 30 ਸਾਲਾਂ ਦੀ ਨਵ-ਉਦਾਰਵਾਦੀ ਪ੍ਰਣਾਲੀ ਰੂਪੀ ਸਿਓਂਕ ਨੇ ਚੂਸ ਚੂਸ ਕੇ ਪਹਿਲਾਂ ਹੀ ਖੋਖਲਾ ਕਰ ਦਿੱਤਾ ਹੈ। ਅੱਜ ਇਹ ਦੁਨੀਆ ਕਿਸ ਤਰ੍ਹਾਂ ਦੀ ਹੈ, ਤੁਸੀਂ ਇਸਨੂੰ ਸਿਰਫ ਦੋ ਤੱਥਾਂ ਨਾਲ ਬਾਖ਼ੂਬੀ ਸਮਝ ਸਕਦੇ ਹੋ- ਸਾਡੇ ਕੋਲ ਧਰਤੀ ਨੂੰ 9 ਬਾਰ ਤਬਾਹ ਕਰਨ ਦਾ ਸਮਾਨ ਮੌਜੂਦ ਹੈ, ਪਰ ਜੀਵਨ ਦੇਣ ਵਾਲੇ ਮਾਮੂਲੀ ਵੈਂਟੀਲੇਟਰ ਦੀ ਭਾਰੀ ਕਮੀ ਹੈ। ਵੈਂਟੀਲੇਟਰ ਦੀ ਇਹ ਭਾਰੀ ਕਮੀ ਕੋਰੋਨਾ ਹੱਥੋਂ ਮਰਨ ਦਾ ਇੱਕ ਵੱਡਾ ਕਾਰਨ ਬਣ ਰਹੀ ਹੈ। ਦੂਜਾ, ਦੁਨੀਆ ਦੇ 2153 ਖਰਬਪਤੀਆਂ ਦੀ ਕੁੱਲ ਦੌਲਤ ਦੁਨੀਆ ਦੇ 4 ਅਰਬ 60 ਕਰੋੜ ਲੋਕਾਂ ਦੀ ਕੁੱਲ ਦੌਲਤ ਦੇ ਬਰਾਬਰ ਹੈ। ਇਹੀ ਕਾਰਨ ਹੈ ਕਿ ਨਵ-ਉਦਾਰਵਾਦੀ ਪ੍ਰਣਾਲੀ ਦਾ ਝੰਡਾਬਰਦਾਰ ਅਮਰੀਕਾ ਇਸ ਸਮੇਂ ਸਭ ਤੋਂ ਮਾੜੀ ਸਥਿਤੀ ਵਿੱਚ ਹੈ ਅਤੇ ਇਸਦੇ ਉਲਟ ਸਮਾਜਕ-ਆਰਥਕ ਪ੍ਰਣਾਲੀ ਵਾਲਾ ਕਿਊਬਾ ਸਭ ਤੋਂ ਚੰਗੀ ਸਥਿਤੀ ਵਿੱਚ ਹੈ। ਉਸਨੇ ਨਾ ਸਿਰਫ ਕੋਰੋਨਾ ਨੂੰ ਨਿਯੰਤਰਣ ਵਿੱਚ ਲਿਆ ਹੈ ਬਲਕਿ ਉਹ ਦੁਨੀਆ ਦੇ 62 ਦੇਸ਼ਾਂ ਵਿੱਚ ਆਪਣੇ ਡਾਕਟਰਾਂ ਅਤੇ ਦਵਾਈਆਂ ਦੇ ਨਾਲ ਕੋਰੋਨਾ ਖਿਲਾਫ ਲੜਾਈ ਵਿੱਚ ਸਭ ਤੋਂ ਅੱਗੇ ਖੜ੍ਹਾ ਹੈ। ਜਦੋਂ ਅਮਰੀਕਾ ਦੂਜੇ ਦੇਸ਼ਾਂ ਵਿੱਚ ਫੌਜ ਅਤੇ ਟੈਂਕ ਭੇਜ ਰਿਹਾ ਹੈ ਤਾਂ ਕਿਊਬਾ ਆਪਣੇ ਡਾਕਟਰ ਅਤੇ ਦਵਾਈਆਂ ਭੇਜ ਰਿਹਾ ਹੈ। ਇਹ ਦੋ ਵਿਪਰੀਤ ਸਮਾਜਕ ਪ੍ਰਣਾਲੀਆਂ ਦਾ ਹੀ ਫਰਕ ਹੈ ਕਿ ਇੱਕ ਮੌਤ ਦਾ ਨਿਰਯਾਤ ਕਰ ਰਿਹਾ ਹੈ ਅਤੇ ਦੂਜਾ ਜੀਵਨ ਦਾ। ਦਰਅਸਲ ਜਿਵੇਂ ਪ੍ਰਸਿੱਧ ਲੇਖਕ ਨਓਮੀ ਕਲੇਨ ਨੇ ਕਿਹਾ ਹੈ ਕਿ ਹਾਕਮ ਜਮਾਤ ਜਦੋਂ ਭੂਚਾਲ, ਤੂਫਾਨ ਜਾਂ ਮਹਾਂਮਾਰੀ ਵਰਗੀ ਬਿਪਤਾ ਦਾ ਸਾਹਮਣਾ ਕਰਦੀ ਹੈ ਤਾਂ ਉਹ ਆਪਣੀ ਵਿਚਾਰਧਾਰਾ ਕਿਤੇ ਛੱਡ ਕੇ ਨਹੀਂ ਆਉਂਦੀ ਬਲਕਿ ਆਪਣੇ ਨਾਲ ਹੀ ਲੈ ਕੇ ਆਉਂਦੀ ਹੈ। ਇਸ ਲਈ ਅਜਿਹੀ ਬਿਪਤਾ ਵਿੱਚ ਵੀ ਉਹ ਆਪਣੇ ਜਮਾਤੀ ਹਿੱਤ ਅਤੇ ਭਵਿੱਖ ਦੇ ਮੁਨਾਫਿਆਂ ਨੂੰ ਦੇਖਦੀ ਹੈ। ਉਸਦੀਆਂ ਦੱਬੀਆਂ ਇੱਛਾਵਾਂ ਵੀ ਇਸ ਸਮੇਂ ਹੀ ਉੱਭਰਦੀਆਂ ਹਨ ਅਤੇ ਉਹ ਉਹਨਾਂ ਨੂੰ ਪੂਰਾ ਕਰਨ ਲਈ ਹਰ ਕੋਸ਼ਿਸ਼ ਕਰਦਾ ਹੈ। 2019 ਸ਼ਾਨਦਾਰ ਪ੍ਰਦਰਸ਼ਨਾਂ ਅਤੇ ਅੰਦੋਲਨਾਂ ਦਾ ਸਾਲ ਸੀ। ਬਹੁਤ ਸਾਰੇ ਰਾਜਨੀਤਕ ਵਿਸ਼ਲੇਸ਼ਕ 2019 ਦੀ ਤੁਲਨਾ 1848 ਅਤੇ 1968 ਨਾਲ ਕਰਨ ਲੱਗ ਪਏ ਸਨ। ਇਸ ਸਾਲ ਧਰਤੀ ਦਾ ਕੋਈ ਵੀ ਕੋਨਾ ਵਿਸ਼ਾਲ ਲੋਕ ਲਹਿਰਾਂ ਤੋਂ ਵਾਂਝਾ ਨਹੀਂ ਰਿਹਾ ਸੀ। ਭਾਰਤ ਵਿੱਚ ਸੀਏਏ ਵਿਰੁੱਧ ਜਨਤਕ ਪ੍ਰਦਰਸ਼ਨ ਇਸ ਸਮੇਂ ਦੌਰਾਨ ਹੀ ਹੋ ਰਿਹਾ ਸੀ। ਕੋਰੋਨਾ ਦੇ ਬਹਾਨੇ ਹਾਕਮ ਜਮਾਤ ਇਹਨਾਂ ਸਾਰੇ ਅੰਦੋਲਨਾਂ ਨੂੰ ਫੌਰੀ ਤੌਰ 'ਤੇ ਖਤਮ ਕਰਨ ਵਿੱਚ ਸਫਲ ਹੋ ਗਈ ਹੈ। ਕੋਰੋਨਾ ਦੇ ਬਹਾਨੇ ਪੂਰੇ ਦੁਨੀਆਂ ਵਿੱਚ ਏਨੇ ਵੱਡੇ ਪੱਧਰ 'ਤੇ ਰਾਜਨੀਤਕ ਪ੍ਰਦਰਸ਼ਨਾਂ ਦੀ ਮੌਤ, ਉਹਨਾਂ ਮੌਤਾਂ ਨਾਲੋਂ ਘੱਟ ਨਹੀਂ ਹੈ, ਜਿਸਦੀਆਂ ਖਬਰਾਂ ਨਾਲ ਅੱਜ ਦੁਨੀਆ ਭਰ ਦੇ ਅਖਬਾਰ ਭਰੇ ਪਏ ਹਨ। ਤੁਸੀਂ ਜਾਣਦੇ ਹੀ ਹੋ ਕਿ ਆਪਣੇ ਦੇਸ਼ ਵਿੱਚ ਹੀ ਸ਼ਾਹੀਨ ਬਾਗ਼ ਦੇ ਪ੍ਰਦਰਸ਼ਨ ਨੂੰ ਕਿਵੇਂ ਖ਼ਤਮ ਕਰਵਾਇਆ ਗਿਆ।

ਪੂਰੀ ਦੁਨੀਆ ਵਿੱਚ ਮੰਦੀ ਦੇ ਕਾਰਨ ਆਪਣੇ ਮੁਨਾਫੇ ਨੂੰ ਬਚਾਈ ਰੱਖਣ ਲਈ ਕੰਪਨੀਆਂ ਆਪਣੇ ਮਜ਼ਦੂਰਾਂ-ਕਰਮਚਾਰੀਆਂ ਦੀ ਛਾਂਟੀ ਕਰ ਰਹੀਆਂ ਸਨ। ਪਰ ਉਹਨਾਂ ਨੂੰ ਮਜ਼ਦੂਰਾਂ-ਕਰਮਚਾਰੀਆਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਸੀ। ਕੋਰੋਨਾ ਨੇ ਉਹਨਾਂ ਨੂੰ ਇਹ ਸ਼ਾਨਦਾਰ ਮੌਕਾ ਦੇ ਦਿੱਤਾ। ਇਸ ਕੋਰੋਨਾ ਕਾਲ ਵਿੱਚ ਕਿੰਨੇ ਲੋਕਾਂ ਦੀ ਛਾਂਟੀ ਹੋਈ ਹੈ, ਇਸਦੇ ਅਸਲੀ ਅੰਕੜੇ ਤਾਂ ਬਾਅਦ ਵਿੱਚ ਆਉਣਗੇ। ਪਰ ਸਿਰਫ ਇੱਕ ਤੱਥ ਤੋਂ ਹੀ ਇਸਦਾ ਅੰਦਾਜ਼ਾ ਲਗਾ ਸਕਦੇ ਹਾਂ। ਇਕੱਲੇ ਅਮਰੀਕਾ ਵਿੱਚ ਹੀ ਪਿਛਲੇ 2 ਮਹੀਨਿਆਂ ਵਿੱਚ 1 ਕਰੋੜ 80 ਲੱਖ ਲੋਕਾਂ ਨੇ ਬੇਰੁਜ਼ਗਾਰੀ ਭੱਤੇ ਲਈ ਅਰਜ਼ੀ ਦਿੱਤੀ ਹੈ। 1929-30 ਦੀ ਮਹਾਂਮੰਦੀ ਤੋਂ ਬਾਅਦ ਇਹ ਸਭ ਤੋਂ ਜ਼ਿਆਦਾ ਹੈ। ਇਸ ਕੋਰੋਨਾ ਕਾਲ ਵਿੱਚ ਜਿਸ ਢੰਗ ਨਾਲ ਦੁਨੀਆ ਦੀਆਂ ਸਰਕਾਰਾਂ ਨੇ ਤਾਨਾਸ਼ਾਹੀ ਤਰੀਕੇ ਅਪਣਾਏ ਹਨ, ਉਹ ਉਹਨਾਂ ਦੀ ਦੱਬੀ ਹੋਈ ਇੱਛਾ ਦਾ ਹੀ ਪ੍ਰਗਟਾਵਾ ਹੈ। ਹੰਗਰੀ ਸਮੇਤ ਕਈ ਦੇਸ਼ਾਂ ਨੇ ਤਾਂ ਸਿੱਧੇ ਸਿੱਧੇ ਐਮਰਜੈਂਸੀ ਦੀ ਘੋਸ਼ਣਾ ਕਰ ਦਿੱਤੀ ਹੈ। ਆਪਣੇ ਦੇਸ਼ ਭਾਰਤ ਵਿੱਚ ਵੀ ਮੋਦੀ ਨੇ ਸਾਫ ਸਾਫ 'ਸਮਾਜਕ ਐਮਰਜੈਂਸੀ' ਬੋਲ ਦਿੱਤੀ ਹੈ। ਭਾਰਤ ਵਰਗੇ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਸਥਿਤੀ ਬਦ ਤੋਂ ਬਦਤਰ ਹੈ। 21 ਮਾਰਚ ਨੂੰ ਕੋਲੰਬੀਆ ਦੀ ਬਗੋਟਾ ਜੇਲ੍ਹ ਵਿੱਚ ਕੋਰੋਨਾ ਨਾਲ ਨਜਿੱਠਣ ਲਈ ਬਿਹਤਰ ਹਾਲਤਾਂ ਦੀ ਮੰਗ ਕਰਦੇ ਕੈਦੀਆਂ ਉੱਪਰ ਪੁਲਿਸ ਨੇ ਹਮਲਾ ਕਰ ਦਿੱਤਾ ਅਤੇ 23 ਕੈਦੀਆਂ ਨੂੰ ਮਾਰ ਮੁਕਾਇਆ। ਕੀਨੀਆ ਦੀਆਂ ਸੜਕਾਂ 'ਤੇ ਪੁਲਿਸ ਦੀ ਗੋਲੀਬਾਰੀ ਨਾਲ ਮਾਰੇ ਗਏ ਲੋਕਾਂ ਦੀ ਗਿਣਤੀ ਕੋਰੋਨਾ ਨਾਲ ਮਰਨ ਵਾਲਿਆਂ ਤੋਂ ਕਿਤੇ ਜ਼ਿਆਦਾ ਹੈ। ਇਹ ਆਮ ਸਮਿਆਂ ਵਿੱਚ ਇੱਕ ਵੱਡੀ ਖ਼ਬਰ ਬਣਦੀ, ਪਰ ਕੋਰੋਨਾ ਕਾਲ ਵਿੱਚ ਕਿਸੇ ਨੇ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ।

ਦੁਨੀਆ ਦੀਆਂ ਸਰਕਾਰਾਂ ਨੇ ਇੰਟਰਨੈੱਟ ਕੰਪਨੀਆਂ ਨਾਲ ਮਿਲ ਕੇ ਕੋਰੋਨਾ ਨਾਲ ਨਜਿੱਠਣ ਦੇ ਬਹਾਨੇ ਆਪਣੇ ਮੁਲਕਾਂ ਨੂੰ 'ਐਕਏਰੀਅਮ' ਵਿੱਚ ਤਬਦੀਲ ਕਰ ਦਿੱਤਾ ਹੈ। ਨਾਗਰਿਕਾਂ ਦੀ ਹਰ ਕਾਰਵਾਈ 'ਤੇ ਨਜ਼ਰ ਰੱਖੀ ਜਾ ਰਹੀ ਹੈ। ਆਮ ਸਮੇਂ ਵਿੱਚ ਇਸਦੇ ਖਿਲਾਫ ਬਹੁਤ ਵਿਰੋਧ ਹੁੰਦਾ ਪਰ ਹੁਣ ਇਹ 'ਨਵਾਂ ਨੌਰਮਲ'













ਬਣਦਾ ਜਾ ਰਿਹਾ ਹੈ। 'ਸਰਵੇਲੈਂਸ ਕੈਪੀਟਲਿਜ਼ਮ' (Surveillance Capitalism) ਆਪਣੇ ਸਭ ਤੋਂ ਨੰਗੇ ਰੂਪ ਵਿੱਚ ਅੱਜ ਸਾਡੇ ਸਾਹਮਣੇ ਹੈ। '1984' ਫਿਲਮ ਹੁਣ ਫਿਲਮ ਨਹੀਂ ਬਲਕਿ ਇੱਕ ਹਕੀਕਤ ਹੈ। ਮਜ਼ੇ ਦੀ ਗੱਲ ਇਹ ਹੈ ਕਿ ਇਹ ਫਿਲਮ ਸਮਾਜਵਾਦ ਨੂੰ ਬਦਨਾਮ ਕਰਨ ਲਈ ਬਣਾਈ ਗਈ ਸੀ, ਪਰ ਅੱਜ ਪੂੰਜੀਵਾਦ ਇਸ 'ਤੇ ਪੂਰਾ ਖਰਾ ਉੱਤਰ ਰਿਹਾ ਹੈ। 'ਸੋਚ ਪੁਲਿਸ' (Thought Police) ਅਤੇ 'ਸੋਚ ਕ੍ਰਾਈਮ' (Thought Crime) ਦਾ ਸੰਕਲਪ ਕੋਰੋਨਾ ਕਾਲ ਦੌਰਾਨ ਘੱਟੋ ਘੱਟ ਭਾਰਤ ਵਰਗੇ ਦੇਸ਼ਾਂ ਵਿੱਚ ਹਕੀਕਤ ਬਣ ਚੁੱਕਿਆ ਹੈ। ਇਸ ਪੰਕਤੀ ਨੂੰ ਲਿਖਦੇ ਸਮੇਂ ਹੀ ਪਤਾ ਚੱਲਿਆ ਹੈ ਕਿ ਫੇਸਬੁੱਕ 'ਤੇ ਕੋਰੋਨਾ ਪ੍ਰਤੀ ਸਰਕਾਰ ਦੀ ਨਾਕਾਮੀ ਬਾਰੇ ਇੱਕ ਪੋਸਟ ਲਿਖਣ ਲਈ 'ਇਨਕਲਾਬੀ ਮਜ਼ਦੂਰ ਕੇਂਦਰ' ਦੇ ਕੈਲਾਸ਼ ਭੱਟ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੁੱਖਧਾਰਾ ਮੀਡੀਆ ਵੀ ਇਸ ਗੱਲ 'ਤੇ ਨਿਰੰਤਰ ਜ਼ੋਰ ਦੇ ਰਿਹਾ ਹੈ ਕਿ ਕੋਰੋਨਾ ਅਮੀਰ ਗਰੀਬ ਵਿੱਚ ਫਰਕ ਨਹੀਂ ਕਰਦਾ। ਪਰ ਹਮੇਸ਼ਾ ਵਾਂਗ ਇਸ ਵਾਰ ਵੀ ਇਹ ਗਲਤ ਹੈ। ਕੋਰੋਨਾ ਸਾਰੀਆਂ ਆਰਥਕ ਸਮਾਜਕ ਵੰਡਾਂ ਦਾ ਪੂਰਾ ਖਿਆਲ ਰੱਖ ਰਿਹਾ ਹੈ। ਸਿਰਫ ਅਮਰੀਕਾ ਦੇ ਹੀ ਅੰਕੜਿਆਂ ਨੂੰ ਦੇਖੀਏ ਤਾਂ ਉੱਥੇ ਹੋ ਰਹੀਆਂ ਮੌਤਾਂ ਵਿੱਚ 70 ਫੀਸਦੀ ਮੌਤਾਂ ਕਾਲੇ ਅਤੇ ਅਫਰੀਕੀ-ਅਮਰੀਕੀਆਂ ਦੀਆਂ ਹਨ। ਹੁਣ ਬਹੁਤ ਸਾਰੀਆਂ ਸੰਸਥਾਵਾਂ ਨੇ ਫੋਨ ਲੋਕੇਸ਼ਨ ਦੇ ਆਧਾਰ 'ਤੇ ਕੋਰੋਨਾ ਕਾਲ ਵਿੱਚ ਸਮਾਜਕ ਗਤੀਸ਼ੀਲਤਾ (Social Mobility) ਬਾਰੇ ਅੰਕੜਾ ਦੇਣਾ ਵੀ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਅਤੇ ਯੂਰਪ ਦੇ ਉਤਲੇ 10 ਫੀਸਦੀ ਲੋਕਾਂ ਵਿੱਚ ਲਗਭਗ 'ਜ਼ੀਰੋ ਮੋਬਿਲਿਟੀ' ਦਰਜ ਕੀਤੀ ਗਈ। ਭਾਵ, ਉਹ ਸਫਲਤਾਪੂਰਵਕ ਆਪਣੇ ਘਰਾਂ ਵਿੱਚ ਹਨ। ਉਸੇ ਸਮੇਂ ਹੇਠਲੇ 30 ਫੀਸਦੀ ਲੋਕਾਂ ਵਿੱਚ ਕਈ ਪੱਧਰਾਂ 'ਤੇ 'ਮੋਬਿਲਿਟੀ' ਦੇਖੀ ਗਈ। ਇਹੀ ਆਬਾਦੀ ਕੋਰੋਨਾ ਦੀ ਸਭ ਤੋਂ ਵੱਧ ਸ਼ਿਕਾਰ ਹੋ ਰਹੀ ਹੈ। ਜਿਹਨਾਂ ਨੂੰ ਆਪਣੀ ਰੋਜ਼ੀ ਰੋਟੀ ਲਈ ਕੋਈ ਨਾ ਕੋਈ ਗਤੀਸ਼ੀਲਤਾ ਕਰਨੀ ਪੈਂਦੀ ਹੈ। ਭਾਵ ਕਿ ਘਰ ਤੋਂ ਬਾਹਰ ਨਿਕਲਣਾ ਪੈਂਦਾ ਹੈ। ਇਸ ਪ੍ਰਸੰਗ ਵਿੱਚ ਤੁਸੀਂ ਰਾਣਾ ਅਯੂਬ ਦਾ ਲੇਖ 'ਸੋਸ਼ਲ ਡਿਸਟੈਂਸਿੰਗ ਇਜ਼ ਏ ਪ੍ਰੀਵਿਲੇਜ' ਵੀ ਦੇਖ ਸਕਦੇ ਹੋ। ਭਾਰਤ ਅਤੇ ਦੁਨੀਆ ਦੀਆਂ ਤਮਾਮ ਝੁੱਗੀਆਂ ਝੌਂਪੜੀਆਂ ਵਿੱਚ 'ਸੋਸ਼ਲ ਡਿਸਟੈਂਸਿੰਗ' ਇੱਕ ਮਜ਼ਾਕ ਹੈ।

ਦਰਅਸਲ ਹੜ੍ਹਾਂ ਦੇ ਪਾਣੀ ਲੰਘਣ ਮਗਰੋਂ ਹੀ ਇਲਾਕੇ ਦੀ ਅਸਲ ਬਦਸੂਰਤੀ ਨਜ਼ਰ ਆਉਂਦੀ ਹੈ। ਕੋਰੋਨਾ ਦੇ ਲੰਘ ਜਾਣ ਮਗਰੋਂ ਹੀ ਇਸ ਪ੍ਰਣਾਲੀ ਦੀ ਅਸਲ ਬਦਸੂਰਤੀ ਦਿਖਾਈ ਦੇਵੇਗੀ। ਪਰ ਬਹੁਤ ਸਾਰੀਆਂ ਚੀਜ਼ਾਂ ਤੁਸੀਂ ਹੜ੍ਹ ਦੇ ਪਾਣੀ ਵਿੱਚ ਵੀ ਦੇਖ ਸਕਦੇ ਹੋ। ਸਪੇਨ ਦੇ ਸਿਹਤ ਮੰਤਰਾਲੇ ਨੇ ਇੱਕ ਗੁਪਤ ਦਿਸ਼ਾ-ਨਿਰਦੇਸ਼ ਜਾਰੀ ਕੀਤਾ ਕਿ 60 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਆਈਸੀਯੂ ਵਿੱਚ ਭਰਤੀ ਨਾ ਕੀਤਾ ਜਾਵੇ। ਇਸ ਦੀ ਬਜਾਏ, ਨੌਜਵਾਨ ਮਰੀਜ਼ਾਂ ਨੂੰ ਪਹਿਲ ਦਿੱਤੀ ਜਾਵੇ। ਅਮਰੀਕਾ ਦੇ ਟੈਕਸਾਸ ਰਾਜ ਦੇ ਗਵਰਨਰ ਡਾਨ ਪੈਟਰਿਕ ਨੇ ਹੋਰ ਵੀ ਬੇਰਹਿਮੀ ਦਿਖਾਉਂਦੇ ਹੋਏ ਕਿਹਾ ਕਿ ਬਜ਼ੁਰਗ ਲੋਕਾਂ ਨੂੰ ਅਮਰੀਕੀ ਅਰਥਚਾਰੇ ਅਤੇ ਨੌਜਵਾਨ ਪੀੜ੍ਹੀ ਲਈ ਆਪਣੀ ਜਾਨ ਦੇ ਦੇਣੀ ਚਾਹੀਦੀ ਹੈ। ਅਮਰੀਕੀ ਖਰਬਪਤੀ ਟੌਮ ਗਾਲੀਸੈਨੋ ਨੇ ਕਾਰੋਬਾਰੀ ਰਸਾਲੇ 'ਬਲੂਮਬਰਗ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਇਸ ਬੇਸ਼ਰਮੀ ਨੂੰ ਹੋਰ ਅੱਗੇ ਵਧਾਇਆ। ਉਸਨੇ ਕਿਹਾ ਕਿ ਅਰਥ ਵਿਵਸਥਾ ਨੂੰ ਬੰਦ ਕਰਨ ਨਾਲੋਂ ਚੰਗਾ ਹੈ ਕਿ ਕੁੱਝ ਲੋਕ ਮਰ ਜਾਣ। ਇੰਗਲੈਂਡ ਦੇ ਪ੍ਰਧਾਨ ਮੰਤਰੀ ਇਸ ਤੋਂ ਵੀ ਅੱਗੇ ਗਏ ਕਿ ਜਦੋਂ ਲੋਕ ਮਰ ਜਾਣਗੇ ਤਾਂ ਕੋਰੋਨਾ ਦੇ ਉਲਟ ਵਿਰੋਧ ਵਿਕਸਿਤ ਹੋਵੇਗਾ। ਸ਼ਾਇਦ ਉਸਦੀ ਗੱਲ ਕੋਰੋਨਾ ਨੂੰ ਪਸੰਦ ਆਈ ਅਤੇ ਅੱਜ ਉਹ ਲੰਡਨ ਦੇ ਇੱਕ ਹਸਪਤਾਲ ਦੇ ਆਈਸੀਯੂ ਵਿੱਚ ਹੈ। ਇਹਨਾਂ ਬਿਆਨਾਂ ਨਾਲ ਚਰਚਿਲ ਦੇ ਉਸ ਬਿਆਨ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਜੋ ਉਸਨੇ ਭਾਰਤ ਵਿਚਲੇ 1942 ਦੇ ਅਕਾਲ ਦੌਰਾਨ ਦਿੱਤਾ ਸੀ। ਚਰਚਿਲ ਦਾ ਕਹਿਣਾ ਸੀ ਕਿ ਭਾਰਤੀ ਚੂਹਿਆਂ ਦੀ ਤਰ੍ਹਾਂ ਆਪਣੀ ਆਬਾਦੀ ਵਧਾ ਰਹੇ ਸਨ। ਇਸ ਅਕਾਲ ਨਾਲ ਉਹ ਨਿਯੰਤਰਿਤ ਹੋ ਜਾਵੇਗੀ।


ਚਲੋ ਹੁਣ ਇੱਕ ਝਾਤ ਭਾਰਤ ਵੱਲ ਮਾਰੀਏ। ਜਿਹਨਾਂ ਲੋਕਾਂ ਨੇ 5 ਅਪ੍ਰੈਲ ਦੀ ਦਿਵਾਲੀ ਨੂੰ ਭਗਤੀ ਭਾਵਨਾ ਵਿੱਚੋਂ ਨਹੀਂ ਦੇਖਿਆ ਹੋਵੇਗਾ, ਉਹਨਾਂ ਨੂੰ ਸ਼ਾਇਦ ਇਹ ਅਹਿਸਾਸ ਹੋਇਆ ਹੋਵੇਗਾ ਕਿ ਇਸ ਦਿਨ ਭਾਰਤ ਦਾ ਰਸਮੀ ਲੋਕਤੰਤਰ ਇੱਕ ਅਸਲ ਮੂਰਖਤੰਤਰ ਵਿੱਚ ਬਦਲ ਗਿਆ ਹੈ। ਭਾਰਤੀ ਹਾਕਮ ਜਮਾਤਾਂ 'ਤੇ ਗਾਲਿਬ ਦਾ ਇੱਕ ਸ਼ੇਅਰ ਬਹੁਤ ਢੁੱਕਦਾ ਹੈ- 'ਮਰਜ਼ ਬੜਤਾ ਗਯਾ ਜਿਓ ਜਿਓ ਦਵਾ ਕੀ'। ਨੋਟਬੰਦੀ ਨੂੰ ਯਾਦ ਕਰੋ। ਨੋਟਬੰਦੀ ਦਿਖਾਵੇ ਦੇ ਤੌਰ 'ਤੇ ਇਸ ਲਈ ਕੀਤੀ ਗਈ ਕਿ ਕਾਲਾ ਧਨ ਫੜਿਆ ਜਾਵੇ। ਨੋਟਬੰਦੀ ਤੋਂ ਬਾਅਦ ਸਾਰਾ ਕਾਲਾ ਧਨ ਸਫ਼ੈਦ ਹੋ ਗਿਆ। ਜਿੰਨੇ ਨੋਟ ਬੰਦ ਹੋਏ ਸਨ, ਉਸ ਨਾਲੋਂ ਜ਼ਿਆਦਾ ਬੈਂਕਾਂ ਵਿੱਚ ਵਾਪਸ ਆ ਗਏ। ਪਰ ਤਾਨਾਸ਼ਾਹ ਦੇ ਇਸ ਪਾਗਲਪਨ ਨੇ ਕਰੋੜਾਂ ਲੋਕਾਂ ਦੀ ਰੋਜ਼ੀ ਰੋਟੀ ਖੋਹ ਲਈ ਅਤੇ ਭਾਰਤ ਦੀ ਅਰਥ ਵਿਵਸਥਾ ਨੂੰ ਲੀਹੋਂ ਲਾਹ ਦਿੱਤਾ। ਉਸੇ ਤਰ੍ਹਾਂ 24 ਤਰੀਕ ਦੇ ਲੌਕਡਾਊਨ ਤੋਂ ਬਾਅਦ ਬਣੀਆਂ ਸਥਿਤੀਆਂ ਨੇ ਕੋਰੋਨਾ ਦੇ ਬਿਹਤਰ ਢੰਗ ਨਾਲ ਫੈਲਣ ਵਿੱਚ ਸਹਾਇਤਾ ਕੀਤੀ। ਲੱਖਾਂ ਪਰਵਾਸੀ ਮਜ਼ਦੂਰ 'ਰਿਵਰਸ ਲੌਂਗ ਮਾਰਚ' ਕਰਨ ਲਈ ਮਜਬੂਰ ਹੋਏ। ਧੁੱਪ ਅਤੇ ਮੀਂਹ ਵਿੱਚ ਭੁੱਖੇ ਪਿਆਸੇ ਇਹ ਲੋਕ ਕੋਰੋਨਾ ਦੇ ਆਸਾਨੀ ਨਾਲ ਸ਼ਿਕਾਰ ਬਣੇ ਹੋਣਗੇ। ਚੰਦ ਕੁ ਰਹਿਣ ਬਸੇਰਿਆਂ ਵਿੱਚ ਲੋਕ ਉਵੇਂ ਹੀ ਤੁੰਨੇ ਪਏ ਹਨ ਜਿਵੇਂ ਉਹ ਆਪਣੀਆਂ ਮਜ਼ਦੂਰ ਬਸਤੀਆਂ ਵਿੱਚ ਰਹਿੰਦੇ ਸਨ। ਸੜਕ ਅਤੇ ਪਿੰਡਾਂ ਦੇ ਕਿਨਾਰੇ ਬਹੁਤ ਸਾਰੇ 'ਏਕਾਂਤਵਾਸ/ਕੁਆਰੰਟਾਈਨ ਸੈਂਟਰ' ਸੱਪ ਅਤੇ ਬਿੱਛੂ ਦਾ ਕੇਂਦਰ ਬਣੇ ਹੋਏ ਹਨ। ਜ਼ਿਆਦਾਤਰ ਏਕਾਂਤਵਾਸ/ਕੁਆਰੰਟਾਈਨ ਸੈਂਟਰ ਲਗਭਗ ਜੇਲ੍ਹਾਂ ਹਨ। ਜਿੱਥੇ ਬਿਨਾਂ ਕਿਸੇ ਜ਼ੁਰਮ ਦੇ ਲੱਖਾਂ ਲੋਕਾਂ ਨੂੰ ਰੱਖਿਆ ਗਿਆ ਹੈ। ਇਹ ਸਭ ਕੋਰੋਨਾ ਦੇ ਆਸਾਨ ਸ਼ਿਕਾਰ ਹਨ। ਹਾਂ, ਉੱਚ ਅਤੇ ਮੱਧ ਵਰਗ ਨਿਸ਼ਚਿਤ ਤੌਰ 'ਤੇ ਆਪਣੇ ਘਰਾਂ ਵਿੱਚ ਸੁਰੱਖਿਅਤ ਹੈ। ਭਾਰਤ ਵਿੱਚ ਸੋਸ਼ਲ ਡਿਸਟੈਂਸਿੰਗ ਦਰਅਸਲ 'ਕਲਾਸ ਡਿਸਟੈਂਸਿੰਗ' ਹੈ। ਇਸਦੇ ਪਿੱਛੇ ਅਸਲ ਮਨੋਰਥ ਉੱਚ ਵਰਗ-ਮੱਧ ਵਰਗ ਅਤੇ ਗਰੀਬਾਂ ਦਰਮਿਆਨ ਦੂਰੀ ਨੂੰ ਵਧਾਉਣਾ ਹੈ। ਅਤੇ ਕੋਰੋਨਾ ਨੂੰ ਗਰੀਬਾਂ ਵੱਲ ਜਾਣ ਦਾ ਰਾਹ ਦੇਣਾ ਹੈ।

ਆਪਣੀਆਂ ਸਾਰੀਆਂ ਇੰਟਰਵਿਊਆਂ ਵਿੱਚ ਸੜਕ 'ਤੇ ਆ ਗਏ ਇਹਨਾਂ ਮਜ਼ਦੂਰਾਂ ਨੇ ਕਿਹਾ ਹੈ ਕਿ ਸਾਨੂੰ ਕੋਰੋਨਾ ਤੋਂ ਉਨ੍ਹਾਂ ਡਰ ਨਹੀਂ, ਜਿੰਨਾ ਭੁੱਖਮਰੀ ਅਤੇ ਪੁਲਿਸ ਦੀਆਂ ਡਾਂਗਾਂ ਤੋਂ ਹੈ। ਇਹ ਬੇਸਹਾਰਾ ਲਾਚਾਰ ਮਜ਼ਦੂਰ ਖੁਸ਼ੀ ਖੁਸ਼ੀ ਆਪਣੇ ਪਿੰਡ ਨਹੀਂ ਪਰਤ ਰਹੇ। ਇਹ ਉਹਨਾਂ ਪਿੰਡਾਂ ਵੱਲ ਪਰਤ ਰਹੇ ਹਨ ਜਿੱਥੇ ਰੋਜ਼ਾਨਾ 31 ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਅਜਿਹੇ ਸੰਕਟ ਦੇ ਸਮੇਂ ਵਿੱਚ ਵੀ ਜਿਸ ਤਰ੍ਹਾਂ ਪੁਲਿਸ ਸੜਕਾਂ 'ਤੇ ਮਜ਼ਦੂਰਾਂ ਤੋਂ ਬੈਠਕਾਂ ਲਵਾ ਰਹੀ ਹੈ ਅਤੇ ਉਹਨਾਂ 'ਤੇ ਡਾਂਗਾਂ ਵਰ੍ਹਾ ਰਹੀ ਹੈ, ਇਹ ਬੇਹੱਦ ਸ਼ਰਮਨਾਕ ਹੈ ਅਤੇ ਇਹ ਹਾਕਮ ਜਮਾਤ ਦੇ ਜਮਾਤੀ/ਜਾਤੀ ਪੱਖਪਾਤ ਅਤੇ ਉਸਦੇ ਭੈੜੇ ਚਰਿੱਤਰ ਦਾ ਹੀ ਪਰਦਾਫਾਸ਼ ਕਰਦਾ ਹੈ।

ਉੱਤਰ ਪ੍ਰਦੇਸ਼ ਸਰਕਾਰ ਦੇ ਦੀਵਾਲੀਆਪਣ ਦੀ ਇਸ ਤੋਂ ਵਧੀਆ ਉਦਾਹਰਣ ਹੋਰ ਕੀ ਹੋ ਸਕਦੀ ਹੈ ਕਿ ਕੋਰੋਨਾ ਮਹਾਂਮਾਰੀ ਦੇ ਕਾਰਨ ਸੁਪਰੀਪ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਉਸਨੇ 11000 ਕੈਦੀਆਂ ਨੂੰ ਛੱਡਣ ਦਾ ਫੈਸਲਾ ਲਿਆ, ਪਰ ਲੌਕਡਾਊਨ ਦੀ ਕਥਿਤ ਉਲੰਘਣਾ ਦੇ ਦੋਸ਼ ਵਿੱਚ ਇਸ ਤੋਂ ਕਿਤੇ ਜ਼ਿਆਦਾ ਗਿਣਤੀ ਲੋਕਾਂ ਨੂੰ ਜੇਲ੍ਹਾਂ ਵਿੱਚ ਤੁੰਨ ਦਿੱਤਾ। ਇਸ ਤੋਂ ਤੁਸੀਂ ਸਰਕਾਰ ਦੇ ਕੰਮ ਕਰਨ ਦਾ ਦੀਵਾਲੀਆ ਤਰੀਕਾ ਸਮਝ ਸਕਦੇ ਹੋ। ਦਰਅਸਲ ਭਾਰਤ ਸਰਕਾਰ ਕੋਲ ਕੋਈ ਰਣਨੀਤੀ ਜਾਂ ਕੋਈ ਤਿਆਰੀ ਨਹੀਂ ਹੈ। ਇੱਥੋਂ ਤੱਕ ਕਿ ਉਸ ਕੋਲ ਕੋਈ ਭਰੋਸੇਮੰਦ ਅੰਕੜੇ ਵੀ ਨਹੀਂ ਹਨ। ਹਾਂ, ਹਰ ਮੌਕੇ ਨੂੰ 'ਜਸ਼ਨ' ਵਿੱਚ ਤਬਦੀਲ ਕਰਨਾ ਮੋਦੀ ਸਰਕਾਰ ਨੂੰ ਬਾਖ਼ੂਬੀ ਆਉਂਦਾ ਹੈ। ਫਿਰ ਚਾਹੇ ਕੋਈ ਮਾਤਮ ਹੀ ਕਿਉਂ ਨਾ ਹੋਵੇ। ਅਤੇ ਇਹ ਕੰਮ ਉਹ ਬਾਖ਼ੂਬੀ ਕਰ ਰਹੀ ਹੈ। ਯੂਰਪੀ ਦੇਸ਼ਾਂ ਦੀ ਨਕਲ ਕਰਦੇ ਹੋਏ ਭਾਰਤ ਸਰਕਾਰ ਨੇ ਬਿਨਾਂ ਕਿਸੇ ਤਿਆਰੀ ਦੇ ਅਚਾਨਕ ਲੌਕਡਾਊਨ ਕਰ ਦਿੱਤਾ। ਪਰ ਨਕਲ ਦੇ ਨਾਲ ਕੁੱਝ ਅਕਲ ਵੀ ਤਾਂ ਹੋਣੀ ਚਾਹੀਦੀ ਹੈ। ਰਾਤ ਅੱਠ ਵਜੇ ਲੌਕਡਾਊਨ ਦੀ ਘੋਸ਼ਣਾ ਹੁੰਦੇ ਹੀ ਲੋਕ 'ਸੋਸ਼ਲ ਡਿਸਟੈਂਸਿੰਗ' ਦੀਆਂ ਧੱਜੀਆਂ ਉਡਾਉਂਦੇ ਹੋਏ ਵੱਡੀ ਗਿਣਤੀ ਵਿੱਚ ਦੁਕਾਨਾਂ 'ਤੇ ਆ ਗਏ। ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀ-ਨੌਜਵਾਨ ਅਤੇ ਅਸਥਾਈ ਮਜ਼ਦੂਰਾਂ ਦੇ ਝੁੰਡ ਸੜਕਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ 'ਤੇ ਆ ਪਹੁੰਚੇ। ਇਸ ਨੂੰ ਵੇਖਦਿਆਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਇਹ ਸਿਰਫ ਉੱਚੇ ਅਤੇ ਮੱਧ ਵਰਗ ਨੂੰ ਕੋਰੋਨਾ ਤੋਂ ਬਚਾਉਣ ਲਈ ਕੀਤਾ ਗਿਆ ਸੀ ਅਤੇ ਬਦਲੇ ਵਿੱਚ ਸਾਰੇ ਗਰੀਬ ਮਜ਼ਦੂਰਾਂ ਨੂੰ ਕੋਰੋਨਾ ਨਾਮੀ ਸ਼ੇਰ ਦੇ ਅੱਗੇ ਪਰੋਸ ਦਿੱਤਾ ਜਾਵੇ। ਭਾਰਤ ਵਿੱਚ ਹਰ ਸਾਲ 4 ਲੱਖ ਲੋਕ ਟੀਬੀ ਨਾਲ ਮਰਦੇ ਹਨ। ਜਿਸਦਾ ਇੱਕ ਵੱਡਾ ਕਾਰਨ ਗਰੀਬੀ ਹੈ। ਇਹ ਲੌਕਡਾਊਨ ਇਸ ਗਰੀਬੀ ਨੂੰ ਹੋਰ ਵਧਾਏਗਾ (ਆਈਐੱਲਓ ਦੀ ਤਾਜ਼ਾ ਰਿਪੋਰਟ ਕਹਿੰਦੀ ਹੈ ਕਿ ਲੌਕਡਾਊਨ ਤੋਂ ਬਾਅਦ ਭਾਰਤ ਦੀ 40 ਕਰੋੜ ਆਬਾਦੀ ਗਰੀਬੀ ਦੇ ਖੱਡੇ ਵਿੱਚ ਹੋਰ ਗਹਿਰੀ ਧਸ ਜਾਵੇਗੀ) ਅਤੇ ਟੀਬੀ ਨਾਲ ਮਰਨ ਵਾਲਿਆਂ ਦੀ ਗਿਣਤੀ ਇਸ ਸਾਲ ਵਧ ਸਕਦੀ ਹੈ। ਇਹ ਰਣਨੀਤੀ ਕਿੰਨੀ ਕੁ ਪ੍ਰਭਾਵਸ਼ਾਲੀ ਹੈ ਕਿ ਅਸੀਂ 1 ਵਿਅਕਤੀ ਨੂੰ ਕੋਰੋਨਾ ਤੋਂ ਬਚਾ ਕੇ ਬਦਲੇ ਵਿੱਚ 4 ਲੋਕਾਂ ਨੂੰ ਟੀਬੀ ਨਾਲ ਮਾਰ ਦਈਏ। ਇਸ ਕੋਰੋਨਾ ਕਾਲ ਵਿੱਚ ਲਗਭਗ ਸਾਰੇ ਹਸਪਤਾਲਾਂ ਦੀ ਓਪੀਡੀ ਬੰਦ ਹੈ। ਦਿੱਲੀ ਦੇ ਏਮਜ਼ ਵਰਗੇ ਹਸਪਤਾਲ ਨੇ ਵੀ ਆਪਣੀ ਓਪੀਡੀ ਬੰਦ ਕਰ ਦਿੱਤੀ ਹੈ। ਕੈਂਸਰ ਦੇ ਗੰਭੀਰ ਮਰੀਜ਼ਾਂ ਦਾ ਵੀ ਇਲਾਜ ਨਹੀਂ ਕੀਤਾ ਜਾ ਰਿਹਾ ਹੈ। ਤਮਾਮ ਕੈਂਸਰ ਦੇ ਮਰੀਜ਼ ਏਮਜ਼ ਅਤੇ ਦਿੱਲੀ ਦੇ ਹੋਰ ਹਸਪਤਾਲਾਂ ਦੇ ਆਸ ਪਾਸ ਆਪਣੇ ਮਰਨ ਦਾ ਇੰਤਜ਼ਾਰ ਕਰ ਰਹੇ ਹਨ। ਪ੍ਰਾਈਵੇਟ ਕਲੀਨਿਕ ਚਲਾਉਣ ਵਾਲੇ ਬਹੁਤ ਸਾਰੇ ਡਾਕਟਰਾਂ ਨੇ ਆਪਣੀ ਸੁਰੱਖਿਆ ਦਾ ਖਿਆਲ ਰੱਖਦੇ ਹੋਏ ਆਪਣੇ ਕਲੀਨਿਕ ਬੰਦ ਕਰ ਰੱਖੇ ਹਨ। ਸ਼ਾਇਦ ਇਹ ਅੰਕੜਾ ਕਦੇ ਨਹੀਂ ਆਵੇਗਾ ਕਿ ਅਸੀਂ ਕਿੰਨੇ ਕੋਰੋਨਾ ਦੇ ਮਰੀਜ਼ਾਂ ਨੂੰ ਬਚਾਇਆ ਅਤੇ ਇਸਦੇ ਬਦਲੇ ਵਿੱਚ ਕਿੰਨੇ ਹੋਰ ਬਿਮਾਰ ਲੋਕਾਂ ਨੂੰ ਮਾਰ ਦਿੱਤਾ। ਆਖਿਰ ਭਾਰਤ ਕਰ ਵੀ ਕੀ ਸਕਦਾ ਹੈ। ਪਿਛਲੇ ਦਹਾਕਿਆਂ ਵਿੱਚ ਅਸੀਂ ਹਿੰਦੂ-ਮੁਸਲਿਮ ਕਰਨ 'ਤੇ ਹੀ ਆਪਣਾ ਸਮਾਂ ਗਵਾਇਆ ਹੈ। ਸਾਡਾ ਬਾਕੀ ਕੰਮ ਤਾਂ ਵਿਸ਼ਵ ਬੈਂਕ, ਆਈਐੱਮਐੱਫ ਵਰਗੀਆਂ ਸਾਮਰਾਜਵਾਦੀ ਸੰਸਥਾਵਾਂ ਜਾਂ ਅਮਰੀਕਾ ਹੀ ਕਰਦਾ ਰਿਹਾ ਹੈ। ਅਤੇ ਇਹਨਾਂ ਦੇ 'ਖੂਬਸੂਰਤ' ਕੰਮਾਂ ਦਾ ਨਤੀਜਾ ਹੀ ਹੈ ਕਿ ਅੱਜ ਸਾਡੇ ਕੋਲ 10000 ਲੋਕਾਂ ਪਿੱਛੇ ਇੱਕ ਸਰਕਾਰੀ ਐੱਮਬੀਬੀਐੱਸ ਡਾਕਟਰ ਹੈ। ਇਹਨਾਂ ਸਥਿਤੀਆਂ ਦੇ ਕਾਰਨ ਭਾਰਤ ਵਿੱਚ ਹਰ ਸਾਲ 5 ਕਰੋੜ 5 ਲੱਖ ਲੋਕ ਸਿਰਫ ਸਿਹਤ ਖਰਚਿਆਂ ਕਰਕੇ ਗਰੀਬੀ ਰੇਖਾ ਤੋਂ ਹੇਠਾਂ ਚਲੇ ਜਾਂਦੇ ਹਨ।

ਭਾਰਤ ਕਿਸੇ ਵੀ ਲਿਹਾਜ਼ ਨਾਲ ਕੋਰੋਨਾ ਵਰਗੀ ਮਹਾਂਮਾਰੀ ਲਈ ਤਿਆਰ ਨਹੀਂ ਸੀ। ਪਰ ਇੱਥੋਂ ਦਾ ਮੀਡੀਆ ਹਰ ਚੀਜ਼ ਲਈ ਤਿਆਰ ਰਹਿੰਦਾ ਹੈ। ਕੋਰੋਨਾ ਲਈ ਵੀ ਇਹ ਪਹਿਲਾਂ ਤੋਂ ਹੀ ਤਿਆਰ ਸੀ। ਪਹਿਲਾਂ ਅਮਰੀਕਾ ਦੇ ਪਿੱਛੇ ਲੱਗ ਕੇ ਇਸਨੇ ਕੋਰੋਨਾ ਦੇ ਲਈ ਚੀਨ ਨੂੰ ਨਿਸ਼ਾਨਾ ਬਣਾਇਆ ਪਰ ਜਦੋਂ ਭਾਰਤ ਨੂੰ 'ਵੈਂਟੀਲੇਟਰ' ਅਤੇ 'ਟੈਸਟਿੰਗ ਕਿੱਟਾਂ' ਲਈ ਚੀਨ ਅੱਗੇ ਹੱਥ ਅੱਡਣੇ ਪਏ ਤਾਂ ਮੀਡੀਆ ਆਪਣਾ ਅਭਿਆਨ ਵਿਚਾਲੇ ਰੋਕ ਕੇ ਆਪਣੇ ਪਸੰਦੀਦਾ ਦੁਸ਼ਮਣ ਮੁਸਲਮਾਨ 'ਤੇ ਆ ਗਿਆ ਅਤੇ ਕੋਰੋਨਾ ਦਾ ਸਾਰਾ ਠੀਕਰਾ ਮੁਸਲਮਾਨਾਂ ਸਿਰ ਭੰਨ ਦਿੱਤਾ। ਸੰਘ ਦੇ ਆਈ.ਟੀ. ਸੈੱਲ ਵਾਲੇ ਵੀ ਲੌਕਡਾਊਨ ਦੀ ਪੂਰੀ ਵਰਤੋਂ ਕਰਦੇ ਹੋਏ ਖੁਦ ਕੋਰੋਨਾ ਦੀ ਭੂਮਿਕਾ ਵਿੱਚ ਆ ਗਏ ਹਨ। ਅਤੇ ਲੋਕਾਂ ਨੂੰ ਨਵੇਂ ਰੂਪ ਵਿੱਚ ਸੰਕਰਮਿਤ ਕਰਨ ਦਾ ਕੋਈ ਮੌਕਾ ਨਹੀਂ ਛੱਡ ਰਹੇ। ਸਰਕਾਰ ਨੂੰ ਸੀਏਏ ਦੇ ਮਾਮਲੇ ਵਿੱਚ ਮੁਸਲਮਾਨਾਂ ਦੀ ਭੂਮਿਕਾ ਦਾ ਬਦਲਾ ਲੈਣ ਦਾ ਮੌਕਾ ਮਿਲ ਗਿਆ ਹੈ। ਰਾਣਾ ਅਯੂਬ ਦੇ ਟਵਿੱਟਰ ਖਾਤੇ 'ਤੇ ਜਾਰੀ ਕੀਤੀ ਗਈ ਵੀਡੀਓ ਨੂੰ ਕੌਣ ਭੁੱਲ ਸਕਦਾ ਹੈ ਜਿੱਥੇ ਇੱਕ ਮਸਜਿਦ ਵਿੱਚੋਂ ਬਾਹਰ ਨਿਕਲਦੇ ਮੁਸਲਮਾਨਾਂ ਉੱਪਰ ਪੁਲਿਸ ਡਾਂਗਾਂ ਵਰ੍ਹਾ ਰਹੀ ਹੈ। ਕਿੰਨੇ ਹੀ ਮੁਸਲਮਾਨਾਂ ਅਤੇ ਮੁਸਲਮਾਨ ਬਸਤੀਆਂ ਨੂੰ ਕੋਰੋਨਾ ਦੇ ਕਾਰਨ ਕੁਆਰੰਟਾਈਨ ਕੀਤਾ ਗਿਆ ਅਤੇ ਕਿੰਨਿਆਂ ਨੂੰ ਉਹਨਾਂ ਦੇ ਮੁਸਲਮਾਨ ਹੋਣ ਦੇ ਕਾਰਨ ਕੀਤਾ ਗਿਆ, ਇਹ ਹੁਣ ਕਿਸੇ ਤੋਂ ਲੁਕਿਆ ਨਹੀਂ ਹੈ। ਜਦੋਂ ਪੂਰੀ ਦੁਨੀਆ ਕੋਰੋਨਾ ਵਾਇਰਸ ਦੇ ਜੀਨੋਮ ਦਾ ਅਧਿਐਨ ਕਰ ਰਹੀ ਹੈ ਤਾਂ ਅਸੀਂ ਕੋਰੋਨਾ ਦੇ ਧਰਮ ਦੇ ਅਧਿਐਨ ਵਿੱਚ ਰੁੱਝੇ ਹੋਏ ਹਾਂ।

ਦਰਅਸਲ ਭਾਰਤ ਵਰਗੇ ਗਰੀਬ ਦੇਸ਼ ਵਿੱਚ ਜਿੱਥੇ 94 ਫੀਸਦੀ ਮਜ਼ਦੂਰ ਸ਼ਕਤੀ ਅਸੰਗਠਿਤ ਖੇਤਰ ਵਿੱਚ ਕੰਮ ਕਰ ਰਹੀ ਹੈ, ਅੱਧੀ ਤੋਂ ਵੱਧ ਆਬਾਦੀ ਭਿਆਨਕ ਗਰੀਬੀ ਵਿੱਚ ਜੀ ਰਹੀ ਹੈ, ਮੁਕੰਮਲ ਤਾਲਾਬੰਦੀ ਸਹੀ ਬਦਲ ਕਦੇ ਨਹੀਂ ਹੋ ਸਕਦਾ। ਇੱਥੇ ਜ਼ਿਆਦਾ ਤੋਂ ਜ਼ਿਆਦਾ ਟੈਸਟ ਹੋਣੇ ਚਾਹੀਦੇ ਸਨ ਅਤੇ ਇਹਨਾਂ ਟੈਸਟਾਂ ਦੇ ਆਧਾਰ <span lang="PA" style="font-family:"Raavi






**ਕੁਲਦੀਪ ਸਿੰਘ ਦੀਪ (ਡਾ.)**
**ਦੀਪ ਦੁਨੀਆਂ**
**9876820600**

*ਗੱਲ ਥੋੜ੍ਹੀ ਗੰਭੀਰ ਹੈ, ਪਰ ਪੜ੍ਹਨਾ ਜ਼ਰੂਰ ਦੋਸਤੋ...*

# ਦਹਿਸ਼ਤ ਦਾ ਮਨੋਵਿਗਿਆਨ


(ਹਰ ਸ਼ਖਸ ਇਮਤਿਹਾਂ ਮੇ ਹੈ..)

"ਜੇ ਬਹੁਮੰਜ਼ਿਲਾ ਇਮਾਰਤ ਦੀ ਉਪਰਲੀ ਮੰਜਿਲ ਨੂੰ ਅੱਗ ਲੱਗੀ ਹੈ ਤਾਂ ਤੁਸੀਂ ਬੇਸਮੈਂਟ ਵਿਚ ਬੈਠ ਕੇ ਸੈਂਡਵਿਚ ਨਹੀਂ ਬਣਾ ਸਕਦੇ।" ਉਪਰਲੀ ਗੱਲ ਨੂੰ ਦੋ ਰੂਪਾਂ ਵਿਚ ਸਮਝਿਆ ਜਾ ਸਕਦਾ ਹੈ। ਪਹਿਲਾ ਇਹ ਕਿ ਤੁਸੀਂ ਅਜਿਹੇ ਵਕਤ ਮੂਕ ਦਰਸ਼ਕ ਨਹੀਂ ਬਣੇ ਰਹਿ ਸਕਦੇ, ਤੁਹਾਨੂੰ ਕੁਝ ਕਰਨਾ ਪਏਗਾ, ਨਹੀਂ ਜਲਦੀ ਅੱਗ ਤੁਹਾਡੇ ਕੋਲ ਪਹੁੰਚ ਜਾਏਗੀ। ਦੂਜਾ ਇਹ ਕਿ ਦਹਿਸ਼ਤ ਦੇ ਦੌਰ ਵਿਚ ਤੁਸੀਂ ਖੌਫਜ਼ਦਾ ਹੋਏ ਬਿਨਾ ਨਹੀਂ ਰਹਿ ਸਕਦੇ, ਇਹ ਦਹਿਸ਼ਤ ਦਾ ਮਨੋਵਿਗਿਆਨ ਹੈ। ਇਹ ਦੋਵੇਂ ਗੱਲਾਂ ਹੀ ਕਰੋਨਾ ਮਹਾਂਮਾਰੀ ਦੇ ਦੌਰ ਵਿਚ ਅੱਜ ਦੀ ਦੁਨੀਆਂ ਤੇ ਢੁੱਕਦੀਆਂ ਹਨ। ਜਦ ਵੀ ਕੋਈ ਮਹਾਂਮਾਰੀ ਆਉਂਦੀ ਹੈ ਤਾਂ ਲੋਕਾਂ ਦਾ ਇਸ ਤੋਂ ਖੌਫਜ਼ਦਾ ਹੋਣਾ ਸੁਭਾਵਕ ਹੀ। ਜ਼ਿੰਦਗੀ ਖੁੱਸਣ ਦਾ ਡਰ ਇਸ ਦਹਿਸ਼ਤ ਦਾ ਸਭ ਤੋਂ ਵੱਡਾ ਕਾਰਨ ਹੁੰਦਾ ਹੈ ਤੇ ਇਸਦੇ ਬਰਾਬਰ ਦਾ ਕਾਰਨ ਹੁੰਦਾ ਹੈ : ਜ਼ਿੰਦਗੀ ਜਿਉਣ ਦਾ ਜਰੀਆ ਖੁੱਸਣ ਦਾ ਡਰ। ਅਜਿਹੇ ਦੌਰ ਵਿਚ ਜਨਤਾ ਦੀ ਹਾਲਤ ਸਰਕਸ ਵਿਚਲੇ ਉਸ ਖੂਹ ਵਰਗੀ ਹੁੰਦੀ ਹੈ, ਜਿੱਥੇ ਇਕ ਨਿੱਕੀ ਜਿਹੀ ਗਲਤੀ ਵੀ ਮੌਤ ਦੇ ਮੂੰਹ ਤੱਕ ਲੈ ਜਾਂਦੀ ਹੈ ਤੇ ਇਸ ਵਿਚੋਂ ਬਾਹਰ ਨਿਕਲਣ ਵਾਲਾ ਹਰ ਬੰਦਾ ਨਿਰੰਤਰ ਜੂਝਦਾ ਹੋਇਆ ਆਪਣੇ ਅਸਤਿਤਵ ਨੂੰ ਬਚਾਉਣ ਦੇ ਰੂਪ ਵਿਚ ਯੋਧਾ ਹੁੰਦਾ ਹੈ।

ਪਰ ਅੱਜ ਆਪਾਂ ਤੀਸਰੀ ਕਿਸਮ ਦੇ ਡਰ ਦੀ ਗੱਲ ਕਰਾਂਗੇ। ਇਹ ਤੀਸਰੀ ਕਿਸਮ ਦਾ ਡਰ ਕੁਝ ਤਾਕਤਾਂ ਵੱਲੋਂ ਆਪਣੇ ਸਵਾਰਥਾਂ ਹਿੱਤ ਸੁਚੇਤ ਰੂਪ ਵਿਚ ਦਹਿਸ਼ਤ ਫੈਲਾਉਣ ਦੀਆਂ ਕੋਸ਼ਿਸ਼ਾਂ ਕਰਕੇ ਪੈਦਾ ਹੋਇਆ ਹੁੰਦਾ ਹੈ। ਇਹ ਤਾਕਤਾਂ ਬਹੁਤ ਗਿਣੇ-ਮਿੱਥੇ ਤਰੀਕੇ ਨਾਲ ਲੋਕਾਂ ਨੂੰ ਮਨੋਵਿਗਿਆਨਕ ਤੌਰ ਦਹਿਸ਼ਤ ਦੇ ਭਿਆਨਕ ਜੰਗਲ ਵਿਚ ਧਕਦੀਆਂ ਹਨ। ਅੱਜ ਕਰੋਨਾ ਦੇ ਦੌਰ ਵਿਚ ਵੀ ਇੰਝ ਹੀ ਹੋ ਰਿਹਾ ਹੈ। ਇਸ ਦਾ ਪਹਿਲਾ ਪ੍ਰਮਾਣ ਇਹ ਹੈ ਤੁਹਾਨੂੰ ਬਾਕੀ ਸਾਰੀਆਂ ਚੀਜ਼ਾਂ ਨਾਲੋਂ ਤੋੜ ਕੇ ਕਰੋਨਾ ਨਾਲ ਹੋ ਰਹੀਆਂ ਮੌਤ ਦੇ ਇਕ ਖਾਸ ਨੁਕਤੇ ਤੇ ਫੋਕਸ ਕਰ ਦਿੱਤਾ ਗਿਆ ਹੈ। ਇੰਝ ਲਗਦਾ ਹੈ, ਜਿਵੇਂ ਦੁਨੀਆਂ ਵਿਚ ਕਰੋਨਾ ਤੋਂ ਬਿਨਾ ਹੋਰ ਸਾਰੀਆਂ ਖ਼ਬਰਾਂ ਮੁੱਕ ਗਈਆਂ ਹੋਣ। ਮੌਤ ਦਾ ਅੰਕੜਾ ਕ੍ਰਿਕਟ ਦੇ ਸਕੋਰ ਵਾਂਗ ਅੱਪਡੇਟ ਹੋ ਰਿਹਾ ਹੈ। ਜਿਹੜੇ ਵਿਹਲੇ ਨੇ, ਉਹ ਵਟਸ ਐਪ, ਫੇਸਬੁੱਕ ਤੇ ਨਿਊਜ਼ ਚੈਨਲਾਂ ਰਾਹੀਂ ਇਹ ਟਵੰਟੀ ਟਵੰਟੀ ਮੈਚ ਲਾਈਵ ਦੇਖ ਰਹੇ ਹਨ ਤੇ ਜਿਹੜੇ ਕਿਤੇ ਥੋੜੇ-ਬਹੁਤ ਬਿਜ਼ੀ ਹਨ, ਉਹ ਥੋੜੇ ਥੋੜੇ ਸਮੇਂ ਬਾਅਦ ਕ੍ਰਿਕਟ ਦੇ ਸਕੋਰ ਵਾਂਗ ਅਪਡੇਟਸ ਦੇਖ ਰਹੇ ਹਨ। ਇਹ ਵਰਤਾਰਾ ਅੰਦਰੋਂ ਅੰਦਰੀ ਤੁਹਾਡੀ ਆਪਣੀ ਚੇਤਨਾ ਨੂੰ ਹਾਈਜੈਕ ਕਰਦਾ ਹੈ ਤੇ ਤੁਹਾਨੂੰ ਉਥੋਂ ਰੀਐਕਸ਼ਨ ਦੇਣ ਲਈ ਤਿਆਰ ਕਰਦਾ ਹੈ, ਜਿਹੋ ਜਿਹਾ ਰੀਐਕਸ਼ਨ ਉਹ ਤਾਕਤਾਂ ਦੁਆਉਣਾ ਚਾਹੁੰਦੀਆਂ ਹਨ। ਇੰਝ ਹੀ ਵਾਪਰ ਰਿਹਾ ਹੈ। ਪੂਰੇ ਵਿਸ਼ਵ ਦੀ ਸਮਰਾਜੀ ਸੱਤਾ ਤੇ ਉਸ ਦਾ ਖਰੀਦਿਆ ਮੀਡੀਆ ਤੁਹਾਨੂੰ ਕਿਸ ਤਰ੍ਹਾਂ ਹਿਪਨੋਟਾਈਜ਼ ਕਰ ਰਿਹਾ ਹੈ, ਤੁਹਾਨੂੰ ਅਹਿਸਾਸ ਹੀ ਨਹੀਂ ਹੈ ਇਸ ਗੱਲ ਦਾ।

ਆਓ ਇਸ ਦੇ ਕਾਰਨਾਂ ਦੀ ਪੜਚੋਲ ਕਰੀਏ। ਇਸ ਵਰਤਮਾਨ ਕਰੋਨਾ ਸੰਕਟ ਦੇ ਕਾਰਨਾਂ ਵਿਚ ਸਭ ਤੋਂ ਮਹੱਤਵਪੂਰਨ ਕਾਰਨ ਮਨੁੱਖ ਦਾ ਗ਼ੈਰ ਕੁਦਰਤੀ ਵਿਕਾਸ ਮਾਡਲ ਹੈ, ਜਿਸ ਦੇ ਪਿਛੋਕੜ ਵਿਚ ਕੁਦਰਤੀ ਬਣਤਰਾਂ ਨੂੰ ਦਰਕਿਨਾਰ ਕਰਕੇ ਕੀਤਾ ਗਿਆ ਮੁਨਾਫੇ ਦਾ ਸ਼ਾਤਿਰਾਨਾ ਕਾਰੋਬਾਰ ਕਾਰਜਸ਼ੀਲ ਹੈ। ਵਿਸ਼ਵ ਦੀਆਂ ਭਾਰੂ ਸਿਆਸੀ ਤਾਕਤਾਂ ਨੇ ਜਿਸ ਤਰ੍ਹਾਂ ਵੱਡੇ ਕਾਰਪੋਰੇਟ ਅਦਾਰਿਆਂ ਨਾਲ ਮਿਲਕੇ ਕੁਦਰਤ ਦੀ ਤਬਾਹੀ ਕੀਤੀ ਅਤੇ ਕੁਦਰਤੀ ਨਿਆਮਤਾਂ ਨੂੰ ਜੰਗਾਂ, ਹਥਿਆਰਾਂ ਤੇ ਉਤਪਾਦਨ ਵਿਚ ਵਾਧੇ ਕਰਨ ਦੇ ਸੰਦ ਦੇ ਰੂਪ ਵਿਚ ਵਰਤਿਆ, ਉਸ ਨਾਲ 'ਕੁਦਰਤ ਦੀ ਸਥਾਨਕਤਾ' ਦਾ ਸੰਕਲਪ ਤਹਿਸ-ਨਹਿਸ ਹੋਇਆ। 'ਕੁਦਰਤ ਦੀ ਸਥਾਨਕਤਾ' ਕੀ ਹੈ? ਕੁਦਰਤ ਦੋ ਧਰਾਤਲਾਂ ਤੇ ਵਿਚਰਦੀ ਹੈ। ਪਹਿਲਾ ਧਰਾਤਲ ਬ੍ਰਹਿਮੰਡੀ ਧਰਾਤਲ ਹੈ ਜਿਸ ਦੇ ਤਹਿਤ ਮਨੁੱਖ ਨੂੰ ਹਰ ਥਾਂ ਤੇ ਕਾਇਨਾਤ ਦਾ ਵਿਸ਼ਾਲ ਪਾਸਾਰਾ ਦਿਖਾਈ ਦਿੰਦਾ ਹੈ। ਇਹ ਕੁਦਰਤ ਦਾ ਬ੍ਰਹਿਮੰਡੀ ਰੂਪ ਹੈ। ਜਿਸ ਵਿਚ ਸਾਨੂੰ ਸੂਰਜ ਚੜ੍ਹਦਾ ਤੇ ਛਿਪਦਾ ਦਿਖਾਈ ਦਿੰਦਾ ਹੈ, ਚੰਦ, ਤਾਰੇ, ਰੁੱਤਾਂ-ਥਿਤਾਂ ਦਿਖਾਈ ਦਿੰਦੀਆਂ ਹਨ। ਪਰ ਬ੍ਰਹਿਮੰਡੀ ਪਾਸਾਰ ਹੋਣ ਦੇ ਬਾਵਜੂਦ ਕੁਦਰਤ ਦਾ ਕੰਮ ਕਰਨ ਦਾ ਤਰੀਕਾ ਸਥਾਨਕਤਾ ਨਾਲ ਸਬੰਧਤ ਹੈ। ਇਸ ਦਾ ਭਾਵ ਇਹ ਹੈ ਕਿ ਕੁਦਰਤ ਨੇ ਆਪਣੀਆਂ ਬਹੁਤ ਸਾਰੀਆਂ ਵਿਭਿੰਨਤਾਵਾਂ ਤੇ ਵਿੱਲਖਣਤਾਵਾਂ ਨੂੰ ਵੱਖ-ਵੱਖ ਰੂਪਾਂ ਵਿਚ ਵੱਖ ਵੱਖ ਜੋਨਾਂ ਤੱਕ ਸੀਮਤ ਰੱਖਿਆ ਹੈ। ਜਿਵੇਂ ਸੂਰਜ ਦਿਸਦਾ ਸਭ ਨੂੰ ਹੈ, ਪਰ ਇਸ ਦੇ ਪ੍ਰਭਾਵ ਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਵੱਖਰੇ-ਵੱਖਰੇ ਦਿਖਾਈ ਦਿੰਦੇ ਹਨ। ਕਿਤੇ ਇਹ ਬਹੁਤ ਤਿੱਖਾ ਤੇ ਚੁਸਤ ਦਿਸਦਾ ਹੈ ਕਿਤੇ ਬਹੁਤ ਮੱਠਾ ਤੇ ਸੁਸਤ ਤੇ ਕਿਤੇ ਕਿਤੇ ਬਹੁਤ ਮੁਸ਼ਕਿਲ ਨਾਲ ਦਿਖਦਾ ਹੈ ਅਤੇ ਅੱਲਗ ਅੱਲਗ ਸਮਿਆਂ ਤੇ ਦਿਖਦਾ ਹੈ। ਭਾਵ ਵਰਤਾਰਾ ਬ੍ਰਹਿਮੰਡੀ ਹੈ, ਪਰ ਪ੍ਰਭਾਵ ਸਥਾਨਕ ਹਨ।

ਇਸੇ ਤਰ੍ਹਾਂ ਕੁਦਰਤ ਵਿਚ ਕਰੋੜਾਂ ਅਰਬਾਂ ਤਰ੍ਹਾਂ ਦੀਆਂ ਜੀਵਾਂ ਦੀਆਂ ਨਸਲਾਂ ਤੇ ਪ੍ਰਜਾਤੀਆਂ ਹਨ, ਇਹ ਕੁਦਰਤ ਦਾ ਬ੍ਰਹਿਮੰਡੀ ਰੂਪ ਹੈ। ਪਰ ਬ੍ਰਹਿਮੰਡ ਵਿਚ ਹਰ ਨਸਲ ਦਾ ਪੈਦਾ ਹੋਣ ਤੇ ਖ਼ਤਮ ਹੋਣਾ ਦਾ ਆਪਣਾ ਇਕ ਸਥਾਨਕ ਦਾਇਰਾ ਹੈ ਤੇ ਆਪਣਾ ਵਿਲੱਖਣ ਜੀਨ ਸਟਰਕਚਰ ਹੈ ਤੇ ਉਹ ਜੀਨ ਸਟਰਕਚਰ ਉੱਥੇ ਤੱਕ ਹੀ ਸੀਮਤ ਰਹਿੰਦਾ ਹੈ, ਜਿੱਥੇ ਤੱਕ ਉਹ ਨਸਲ ਵਿਚਰਦੀ ਹੈ। ਜਿਵੇਂ ਉੱਲੂ ਸਦੀਆਂ ਤੋਂ ਰਹਿ ਰਹੇ ਹਨ, ਪਰ ਉਹ ਮਨੁੱਖ ਅਤੇ ਹੋਰ ਨਸਲਾਂ ਤੋਂ ਹਮੇਸ਼ਾ ਉਂਨੀ ਕੁ ਦੂਰੀ ਬਣਾ ਕੇ ਰਖਦੇ ਹਨ। ਪਰ ਮਨੁੱਖ ਨੇ ਗ਼ੈਰਕੁਦਰਤੀ ਰੂਪ ਵਿਚ ਆਪਣੇ ਵਪਾਰਕ ਮਕਸਦਾਂ ਲਈ ਬਹੁਤ ਸਾਰੀਆਂ ਜੀਨ ਸਟਰਕਚਰਾਂ ਨੂੰ ਨਾ ਕੇਵਲ ਆਪਸ ਵਿਚ ਰਲਗਡ ਕੀਤਾ ਬਲਕਿ ਇਹਨਾਂ ਦਾ ਗਲੋਬਲੀਕਰਨ ਕਰਦੇ ਹੋਏ ਇਹਨਾਂ ਨੂੰ ਜਬਰੀ ਧੂਹ ਕੇ ਆਪਣੇ ਕੋਲ ਕਰ ਲਿਆ। ਇਸ ਪਿੱਛੇ ਉਸ ਦੀ ਸਾਰੇ ਬ੍ਰਹਿਮੰਡ ਵਿੱਚੋਂ ਆਪਣੇ ਆਪ ਨੂੰ ਸੁਪਰ ਕਹਾਉਣ ਦੀ ਲਲਕ ਵੀ ਸੀ ਤੇ ਕੁਦਰਤ ਨੂੰ ਨਿਚੋੜ ਕੇ ਕੀਤਾ ਜਾਣ ਵਾਲਾ ਮੁਨਾਫ਼ੇ ਦਾ ਕਾਰੋਬਾਰ ਵੀ ਸੀ। ਵਪਾਰਕ ਹਿੱਤਾਂ ਦੇ ਤਹਿਤ ਪੈਦਾ ਕੀਤਾ ਇਹ ਅਸਧਾਰਨ ਵੇਰਡਾਪਣ ਬਹੁਤ ਰੂਪਾਂ ਵਿਚ ਨੁਕਸਾਨਦੇਹ ਸਾਬਤ ਹੋਇਆ।

ਜਿਸ ਤਰ੍ਹਾਂ ਇਹਨਾਂ ਤਾਕਤਾਂ ਨੇ ਜੀਵਾਂ ਜੰਤੂਆਂ ਦੀ ਨਸਲਾਂ ਵਿਚ ਇਹ ਵਿਗਾੜ ਪੈਦਾ ਕੀਤੇ, ਉਸੇ ਤਰ੍ਹਾਂ ਪੇੜ-ਪੌਦਿਆਂ ਤੇ ਫਸਲਾਂ ਦੇ ਮਾਮਲੇ ਵਿਚ ਵੀ ਕੀਤਾ ਗਿਆ। ਪੈਦਾਵਾਰਾਂ ਵਿਚ ਵਾਧਾ ਕਰਨ ਲਈ ਹਰ ਚੀਜ਼ ਦੇ ਜੀਨਜ਼ ਵਿਚ ਆਪਣੀ ਦਖਲ-ਅੰਦਾਜ਼ੀ ਸ਼ੁਰੂ ਕਰ ਦਿੱਤੀ। ਜਿਸ ਦੇ ਤਹਿਤ ਕੁਦਰਤ ਵੱਲੋਂ ਉਸ ਜੀਨ ਨੂੰ ਦਿੱਤੀਆਂ ਵਿਸ਼ੇਸ਼ ਨਿਆਮਤਾਂ ਨੂੰ ਆਪਣੇ ਵਪਾਰਕ ਹਿੱਤਾਂ ਦੇ ਮੁਤਾਬਕ ਮਨਮਰਜੀ ਨਾਲ ਬਦਲਕੇ ਉਸ ਵਿਚ ਜੀਨ-ਵਿਗਾੜ ਪੈਦਾ ਕੀਤੇ। ਬੀਟੀ ਕਾਟਨ ਇਸ ਦੀ ਪ੍ਰਮੁੱਖ ਉਦਾਹਰਨ ਹੈ। ਬੀਜ ਤੋਂ ਬੀਜ ਪੈਦਾ ਕਰਨ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਤਬਾਹ ਕਰਕੇ ਜੀਨ-ਵਿਗਾੜ ਰਾਹੀਂ ਇਸ ਦਾ ਅਜਿਹਾ ਨਵਾਂ ਬੀਜ ਪੈਦਾ ਕੀਤਾ ਜਿਸ ਨਾਲ ਹਰ ਵਾਰ ਨਵਾਂ ਬੀਜ ਹੀ ਖਰੀਦਿਆ ਜਾਣਾ ਹੈ। ਇਸ ਤਬਦੀਲੀ ਨਾਲ ਬੀਜ ਪੈਦਾ ਕਰਨ ਵਾਲਿਆਂ ਦਾ ਮੁਨਾਫ਼ਾ ਰਾਤੋ ਰਾਤ ਸੈਂਕੜੇ ਗੁਣਾ ਵੱਧ ਗਿਆ। ਪਰ ਕੁਦਰਤ ਨਾਲ ਕੀਤਾ ਗਿਆ ਇਹ ਬਹੁਤ ਵੱਡਾ ਖਿਲਵਾੜ ਸੀ।

ਇਹੀ ਕੁਝ ਪਸ਼ੂ ਪਾਲਣ ਦੇ ਉਤਪਾਦਨਾਂ ਨਾਲ ਵੀ ਵਾਪਰ ਰਿਹਾ ਹੈ। ਮਨੀਸ਼ ਅਜ਼ਾਦ (ਇਕ ਚਿੰਤਕ) ਹੋਰਾਂ ਨੇ ਇਸ ਤੱਥ ਵੱਲ ਇਸ਼ਾਰਾ ਕੀਤਾ ਸੀ ਕਿ ਇਹਨਾਂ ਮੁਰਗੀਆਂ, ਸੂਰਾਂ ਅਤੇ ਹੋਰ ਬਹੁਤ ਸਾਰੀਆਂ ਨਸਲਾਂ ਦੀਆਂ ਆਪਣੋ-ਆਪਣੀਆਂ ਗੁੱਠਾਂ ਵਿਚ ਵਿਕਸਿਤ ਹੋਣ ਦੇ ਵਰਤਾਰੇ ਨੂੰ ਤੋੜ ਕੇ ਉਹਨਾਂ ਦਾ ਗਲੋਬਲੀਕਰਨ ਵੀ ਕੀਤਾ ਅਤੇ ਉਹਨਾਂ ਵਿਚ ਬਹੁਤ ਤਰੀਕੇ ਨਾਲ ਜੈਨੇਟਿਕ ਵਿਗਾੜ ਦੇ ਨਵੇਂ ਰਾਹ ਖੋਲੇ। ਇਹ ਨਵੇਂ ਰਾਹ ਇਹਨਾਂ ਲਈ ਰੱਜਵੇਂ ਮੁਨਾਫ਼ੇ ਦੇ ਰਾਹ ਤਾਂ ਬਣੇ ਪਰ ਦੁਨੀਆਂ ਲਈ ਅਨੇਕ ਖ਼ਤਰਨਾਕ ਵਾਇਰਸਾਂ ਦੇ ਰੂਪ ਵਿਚ ਨਵੀਆਂ ਤੋਂ ਨਵੀਆਂ ਮਹਾਂਮਾਰੀਆਂ ਦੇ ਰਾਹ ਵੀ ਬਣੇ। ਰੋਚਕ ਤੇ ਸਮਝਣਯੋਗ ਤੱਥ ਇਹ ਹੈ ਕਿ ਇਹਨਾਂ ਮਹਾਂਮਾਰੀਆਂ ਦੇ ਪੈਦਾ ਹੋਣ ਦਾ ਆਧਾਰ ਵੀ ਮੁਨਾਫ਼ਾ ਹੈ ਤੇ ਇਹਨਾਂ ਮਹਾਂਮਾਰੀਆਂ ਨਾਲ ਨਜਿੱਠਣ ਦਾ ਪਾਸਾਰ ਵੀ ਮੁਨਾਫੇ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ।

**ਇਕ ਉਦਾਹਰਨ ਨਾਲ ਗੱਲ ਸਮਝੀ ਜਾ ਸਕਦੀ ਹੈ** : ਮੁਨਾਫ਼ੇ ਲਈ ਪੈਦਾ ਹੋਈ ਹਰੀ ਕਰਾਂਤੀ ਕੈਂਸਰ ਮਹਾਂਮਾਰੀ ਦਾ ਅਧਾਰ ਬਣੀ ਤੇ ਕੈਂਸਰ ਮਹਾਂਮਾਰੀ ਕੈਂਸਰ ਇੰਡਸਟਰੀ (ਦਵਾਈਆਂ ਤੇ ਵੱਡੇ ਵੱਡੇ ਹਸਪਤਾਲਾਂ ਦੇ ਰੂਪ ਵਿਚ) ਦੇ ਵਿਕਸਿਤ ਹੋਣ ਦੇ ਰੂਪ ਵਿਚ ਮੁੜ ਨਵੇਂ ਮੁਨਾਫ਼ਿਆਂ ਦਾ ਆਧਾਰ ਬਣੀ। ਇਸੇ ਤਰ੍ਹਾਂ ਇਹਨਾਂ ਨਵੇਂ ਵਾਇਰਸਾਂ ਰਾਹੀਂ ਪੈਦਾ ਹੋਣ ਵਾਲੀਆਂ ਮਹਾਂਮਾਰੀਆਂ ਵਿਚ ਵੀ ਹੋ ਰਿਹਾ ਹੈ। ਜਿਵੇਂ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਹ ਸਾਰੀਆਂ ਮਹਾਂਮਾਰੀਆਂ ਸਾਮਰਾਜੀ ਮੁਲਕਾਂ ਤੇ ਕਾਰਪੋਰੇਟ ਸੈਕਟਰ ਦੁਆਰਾ ਗ਼ੈਰਕੁਦਰਤੀ ਤਰੀਕੇ ਨਾਲ ਕੁਦਰਤੀ ਸਰੋਤਾਂ ਨੂੰ ਅੰਨ੍ਹੇਵਾਹ ਬਰਬਾਦ ਕਰਕੇ ਵਿਕਸਿਤ ਕੀਤੀ ਮੁਨਾਫਾ ਪ੍ਰਣਾਲੀ ਵਿੱਚੋਂ ਪੈਦਾ ਹੋਏ ਜੈਵਿਕ ਵਿਗਾੜਾਂ ਨਾਲ ਪੈਦਾ ਹੋ ਰਹੀਆਂ ਹਨ ਅਤੇ ਮੁੜ ਮੁਨਾਫੇ ਦੀ ਇਕ ਨਵੀਂ ਮੰਡੀ ਦਾ ਆਧਾਰ ਬਣ ਰਹੀਆਂ ਹਨ। ਪਿਛਲੇ ਦਿਨਾਂ ਵਿਚ ਇਕੱਲੇ ਚੀਨ ਨੇ ਹੀ ਅਰਬਾਂ ਦੀ ਗਿਣਤੀ ਵਿਚ ਮਾਸਕਾਂ ਦਾ ਕਾਰੋਬਾਰ ਕੀਤਾ ਹੈ। ਇਸ ਤੋਂ ਇਲਾਵਾ ਵੈਂਟੀਲੇਟਰ, ਪੀ ਪੀ ਈ ਕਿੱਟਾਂ, ਸੈਨੇਟਾਈਜ਼ਰ ਤੇ ਹੋਰ ਬਹੁਤ ਕੁਝ ਦੇ ਵਪਾਰ ਦੀ ਪੂਰੀ ਦੁਨੀਆਂ ਵਿਚ ਸਪੇਸ ਬਣਾ ਲਈ ਗਈ ਹੈ। ਅਜੇ ਸਭ ਤੋਂ ਮਹੱਤਵਪੂਰਨ ਉਤਪਾਦ ਮਾਰਕੀਟ ਵਿਚ ਆਉਣਾ ਬਾਕੀ ਹੈ, ਜਿਸ ਦੇ ਲਈ ਪੂਰੀ ਦੁਨੀਆ ਦੇ ਸਾਮਰਾਜੀ ਮੁਲਕਾਂ ਵਿਚ ਦੌੜ ਲੱਗੀ ਹੋਈ ਹੈ। ਇਹ ਉਤਪਾਦ ਹੈ : ਵੈਕਸੀਨ।

ਹੁਣ ਇਸ ਸਾਰੇ ਅਲਜਬਰੇ ਨੂੰ ਸਮਝੀਏ। ਵਪਾਰ ਦਾ ਪਹਿਲਾ ਪੜਾਅ ਹੁੰਦਾ ਹੈ-ਗਾਹਕ ਨੂੰ ਮਨੋਵਿਗਿਆਨਕ ਤੌਰ 'ਤੇ ਤਿਆਰ ਕਰਨਾ ਅਤੇ ਉਸ ਨੂੰ ਆਉਣ ਵਾਲੇ ਪ੍ਰੋਡਕਟ ਦਾ ਬਹੁਤ ਸ਼ਿੱਦਤ ਨਾਲ ਅਹਿਸਾਸ ਕਰਾਉਣਾ। ਇਸ ਪਹਿਲੇ ਪੜਾਅ ਵਿਚ ਇਹ ਵਪਾਰੀ ਲੋਕ ਪੂਰੀ ਤਰ੍ਹਾਂ ਕਾਮਯਾਬ ਹੋ ਚੁੱਕੇ ਹਨ। ਪੂਰੀ ਦੁਨੀਆ ਦਹਿਸ਼ਤ ਦੇ ਮਨੋਵਿਗਿਆਨ ਵਿਚ ਜੀ ਰਹੀ ਹੈ। ਅਰਦਾਸਾਂ ਹੋ ਰਹੀਆਂ ਹਨ, ਦੁਆਵਾਂ ਕੀਤੀਆਂ ਜਾ ਰਹੀਆਂ ਹਨ..ਰੋਜ਼ ਟੀਵੀ ਦੀਆਂ ਸਕਰੀਨਾਂ ਤੇ 24 ਘੰਟੇ ਮੌਤ ਦਾ ਅੰਕੜਾ ਕ੍ਰਿਕਟ ਦੇ ਸਕੋਰ ਜਿਉਂ ਅਪਡੇਟ ਹੋ ਰਿਹਾ ਹੈ। ਪੂਰੀ ਦੁਨੀਆਂ ਵਿਚ ਮੌਤ ਦੇ ਅੰਕੜੇ ਨੂੰ ਵੱਖ ਵੱਖ ਗ੍ਰਾਫਿਕਸ ਰਾਹੀਂ ਇੰਝ ਲੋਕਾਂ ਦੇ ਮਨਾਂ ਵਿਚ ਠੋਸਿਆ ਜਾ ਰਿਹਾ ਹੈ ਕਿ ਉਹ ਹੋਰ ਕੁਝ ਸੋਚ ਹੀ ਨਾ ਸਕਣ। ਲਾਕ ਡਾਊਨ ਇਸ ਦਾ ਪਹਿਲਾ ਕਦਮ ਸੀ ਜਿਸ ਨੇ ਲੋਕਾਂ ਤੋਂ ਸਾਰੇ ਰੁਝੇਵੇਂ ਖੋਹ ਲਏ ਹਨ ਤੇ ਸਿਰਫ ਤੇ ਸਿਰਫ ਕਰੋਨਾ, ਮੌਤ, ਦਹਿਸ਼ਤ ਅਤੇ ਇਸ ਤੋਂ ਬਚਾਅ ਉਪਰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਦੁਨੀਆਂ ਭਰ ਦੇ ਸਾਰੇ ਅੰਦੋਲਨਾਂ ਨੂੰ ਫਰਿਜ਼ ਕਰ ਦਿੱਤਾ ਗਿਆ ਹੈ। ਹਰ ਪ੍ਰਕਾਰ ਦੀ ਮਨੁੱਖੀ ਸਰਗਰਮੀ ਨੂੰ ਕਰੋਨਾ ਰਾਹੀਂ ਹੋ ਰਾਹੀਂ ਮੌਤ ਦੇ ਨੁਕਤੇ ਤੇ ਲਿਆ ਕੇ ਫੋਕਸ ਕਰ ਦਿੱਤਾ ਗਿਆ ਹੈ। ਤੁਹਾਨੂੰ ਕੀ ਲਗਦਾ ਹੈ, ਆਮ ਹਾਲਤਾਂ ਵਿਚ ਮੌਤਾਂ ਹੁੰਦੀਆਂ ਨਹੀਂ ਸਨ? 2020 ਦੇ ਪਹਿਲੇ 100 ਦਿਨਾਂ ਦਾ ਇਕ ਅੰਕੜਾ ਦੇਖੋ :

ਇਹਨਾਂ ਸੌ ਦਿਨਾਂ ਵਿਚ ਕਰੋਨਾ ਰਾਹੀਂ ਪੂਰੇ ਵਿਸ਼ਵ ਵਿਚ ਲਗਭਗ ਡੇਢ ਲੱਖ ਮੌਤ ਹੋਈ। ਇਹ ਅੰਕੜਾ ਤੁਸੀਂ ਸਾਰਿਆਂ ਨੇ ਰੱਟਿਆ ਹੋਇਆ ਹੈ, ਪਰ ਜੋ ਅੰਕੜਾ ਆਪਾਂ ਭੁੱਲ ਚੁੱਕੇ ਹਾਂ, WHO ਦੀ ਇਕ ਰਿਪੋਰਟ ਦੇ ਹਵਾਲੇ ਨਾਲ ਉਹ ਸਾਂਝਾ ਕਰ ਰਹੇ ਹਾਂ;

- **ਇਹਨਾਂ 100 ਦਿਨਾਂ ਵਿਚ 49 ਲੱਖ ਮੌਤਾਂ ਦਿਲ ਦੀਆਂ ਬੀਮਾਰੀਆਂ ਨਾਲ ਸਬੰਧਤ ਹੋਈਆਂ ਹਨ।**
- **ਇਹਨਾਂ 100 ਦਿਨਾਂ ਵਿਚ ਸਵਾ ਲੱਖ ਮੌਤਾਂ ਮਲੇਰੀਏ ਨਾਲ ਹੋਈਆਂ ਹਨ।**
- **ਇਹਨਾਂ 100 ਦਿਨਾਂ ਵਿਚ ਅੱਠ ਲੱਖ ਦੇ ਕਰੀਬ ਮੌਤਾਂ ਅਲਕੋਹਲ ਨਾਲ ਹੋਈਆਂ ਹਨ।**
- **ਇਹਨਾਂ 100 ਦਿਨਾਂ ਵਿਚ ਤਿੰਨ ਲੱਖ ਮੌਤਾਂ ਐਚ ਆਈ ਵੀ ਏਡਜ਼ ਨਾਲ ਹੋਈਆਂ ਹਨ।**
- **ਇਹਨਾਂ 100 ਦਿਨਾਂ ਵਿਚ ਸਵਾ ਦੋ ਲੱਖ ਮੌਤਾਂ ਸੁਸਾਈਡ ਨਾਲ ਹੋਈਆਂ ਹਨ।**
- **ਇਹਨਾਂ 100 ਦਿਨਾਂ ਵਿਚ ਢਾਈ ਲੱਖ ਮੌਤਾਂ ਭੁੱਖਮਰੀ ਨਾਲ ਹੋਈਆਂ ਹਨ।**
- **ਇਹਨਾਂ 100 ਦਿਨਾਂ ਵਿਚ ਸਵਾ ਲੱਖ ਮੌਤਾਂ ਤਮਾਕੂ ਨਾਲ ਹੋਈਆਂ ਹਨ।**

ਹੁਣ ਸੋਚੋ ਕੀ ਇਹਨਾਂ 20 ਲੱਖ ਦੇ ਕਰੀਬ ਇਹਨਾਂ ਮੌਤਾਂ ਦਾ ਕਦੇ ਕ੍ਰਿਕਟ ਦਾ ਸਕੋਰ ਵਾਂਗ ਅਪਡੇਸ਼ਨ ਹੋਇਆ ਹੈ? ਇਹ ਸਾਰਾ ਕੁਝ ਇਸ ਰੂਪ ਵਿਚ ਵਾਪਰ ਰਿਹਾ ਹੈ ਕਿ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਇੱਕਲੇ ਭਾਰਤ ਵਿਚ ਹੁਣ ਵੀ ਕਰੋਨਾ ਤੋਂ ਬਿਨਾ 25 ਹਜ਼ਾਰ ਲੋਕ ਰੋਜ ਮਰਦੇ ਹਨ, ਜਦਕਿ ਕਰੋਨਾ ਨਾਲ ਸਾਰੀਆਂ ਮੌਤਾਂ 723 ਹੋਈਆਂ ਹਨ। ਇਸੇ ਤਰ੍ਹਾਂ ਪੰਜਾਬ ਵਿਚ ਆਮ ਮੌਤਾਂ ਰੋਜ਼ 600 ਹੁੰਦੀਆਂ ਹਨ ਤੇ ਕਰੋਨਾ ਨਾਲ ਸਾਰੀਆਂ 16 ਹੋਈਆਂ ਹਨ। ਮਾਜ਼ਰਾ ਕੀ ਹੈ? ਇਹ ਸਭ ਕੁਝ ਸਾਨੂੰ ਕਿਉਂ ਨਹੀਂ ਦਿਸ ਰਿਹਾ। ਕਿਉਂਕਿ ਵਿਕਾਊ ਮੀਡੀਆ ਨੇ 24 ਘੰਟੇ 'ਕਰੋਨਾ ਕਰੋਨਾ' ਕਰਕੇ ਸਾਡੀਆਂ ਅੱਖਾਂ ਤੇ ਐਨਕ ਹੀ ਕਰੋਨਾ ਦੀ ਲਾ ਦਿੱਤੀ। ਇਸ ਲਈ ਸਾਉਣ ਦੇ ਅੰਨ੍ਹਿਆਂ ਨੂੰ ਹੁਣ ਹਰਾ ਹੀ ਹਰਾ ਦਿਖਾਈ ਦਿੰਦਾ ਹੈ।

ਦੋਸਤੋ! ਉਹ ਮਦਾਰੀ ਕਾਮਯਾਬ ਹੁੰਦਾ ਹੈ ਜੋ ਲੋਕਾਂ ਨੂੰ ਹਿਪਨੋਟਾਈਜ਼ ਕਰਕੇ ਸਿਰਫ ਉਹ ਚੀਜ਼ ਦੇਖਣ ਤਕ ਸੀਮਤ ਕਰ ਦੇਵੇ ਜੋ ਉਹ ਦੇਖਣ ਲਾਉਣਾ ਚਾਹੁੰਦਾ ਹੈ। ਹੁਣ ਵਾਲੇ ਮਦਾਰੀ ਬਿਲਕੁਲ ਕਾਮਯਾਬ ਹਨ। ਬਸ ਸਮਾਂ ਬਦਲਿਆ ਹੈ, ਚੀਜ਼ਾਂ ਦੇ ਨਾਂ ਬਦਲੇ ਹਨ, ਪਰ ਵਪਾਰ ਉਹੀ ਹੈ। ਕਦੇ ਦੁਨੀਆਂ ਵਿਚ ਯੁੱਧ ਦਾ ਟੈਰਰ ਪੈਦਾ ਕਰਕੇ ਪਰਮਾਣੂ ਪ੍ਰੀਖਣ ਕਰਵਾਏ ਗਏ ਸਨ। ਗਵਾਂਢੀ ਮੁਲਕਾਂ ਨਾਲ ਭੇੜ ਪੁਆ ਕੇ ਜੰਗੀ ਜਹਾਜ਼, ਤੋਪਾਂ, ਬੇੜੇ, ਐਟਮ, ਮਿਸਾਈਲਾਂ ਤੇ ਹੋਰ ਹਥਿਆਰ ਬੇਚੇ ਗਏ ਸਨ, ਹੁਣ ਕਰੋਨਾ ਦਾ ਟੈਰਰ ਪੈਦਾ ਕਰਕੇ ਮਾਸਕ, ਪੀ ਪੀ ਈ ਕਿੱਟਾਂ, ਟੈਸਟਿੰਗ ਕਿੱਟਾਂ, ਵੈਂਟੀਲੇਟਰ ਬੇਚੇ ਜਾ ਰਹੇ ਹਨ ਤੇ ਅਜੇ ਵੱਡਾ ਕਾਰੋਬਾਰ ਸ਼ੁਰੂ ਹੋਣਾ ਹੈ। ਕਹਿਣ ਦਾ ਭਾਵ ਵਪਾਰ ਲਈ ਹਾਲਤ ਪੂਰੀ ਤਰ੍ਹਾਂ ਸਾਜ਼ਗਾਰ ਹਨ। ਮਦਾਰੀ ਡੰਡ ਬੈਠਕਾਂ ਕੱਢ ਰਹੇ ਹਨ। ਕਿਹੜੇ ਮਦਾਰੀ ਦਾ ਕਿੰਨਾ ਦਾਅ ਲਗਣਾ ਹੈ। ਇਹ ਤਾਂ ਵਕਤ ਦੱਸੇਗਾ, ਪਰ ਲੱਗੇਗਾ ਸਭ ਦਾ ਹੀ-ਕਿਸੇ ਦਾ ਘੱਟ ਤੇ ਕਿਸੇ ਦਾ ਵੱਧ। ਜੇਕਰ ਅੱਜ ਤੋਂ ਦੋ ਮਹੀਨੇ ਪਹਿਲਾਂ ਕਿਸੇ ਬੰਦੇ ਨੂੰ ਕਿਹਾ ਜਾਂਦਾ ਕਿ ਤੇਰੀ ਕੋਰੋਨਾ ਤੋਂ ਬਚਣ ਲਈ ਵੈਕਸੀਨੇਸ਼ਨ ਕਰਨੀ ਹੈ ਤਾਂ ਸੌ 'ਚੋਂ ਮੁਸ਼ਕਿਲ ਨਾਲ ਪੰਜ ਬੰਦੇ ਤਿਆਰ ਹੋਣੇ ਸੀ। ਤੇ ਜੇ ਇਹੀ ਅੱਜ ਕਿਹਾ ਜਾਵੇ ਤਾਂ ਜਿਹੜੇ ਬੰਦਿਆਂ ਤੋਂ ਕਰੋਨਾ ਸੌ ਕਿਲੋਮੀਟਰ ਦੂਰ ਹੈ, ਉਹ ਵੀ 100 'ਚੋਂ 95 ਬੰਦੇ ਵੈਕਸੀਨੇਸ਼ਨ ਕਰਾਉਣ ਲਈ ਤਿਆਰ ਹੋ ਜਾਣਗੇ। ਇਹੀ ਹੈ ਵਪਾਰ ਦਾ ਮਨੋਵਿਗਿਆਨ ਜਿਸ ਵਿਚ ਇਹ ਵੱਡੇ-ਛੋਟੇ ਸਾਰੇ ਮਦਾਰੀ ਪੂਰੀ ਤਰ੍ਹਾਂ ਕਾਮਯਾਬ ਰਹੇ ਹਨ।

ਹੁਣ 'ਵੈਕਸੀਨ ਗੇਮ' ਸ਼ੁਰੂ ਹੋਣੀ ਹੈ। ਟਰੇਲਰ ਸਾਮ੍ਹਣੇ ਆਉਣੇ ਸ਼ੁਰੂ ਹੋ ਗਏ ਹਨ..ਵੱਖ ਵੱਖ ਯੂਨੀਵਰਸਿਟੀਆਂ ਦੀਆਂ ਖੋਜਾਂ ਦੀਆਂ ਖ਼ਬਰਾਂ ਆ ਰਹੀਆਂ ਹਨ। ਸਿਆਸਤ ਤੇ ਵਪਾਰ ਡਾਕਟਰਾਂ ਤੇ ਵਿਗਿਆਨੀਆਂ ਦੇ ਕੰਧਾੜੇ ਚੜ੍ਹ ਕੇ ਮੰਡੀ ਵਿਚ ਆਉਣ ਲਈ ਤਿਆਰ ਹੈ, ਗਾਹਕ ਵੀ ਪੱਬਾਂ ਭਾਰ ਹੈ ਤੇ ਬਹੁਤ ਜਲਦੀ ਟਵੰਟੀ-ਟਵੰਟੀ ਕ੍ਰਿਕਟ ਵਾਂਗ ਚੌਕੇ-ਛੱਕੇ ਲੱਗਣੇ ਸ਼ੁਰੂ ਹੋਣੇ ਹਨ ਤੇ ਸਾਰਾ ਡਾਕਾ ਤੁਹਾਡੀਆਂ ਜੇਬਾਂ ਤੇ ਵੱਜਣਾ ਹੈ। ਤੁਸੀਂ ਜਿਹੜੇ ਪਹਿਲਾਂ ਹੀ ਖ਼ੁਦਕੁਸ਼ੀਆਂ ਦੇ ਕਗਾਰ ਤੇ ਸੀ, ਤੁਸੀਂ ਜਿਹੜੇ ਪਹਿਲਾਂ ਹੀ ਦੁਨੀਆਂ ਦੀ ਇਕ ਅਰਬ ਅਬਾਦੀ ਦੇ ਰੂਪ ਵਿਚ ਸਲੱਮਾਂ ਵਿਚ ਰਹਿ ਰਹੇ ਸੀ, ਤੁਸੀਂ ਜਿਹੜੇ ਪਹਿਲਾਂ ਹੀ ਉਹਨਾਂ ਦੇ ਇਕਨਾਮਿਕ ਜ਼ੋਨਾਂ ਤੇ ਫੈਕਟਰੀਆਂ ਵਿਚ ਕੰਮ ਕਰਕੇ ਉਹਨਾਂ ਦੇ ਮੁਨਾਫੇ ਦੇ ਸੰਦ ਬਣੇ ਹੋਏ ਸੀ, ਹੁਣ ਫੇਰ ਸ਼ਿਕਾਰ ਹੋਣ ਲਈ ਤਿਆਰ ਹੋ।

ਇਕ ਗੱਲ ਹੋਰ...ਖਰੀਦਿਆ ਹੋਇਆ ਮੀਡੀਆ ਬਹੁਤ ਚਲਾਕੀ ਨਾਲ ਹੁਣ ਕਾਰਪੋਰੇਟ ਅਦਾਰਿਆਂ ਦੇ ਵਪਾਰਾਂ ਵਿਚ ਅਰਬਾਂ-ਖਰਬਾਂ ਦਾ ਘਾਟਾ ਦਿਖਾ ਰਿਹਾ ਹੈ, ਤਾਂਕਿ ਇਕ ਤਾਂ ਤੁਹਾਨੂੰ ਉਹਨਾਂ ਨਾਲ ਹਮਦਰਦੀ ਹੋ ਜਾਵੇ ਤੇ ਦੂਜਾ ਤੁਹਾਨੂੰ ਇਹ ਲੱਗੇ ਕਿ ਇਹ ਵੀ ਸਾਡੇ ਵਾਂਗ ਸੰਕਟਾਂ ਦੇ ਸ਼ਿਕਾਰ ਹਨ। ਇਸੇ ਤਰ੍ਹਾਂ ਇਹੀ ਮੀਡੀਆ ਤੁਹਾਡੇ ਸਾਮ੍ਹਣੇ ਵੱਡੀਆਂ ਵੱਡੀਆਂ ਫੋਟੋਆਂ ਸਮੇਤ ਇਹਨਾਂ ਨੂੰ ਦਾਨੀਆਂ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ। ਇਕ ਲੱਖ ਕਰੋੜ ਅਰਬ ਡਾਲਰ ਵਾਲਾ ਬੰਦਾ ਸਿਰਫ ਸੌ ਕਰੋੜ ਭਾਰਤੀ ਰੁਪਈਆ ਦਾਨ ਕਰ ਰਿਹਾ ਹੈ ਤਾਂ ਕਿ ਤੁਸੀਂ ਇਹ ਭਰੋਸਾ ਕਰ ਸਕੋ ਕਿ ਉਹ ਮੁਕੰਮਲ ਤੌਰ 'ਤੇ ਤੁਹਾਡੇ ਨਾਲ ਹੈ। ਇਹੀ ਉਹ ਸ਼ਾਤਿਰਾਨਾ ਮਨੋਵਿਗਿਆਨ ਪਹੁੰਚ ਹੈ ਜਿਸ ਨਾਲ ਇਸ ਵਕਤ ਤੁਹਾਨੂੰ ਆਪਣੇ ਭਰੋਸੇਮੰਦ ਗਾਹਕ ਦੇ ਤੌਰ 'ਤੇ ਗੰਢਿਆ ਜਾ ਰਿਹਾ ਹੈ ਤਾਂ ਜੋ ਤੁਹਾਨੂੰ ਉਸ ਵਕਤ ਇਹ ਸਭ ਕੁਝ ਯਾਦ ਰਹੇ, ਜਦ ਅਗਲੇ ਦਿਨਾਂ ਵਿਚ ਤੁਹਾਡੇ ਤੇ ਮਹਿੰਗਾਈ, ਬੇਰੁਜ਼ਗਾਰੀ ਤੇ ਭੁੱਖਮਰੀ ਦੀ ਗਾਜ਼ ਡਿੱਗਣੀ ਹੈ ਤੇ ਤੁਸੀਂ ਉਸ ਵਕਤ ਇਸ ਨੂੰ 'ਸਪਾਂਸਡ ਕਰੋਪੀ' ਦੀ ਬਜਾਏ 'ਕੁਦਰਤੀ ਕਰੋਪੀ' ਸਮਝ ਕੇ 'ਰਬ ਦਾ ਭਾਣਾ' ਮੰਨ ਕੇ ਸਵੀਕਾਰ ਕਰ ਲਉ। ਉਸ ਵਕਤ ਤੁਹਾਨੂੰ ਕਿਸੇ ਨੇ ਇਹ ਡੇਟਾ ਨਹੀਂ ਦੱਸਣਾ ਕਿ ਜਿਨ੍ਹਾਂ ਅਦਾਰਿਆਂ ਨੇ ਪਹਿਲਾਂ ਕਈ ਲੱਖ ਕਰੋੜ ਦਾ ਘਾਟਾ ਦਿਖਾਇਆ ਸੀ ਉਹਨਾਂ ਦਾ ਕਾਰੋਬਾਰ ਇਸ ਮੌਤ ਦੀ ਇੰਡਸਟਰੀ ਨਾਲ ਕਿੰਨੇ ਗੁਣਾ ਵਧ ਜਾਣਾ ਹੈ। ਅੱਜ ਦੀ ਇਕ ਖ਼ਬਰ ਹੀ ਇਸ ਗੱਲ ਦੀ ਗਵਾਹ ਹੈ ਕਿ ਸਾਡੀ ਸਭ ਦੀ ਚਹੇਤੀ ਫੇਸਬੁੱਕ ਨੇ ਜੀਓ ਅਦਾਰੇ ਵਿਚ 9.99% ਹਿੱਸਾ ਪਾ ਕੇ ਮੁਕੇਸ਼ ਅੰਬਾਨੀ ਨੂੰ ਰਾਤੋ ਰਾਤ ਏਸ਼ੀਆ ਦਾ ਸਭ ਤੋਂ ਅਮੀਰ ਬੰਦਾ ਬਣਾ ਦਿੱਤਾ ਹੈ। ਦੋਸਤੋ! ਲਾਕਡਾਊਨ ਬੁਨਿਆਦੀ ਰੂਪ ਵਿਚ ਲਗਜ਼ਰੀ ਹੈ, ਜੋ ਅਪਰ ਮਿਡਲ ਕਲਾਸ ਤੋਂ ਲੈ ਕੇ ਅਮੀਰ ਕਲਾਸ ਤੱਕ ਹੋਰ ਅਰਥ ਰੱਖਦੀ ਹੈ ਤੇ ਲੋਅਰ ਮਿਡਲ ਕਲਾਸ ਤੇ ਕਿਰਤੀ ਵਰਗ ਲਈ ਹੋਰ ਅਰਥ ਰੱਖਦੀ ਹੈ। ਇਸ ਲਾਕਡਾਊਨ ਨੇ ਪਹਿਲੇ ਵਰਗ ਨੂੰ ਬੀਮਾਰੀ ਤੋਂ ਬਚਾ ਕੇ ਉਹਨਾਂ ਦਾ ਵਰਤਮਾਨ ਸੇਫ ਕਰ ਲਿਆ ਤੇ ਆਉਣ ਵਾਲੇ ਸਮੇਂ ਵਿਚ ਤੁਹਾਨੂੰ ਭਰੋਸੇਮੰਦ ਗਾਹਕ ਬਣਾ ਕੇ ਭਵਿੱਖ ਵੀ ਸੇਫ ਕਰ ਲਿਆ, ਪਰ ਕਿਰਤੀ ਕਿਸਾਨ ਤੇ ਲੋਅਰ ਮਿਡਲ ਕਲਾਸ ਹੁਣ ਵੀ ਘਰ ਘਾਟ, ਵਪਾਰ, ਰੁਜ਼ਗਾਰ ਤੇ ਰੋਟੀ ਦੀ ਲੋੜ ਵਿਚ ਪਿਸ ਰਹੀ ਹੈ ਤੇ ਆਉਣ ਵਾਲੇ ਸਮੇਂ ਵਿਚ ਕਿੰਨੀਆਂ ਹੋਰ ਨਿੱਕੀਆਂ-ਵੱਡੀਆਂ ਮਹਾਂਮਾਰੀਆਂ ਨਾਲ ਤੁਹਾਨੂੰ ਲੜਨਾ ਪੈਣਾ ਹੈ, ਇਹ ਤੁਸੀਂ ਫਿਲਹਾਲ ਸੋਚ ਵੀ ਨਹੀਂ ਸਕਦੇ। ਸੋ ਮੈਂ ਕੱਲ੍ਹ ਵੀ ਕਿਹਾ ਸੀ ਕਿ ਯੇ ਤੋ ਸਿਰਫ ਟਰੇਲਰ, ਫਿਲਮ ਤੋ ਅਭੀ ਬਾਕੀ ਹੈ। ਬਸ ਜਾਂਦੇ ਜਾਂਦੇ :

**ਖ਼ੌਫ਼ ਓ ਦਹਿਸ਼ਤ ਮੇਂ ਲਬ ਨਹੀਂ ਖੁਲਤੇ,**
**ਵਰਨਾ ਕਾਤਿਲ ਤੋ ਮੇਰੀ ਨਿਗਾਹ ਮੇਂ ਹੈ...**

### ਜਨਮਦਿਨ ਮੌਕੇ

# ਲੋਕ ਕਵੀ ਸੰਤ ਰਾਮ ਉਦਾਸੀ ਦਾ ਪਿੰਡ - ਰਾਏਸਰ





ਰਣਦੀਪ ਸੰਗਤਪੁਰਾ
98556-95905
rvs0001@gmail.com

ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਨ ਵਾਲੇ ਕਵੀ ਸੰਤ ਰਾਮ ਉਦਾਸੀ ਦਾ ਪਿੰਡ ਰਾਏਸਰ ਬਰਨਾਲਾ ਤੋਂ 14 ਕਿਲੋਮੀਟਰ ਦੀ ਦੂਰੀ 'ਤੇ ਵਸਿਆ ਹੋਇਆ ਹੈ।

ਕਿਸੇ ਸਮੇਂ ਇਹ ਪਿੰਡ ਰਾਏਕੋਟ ਦੇ ਮੁਸਲਿਮਾਂ ਦੀ ਜਾਗੀਰ ਹੁੰਦਾ ਸੀ। ਹੁਣ ਪਿੰਡ ਦੇ ਦੋ ਹਿੱਸੇ ਹਨ — ਰਾਏਸਰ ਪੰਜਾਬ, ਦੂਜਾ ਰਾਏਸਰ ਪਟਿਆਲਾ।

1947 ਤੋਂ ਪਹਿਲਾਂ ਰਾਏਸਰ ਪਟਿਆਲਾ 'ਤੇ ਮਹਾਰਾਜਾ ਪਟਿਆਲਾ ਦਾ ਕਬਜ਼ਾ ਸੀ, ਜਦੋਂਕਿ ਰਾਏਸਰ ਪੰਜਾਬ ਅੰਗਰੇਜ਼ਾਂ ਦੇ ਅਧੀਨ ਸੀ।

ਮੌਜੂਦਾ ਸਮੇਂ ਪਿੰਡ ਦੀ ਆਬਾਦੀ ਕਰੀਬ 9,000 ਹੈ, ਜਿਸ 'ਚੋਂ 3100 ਵੋਟਰ ਹਨ।

ਪਿੰਡ ਦਾ ਲੋਕ—ਪੱਖੀ ਲਹਿਰਾਂ 'ਚ ਬਹੁਤ ਯੋਗਦਾਨ ਰਿਹਾ ਹੈ। ਇੱਥੋਂ ਦੇ ਆਜ਼ਾਦੀ ਘੁਲਾਟੀਆਂ 'ਚੋਂ ਅਰਜੁਨ ਮੁਨੀ ਨੇ ਜਵਾਹਰ ਲਾਲ ਨਹਿਰੂ ਨਾਲ ਜੇਲ੍ਹ ਕੱਟੀ ਸੀ। ਸੁਰਜਣ ਸਿੰਘ ਭੁੱਲਰ ਆਜ਼ਾਦ ਹਿੰਦ ਫੌਜ ਦਾ ਸਿਪਾਹੀ ਸੀ।

ਨਕਸਲਬਾੜੀ ਲਹਿਰ ਦੌਰਾਨ ਪਿੰਡ ਦੇ ਸ਼ਹੀਦ ਮਿਹਰ ਸਿੰਘ ਮੰਡਵੀ, ਕਾਮਰੇਡ ਕਰਨੈਲ ਸਿੰਘ, ਜਥੇਦਾਰ ਹਰਜੀਤ ਸਿੰਘ, ਸੰਤ ਰਾਮ ਉਦਾਸੀ ਸਰਗਰਮ ਰਹੇ ਸਨ। ਲਹਿਰ ਦਾ ਹਿੱਸਾ ਰਹੇ ਕਾਮਰੇਡ ਕਰਨੈਲ ਸਿੰਘ ਦੱਸਦੇ ਹਨ ਕਿ ਹਕੂਮਤੀ ਜ਼ਬਰ ਦੌਰਾਨ ਉਹਨਾਂ 6 ਸਾਲ 3 ਮਹੀਨੇ ਕੈਦ ਕੱਟੀ ਸੀ, ਹਕੂਮਤ ਨੇ ਉਸਦੇ ਘਰ ਨੂੰ ਅੱਗ ਲਗਵਾ ਦਿੱਤੀ ਸੀ ਅਤੇ ਜਥੇਦਾਰ ਹਰਜੀਤ ਸਿੰਘ ਦੀ ਫਸਲ ਬਰਬਾਦ ਕਰ ਦਿੱਤੀ ਸੀ।

1947 ਦੇ ਬਟਵਾਰੇ ਦੌਰਾਨ ਕਰੀਬ 50 ਘਰ ਪਾਕਿਸਤਾਨ ਤੋਂ ਆ ਕੇ ਇੱਥੇ ਵਸੇ, ਇਨ੍ਹਾਂ 'ਚ ਗਰੇਵਾਲ, ਸੇਖੋਂ, ਧਾਲੀਵਾਲ, ਗਿੱਲ, ਸਿੱਧੂ, ਥਿੰਦ, ਬਾਸੀ ਅਤੇ ਚੀਮਾਂ ਗੋਤ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਹਨ।

ਬਟਵਾਰੇ ਦੌਰਾਨ ਪਿੰਡ ਦੇ ਕਹਿੰਦੇ ਕਹਾਉਂਦੇ ਵੈਲੀ ਬਰਖਰਦਾਰ ਨੂੰ ਮੁਸਲਿਮ ਹੋਣ ਕਾਰਨ ਘਰ ਛੱਡ ਕੇ ਪਾਕਿਸਤਾਨ ਜਾਣਾ ਪਿਆ ਸੀ। ਉਸ ਦਾ ਘਰ ਮਿੱਤ ਸਿੰਘ ਸੂਬੇਦਾਰ ਨੂੰ ਅਲਾਟ ਹੋ ਗਿਆ ਸੀ। ਇਸ ਘਰ 'ਚ ਅੱਜ ਕੱਲ੍ਹ ਜੋਗਿੰਦਰ ਸਿੰਘ ਬੇਰ ਵਾਲੇ ਰਹਿ ਹਨ। ਦੱਸਿਆ ਜਾਂਦਾ ਹੈ ਕਿ ਬਟਵਾਰੇ ਤੋਂ ਪਹਿਲਾਂ ਬਰਖਰਦਾਰ ਅਤੇ ਪਿੰਡ ਦੇ ਹੀ ਜਰਨੈਲ ਸਿੰਘ ਵਿਚਕਾਰ ਕੱਟੜ ਦੁਸ਼ਮਣੀ ਸੀ।

1947 ਬਾਅਦ ਪਕਾਸਿਤਾਨ ਤੋਂ ਇੱਕ ਵਾਰ ਬਰਖਦਾਰ ਪਿੰਡ ਦੇ ਲੋਕਾਂ ਨੂੰ ਮਿਲਣ ਆਇਆ ਤਾਂ ਜਰਨੈਲ ਸਿੰਘ ਨੇ ਦੁਸ਼ਮਣੀ ਭੁਲਾ ਮਿੱਤਰਤਾ ਦਾ ਸੰਦੇਸ਼ ਦਿੰਦਿਆਂ ਬਰਖਰਦਾਰ ਦਾ ਸਵਾਗਤ ਕੀਤਾ ਸੀ। ਉਹ ਉਸਨੂੰ ਆਉਣ ਵੇਲੇ ਅੱਡੇ ਤੋਂ ਲੈ ਕੇ ਆਇਆ ਅਤੇ ਜਾਣ ਵੇਲੇ ਪਿੰਡ ਦੀ ਜੂਹ ਲੰਘਾ ਕੇ ਅਇਆ ਸੀ।

1984 ਵੇਲੇ ਦਿੱਲੀ ਦੇ ਦੰਗਿਆਂ ਤੋਂ ਪੀੜਿਤ ਇੱਕ ਪਰਿਵਾਰ ਵੀ ਇੱਥੇ ਆ ਕੇ ਵਸਿਆ ਹੋਇਆ ਹੈ।

1953—54 'ਚ ਬਰਨਾਲਾ ਦੇ ਖਿਡਾਰੀ ਪਟਿਆਲਾ ਰਾਜ ਘਰਾਣੇ ਵੱਲੋਂ ਕਰਵਾਏ ਕਬੱਡੀ ਮੁਕਾਬਲੇ ਨੂੰ ਜਿੱਤ ਕੇ ਲਿਆਏ ਸਨ, ਪ੍ਰੰਤੂ ਨਾਈਵਾਲਾ ਵਿਖੇ ਹੋਏ ਇੱਕ ਮੁਕਾਬਲੇ ਦੌਰਾਨ ਰਾਏਸਰ ਦੀ ਟੀਮ ਨੇ ਬਰਨਾਲਾ ਟੀਮ ਨੂੰ ਹਰਾ ਕੇ ਬੱਲੇ—ਬੱਲੇ ਕਰਵਾ ਦਿੱਤੀ ਸੀ, ਇਸ ਟੀਮ 'ਚ ਗੁਰਦੇਵ ਸਿੰਘ ਢੈਪਈ ਵਾਲੇ, ਸੁਰਜੀਤ ਬੀਹਲਾ, ਸ਼ੇਰ ਸਿੰਘ ਸਰਪੰਚ ਅਤੇ ਜੋਗਿੰਦਰ ਸਿੰਘ ਬੇਰ ਵਾਲੇ ਸਾਮਲ ਸਨ।

1962 ਦੇ ਭਾਰਤ—ਚੀਨ ਯੁੱਧ ਦੌਰਾਨ ਪਿੰਡ ਦੇ ਫੌਜੀ ਰਘਵੀਰ ਸਿੰਘ ਗਰੇਵਾਲ ਅਤੇ ਦਰਬਾਰਾ ਸਿੰਘ ਸ਼ਹੀਦ ਹੋਏ ਸਨ। ਪਿੰਡ 'ਚ ਰਘਵੀਰ ਸਿਘ ਗਰੇਵਾਲ ਦੀ ਯਾਦ 'ਚ ਬੁੱਤ ਵੀ ਸਥਾਪਿਤ ਕੀਤਾ ਗਿਆ ਹੈ। ਪ੍ਰੰਤੂ ਦਰਬਾਰਾ ਸਿੰਘ ਦੀ ਸ਼ਹਾਦਤ ਅਣਗੌਲੀ ਹੈ, ਉਸਦੀ ਯਾਦਗਾਰ ਬਣਾਉਣ ਲਈ ਕਿਸੇ ਨੇ ਹੰਭਲਾ ਨਹੀਂ ਮਾਰਿਆ। ਮੌਜੂਦਾ ਸਮੇਂ ਪਿੰਡ 'ਚ ਪੰਜਾਬ ਪੱਤੀ, ਪਟਿਆਲਾ ਪੱਤੀ, ਕਾਲਸਾਂ ਪੱਤੀਆਂ ਹਨ।

ਪਿੰਡ 'ਚ ਜੱਟ ਸਿੱਖ, ਮਜ਼ਬੀ ਸਿੱਖ, ਰਾਮਗੜ੍ਹੀਆ ਸਿੱਖ, ਨਾਈ, ਮਰਾਸੀ, ਮਹਿਰੇ, ਬ੍ਰਾਹਮਣ, ਖੱਤਰੀ ਜਾਤਾਂ ਦੇ ਲੋਕ ਵਸਦੇ ਹਨ। ਜਿਹਨਾਂ 'ਚ ਗਿੱਲ, ਗਰੇਵਾਲ, ਸਿੱਧੂ, ਧਾਲੀਵਾਲ, ਬਾਸੀ, ਸੇਖੋਂ, ਬੁੱਟਰ, ਧੰਜਲ, ਘਨੌੜੇ, ਭੱਠਲ, ਸੂਚ, ਸ਼ਰਮਾ ਗੋਤਾਂ ਦੇ ਪਰਿਵਾਰ ਸ਼ਾਮਲ ਹਨ। ਪਿੰਡ 'ਚ ਇੱਕ—ਦੋ ਘਰ ਮੁਸਲਮਾਨਾਂ ਦੇ ਵੀ ਹਨ। ਇਸ ਤੋਂ ਇਲਾਵਾ ਹੁਣ ਪ੍ਰਵਾਸੀ ਬਿਹਾਰੀਏ ਵੀ ਆਣ ਵਸੇ ਹਨ। ਇੱਥ ਘਰ ਖੁਸਰਿਆਂ ਦਾ ਵੀ ਹੈ। ਪਿੰਡ ਦੇ ਇੱਕ ਮੇਘਰਾਜ ਨਾਮੀਂ ਵੈਦ ਹੋਏ ਹਨ। ਉਹਨਾਂ ਕੋਲ 10—10 ਪਿੰਡਾਂ ਦੇ ਲੋਕ ਦਵਾਈ ਲੈਣ ਆਉਂਦੇ ਸਨ। ਇਲਾਜ ਸਸਤਾ ਹੋਣ ਕਾਰਨ ਉਹਨਾਂ ਦੀ ਪ੍ਰਸਿੱਧੀ ਦੂਰ ਦੂਰ ਤੱਕ ਸੀ।

ਪਿੰਡ ਦੇ ਹੀ ਨਿਰਮਲ ਸਿੰਘ ਧੰਜਲ (ਮਿਸਤਰੀ) ਨੇ ਥਾਪਰ ਯੂਨੀਵਰਸਿਟੀ ਤੋਂ ਡਿਪਲੋਮਾ ਕੀਤਾ ਸੀ, ਰੋਪੜ ਅਤੇ ਲਹਿਰਾ ਮੁਹੱਬਤ ਥਰਮਲ ਪਲਾਂਟ ਦਾ ਨਕਸ਼ਾ ਬਣਾਉਣ 'ਚ ਉਸਦੀ ਅਹਿਮ ਭੂਮਿਕਾ ਸੀ, ਅੱਜ—ਕੱਲ੍ਹ ਉਹ ਕੁਵੈਤ 'ਚ ਸਟੀਲ ਇੰਡਸਟਰੀ ਚਲਾ ਰਿਹਾ ਹੈ।

ਪਿੰਡ 'ਚੋਂ ਕਰੀਬ 30 ਪਰਿਵਾਰ ਵਿਦੇਸ਼ਾਂ 'ਚ ਜਾ ਵਸੇ ਹਨ।

ਪਿੰਡ 'ਚ ਧਾਰਮਿਕ ਸਥਾਨ ਵੱਡੀ ਗਿਣਤੀ 'ਚ ਹਨ, ਜਿਹਨਾਂ 'ਚ 7 ਗੁਰਦੁਆਰਾ ਸਾਹਿਬ, ਇੱਕ ਮੰਦਿਰ ਅਤੇ ਕੁਲਵੰਤ ਮੁਨੀ ਦਾ ਡੇਰਾ ਸ਼ਾਮਲ ਹਨ।

ਨਾਮਧਾਰੀ ਕੂਕਿਆਂ ਦੀ ਯਾਦ 'ਚ ਇੱਥੇ ਇੱਕ ਥੜ੍ਹਾ ਵੀ ਉਸਾਰਿਆ ਹੋਇਆ ਹੈ।

ਪਿੰਡ 'ਚ ਦੋ ਬੈਂਕ ਐਚ ਡੀ ਐਫ ਸੀ ਅਤੇ ਸਟੇਟ ਬੈਕ ਆਫ ਪਟਿਆਲਾ ਸਥਾਪਤ ਹਨ।

ਰਾਜਾ ਰਾਏਸਰੀਆ ਕਬੱਡੀ ਦਾ ਅੰਤਰਰਾਸ਼ਟਰੀ ਖਿਡਾਰੀ ਹੈ।

ਧੰਨਵਿੰਦਰ ਸਿੰਘ ਅਤੇ ਗੁਰਜੀਤ ਸਿੰਘ ਵੱਲੋਂ ਸਾਹਿਬਜਾਦਾ ਅਜੀਤ ਸਿੰਘ ਫਾਊਂਡੇਸ਼ਨ ਸਥਾਪਤ ਕੀਤੀ ਗਈ ਹੈ, ਜੋ ਪਿਛਲੇ 10 ਸਾਲ ਤੋਂ ਹਰ ਸਾਲ 11 ਕੁੜੀਆਂ ਦੇ ਵਿਆਹ ਕਰਦੀ ਆ ਰਹੀ ਹੈ।

ਸਾਬਕਾ ਸਰਪੰਚ ਜਮਨਾ ਦੇਵੀ, ਗੁਰਜੰਟ ਸਿੰਘ, ਦਰਸ਼ਨ ਸਿੰਘ ਸੂਬਾ, ਡਾ. ਬਿੱਲੂ ਰਾਏਸਰ, ਰਾਜਾ ਧਾਲੀਵਾਲ ਦੀ ਅਗਵਾਈ 'ਚ ਕੰਮ ਕਰਦੇ ਭਾਈ ਘਨੱਈਆ ਬੇਸਹਾਰਾ ਕਲੱਬ ਵੱਲੋਂ ਸਰਕਾਰੀ ਸਕੂਲ ਨੂੰ 4 ਲੱਖ ਰੁਪਏ ਦੀ ਮਦਦ ਕੀਤੀ ਗਈ ਹੈ, ਹਰ ਸਾਲ ਛੋਟੇ ਸਾਹਿਬਜਾਦਿਆਂ ਦੀ ਯਾਦ 'ਚ ਮਹਿਲ ਕਲਾਂ ਵਿਖੇ ਲੰਗਰ ਲਗਾਇਆ ਜਾਂਦਾ ਹੈ, ਪਿੰਡ ਨੂੰ ਐਂਬੂਲੈਂਸ ਵੈਨ ਦੀ ਸਹੂਲਤ ਦਿੱਤੀ ਹੈ ਅਤੇ ਹਰ ਸਾਲ ਬੱਚੀਆਂ ਦੀ ਲੋਹੜੀ ਵੀ ਮਨਾਉਂਦੇ ਹਨ।

ਪਿੰਡ ਦੇ ਹੀ ਡਾ. ਬਿੱਲੂ ਰਾਏਸਰ ਨੇ ਖਾਲਿਸਤਾਨੀ ਲਹਿਰ 'ਤੇ ਆਧਾਰਿਤ ਨਾਵਲ "ਤੇ ਲਹੂ ਵਹਿੰਦਾ ਰਿਹਾ" ਅਤੇ ਕਬੱਡੀ ਖਿਡਾਰੀ ਅੰਬੀ ਹਠੂਰ ਬਾਰੇ ਪੁਸਤਕ "ਅੰਬੀ ਹਠੂਰ ਨੂੰ ਯਾਦ ਕਰਦਿਆ" ਲਿਖੀ ਹੈ, ਇਸ ਤੋਂ ਇਲਾਵਾ ਉਹ ਸੰਤ ਰਾਮ ਉਦਾਸੀ ਬਾਰੇ ਵੀ ਪੁਸਤਕ ਲਿਖ ਰਹੇ ਹਨ।

ਮੌਜੂਦਾ ਸਮੇਂ ਰਾਏਸਰ ਪੰਜਾਬ ਦੇ ਸਰਪੰਚ ਸ਼੍ਰੀਮਤੀ ਸਵਰਨ ਕੌਰ, ਰਾਏਸਰ ਪਟਿਆਲਾ ਦੇ ਸਰਪੰਚ ਜਗਦੇਵ ਕੁਮਾਰ ਭੋਲਾ ਹਨ। ਇਕਬਾਲ ਉਦਾਸੀ, ਸੁਰਿੰਦਰ ਸ਼ਰਮਾ, ਡਾ. ਬਿੱਲੂ, ਕਾਮਰੇਡ ਕਰਨੈਲ ਸਿੰਘ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ ਗੋਪੀ ਹਰ ਸਾਲ 6 ਨਵੰਬਰ ਨੂੰ ਸੰਤ ਰਾਮ ਉਦਾਸੀ ਯਾਦਗਾਰ ਕਮੇਟੀ ਵੱਲੋਂ ਪ੍ਰੋਗਰਾਮ ਕਰਵਾਉਂਦੇ ਹਨ।

ਪਿੰਡ ਦੇ ਬਾਹਰ ਸੰਤ ਰਾਮ ਉਦਾਸੀ ਯਾਦਗਾਰੀ ਗੇਟ ਵੀ ਸਥਾਪਤ ਕੀਤਾ ਗਿਆ ਹੈ।

2010 'ਚ ਸਰਕਾਰੀ ਸਕੂਲ ਅਪਗ੍ਰੇਡ ਹੋਣ ਵੇਲੇ ਲੋਕਾਂ ਦੀ ਮੰਗ 'ਤੇ ਸਕੂਲ ਦਾ ਨਾਂਅ ਸੰਤ ਰਾਮ ਉਦਾਸੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਖਣ ਦੀ ਪ੍ਰਵਾਨਗੀ ਮਿਲ ਗਈ ਸੀ।

### ਠੂਠਿਆਂਵਾਲੀ ਕਾਂਡ ਬਾਰੇ ਜਮਹੂਰੀ ਅਧਿਕਾਰ ਸਭਾ ਦੀ ਰਿਪੋਰਟ

# ਜਬਰ ਢਾਹੁਣ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ

ਕੱਲ੍ਹ ਆਨਲਾਈਨ ਸੂਚਨਾ ਪੋਰਟਲਾਂ ਦੇ ਖੋਜੀ ਪੱਤਰਕਾਰਾਂ ਵੱਲੋਂ ਜ਼ਿਲ੍ਹਾ ਮਾਨਸਾ ਦੇ ਪਿੰਡ ਠੂਠਿਆਂਵਾਲੀ ਦੇ ਦਲਿਤ ਵਿਹੜੇ ਉੱਪਰ ਪੁਲਿਸ ਵੱਲੋਂ ਢਾਹੇ ਵਹਿਸ਼ੀ ਜਬਰ ਦੇ ਲੂ-ਕੰਡੇ ਖੜ੍ਹੇ ਕਰਨ ਵਾਲੇ ਤੱਥ ਸਾਹਮਣੇ ਲਿਆਂਦੇ ਗਏ ਹਨ। ਅਖ਼ਬਾਰਾਂ ਦੇ ਸਥਾਨਕ ਐਡੀਸ਼ਨਾਂ ਵਿਚ ਇਸ ਨੂੰ "ਲੋਕਾਂ ਨੇ ਕਾਨੂੰਨ ਲਿਆ ਹੱਥ ਵਿਚ" ਬਣਾ ਕੇ ਪੇਸ਼ ਕੀਤਾ ਗਿਆ ਅਤੇ ਇਸ ਨਾਲ ਪੁਲਿਸ ਲਈ ਇਸ ਜਬਰ ਉੱਪਰ ਪਰਦਾ ਪਾਉਣਾ ਸੌਖਾ ਹੋ ਗਿਆ। ਜਦ ਇਹ ਤੱਥ ਜਮਹੂਰੀ ਅਧਿਕਾਰ ਸਭਾ ਦੇ ਧਿਆਨ ਵਿਚ ਆਏ ਤਾਂ ਸੂਬਾਈ ਟੀਮ ਵੱਲੋਂ 'ਦੀ ਵਾਇਰ' ਅਤੇ 'ਸੂਹੀ ਸਵੇਰ ਮੀਡੀਆ' ਵੱਲੋਂ ਕੀਤੇ ਖ਼ੁਲਾਸਿਆਂ ਦੇ ਮੱਦੇਨਜ਼ਰ ਖ਼ੁਦ ਵੀ ਇਹਨਾਂ ਤੱਥਾਂ ਦੀ ਜਾਂਚ ਕੀਤੀ ਗਈ। ਜਾਂਚ ਵਿਚ ਸਾਹਮਣੇ ਆਇਆ ਕਿ ਪੁਲਿਸ ਦਾ ਹਮਲਾ ਪੂਰੀ ਤਰ੍ਹਾਂ ਬਦਲਾਲਊ ਅਤੇ ਵਿਹੜੇ ਨੂੰ ਸਬਕ ਸਿਖਾਉਣ ਦੀ ਮਾਨਸਿਕਤਾ ਨਾਲ ਅਤੇ ਯੋਜਨਾਬੱਧ ਸੀ। ਪੰਜਾਬ ਦੇ ਇਨਸਾਫ਼ਪਸੰਦ ਅਤੇ ਜਮਹੂਰੀ ਲੋਕਾਂ ਨੂੰ ਇਸ ਵਰਤਾਰੇ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ। ਲੌਕਡਾਊਨ ਲਾਗੂ ਕਰਾਉਣ ਦੇ ਨਾਂ ਹੇਠ ਪੁਲਿਸ ਨੂੰ ਆਮ ਲੋਕਾਂ ਉੱਪਰ ਬੇਤਹਾਸ਼ਾ ਜਬਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਹੁਕਮਰਾਨਾਂ ਵੱਲੋਂ ਮਹਾਂਮਾਰੀ ਨੂੰ ਰੋਕਣ ਦੀ ਕਮਾਨ ਪੁਲਿਸ ਦੇ ਡੰਡੇ ਦੇ ਹੱਥ ਵਿਚ ਦਿੱਤੀ ਗਈ ਹੈ ਜਿਸ ਵੱਲੋਂ ਆਮ ਲੋਕਾਂ ਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਬਜਾਏ ਡੰਡੇ ਦੇ ਜ਼ੋਰ ਲੌਕਡਾਊਨ ਲਾਗੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੌਕਡਾਊਨ ਦੌਰਾਨ ਪੁਲਿਸ ਵੱਲੋਂ ਆਮ ਲੋਕਾਂ ਉੱਪਰ ਬੇਤਹਾਸ਼ਾ ਜਬਰ ਦਾ ਸਿਲਸਿਲਾ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪੂਰੇ ਪੰਜਾਬ ਵਿਚ ਹੀ ਵੱਖ-ਵੱਖ ਘਟਨਾਵਾਂ ਰਾਹੀਂ ਜਬਰ ਦਾ ਇਕ ਸਾਂਝਾ ਪੈਟਰਨ ਸਾਹਮਣੇ ਆ ਰਿਹਾ ਹੈ। ਇਸ ਦੀ ਇਕ ਸਭ ਤੋਂ ਘਿਣਾਉਣੀ ਮਿਸਾਲ 12 ਅਪ੍ਰੈਲ ਨੂੰ ਮਾਨਸਾ ਜ਼ਿਲੇ ਦੇ ਪਿੰਡ ਠੂਠਿਆਂਵਾਲੀ ਦੀ ਹੈ ਜਿੱਥੇ ਦਲਿਤਾਂ ਦੇ ਘਰਾਂ ਉੱਪਰ ਹਮਲਾ ਕਰਕੇ ਨਾ ਸਿਰਫ਼ ਬੇਕਸੂਰ ਮਰਦਾਂ, ਔਰਤਾਂ ਅਤੇ ਬੱਚਿਆਂ ਉੱਪਰ ਬੇਰਹਿਮੀ ਨਾਲ ਤਸ਼ੱਦਦ ਕੀਤਾ ਗਿਆ ਸਗੋਂ 24 ਜਣਿਆਂ ਉੱਪਰ ਇਰਾਦਾ ਕਤਲ ਅਤੇ ਹਿੰਸਾ ਨਾਲ ਸੰਬੰਧਤ ਹੋਰ ਸੰਗੀਨ ਧਾਰਾਵਾਂ ਲਗਾ ਕੇ ਅਤੇ ਸਰਕਾਰੀ ਅਧਿਕਾਰੀਆਂ ਨੂੰ ਡਿਊਟੀ ਕਰਨ ਤੋਂ ਰੋਕਣ ਦਾ ਝੂਠਾ ਕੇਸ ਪਾ ਕੇ ਜੇਲ ਵਿਚ ਡੱਕ ਦਿੱਤਾ ਗਿਆ। ਗ੍ਰਿਫ਼ਤਾਰ ਕੀਤੇ ਲੋਕਾਂ ਵਿਚ ਇਕ 13-14 ਸਾਲ ਦਾ ਬੱਚਾ ਵੀ ਹੈ ਜਿਸ ਨੂੰ ਪੁਲਸ ਨੇ ਝੂਠ ਬੋਲ ਕੇ ਬਾਲਗ ਦਿਖਾਇਆ ਹੈ।

ਇਸ ਸ਼ਰਮਨਾਕ ਘਟਨਾ ਦੀ ਸ਼ੁਰੂਆਤ 11 ਅਪ੍ਰੈਲ ਦੇਰ ਸ਼ਾਮ ਨੂੰ ਹੋਈ ਜਦੋਂ ਠੂਠਿਆਂਵਾਲੀ ਚੌਕੀ ਦੇ ਇੰਚਾਰਜ ਸਹਾਇਕ ਥਾਣੇਦਾਰ ਗੁਰਤੇਜ ਸਿੰਘ ਆਪਣੇ ਦਲ ਬਲ ਸਮੇਤ ਪਿੰਡ ਦੇ ਦਲਿਤ ਵੇਹੜੇ ਵਿਚ ਆ ਧਮਕਿਆ। ਉਸ ਸਮੇਂ ਕੁਝ ਬੱਚੇ ਅਤੇ ਅਲੂਏਂ ਨੌਜਵਾਨ ਖੇਡ ਰਹੇ ਸਨ ਅਤੇ ਔਰਤਾਂ ਬਾਹਰ ਕੰਮ ਧੰਦੇ ਕਰ ਰਹੀਆਂ ਸਨ ਕਿਉਂਕਿ ਘਰ ਭੀੜੇ ਹੋਣ ਕਰਕੇ ਬੈਠਣ ਦੀ ਥਾਂ ਨਹੀਂ ਸੀ। ਪੁਲਸ ਨੂੰ ਦੇਖਕੇ ਬੱਚੇ ਅਤੇ ਨੌਜਵਾਨ ਆਪਣੇ ਘਰਾਂ ਵੱਲ ਦੌੜ ਪਏ। ਪੁਲਸ ਵੀ ਉਹਨਾਂ ਦੇ ਪਿੱਛੇ ਦੌੜ ਪਈ। ਥਾਣੇਦਾਰ ਗੁਰਤੇਜ ਸਿੰਘ ਇੱਕ ਬੱਚੇ ਦਾ ਪਿੱਛਾ ਕਰਦਾ ਆਪਣੇ ਸਾਥੀਆਂ ਸਮੇਤ ਜੈਲਾ ਸਿੰਘ ਦੇ ਘਰ ਵੜ ਗਿਆ ਅਤੇ ਜਾਂਦਿਆਂ ਹੀ ਉਸਦੇ ਨਾਬਾਲਗ ਲੜਕੇ ਹਰਪ੍ਰੀਤ ਦੇ ਸਿਰ ਵਿਚ ਜ਼ੋਰ ਨਾਲ ਡੰਡਾ ਮਾਰ ਕੇ ਉਸਨੂੰ ਲਹੂ ਲੁਹਾਣ ਕਰ ਦਿੱਤਾ। ਜਦੋਂ ਪਰਿਵਾਰ ਦੇ ਦੂਜੇ ਮੈਂਬਰ ਉਸਨੂੰ ਬਚਾਉਣ ਲੱਗੇ ਤਾਂ ਪੁਲਸ ਵਾਲਿਆਂ ਨੇ ਉਹਨਾਂ ਨੂੰ ਵੀ ਕੁੱਟਣਾ ਸ਼ੁਰੂ ਕਰ ਦਿੱਤਾ। ਰੌਲਾ ਪੈਣ ਤੇ ਆਂਢ ਗੁਆਂਢ ਤੋਂ ਹੋਰ ਲੋਕ ਇਕੱਠੇ ਹੋ ਗਏ। ਪੁਲਸ ਨੇ ਉਹਨਾਂ ਨਾਲ ਵੀ ਬਦਤਮੀਜ਼ੀ ਕੀਤੀ। ਇਸੇ ਰੌਲੇ ਗੌਲੇ ਚ ਇੱਕ ਵਿਅਕਤੀ ਨੇ ਥਾਣੇਦਾਰ ਨੂੰ ਜ਼ਖ਼ਮੀ ਕਰ ਦਿੱਤਾ। ਲੋਕਾਂ ਦਾ ਇਕੱਠ ਦੇਖ ਕੇ ਪੁਲਸ ਦੀ ਟੀਮ ਉੱਥੋਂ ਚਲੀ ਗਈ। ਇਸ ਦੌਰਾਨ ਪੁਲਸ ਨੇ ਹੋਰ ਵੀ ਕਈ ਘਰਾਂ ਚ ਮੁੰਡਿਆਂ ਅਤੇ ਔਰਤਾਂ ਨੂੰ ਕੁੱਟਿਆ।

ਇਸ 'ਤੇ ਦਲਿਤ ਵਿਹੜੇ ਦੇ ਲੋਕਾਂ ਨੇ ਸੋਚਿਆ ਕਿ ਹੁਣ ਗੱਲ ਨਿੱਬੜ ਗਈ, ਪਲਸ ਵੱਧ ਤੋਂ ਵੱਧ ਉਹਨਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਪਰ ਪੁਲਸ ਦੇ ਮਨਸ਼ੇ ਹੋਰ ਸਨ। ਲੋਕਾਂ ਦੇ ਦੱਸਣ ਅਨੁਸਾਰ ਅਗਲੇ ਦਿਨ ਸਵੇਰੇ 3-4 ਵਜੇ ਦੇ ਕਰੀਬ ਪੁਲਸ ਨੇ ਪੂਰੀ ਤਿਆਰੀ ਨਾਲ 30-35 ਗੱਡੀਆਂ ਵਿਚ ਸਵਾਰ ਹੋ ਕੇ ਪਿੰਡ ਦੀ ਦਲਿਤ ਬਸਤੀ 'ਤੇ ਚੜਾਈ ਕਰ ਦਿੱਤੀ ਅਤੇ ਅਕਹਿ ਜ਼ੁਲਮਾਂ ਦਾ ਝੱਖੜ ਝੁਲਾ ਦਿੱਤਾ। ਹਰ ਇੱਕ ਦਰਵਾਜ਼ਾ, ਚਾਹੇ ਖੁੱਲ੍ਹਾ ਸੀ ਜਾਂ ਬੰਦ, ਜਬਰੀ ਲੰਘ ਕੇ ਪੁਲਸ ਘਰਾਂ ਅੰਦਰ ਜਾ ਵੜੀ ਅਤੇ ਜੋ ਵੀ ਬੱਚਾ, ਬੁੱਢਾ, ਮਰਦ ਜਾਂ ਔਰਤ, ਲੜਕਾ ਜਾਂ ਲੜਕੀ, ਨਜ਼ਰ ਆਇਆ ਨਿਹਾਇਤ ਵਹਿਸ਼ੀ ਢੰਗ ਨਾਲ ਕੁੱਟ ਸੁੱਟਿਆ। ਲਗਭਗ 60-70 ਵਿਅਕਤੀਆਂ ਨੂੰ ਫੜ ਕੇ ਗੱਡੀਆਂ ਵਿਚ ਚੜ੍ਹਾ ਲਿਆ ਗਿਆ। ਰਾਹ ਵਿਚ ਮਾਨਸਾ ਕੈਂਚੀਆਂ 'ਤੇ ਅਤੇ ਥਾਣੇ ਲਿਜਾ ਕੇ ਉਹਨਾਂ ਨੂੰ ਫੇਰ ਕੁੱਟਿਆ ਅਤੇ ਜ਼ਲੀਲ ਕੀਤਾ ਗਿਆ। ਬਾਅਦ ਵਿਚ ਲਗਭਗ 50 ਵਿਅਕਤੀਆਂ ਦੇ ਖ਼ਿਲਾਫ਼ ਮੁਕੱਦਮਾ ਨੰਬਰ 108 ਥਾਣਾ ਸਦਰ ਮਾਨਸਾ ਵਿਚ ਦਰਜ ਕਰ ਲਿਆ ਗਿਆ ਜਿਨ੍ਹਾਂ ਚ 14 ਦੋਸ਼ੀਆਂ ਦੇ ਨਾਮ ਦਿੱਤੇ ਹਨ ਅਤੇ ਬਾਕੀ ਅਣਪਛਾਤੇ ਰੱਖੇ ਹਨ। ਐਫ ਆਈ ਆਰ ਦਲਿਤਾਂ ਦੇ ਘਰਾਂ 'ਤੇ ਰਾਤ ਨੂੰ ਕੀਤੇ ਹਮਲੇ ਬਾਰੇ ਬਿਲਕੁਲ ਚੁੱਪ ਹੈ। ਡਾਕਟਰੀ ਰਿਪੋਰਟ ਅਨੁਸਾਰ ਥਾਣੇਦਾਰ ਦੇ ਕੁਲ ਚਾਰ ਸੱਟਾਂ ਲੱਗੀਆਂ ਹਨ ਜੋ ਸਾਰੀਆਂ ਹੀ ਬਲੰਟ ਹਨ ਅਤੇ ਐਕਸ ਰੇ ਕਰਵਾਉਣ ਲਈ ਰੱਖੀਆਂ ਹਨ। ਇਸ ਦੇ ਬਾਵਜੂਦ ਵੀ ਇਰਾਦਾ ਕਤਲ (ਧਾਰਾ 307) ਲਾ ਦਿੱਤੀ ਗਈ ਹੈ।

ਪੁਲਸ ਨੇ ਪਿੰਡ ਨੂੰ ਚਾਰੇ ਪਾਸੇ ਤੋਂ ਸੀਲ ਕਰ ਦਿੱਤਾ ਤਾਂ ਜੋ ਘਟਨਾ ਦੀ ਭਾਫ਼ ਵੀ ਬਾਹਰ ਨਾ ਨਿੱਕਲੇ। ਦੂਜੇ ਪਾਸੇ ਗਰੀਬ ਦਲਿਤ ਪਰਿਵਾਰਾਂ ਲਈ ਪਿੰਡ ਦੇ ਇੱਕ ਡੇਰੇ ਵੱਲੋਂ ਚਲਾਇਆ ਜਾ ਰਿਹਾ ਲੰਗਰ ਵੀ ਬੰਦ ਕਰਵਾ ਦਿੱਤਾ ਹੈ ਤਾਂ ਜੋ ਉਹ ਭੁੱਖ ਨਾਲ ਮਰਨ।

ਇਹ ਬਹੁਤ ਹੀ ਚਿੰਤਾਜਨਕ ਹੈ ਕਿ ਮਹਾਂਮਾਰੀ ਦੇ ਗੰਭੀਰ ਸੰਕਟ ਦੌਰਾਨ ਵੀ ਪੁਲਿਸ ਆਮ ਲੋਕਾਂ ਨਾਲ ਬੇਕਿਰਕ ਬਸਤੀਵਾਦੀ ਮਾਨਸਿਕਤਾ ਨਾਲ ਪੇਸ਼ ਆ ਰਹੀ ਹੈ ਜਦਕਿ ਇਸ ਸੰਕਟ ਦੀ ਘੜੀ ਘੋਰ ਬੇਕਾਰੀ ਅਤੇ ਬੇਹੱਦ ਤੰਗੀ-ਤੁਰਸ਼ੀਆਂ ਦਾ ਸਾਹਮਣਾ ਕਰ ਰਹੇ ਨਾਗਰਿਕਾਂ, ਖ਼ਾਸ ਕਰਕੇ ਹਾਸ਼ੀਆਗ੍ਰਸਤ ਗ਼ਰੀਬ ਅਤੇ ਦਲਿਤ ਹਿੱਸਿਆਂ ਨਾਲ ਡੂੰਘੀ ਹਮਦਰਦੀ ਨਾਲ ਪੇਸ਼ ਆਉਣ ਦੀ ਵਿਸ਼ੇਸ਼ ਲੋੜ ਹੈ। ਦਰਅਸਲ, ਇਸ ਪਿੰਡ ਦੇ ਇਕ ਵਿਅਕਤੀ ਵੱਲੋਂ ਪੁਲਿਸ ਉੱਪਰ ਕਥਿਤ ਤੌਰ 'ਤੇ ਹਮਲਾ ਕਰਨ ਤੋਂ ਭੜਕਾਹਟ ਵਿਚ ਆ ਕੇ ਅਗਲੇ ਦਿਨ ਜਿਸ ਤਰੀਕੇ ਨਾਲ ਪੂਰੇ ਦਲਿਤ ਮੁਹੱਲੇ ਉੱਪਰ ਧਾਵਾ ਬੋਲਕੇ ਅੰਧਾਧੁੰਦ ਤਸ਼ੱਦਦ ਕੀਤਾ ਗਿਆ ਉਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਇਹ ਬਦਲਾਲਊ ਭਾਵਨਾ ਨਾਲ ਅਤੇ ਲੋਕਾਂ ਨੂੰ ਸਬਕ ਸਿਖਾਉਣ ਦੇ ਮਨਸ਼ੇ ਨਾਲ ਕੀਤੀ ਗਈ ਗਿਣੀ-ਮਿੱਥੀ ਯੋਜਨਾਬੱਧ ਕਾਰਵਾਈ ਸੀ। ਪੁਲਿਸ ਦੇ ਬਦਲਾਲਊ ਹਿੰਸਕ ਵਤੀਰੇ ਦੀ ਇਹ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਪਟਿਆਲਾ ਵਿਚ ਕੁਝ ਨਿਹੰਗਾਂ ਵੱਲੋਂ ਪੁਲਿਸ ਨਾਲ ਟਕਰਾਓ ਵਿਚ ਆਉਣ 'ਤੇ ਵੀ ਇਸੇ ਤਰਾਂ ਦਾ ਵਤੀਰਾ ਸਾਹਮਣੇ ਆਇਆ ਸੀ ਜਦ ਕਥਿਤ ਦੋਸ਼ੀਆਂ ਦੇ ਨਾਲ ਨਾਲ ਹੋਰ ਬੇਕਸੂਰ ਲੋਕਾਂ ਨੂੰ ਅੰਧਾਧੁੰਦ ਹਿਰਾਸਤ ਵਿਚ ਲੈ ਕੇ ਬੇਤਹਾਸ਼ਾ ਜਬਰ ਕੀਤਾ ਗਿਆ ਜਿਹਨਾਂ ਦਾ ਉਸ ਕਾਂਡ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਚੰਡੀਗੜ ਵਿਚ ਆਪਣੀ ਡਿਊਟੀ 'ਤੇ ਜਾ ਰਹੇ ਇਕ ਸੀਨੀਅਰ ਪੱਤਰਕਾਰ ਨੂੰ ਥਾਣੇਦਾਰ ਵੱਲੋਂ ਨਾ ਸਿਰਫ਼ ਗਾਲੀਗਲੋਚ ਕੀਤਾ ਗਿਆ ਸਗੋਂ ਹਿਰਾਸਤ ਵਿਚ ਲੈਣ ਤੋਂ ਬਾਦ ਥਾਣੇ ਲਿਜਾ ਕੇ ਜ਼ਲੀਲ ਕੀਤਾ ਗਿਆ ਅਤੇ ਪ੍ਰਕਾਸ਼ਨ ਸਮੂਹ ਵੱਲੋਂ ਦਬਾਓ ਪਾਏ ਜਾਣ 'ਤੇ ਉੱਚ ਪੁਲਿਸ ਅਧਿਕਾਰੀਆਂ ਦੇ ਦਖ਼ਲ ਦੇਣ ਤੋਂ ਬਾਦ ਹੀ ਰਿਹਾਅ ਕੀਤਾ ਗਿਆ। ਇਸੇ ਤਰਾਂ ਬਲਾਚੌਰ ਵਿਚ ਆਪਣੇ ਖੇਤ ਨੂੰ ਜਾ ਰਹੇ ਇਕ ਵਕੀਲ ਐਡਵੋਕੇਟ ਰੰਜਨ ਸੂਦ ਨੂੰ ਨਾ ਸਿਰਫ਼ ਪੁਲਿਸ ਵੱਲੋਂ 100 ਬੈਠਕਾਂ ਕੱਢਣ ਦੀ ਸਜ਼ਾ ਦੇ ਕੇ ਜਨਤਕ ਤੌਰ 'ਤੇ ਜ਼ਲੀਲ ਕੀਤਾ ਗਿਆ ਸਗੋਂ ਉਸ ਦੇ ਖ਼ਿਲਾਫ਼ ਕਰਫਿਊ ਦੀ ਉਲੰਘਣਾ ਕਰਨ ਦੀ ਝੂਠੀ ਐਫ.ਆਈ.ਆਰ. ਵੀ ਦਰਜ ਕਰ ਲਈ ਗਈ।

ਸਭਾ ਮੰਗ ਕਰਦੀ ਹੈ ਕਿ ਠੂਠਿਆਂਵਾਲੀ ਦੇ ਜੇਲ ਵਿਚ ਡੱਕੇ ਲੋਕਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਉਹਨਾਂ ਉੱਪਰ ਦਰਜ ਕੀਤਾ ਝੂਠਾ ਕੇਸ ਵਾਪਸ ਲਿਆ ਜਾਵੇ ਅਤੇ ਇਸ ਤਸ਼ੱਦਦ ਕਾਂਡ ਨੂੰ ਅੰਜਾਮ ਦੇਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਸਸਪੈਂਡ ਕਰਕੇ ਉਹਨਾਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਭਾ ਇਹ ਮੰਗ ਫਿਰ ਦੁਹਰਾਉਂਦੀ ਹੈ ਕਿ ਕਰੋਨਾ ਮਹਾਂਮਾਰੀ ਨਾਲ ਨਜਿੱਠਣ ਦੀ ਕਮਾਨ ਪੁਲਿਸ ਤੋਂ ਲੈ ਕੇ ਸਿਹਤ ਮਹਿਕਮੇ ਨੂੰ ਸੌਂਪੀ ਜਾਵੇ, ਪੁਲਿਸ ਰਾਜ ਬੰਦ ਕੀਤਾ ਜਾਵੇ ਅਤੇ ਆਮ ਲੋਕਾਂ ਤੋਂ ਮਹਾਂਮਾਰੀ ਦੀ ਰੋਕਥਾਮ ਲਈ ਲਾਜ਼ਮੀ ਪੇਸ਼ਬੰਦੀਆਂ ਦੀ ਪਾਲਣਾ ਕਰਾਉਣ ਲਈ ਡੰਡੇ ਦੇ ਰਾਜ ਦੀ ਪਹੁੰਚ ਤਿਆਗੀ ਜਾਵੇ। ਕਰੋਨਾ ਬਾਰੇ ਜਾਗਰੂਕਤਾ ਲਿਆਉਣ ਲਈ ਪ੍ਰੇਰਿਤ ਕਰਨ ਵਾਲਾ ਤਰੀਕਾ ਅਪਣਾਇਆ ਜਾਵੇ ਅਤੇ ਹਫ਼ਤਿਆਂ ਤੋਂ ਭੀੜੇ ਘਰਾਂ ਵਿਚ ਡੱਕੇ ਸਾਧਨਹੀਣ, ਬੇਵੱਸ ਲੋਕਾਂ ਦੀਆਂ ਰੋਜ਼ਮਰਾ ਜ਼ਿੰਦਗੀਆਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ।

ਭਾਰਤ ਦੇ ਹੁਕਮਰਾਨਾਂ ਨੂੰ ਉਹਨਾਂ ਮੁਲਕਾਂ ਦੇ ਤਜ਼ਰਬੇ ਤੋਂ ਸਿੱਖਣਾ ਚਾਹੀਦਾ ਹੈ ਜਿਹਨਾਂ ਨੇ ਇਸ ਮਹਾਂਮਾਰੀ 'ਤੇ ਕਾਬੂ ਪਾਇਆ ਹੈ। ਮਹਾਂਮਾਰੀ ਦੇ ਸੰਕਟ ਨਾਲ ਨਜਿੱਠਣ ਲਈ ਜਨਤਕ ਜਾਗਰੂਕਤਾ ਰਾਹੀਂ ਕਮਿਊਨਿਟੀ ਦੀ ਸਰਗਰਮ ਹਿੱਸੇਦਾਰੀ, ਜਨਤਕ ਪੈਮਾਨੇ 'ਤੇ ਟੈਸਟਿੰਗ ਦੀ ਵਿਵਸਥਾ ਅਤੇ ਜੋ ਵਿਅਕਤੀ ਇਨਫੈਕਸ਼ਨ ਦੀ ਲਪੇਟ ਵਿਚ ਆ ਚੁੱਕੇ ਹਨ ਉਹਨਾਂ ਦੀ ਉਚਿਤ ਦੇਖਭਾਲ ਲਈ ਫਰੀ ਐਮਰਜੈਂਸੀ ਸਿਹਤ ਸੇਵਾਵਾਂ ਦੀ ਵਿਵਸਥਾ ਕਰਨਾ ਜ਼ਰੂਰੀ ਹੈ ਜੋ ਹਰ ਨਾਗਰਿਕ ਦੀ ਪਹੁੰਚ ਵਿਚ ਹੋਣ।

**ਪ੍ਰੋਫੈਸਰ ਏ.ਕੇ.ਮਲੇਰੀ ਸੂਬਾ ਪ੍ਰਧਾਨ,**
**ਪ੍ਰੋਫੈਸਰ ਜਗਮੋਹਣ ਸਿੰਘ ਜਨਰਲ ਸਕੱਤਰ**

## ਅਮਰੀਕਾ ਵਿੱਚ ਤੇਲ ਦੀਆਂ ਕੀਮਤਾਂ ਸਿਫ਼ਰ ਤੋਂ ਵੀ ਹੇਠਾਂ

# ‘ਵਾਅਦਾ ਬਾਜ਼ਾਰ’ ਨਾਂਅ ਦੀ ਪੂੰਜੀਵਾਦੀ ਵਬਾਅ ਦਾ ਕਮਾਲ



**ਹਰਚਰਨ ਸਿੰਘ ਚਹਿਲ**

ਸੁਣ ਕੇ ਇੱਕ ਵਾਰ ਹੈਰਾਨ ਹੋਣਾ ਸੁਭਾਵਿਕ ਹੈ। ਕਿਸੇ ਜਿਣਸ ਦੀ ਕੀਮਤ ਬਹੁਤ ਘੱਟ ਤਾਂ ਹੋ ਸਕਦੀ ਹੈ ਪਰ ਮਨਫ਼ੀ ਵਿੱਚ ਹੋਵੇ, ਹੈਰਾਨੀਜਨਕ ਤਾਂ ਹੈ ਹੀ। ਖਿਆਲ ਰਹੇ ਅਸੀਂ ਹਵਾ ਜਾਂ ਪਾਣੀ ਵਰਗੀ ਕਿਸੇ ਕੁਦਰਤੀ ‘ਵਸਤੂ’ ਦੀ ਗੱਲ ਨਹੀਂ ਕਰ ਰਹੇ ਸਗੋਂ ਤੇਲ ਵਰਗੀ ਇੱਕ ‘ਜਿਣਸ’ ਦੀ ਗੱਲ ਕਰ ਰਹੇ ਹਾਂ ਜੋ ਪੈਦਾ (ਭਾਵ ਧਰਤੀ ਹੇਠੋਂ ਕੱਢ ਕੇ ਸੋਧਣਾ ਆਦਿ) ਹੀ ਵੇਚਣ ਲਈ ਕੀਤੀ ਜਾਂਦੀ ਹੈ। ਦਰਅਸਲ ਇਹ ‘ਵਾਅਦਾ ਬਾਜ਼ਾਰ’ (Future Trading) ਨਾਂਅ ਦੀ ਉਸ ਵਬਾਅ ਦਾ ਕਮਾਲ ਹੈ ਜਿਸ ਨੂੰ ਅਸੀਂ ਮੋਟੇ ਤੌਰ ’ਤੇ ਸੱਟੇਬਾਜ਼ੀ ਕਹਿੰਦੇ ਹਾਂ। ਇਸ ਦਾ ਪੁਰਾਤਨ ਰੂਪ ਜੂਆ ਤਾਂ ਸਾਡੇ ਲਈ ਇੰਨਾ ਜਾਣਿਆ-ਪਹਿਚਾਣਿਆ ਹੈ ਕਿ ਜੂਏ ਵਿੱਚ ਆਪਣੀ ਪਤਨੀ ਨੂੰ ਦਾਅ ’ਤੇ ਲਾਉਣ ਵਾਲੇ ਸ਼ਖਸ ਅੱਜ ਵੀ ਸਾਡੀ ਸੰਸਕ੍ਰਿਤੀ ਦਾ ਗੌਰਵ ਸਮਝੇ ਜਾਂਦੇ ਹਨ ਅਤੇ ਧਰਮ-ਪੁੱਤਰ ਹਨ। ਉਨਾਂ ਦੀਆਂ ਕਰਤੂਤਾਂ ਨੂੰ ਸ਼ਾਬਦਿਕ ਕੁਤਰਕਤਾ ਸਹਾਰੇ ਅੱਜ ਵੀ ਜਾਇਜ਼ ਠਹਿਰਾਇਆ ਜਾਂਦਾ ਹੈ। ਗੱਲ ਤਿਲਕ ਚੱਲੀ ਐ, ਵਾਅਦਾ-ਬਾਜ਼ਾਰ ਵਾਲੀ ਅਸਲੀ ਗੱਲ ’ਤੇ ਆਈਏ।

ਆਪਣੀ ਮੁਨਾਫਾਖੋਰੀ ਹਿਰਸ ਦੀ ਪੂਰਤੀ ਹਿੱਤ ਪੂੰਜੀਵਾਦ ਨੇ ਜੂਏ, ਸੱਟੇਬਾਜ਼ੀ ਆਦਿ ਵਰਗੇ ਬਦਨਾਮ ਹੋ ਚੁੱਕੇ ਸ਼ਬਦਾਂ ਨੂੰ ਨਵੇਂ ਨਵੇਂ ਨਾਮਕਰਨਾਂ ਹੇਠ ਲਿਸ਼ਕਾ-ਪੁਸ਼ਕਾ ਲਿਆ ਹੈ। ਇਸ ਨਾਲ ਸਬੰਧਿਤ ਵਿਵਸਥਾਵਾਂ ਨੂੰ ਕਾਨੂੰਨੀ ਜਾਮੇ ਪਹਿਨਾ ਦਿੱਤੇ ਹਨ। ਵਾਅਦਾ-ਬਾਜ਼ਾਰ, ਡੈਰੀਵੇਟਿਵ ਮਾਰਕੀਟ, ਫਿਊਚਰਜ਼ ਐਂਡ ਆਪਸ਼ਨਜ਼, ਕਾਲ-ਆਪਸ਼ਨ, ਪੁੱਟ-ਆਪਸ਼ਨ ਆਦਿ ਅਜਿਹੇ ਕਈ ਸ਼ਬਦ ਹਨ ਜੋ ਨਿਰੋਲ ਮੁਨਾਫਾ ਕਮਾਉਣ ਦੀ ਹਿਰਸ ਨਾਲ ਲਿਪਤ ਇਸ ‘ਮੰਡੀ’ ਦੇ ਲੋਕ ਵਰਤਦੇ ਹਨ।

ਵਾਅਦਾ ਬਾਜ਼ਾਰ ਦਾ ‘ਖਰੀਦਦਾਰ’ ਕਿਸੇ ਜਿਣਸ ਦੀ ਖਾਸ ਮਿਕਦਾਰ, ਤਹਿਸ਼ੁਦਾ ਰੇਟ ’ਤੇ ਇੱਕ, ਦੋ ਜਾਂ ਤਿੰਨ ਮਹੀਨਿਆਂ ਦੀ ਅਗਾਊਂ ਤਹਿ-ਸ਼ੁਦਾ ਤਰੀਕ ’ਤੇ ਪੇਮੈਂਟ ਕਰ ਕੇ ਸਪੁਰਦਗੀ (ਡਿਲੀਵਰੀ) ਲੈਣ ਦੇ ਵਾਅਦਾ ਨਾਲ ‘ਖਰੀਦਦਾ’ ਹੈ। ਉਸ ਦਾ ਅੰਦਾਜ਼ਾ ਹੁੰਦਾ ਹੈ ਕਿ ਉਸ ਜਿਣਸ ਦੀ ਕੀਮਤ ਆਉਣ ਵਾਲੀ ਉਸ ਤਹਿ-ਸ਼ੁਦਾ ਤਰੀਕ ਤੱਕ ਵੱਧ ਜਾਵੇਗੀ ਅਤੇ ਉਹ ਉਦੋਂ ਵਧੀ ਹੋਈ ਕੀਮਤ ’ਤੇ ਜਿਣਸ ਵਾਅਦਾ-ਬਾਜ਼ਾਰ ਵਿੱਚ ਅੱਗੇ ‘ਵੇਚ’ ਕੇ ਆਪਣਾ ਮੁਨਾਫਾ ਲੈ ਕੇ ਚਲਦਾ ਬਣੇਗਾ। ਇਸ ਤਰ੍ਹਾਂ ਸੌਦੇ ਦੇ ਖਰੀਦਣ ਤੇ ਫਿਰ ਅੱਗੇ ਵੇਚੇ ਜਾਣ ਦਾ ਅਮਲ ਪੂਰਾ ਹੋ ਜਾਵੇਗਾ ਅਤੇ ਉਸ ਨੂੰ ਖਾਹ-ਮਖਾਹ ਦਾ ਮੁਨਾਫਾ ਮਿਲ ਜਾਵੇਗਾ। ਆਮ ਹਾਲਤਾਂ ਵਿੱਚ ਇਹੀ ਅਮਲ ਅੱਗੇ ਦੀ ਅੱਗੇ ਦੁਹਰਾਇਆ ਜਾਂਦਾ ਰਹਿੰਦਾ ਹੈ। ਖਾਹ-ਮਖਾਹ ਦਾ ਮੁਨਾਫਾ ਇਸ ਲਈ ਕਿਹਾ ਹੈ ਕਿਉਂਕਿ ਇਸ ਅਮਲ ਵਿੱਚ ਨਾ ਤਾਂ ਉਸ ਪਹਿਲੇ ਵਿਕਰੇਤਾ ਕੋਲ ਭੌਤਿਕ ਰੂਪ ਵਿੱਚ ਕੋਈ ਜਿਣਸ ਕਬਜ਼ੇ-ਹੇਠ ਸੀ ਜੋ ਇਸ ਸਖ਼ਸ ਨੇ ਖਰੀਦੀ ਅਤੇ ਨਾ ਹੀ ਇਸ ਸ਼ਖ਼ਸ ਨੇ ਅੱਗਲੇ ਖਰੀਦਦਾਰ ਨੂੰ ਕੋਈ ਜਿਣਸ ਭੌਤਿਕ ਰੂਪ ਵਿੱਚ ਸਪੁਰਦ ਕੀਤੀ ਅਤੇ ਨਾ ਹੀ ਅਗਲੇ ਖਰੀਦਦਾਰ ਨੇ ਜਿਣਸ ਦੀ ਭੌਤਿਕ ਸਪੁਰਦੀ ਦੀ ਮੰਗ ਕੀਤੀ। ਭਾਵ ਜਿਣਸ ਦੀ ਭੌਤਿਕ ਮੌਜੂਦਗੀ ਦੇ ਬ਼ਗੈਰ ਹੀ ਸੌਦਾ ਹੋ ਗਿਆ, ਮੁਨਾਫਾ ਵੀ ਮਿਲ ਗਿਆ। ਇਸ ਪੂਰੇ ਅਮਲ ਨੇ ਸਮਾਜ ਲਈ ਕੀ ਵਸਤ ਜਾਂ ਸੇਵਾ ਪੈਦਾ ਕੀਤੀ। ਮੁਨਾਫਾ ਕਿਸ ਗੱਲ ਦਾ? ਇਨਾਂ ‘ਸੌਦਿਆਂ’ ਵਿੱਚ, ਕਿਉਂਕਿ ਸਿਰਫ ‘ਮੁਨਾਫੇ’ ਜਾਂ ਘਾਟੇ ਵਾਲਾ (ਹਾਂ, ਘਾਟਾ ਹੀ ਹੋ ਸਕਦਾ ਹੈ ਜੇਕਰ ਅਸਲੀ ਭੌਤਿਕ ਬਾਜ਼ਾਰ ਵਿੱਚ ਜਿਣਸ ਦੀ ਕੀਮਤ ਘਟ ਜਾਵੇ ਜਿਵੇਂ ਕਿ ਹੁਣ ਤੇਲ ਦੇ ਮਾਮਲੇ ਵਿੱਚ ਹੋਇਆ ਹੈ) ਵਾਲੇ ਮਾਰਜਿਨ ਦਾ ਹੀ ਭੁਗਤਾਨ ਕਰਨਾ ਹੁੰਦਾ ਹੈ ਅਤੇ ਜਿਣਸ ਨੂੰ ਭੌਤਿਕ ਤੌਰ ’ਤੇ ਪੇਸ਼ ਕਰਨ ਜਾਂ ਸਪੁਰਦਗੀ ਲੈਣ ਦਾ ਕੋਈ ਝੰਜਟ ਨਹੀਂ ਹੁੰਦਾ, ਇਸ ਲਈ ਇਹ ਸੌਦੇ ਬਹੁਤ ਵੱਡੇ ਅੰਕੜਿਆਂ ਵਾਲੇ ਹੁੰਦੇ ਹਨ। ਇਸ ਕਰਕੇ ਇਹ ਅਸਲੀ ਭੌਤਿਕ ਬਾਜ਼ਾਰ ਵਿੱਚ ਵਿਗਾੜ ਪੈਦਾ ਕਰਦੇ ਹਨ।

ਹੁਣ ਉਥੇ ਆਉਂਦੇ ਹਾਂ ਜਿਥੋਂ ਗੱਲ ਤੁਰੀ ਸੀ-ਅਮਰੀਕਾ ਵਿੱਚ ਤੇਲ ਦੀਆਂ ਕੀਮਤਾਂ ਨੈਗੇਟਿਵ ਅੰਕਾਂ ਵਿੱਚ। ਜਿਨ੍ਹਾਂ ਖਰੀਦਦਾਰਾਂ ਨੇ ਅੱਜ ਤੋਂ ਇੱਕ, ਦੋ ਜਾਂ ਤਿੰਨ ਮਹੀਨੇ ਪਹਿਲਾਂ ਵਾਅਦਾ ਬਾਜ਼ਾਰ ਵਿੱਚੋ ਲੱਖਾਂ ਬੈਰਲ ਤੇਲ ਇਸ ਉਮੀਦ ਨਾਲ ‘ਖਰੀਦਿਆ’ ਸੀ ਕਿ ਅਪਰੈਲ ਮਹੀਨੇ ਵਿੱਚ ਤੇਲ ਮਹਿੰਗਾ ਹੋਵੇਗਾ ਅਤੇ ਉਹ ਬ਼ਗੈਰ ਤੇਲ ਦੀ ਡਲਿਵਰੀ (ਸਪੁਰਦਗੀ) ਲਏ ਵਾਅਦਾ ਬਾਜ਼ਾਰ ਵਿੱਚ ਅੱਗੇ ਵੇਚ ਕੇ ਮੁਨਾਫਾ ਕਮਾ ਲੈਣਗੇ। ਪਰ ਅਸਲ ਵਿੱਚ ਹੋਇਆ ਕੀ? ਕਰੋਨਾ ਕਾਰਨ ਲੱਗੇ ਵਿਸ਼ਵਵਿਆਪੀ ਲੌਕਡਾਊਨ ਕਾਰਨ, ਅਸਲੀ ਬਾਜ਼ਾਰ ਵਿੱਚ ਤੇਲ ਦੀ ਮੰਗ ਬਹੁਤ ਘਟ ਗਈ ਜਿਸ ਕਾਰਨ ਅਸਲੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਬਹੁਤ ਘਟ ਗਈਆਂ। ਵਾਅਦਾ ਬਾਜ਼ਾਰ ਦੇ ਕੁੱਝ ਮਹੀਨੇ ਪਹਿਲਾਂ ਵਾਲੇ ਖਰੀਦਦਾਰ ਨੂੰ ਅੱਗੇ ਵਾਅਦਾ-ਬਾਜ਼ਾਰ ਦਾ ਖਰੀਦਦਾਰ ਨਹੀਂ ਮਿਲ ਰਿਹਾ। ਵਾਅਦਾ ਬਾਜ਼ਾਰ ਦੇ ਇਕਰਾਰਨਾਮਿਆਂ ਨੂੰ ਕਿਉਂਕਿ ਕਾਨੂੰਨੀ ਮਾਨਤਾ ਪ੍ਰਾਪਤ ਹੈ, ਇਸ ਲਈ ਵਾਅਦਾ ਬਾਜ਼ਾਰ ਦੇ ਖਰੀਦਦਾਰ ਨੂੰ ਤੇਲ ਦੀ ਭੌਤਿਕ ਡਿਲਿਵਰੀ ਲੈਣੀ ਪੈਣੀ ਐ ਅਤੇ ਉਹ ਵੀ ਸਿਰਫ ਮਾਰਜਿਨ ਨਹੀਂ ਸਗੋਂ ਪੂਰੀ ਕੀਮਤ ਦੇ ਕੇ। ਹੁਣ ਇਹ ਤੇਲ ਹੈ, ਕਿਤੇ-ਨ-ਕਿਤੇ ਸਟੋਰ ਵੀ ਕਰਨਾ ਪੈਣੈ। ਸਟੋਰ ਵੀ ਕਿੰਨੇ ਕੁ ਉਪਲੱਬਧ ਹੋਣਗੇ? ਜੇ ਹੋਣਗੇ ਵੀ ਤਾਂ ਇਨਾਂ ਦਾ ਕਿਰਾਇਆ, ਤੇਲ ਦੀ ਢੋਆ-ਢੁਆਈ ਦਾ ਕਿਰਾਇਆ; ਬਹੁਤ ਖਰਚੀਲਾ ਤੇ ਝੰਜਟ ਵਾਲਾ ਕੰਮ। ਪੂਰੀ ਕੀਮਤ ਤਾਰਨੀ ਕਿਹੜਾ ਖਾਲਾ ਜੀ ਦਾ ਵਾੜਾ ਐ। ਖਰੀਦਿਆ ਤਾਂ ਇਸ ਅੰਦਾਜ਼ੇ ਹੇਠ ਸੀ ਕਿ ਜੇਕਰ ਦੇਣਾ ਵੀ ਪਿਆ ਤਾਂ ਸਿਰਫ ਘਟੀ ਹੋਈ ਕੀਮਤ ਵਾਲਾ ਮਾਰਜਿਨ ਹੀ ਦੇਣਾ ਪਵੇਗਾ। ਸੋ ਹੁਣ ਉਸ ਨੂੰ ਇਹੀ ਠੀਕ ਲੱਗਦਾ ਹੈ ਕਿ ਪੂਰੀ ਕੀਮਤ ਦੇਣ ਅਤੇ ਭੰਡਾਰਨ ਨਾਲ ਸਬੰਧਿਤ ਖਰਚਿਆਂ ਤੋਂ ਬਚਣ ਲਈ ਤੇਲ ਨੂੰ ਵਾਅਦਾ-ਬਾਜ਼ਾਰ ਵਿੱਚ ਹੀ ਵੇਚ ਦਿੱਤਾ ਜਾਵੇ; ਫਿਰ ਚਾਹੇ ਨੈਗੇਟਿਵ ਕੀਮਤ ਵੀ ਕਿਉਂ ਨਾ ਮਿਲੇ। ਅਰਥਾਤ ਮੁਨਾਫਾ ਤਾਂ ਦੂਰ ਦੀ ਗੱਲ, ਖਰੀਦਦਾਰ ਨੂੰ ਤੇਲ ਵੀ ਦਿਉ ਅਤੇ ਨੈਗੇਟਿਵ ਕੀਮਤ ਦੇ ਹਿਸਾਬ ਨਾਲ ਕੋਲੋਂ ਹੋਰ ਪੈਸੇ ਵੀ। ਇਹ ਹੈ ਵਾਅਦਾ-ਬਾਜ਼ਾਰ ਦਾ ਖੇਲ।

ਵਾਅਦਾ ਬਾਜ਼ਾਰ ਪੂੰਜੀਵਾਦ ਦੇ ਹੋਰ ਕਈ ਵਰਤਾਰਿਆਂ ਦੀ ਤਰਾਂ ਪੂਰੀ ਤਰਾਂ ਇੱਕ ਪ੍ਰਜੀਵੀ ਵਰਤਾਰਾ ਹੈ ਕਿਉਂਕਿ ਇੱਥੇ ਕੋਈ ਜਿਣਸਾਂ ਜਾਂ ਸੇਵਾਵਾਂ (Goods and Services) ਪੈਦਾ ਨਹੀਂ ਕੀਤੀਆਂ ਜਾਂਦੀਆਂ, ਮੁਫਤ ਦਾ ਮੁਨਾਫਾ ਕਮਾਇਆ ਜਾਂਦਾ ਹੈ। ਨਿਤਾ-ਪ੍ਰਤੀ ਜ਼ਿੰਦਗੀ ਲਈ ਲੋੜੀਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਵਿਗਾੜ ਪੈਦਾ ਕਰਨ ਅਤੇ ਇਸ ਤਰ੍ਹਾਂ ਆਮ ਲੋਕਾਂ ਦੀ ਜ਼ਿੰਦਗੀ ਦੁੱਭਰ ਬਣਾਉਣ ਵਿੱਚ ਇਸ ਵਰਤਾਰੇ ਦਾ ਕਾਫੀ ਵੱਡਾ ਰੋਲ ਹੈ। ਲੋਕ-ਪੱਖੀ ਧਿਰਾਂ ਵਾਅਦਾ-ਬਾਜ਼ਾਰ ਨੂੰ ਬੰਦ ਕਰਨ ਜਾਂ ਇਸ ਉਪਰ ਬੰਦਿਸ਼ਾਂ ਲਾਉਣ ਲਈ ਆਵਾਜ਼ ਉਠਾਉਂਦੀਆਂ ਰਹਿੰਦੀਆਂ ਹਨ ਪਰ ਸਿਰਫ ਮੁਨਾਫਾਖੋਰੀ ਨੂੰ ਵਿਕਾਸ ਸਮਝਣ ਵਾਲੀਆਂ ਸਰਕਾਰਾਂ ਸੁਣਦੀਆਂ ਕਿੱਥੇ ਹਨ। ਲੋਕ-ਪੱਖੀ ਤਾਕਤਾਂ ਨੂੰ ਇਸ ਖਿਲਾਫ਼ ਆਪਣੀ ਆਵਾਜ਼ ਹੋਰ ਬੁਲੰਦ ਕਰਨੀ ਚਾਹੀਦੀ ਹੈ।










# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR
Developments
CAMBRIDGE
Cambridge Park - Phase 3
Map & Lot Pricing
Manjit Dubra : 403-690-2885
Rani Dubra : 403-612-7881
Amar Dubra : 403-470-2627
Cambridge
PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.